# ਸਭਿਅਤਾ ਅਤੇ ਸਭਿਆਚਾਰ



ਪੂਰਨ ਸਿੰਘ

# ਸਭਿਅਤਾ ਅਤੇ ਸਭਿਆਚਾਰ

SIKHBOOKCLUB.COM

SIKHBOOKCLUB.COM

**ਏਸੇ ਕਲਮ ਤੋਂ :**

- *ਘਰਿ ਸੁਖਿ ਵਸਿਆ, ਬਾਹਰਿ ਸੁਖੁ ਪਾਇਆ*
- *ਸ਼ਕਤੀ* : ਇੱਕ ਦਾਰਸ਼ਨਿਕ ਅਧਿਐਨ
- *ਸੰਘਰਸ਼* : ਇੱਕ ਸਮਾਜਿਕ ਅਧਿਐਨ
- *ਮਨੋ-ਵਿਕਾਸ* : ਕੁਝ ਸੰਕੇਤ ਕੁਝ ਸੁਝਾਉ
- *ਸੁੰਦਰਤਾ ਅਤੇ ਆਨੰਦ*
- *ਸ਼ਾਕਾਹਾਰ*–ਇੱਕ ਸੁੰਦਰਤਾ
- *ਪ੍ਰਬੰਧ* : ਰਾਜਨੀਤਿਕ, ਆਰਥਿਕ, ਸਮਾਜਿਕ ਅਤੇ ਧਾਰਮਿਕ ਪ੍ਰਬੰਧਾਂ ਦਾ ਦਾਰਸ਼ਨਿਕ ਅਧਿਐਨ
- *ਪ੍ਰਸੰਨਤਾ ਦੀ ਭਾਲ ਵਿੱਚ*
- *ਸਾਇੰਸ ਦਾ ਸੰਸਾਰ*
- *ਬਾਬਾ ਬੁੜਾ ਅਤੇ ਹੋਰ ਕਹਾਣੀਆਂ*
- *ਅੱਠਵਾਂ ਅਜੂਬਾ* (ਕਹਾਣੀ ਸੰਗ੍ਰਹਿ)
- शाकाहार : एक सुन्दरता
- महा प्रबंधन (प्रबंध)
- शक्ति

WWW.SIKHBOOKCLUB.COM 

# ਸਭਿਅਤਾ ਅਤੇ ਸਭਿਆਚਾਰ

ਪੂਰਨ ਸਿੰਘ

SIKHBOOKCLUB.COM

ਸਾਤਵਿਕ
ਪੁਸਤਕਾਂ

SABHYATA ATE SABHYACHAR

[Essays on Civilization versus Culture]

*by*

PURAN SINGH
26, MANOR PARK DRIVE, NORTH HARROW,
MIDDLESEX HA2 6HS, U.K.
Tele : 0044 208 863 2018

ISBN 81-87526-23-8

ਪਹਿਲੀ ਵਾਰ ਜੂਨ 2007

ਮੁੱਲ : 140-00 ਰੁਪਏ

SIKHBOOKCLUB.COM

*ਡਿਸਟ੍ਰੀਬਿਊਟਰਜ਼ :*

**ਸਿੰਘ ਬ੍ਰਦਰਜ਼**

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ - 143 006

S.C.O. 223-24, ਸਿਟੀ ਸੈਂਟਰ, ਅੰਮ੍ਰਿਤਸਰ - 143 001

*E-mail :* singhbro@vsnl.com

*Website :* www.singhbrothers.com

*ਪ੍ਰਕਾਸ਼ਕ :*

ਸਾਤਵਿੱਕ ਮੀਡੀਆ ਪ੍ਰਾ: ਲਿਮਟਿਡ

S.C.O. 98, ਸਿਟੀ ਸੈਂਟਰ, ਅੰਮ੍ਰਿਤਸਰ - 143 001

*ਛਾਪਕ :*

ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

WWW.SIKHBOOKCLUB.COM 

# ਤਤਕਰਾ


- ਪੂਰਵ-ਧਾਰਣਾ (Prejudice) 7
- ਸਭਿਅਤਾ ਅਤੇ ਸਭਿਆਚਾਰ 11
- ਸਭਿਅਤਾ, ਸਭਿਆਚਾਰ ਅਤੇ ਸਦਾਚਾਰ ਦੇ ਬੀਜ 17
- ਜੀਵਨ ਦਾ ਭਵਿੱਖ—ਇੱਕ ਵਾਸਤਵਿਕਤਾ 27
- ਮਨੁੱਖ ਦਾ ਸਭਿਆਚਾਰਕ ਵਿਰਸਾ 32
- ਮਨੁੱਖ ਦਾ ਬੌਧਕ ਵਿਰਸਾ 39
- ਮਨੁੱਖ ਦਾ ਅਧਿਆਤਮਿਕ ਵਿਰਸਾ—1 43
- ਮਨੁੱਖ ਦਾ ਅਧਿਆਤਮਿਕ ਵਿਰਸਾ—2 50
- ਸਭਿਆਚਾਰ ਅਤੇ ਸਦਭਾਵਨਾ 57
- ਵਿਚਾਰ ਅਤੇ ਵਿਕਾਸ 64
- ਕੰਮ 69
- ਸਵਾਰਥ 82
- ਗ਼ੁਲਾਮੀ 88
- ਵਿਸ਼ਵੀਕਰਣ—1 97
- ਵਿਸ਼ਵੀਕਰਣ—2 101
- ਵਿਸ਼ਵੀਕਰਣ ਅਤੇ ਹਿੰਦ-ਪਾਕਿ ਮਿੱਤ੍ਰਤਾ 108
- ਖਪਤਵਾਦ 113
- ਪੀੜ੍ਹੀ-ਪਾੜਾ 118
- ਸੁਤੰਤ੍ਰਤਾ 123
- ਬਾਰਬੇਰੀਅਨਿਜ਼ਮ 129

# ਪੂਰਵ-ਧਾਰਣਾ (Prejudice)

ਪੂਰਵ-ਧਾਰਣਾ ਇੱਕਾ ਦੁੱਕਾ ਦੀ ਕਮਜ਼ੋਰੀ ਨਹੀਂ, ਸਗੋਂ ਮਨੁੱਖ ਮਾਤ੍ਰ ਦੀ ਸਾਂਝੀ ਪ੍ਰਵਿਰਤੀ ਹੈ। ਇਸ ਪ੍ਰਵਿਰਤੀ ਦੇ ਪਾਸਾਰ, ਵਿਵਹਾਰ ਵੱਲੋਂ ਸਾਵਧਾਨ ਹੋਣਾ ਸਾਡੀ ਸਾਰਿਆਂ ਦੀ ਲੋੜ ਹੈ। ਇਸ ਸੱਚ ਨੂੰ ਮੁੱਖ ਰੱਖਦਿਆਂ ਹੋਇਆਂ, ਇਸ ਪ੍ਰਵਿਰਤੀ ਬਾਰੇ ਆਪਣੇ ਵਿਚਾਰ, ਲੇਖਕਾਂ ਅਤੇ ਪਾਠਕਾਂ ਨਾਲ ਸਾਂਝੇ ਕਰਨਾ ਚਾਹੁੰਦਾ ਹਾਂ।

ਪੂਰਵ-ਧਾਰਣਾ ਅੰਗ੍ਰੇਜ਼ੀ ਭਾਸ਼ਾ ਦੇ ਸ਼ਬਦ ਪ੍ਰੈਜੁਡਿਸ (Prejudice) ਦਾ ਸਮਾਨਾਰਥਕ ਹੈ। ਪੰਜਾਬੀ-ਕੋਸ਼-ਸਿਰਜਣਾ-ਕਾਰਜ ਅਜੇ ਵਿਕਸਿਤ ਨਾ ਹੋਇਆ ਹੋਣ ਕਰਕੇ ਸ਼ਬਦਾਂ ਦੇ ਮੂਲ, ਸ਼ਬਦਾਂ ਦੀ ਸ਼ਕਤੀ, ਸ਼ਬਦਾਂ ਦੇ ਅਰਥਾਂ ਵਿੱਚਲੇ ਸੂਖ਼ਮ ਅੰਤਰਾਂ ਅਤੇ ਸ਼ਬਦਾਂ ਉੱਤੇ ਪਏ ਹੋਏ (ਦੂਜੀਆਂ ਬੋਲੀਆਂ, ਪਰਿਸਥਿਤੀਆਂ ਅਤੇ ਸਮੇਂ ਦੇ) ਪ੍ਰਭਾਵਾਂ ਦਾ ਲੋੜੀਂਦਾ ਵਿਸਥਾਰ ਨਹੀਂ ਕਰਦਾ; ਇਸ ਲਈ ਮੈਂ ਪੂਰਵ-ਧਾਰਣਾ ਦੇ ਅਰਥਾਂ ਲਈ ਅੰਗ੍ਰੇਜ਼ੀ ਡਿਕਸ਼ਨਰੀ ਵਿੱਚ ਲਿਖੇ ਹੋਏ, ਪ੍ਰੈਜੁਡਿਸ ਦੇ ਅਰਥਾਂ ਦਾ ਸਹਾਰਾ ਲੈ ਰਿਹਾ ਹਾਂ। ਪੰਜਾਬੀ-ਕੋਸ਼-ਸਿਰਜਣਾ-ਕਾਰਜ ਬਾਰੇ ਮੇਰੀ ਇਸ ਜਾਣਕਾਰੀ ਨੂੰ ਮੇਰੀ ਪੂਰਵ-ਧਾਰਣਾ ਨਹੀਂ ਆਖਿਆ ਜਾਣਾ ਚਾਹੀਦਾ; ਇਹ ਠੀਕ, ਗ਼ਲਤ ਜਾਂ ਅਧੂਰੀ ਜਾਣਕਾਰੀ ਆਖੀ ਜਾ ਸਕਦੀ ਹੈ; ਪੂਰਵ-ਧਾਰਣਾ ਨਹੀਂ ਆਖੀ ਜਾ ਸਕਦੀ।

ਅੰਗ੍ਰੇਜ਼ੀ ਸ਼ਬਦ-ਕੋਸ਼ ਅਨੁਸਾਰ ਪ੍ਰੈਜੁਡਿਸ ਲਾਤੀਨੀ ਬੋਲੀ ਦੇ ਸ਼ਬਦ ਪ੍ਰੀਜੁਡੀਸਿਅਮ (Praejudicium) ਦਾ ਅੰਗ੍ਰੇਜ਼ੀ ਰੂਪ ਹੈ। ਪ੍ਰੀ (Prae) ਦਾ ਅਰਥ ਹੈ ਪਹਿਲਾਂ ਅਤੇ ਜੁਡੀਸਿਅਮ (Judicium) ਦਾ ਅਰਥ ਹੈ ਫ਼ੈਸਲਾ ਕਰਨਾ, ਇਸ ਅਨੁਸਾਰ ਪ੍ਰੈਜੁਡਿਸ ਜਾਂ ਪੂਰਵ-ਧਾਰਣਾ ਦਾ ਮਤਲਬ ਹੈ ਕਿਸੇ ਵਸਤੂ, ਵਿਚਾਰ, ਵਿਅਕਤੀ, ਕਿਰਿਆ ਜਾਂ ਘਟਨਾ ਦੇ ਸੰਬੰਧ ਵਿੱਚ ਕੋਈ ਫ਼ੈਸਲਾ ਦੇਣ ਤੋਂ ਪਹਿਲਾਂ, ਫ਼ੈਸਲਾ ਦੇਣ ਵਾਲੇ ਦੀ ਮਾਨਸਿਕ ਸਥਿਤੀ।

ਜੀਵਿਤ ਮਨੁੱਖ ਦੇ ਮਨ ਦੀਆਂ ਚਾਰ ਹਾਲਤਾਂ ਜਾਂ ਸਥਿਤੀਆਂ ਸੰਭਵ ਮੰਨੀਆਂ ਜਾਂਦੀਆਂ ਹਨ। ਇਹ ਚਾਰ ਹਾਲਤਾਂ ਹਨ—ਜਾਗ੍ਰਤ, ਸੁਪਨ, ਸੁਖੋਪਤ ਅਤੇ ਤੁਰੀਆ। ਸੁਖੋਪਤ ਦਾ ਭਾਵ ਹੈ ਗੂਹੜੀ ਨੀਂਦ ਅਤੇ ਤੁਰੀਆ ਦਾ ਅਰਥ ਹੈ ਚੌਥੀ। ਇਹ ਚੌਥੀ ਅਵਸਥਾ ਅਕਥਨੀ ਹੈ ਜਿਸ ਕਰਕੇ ਇਸ ਦਾ ਕੋਈ ਨਾਂ ਨਹੀਂ ਰੱਖਿਆ ਗਿਆ। ਇਸ ਨੂੰ ਚੌਥੀ (ਤੁਰੀਆ) ਹੀ ਆਖਿਆ ਗਿਆ ਹੈ। ਸੁਖੋਪਤ ਗੂਹੜੀ ਨਿਰਸੁਪਨ ਨੀਂਦ ਦੀ ਅਵਸਥਾ ਹੈ। ਇਹ ਜੀਵਿਤ ਵਿਅਕਤੀ ਦੀ ਸਭ ਤੋਂ ਵੱਧ ਸੁਖਦਾਇਕ ਅਵਸਥਾ ਦੱਸੀ ਗਈ ਹੈ। ਇਸ ਅਵਸਥਾ ਵਿੱਚ ਜੀਵ ਹਉਂ-ਰਹਿਤ ਅਤੇ ਚੇਤਨਾ-ਸ਼ੂਨ ਹੁੰਦਾ ਹੈ। ਹਉਂ-ਰਹਿਤਤਾ ਦੀ ਹਾਲਤ ਪਰਮਸੁਖ ਦੀ ਹਾਲਤ ਹੈ ਪ੍ਰੰਤੂ ਤੁਰੀਆ ਵਿੱਚਲੀ ਹਉਂ-ਰਹਿਤਤਾ ਦਾ ਆਧਾਰ ਚੇਤਨਾ-ਸ਼ੂਨਤਾ ਹੈ। ਸੁਖੋਪਤ (ਗੂਹੜੀ ਨੀਂਦ) ਦੀ ਸਮਾਪਤੀ ਨਾਲ ਚੇਤਨਾ ਪਰਤ ਆਉਂਦੀ ਹੈ; ਹਉਂ ਜਾਗ ਪੈਂਦੀ ਹੈ; ਅਤੇ ਸੁਖੋਪਤ ਦਾ ਸੁਖ ਸਮਾਪਤ ਹੋ ਜਾਂਦਾ ਹੈ। ਜਾਗ੍ਰਤ ਵਿੱਚ ਸੁਖੋਪਤ ਦੀ ਹਾਲਤ ਜਾਂ ਹਉਂ-ਰਹਿਤ ਹੋਣ ਦੀ ਹਾਲਤ ਪੈਦਾ ਕਰ ਲੈਣ ਨਾਲ ਮਨੁੱਖ ਤੁਰੀਆ ਅਵਸਥਾ ਵਿੱਚ ਚਲੇ ਜਾਂਦਾ

ਹੈ ਅਤੇ ਅਟੱਲ, ਨਿਰਵਿਘਨ ਆਨੰਦ ਦੀ ਪ੍ਰਾਪਤੀ ਕਰ ਲੈਂਦਾ ਹੈ। ਇਹ ਯੋਗ ਸ਼ਾਸਤ੍ਰ ਦਾ ਦਾਅਵਾ ਹੈ; ਮੇਰਾ ਨਿੱਜੀ ਅਨੁਭਵ ਨਹੀਂ। ਤੁਰੀਆ ਕਿਸੇ ਵੀ ਸਾਧਾਰਣ ਆਦਮੀ ਦਾ ਅਨੁਭਵ ਨਹੀਂ। ਇਹ ਅਸਾਧਾਰਣ ਅਵਸਥਾ ਹੈ ਅਤੇ ਕਿਸੇ ਵਿਰਲੇ ਅਸਾਧਾਰਣ ਆਦਮੀ ਦੀ ਪਹੁੰਚ ਵਿੱਚ (ਸ਼ਾਇਦ) ਹੋਵੇ।

ਵਿਅਕਤੀ, ਵਿਚਾਰ, ਵਸਤੂ, ਕਿਰਿਆ ਅਤੇ ਘਟਨਾ ਸੰਬੰਧੀ ਫ਼ੈਸਲੇ ਸਾਧਾਰਣ ਜੀਵਨ ਦੀ ਲੋੜ ਹਨ ਅਤੇ ਇਹ ਫ਼ੈਸਲੇ ਕੇਵਲ ਜਾਗ੍ਰਤ ਅਵਸਥਾ ਨਾਲ ਸੰਬੰਧਤ ਹਨ। ਸੁਪਨਾ ਵੇਖ ਰਿਹਾ, ਗੂਹੜੀ ਨੀਂਦ ਵਿੱਚ ਸੁੱਤਾ ਹੋਇਆ ਅਤੇ ਤੁਰੀਆ ਨੂੰ ਪ੍ਰਾਪਤ ਹੋ ਚੁੱਕਾ ਮਨੁੱਖ ਫ਼ੈਸਲਿਆਂ ਦੀ ਹੋਂਦ, ਮਜਬੂਰੀ ਜਾਂ ਲੋੜ ਤੋਂ ਪਰ੍ਹੇ ਚਲੇ ਗਿਆ ਹੁੰਦਾ ਹੈ। ਮੈਂ, ਮਨੁੱਖੀ ਮਨ ਨੂੰ ਕਰਮ (ਪ੍ਰਵਿਰਤੀ ਦੀ ਪ੍ਰੇਰਣਾ ਨਾਲ ਕੀਤੇ ਜਾਣ ਵਾਲੇ ਕੰਮ), ਧਰਮ (ਆਪਣੇ ਤੋਂ ਬਾਹਰਲੇ ਜੀਵਨ ਪ੍ਰਤੀ ਆਪਣੀ ਮਾਨਸਿਕ ਪ੍ਰਤੀਕ੍ਰਿਆ ਦੇ ਉਪਜਾਏ ਹੋਏ ਕੰਮ) ਅਤੇ ਪਦਾਰਥ ਵਿੱਚੋਂ ਉਪਜਿਆ ਹੋਇਆ ਮੰਨਦਾ ਹਾਂ। ਸਾਡਾ ਮਨ ਕਰਮਾਂ, ਧਰਮਾਂ ਅਤੇ ਪੰਜ ਤੱਤਾਂ ਤੋਂ ਜਨਮਿਆ ਹੋਇਆ ਹੈ।[1] ਇਹ ਮਨੁੱਖ ਦੇ ਭਾਵਾਂ, ਵਿਚਾਰਾਂ, ਅਹਿਸਾਸਾਂ, ਅਨੁਭਵਾਂ, ਵਿਰੋਧਾਂ ਅਤੇ ਵਿਸ਼ਵਾਸਾਂ; ਮਨੁੱਖ ਦੀਆਂ ਪ੍ਰਵਿਰਤੀਆਂ, ਧਾਰਨਾਵਾਂ, ਕਾਮਨਾਵਾਂ, ਮਾਨਤਾਵਾਂ, ਕਲਪਨਾਵਾਂ ਅਤੇ ਪਸੰਦਾਂ ਆਦਿਕ ਦਾ ਕੁਲ ਜੋੜ ਹੈ। ਤੁਰੀਆ ਅਵਸਥਾ ਵਿੱਚ ਪਹੁੰਚੇ ਬਿਨਾਂ ਕੋਈ ਮਨੁੱਖ ਆਪਣੀਆਂ ਕਾਮਨਾਵਾਂ, ਮਾਨਤਾਵਾਂ, ਧਾਰਨਾਵਾਂ ਪਸੰਦਾਂ ਆਦਿ ਤੋਂ ਪਰ੍ਹੇ ਨਹੀਂ ਹੋ ਸਕਦਾ ਅਤੇ ਤੁਰੀਆ ਦੇ ਧਾਰਨੀ ਨੂੰ ਸੰਸਾਰਕ ਜੀਵਨ ਦੀਆਂ ਸਮੱਸਿਆਵਾਂ, ਸੱਚਾਂ ਅਤੇ ਸੁੰਦਰਤਾਵਾਂ ਸੰਬੰਧੀ ਫ਼ੈਸਲੇ ਕਰਨ ਦੀ ਲੋੜ ਨਹੀਂ ਹੁੰਦੀ। ਇਨ੍ਹਾਂ ਫ਼ੈਸਲਿਆਂ ਨੂੰ ਮਹੱਤਵ ਦੇਣ ਵਾਲਾ ਹਰ ਮਨੁੱਖ ਪੂਰਵ-ਧਾਰਣਾਧਾਰੀ ਹੈ। ਜਿਵੇਂ ਮਨੁੱਖ ਆਮ ਕਰਕੇ ਦੋ-ਹੱਥੇ ਹੁੰਦੇ ਹਨ ਅਤੇ ਅਜੇਹਾ ਹੋਣ ਕਰਕੇ ਕੋਈ ਮਨੁੱਖ ਕਿਸੇ ਦੂਜੇ ਮਨੁੱਖ ਨੂੰ ਦੋ-ਹੱਥਾ ਹੋਣ ਦਾ ਉਲਾਹਮਾਂ ਨਹੀਂ ਦੇ ਸਕਦਾ; ਉਵੇਂ ਹੀ ਕੋਈ ਮਨੁੱਖ ਕਿਸੇ ਦੂਜੇ ਮਨੁੱਖ ਨੂੰ ਪੂਰਵ-ਧਾਰਣਾ ਦਾ ਦੋਸ਼ੀ ਨਹੀਂ ਕਹਿ ਸਕਦਾ। ਜੇ ਕੋਈ ਕਿਸੇ ਦੂਜੇ ਨੂੰ ਪੂਰਵ-ਧਾਰਣਾ ਦਾ ਦੋਸ਼ੀ ਕਹਿੰਦਾ ਹੈ ਤਾਂ ਉਹ ਕਹਿ ਰਿਹਾ ਹੈ ਕਿ ਉਸ ਦੀ ਧਾਰਣਾ ਮੇਰੀ ਧਾਰਣਾ ਨਾਲ ਮੇਲ ਨਹੀਂ ਖਾਂਦੀ। ਦੂਜੇ ਨੂੰ ਵੀ ਇਉਂ ਕਹਿਣ ਦਾ ਅਧਿਕਾਰ ਹੈ। ਗੱਲ ਕਿਸੇ ਪਾਸੇ ਨਹੀਂ ਲੱਗਦੀ।

ਮੈਂ, ਪੂਰਵ-ਧਾਰਣਾ ਅਤੇ ਪ੍ਰੈਜੂਡਿਸ ਨੂੰ ਸਮਾਨਾਰਥਕ ਸ਼ਬਦ ਆਖਿਆ ਹੈ। ਅੰਗ੍ਰੇਜ਼ੀ ਸ਼ਬਦ ਪ੍ਰੈਜੂਡਿਸ ਦੇ ਕੁਝ ਹੋਰ ਵੀ ਅਰਥ ਹਨ; ਪੂਰਵ-ਧਾਰਣਾ ਨੂੰ ਵੀ ਉਨ੍ਹਾਂ ਅਰਥਾਂ ਵਿੱਚ ਵਿਚਾਰਿਆ, ਅਤੇ ਵਿਆਖਿਆਇਆ ਜਾਣਾ ਜ਼ਰੂਰੀ ਹੈ। ਅੰਗ੍ਰੇਜ਼ੀ ਸ਼ਬਦ-ਕੋਸ਼ ਵਿੱਚ ਪ੍ਰੈਜੂਡਿਸ ਦੇ ਅਰਥ ਹਨ—an unreasonable or unfair dislike or preference—ਅਤਾਰਕਿਕ ਅਤੇ ਅਨੁਚਿਤ ਪੱਖਪਾਤ। ਪੱਖਪਾਤ ਦੇ ਦੋ ਰੂਪ ਹਨ—ਅਰੁਚੀ (dislike) ਅਤੇ ਤਰਜੀਹ (preference)। ਸਾਡੀ ਪਹਿਲੀ ਵਿਚਾਰ ਇਹ ਦੱਸਦੀ ਹੈ ਕਿ ਹਰ ਵਿਅਕਤੀ ਦੀਆਂ ਰੁਚੀਆਂ-ਅਰੁਚੀਆਂ ਅਤੇ ਪਸੰਦਾਂ-ਨਾ-ਪਸੰਦਾਂ ਹਨ। ਭਾਵ ਇਹ ਕਿ ਹਰ ਵਿਅਕਤੀ ਦੀ ਪੂਰਵ-ਧਾਰਣਾ ਹੈ, ਉਹ ਕਿਸੇ ਇੱਕ ਪੱਖ ਵਿੱਚ ਖੜਾ ਹੈ। ਜੇ ਉਸ ਦੀਆਂ ਪਸੰਦਾਂ ਅਤਾਰਕਿਕ (unreasonable) ਅਤੇ ਅਰੁਚੀਆਂ ਅਯੋਗ (unfair) ਹਨ ਤਾਂ ਉਹ ਆਪਣੀ ਪੂਰਵ-ਧਾਰਣਾ ਦੇ ਦੋਸ਼ ਦਾ ਦੋਸ਼ੀ ਹੈ। ਜੇ ਉਸ ਦੀਆਂ ਰੁਚੀਆਂ ਅਤੇ ਅਰੁਚੀਆਂ ਯੋਗ ਅਤੇ ਤਰਕ-ਸੰਗਤ ਹਨ ਤਾਂ ਉਹ ਪੱਖਪਾਤ ਜਾਂ ਪੂਰਵ-ਧਾਰਣਾ ਰੱਖਦਾ ਹੋਇਆ ਪੂਰਵ-ਧਾਰਣਾ ਦਾ ਦੋਸ਼ੀ ਨਹੀਂ।

---

WWW.SIKHBOOKCLUB.COM [illegible] ਪੰਚ ਤੱਤ ਤੇ ਜਨਮਾ।

ਮੇਰਾ ਅਧਿਐਨ ਅਤੇ ਮੇਰਾ ਅਨੁਭਵ ਮੈਨੂੰ ਦੱਸਦਾ ਹੈ ਕਿ ਅਧਿਆਤਮਵਾਦ ਅਤੇ ਅਧਿਆਤਮਵਾਦ ਦੀ ਸੰਤਾਨ (ਦੁਨੀਆ ਦੇ ਧਰਮ) ਸਾਡੇ ਮਨੋ-ਵਿਕਾਸ ਦੇ ਬਾਧਕ ਅਤੇ ਸਮਾਜਕ ਜੀਵਨ ਵਿੱਚ ਕੁਰੂਪਤਾਵਾਂ ਦੇ ਵਰਧਕ ਬਣ ਚੁੱਕੇ ਹਨ। ਇਨ੍ਹਾਂ ਨੇ ਆਪਣੀ ਉਪਯੋਗਤਾ ਦੀ ਉਮਰ ਭੋਗ ਲਈ ਹੈ ਅਤੇ ਹੁਣ ਜੀਵਨ ਲਈ ਬੇ-ਲੋੜਾ ਬੋਝ ਬਣ ਚੁੱਕੇ ਹਨ। ਵਿਗਿਆਨ ਅਤੇ ਵਿਗਿਆਨਕ ਵਿਚਾਰਧਾਰਾ ਆਧੁਨਿਕ ਜੀਵਨ ਦੀ ਲੋੜ ਹੈ ਅਤੇ ਆਉਣ ਵਾਲੇ ਜੀਵਨ ਦੀ ਖ਼ੁਸ਼ਹਾਲੀ, ਖ਼ੁਸ਼ੀ ਅਤੇ ਖ਼ੂਬਸੂਰਤੀ ਹੈ। ਸਾਇੰਸ ਨੂੰ ਮਨੁੱਖ ਦੀ ਸੇਵਾ ਵਿੱਚ ਲਾਉਣ ਲਈ ਇਹ ਜ਼ਰੂਰੀ ਹੈ ਕਿ ਉਹ ਸਾਰੇ ਆਦਰਸ਼, ਜੋ ਸਾਇੰਸ ਨੂੰ ਮਨੁੱਖੀ ਦੀ ਹਾਨੀ ਲਈ ਵਰਤੀ ਜਾਣ ਦੀਆਂ ਸੰਭਾਵਨਾਵਾਂ ਪੈਦਾ ਕਰਦੇ ਅਤੇ ਵਰਤਣ ਦੀ ਪ੍ਰੇਰਣਾ ਦਿੰਦੇ ਹਨ, ਤਿਆਗ ਦਿੱਤੇ ਜਾਣ। ਵਿਗਿਆਨਕ ਵਿਚਾਰਧਾਰਾ ਪ੍ਰਤੀ ਰੁਚੀ ਅਤੇ ਮੱਧਕਾਲੀਨ ਆਦਰਸ਼ਾਂ ਪ੍ਰਤੀ ਅਰੁਚੀ ਦਾ ਪ੍ਰਗਟਾਵਾ ਕਰਨ ਸਮੇਂ ਮੈਂ ਪੂਰੀ ਤਰ੍ਹਾਂ ਤਰਕ-ਸੰਗਤ ਰਹਿਣ ਦਾ ਜਤਨ ਕਰਦਾ ਹਾਂ। ਆਪਣੇ ਜਤਨ ਵਿੱਚ ਰਹਿ ਗਈਆਂ ਘਾਟਾਂ ਵੱਲ ਸੰਕੇਤ ਕਰਨ ਵਾਲਿਆਂ ਦਾ, ਮੈਂ, ਸਦਾ ਧਨਵਾਦੀ ਹੁੰਦਾ ਹਾਂ।

ਇਹ ਮੈਨੂੰ ਪਤਾ ਹੈ ਕਿ ਰਾਸ਼ਟਰਵਾਦ, ਦੇਸ਼-ਭਗਤੀ, ਕੁਰਬਾਨੀ, ਸੂਰਮਗਤੀ, ਕੌਮੀ ਗੌਰਵ, ਮੁਕਤੀ, ਧਰਮ, ਇਨਕਲਾਬ, ਸਮਾਜਵਾਦ, ਇਤਿਹਾਸ, ਧਾਰਮਕ ਕੱਟੜਤਾ ਅਤੇ ਇਸ ਪ੍ਰਕਾਰ ਦੇ ਕਈ ਹੋਰ ਆਦਰਸ਼ ਮਨੁੱਖੀ ਮਨ ਨਾਲ ਜਜ਼ਬਾਤੀ ਸਾਂਝ ਰੱਖਦੇ ਹਨ। ਮਨੁੱਖੀ ਮਨ ਇਨ੍ਹਾਂ ਦੀ ਆਲੋਚਨਾ ਪਸੰਦ ਨਹੀਂ ਕਰਦਾ। ਇਹ ਆਦਰਸ਼ ਜੀਵਨ ਵਿੱਚ ਜਿੰਨੀ ਪੀੜ ਅਤੇ ਜਿੰਨਾ ਕੁਹਜ ਪੈਦਾ ਕਰਦੇ ਹਨ ਉਸ ਦਾ ਖ਼ਿਆਲ ਕਰ ਕੇ ਇਨ੍ਹਾਂ ਦੀ ਆਲੋਚਨਾ ਵੱਲੋਂ ਮੂੰਹ ਮੋੜਨਾ ਜੀਵਨ ਨਾਲ ਬੇ-ਵਫ਼ਾਈ ਕਰਨਾ ਹੈ। ਇਹ ਮੇਰਾ ਪੱਖਪਾਤ ਜਾਂ ਮੇਰੀ ਪੂਰਵ-ਧਾਰਣਾ ਹੈ ਜਿਸ ਨੂੰ, ਮੈਂ ਤਰਕ-ਵਿਹੂਣੀ ਕਦੇ ਨਹੀਂ ਹੋਣ ਦਿੰਦਾ।

ਪ੍ਰੈਜੂਡਿਸ ਦੇ ਅਗਲੇ ਅਰਥ ਹਨ—intolerance of or dislike for people because they belong to a specific race, religion or group—ਆਪਣੇ ਤੋਂ ਵੱਖਰੀ ਨਸਲ, ਵੱਖਰੇ ਧਰਮ ਅਤੇ ਵੱਖਰੇ ਫ਼ਿਰਕੇ ਦੇ ਲੋਕਾਂ ਪ੍ਰਤੀ ਅਸਹਿਣਸ਼ੀਲਤਾ ਅਤੇ ਘਿਰਣਾ ਦੀ ਰੁਚੀ। ਇਸ ਰੁਚੀ ਨੂੰ ਅੰਗ੍ਰੇਜ਼ੀ ਬੋਲੀ ਵਿੱਚ ਪੂਰਵ-ਧਾਰਣਾ ਜਾਂ ਪ੍ਰੈਜੂਡਿਸ ਆਖਿਆ ਜਾਂਦਾ ਹੈ। ਭਾਰਤੀ ਬੋਲੀਆਂ ਵਿੱਚ ਜੇ ਪੂਰਵ-ਧਾਰਣਾ ਦੇ ਇਹ ਅਰਥ ਕੀਤੇ ਗਏ ਤਾਂ ਲਗਪਗ ਸਾਰੇ ਭਾਰਤੀ ਪੂਰਵ-ਧਾਰਣਾ ਦੇ ਰੋਗੀ ਆਖੇ ਜਾਣਗੇ। ਇਸ ਧਾਰਣਾ-ਰੋਗ ਦਾ ਨਾਂ ਹੈ class prejudice ਜਾਂ ਸ਼੍ਰੇਣੀਗਤ ਪੂਰਵ-ਧਾਰਣਾ। ਜਦੋਂ ਮੈਂ ਵਲੈਤ ਆਇਆ ਸਾਂ ਮੈਂ ਵੀ ਸ਼੍ਰੇਣੀਗਤ ਪੂਰਵ-ਧਾਰਣਾ ਦਾ ਰੋਗੀ ਸਾਂ। ਗੰਭੀਰ ਚਿੰਤਕਾਂ ਦੀਆਂ ਲਿਖਤਾਂ ਦੇ ਅਧਿਅਨ ਅਤੇ ਲੰਮੇ ਜੀਵਨ-ਅਨੁਭਵ ਨੇ ਮੇਰੇ ਇਸ ਰੋਗ ਦਾ ਇਲਾਜ ਕੀਤਾ ਹੈ (ਸ਼ਾਇਦ ਪੂਰੀ ਤਰ੍ਹਾਂ ਨਹੀਂ)। ਮੇਰੇ ਇਸ ਰੋਗ ਦਾ ਘਟ ਜਾਣਾ ਮੇਰੇ ਲਈ ਉਲਾਹਮੇ ਵਾਲੀ ਗੱਲ ਬਣ ਗਿਆ ਹੈ। ਮੇਰੇ ਕੁਝ ਆਲੋਚਕ ਮੈਨੂੰ ਪੱਛਮ ਦਾ, ਵਿਸ਼ੇਸ਼ ਕਰ ਕੇ ਅੰਗ੍ਰੇਜ਼ਾਂ ਦਾ, ਪੱਖਪਾਤੀ ਸਮਝਦੇ ਹਨ। ਇਸ ਨੂੰ ਉਹ ਮੇਰੀ ਪੂਰਵ-ਧਾਰਣਾ ਆਖਦੇ ਹਨ।

ਮੇਰੇ ਇਹ ਆਲੋਚਕ ਅੰਗ੍ਰੇਜ਼ਾਂ ਨੂੰ ਧੋਖੇਬਾਜ਼, ਲੁਟੇਰੇ, ਜ਼ਾਲਮ, ਚਲਾਕ ਅਤੇ ਕਮੀਨੇ ਮੰਨਦੇ ਹਨ। ਇਹ ਸਿਰਫ਼ ਇਸ ਲਈ ਕਿ ਅੰਗ੍ਰੇਜ਼ਾਂ ਨੇ ਸਾਡੇ ਦੇਸ਼ ਉੱਤੇ ਰਾਜ ਕੀਤਾ ਸੀ ਅਤੇ ਰਾਜ-ਪ੍ਰਬੰਧ ਦੀਆਂ ਉਲਝਣਾਂ ਵਿੱਚ ਫਸੇ ਅਤੇ ਬੌਂਦਲੇ ਹੋਏ ਲੋਕਾਂ ਨੇ ਭਾਰਤੀ ਲੋਕਾਂ ਉੱਤੇ ਜ਼ੁਲਮ ਕੀਤੇ ਸਨ। ਇੱਕ ਹਲਕੇ ਹੋਏ ਨੇ ਜਲ੍ਹਿਆਂ ਵਾਲੇ ਬਾਗ਼ ਵਿੱਚ ਸੈਂਕੜੇ ਨਿਰਦੋਸ਼ ਮਾਰ ਦਿੱਤੇ ਸਨ। ਹੁਣ ਲੁਟੇਰੇ, ਜ਼ਾਲਮ, ਧੋਖੇਬਾਜ਼ ਅਤੇ ਕਮੀਨੇ, ਭਾਰਤ ਨੂੰ ਆਪਣੇ ਹਾਲ ਉੱਤੇ

WWW.SIKHBOOKCLUB.COM

ਛੱਡ ਕੇ, ਆ ਚੁੱਕੇ ਹਨ। ਉਨ੍ਹਾਂ ਵਿੱਚੋਂ ਬਹੁਤੇ (ਲਗਪਗ ਸਾਰੇ) ਮਰ ਚੁੱਕੇ ਹਨ। ਹੁਣ ਵਾਲੀ ਵਲੈਤੀ ਵੱਸੋਂ ਵਿੱਚ ਇੱਕ ਵੀ ਅਜੇਹਾ ਆਦਮੀ ਨਹੀਂ, ਜਿਸ ਦਾ ਭਾਰਤੀਆਂ ਉੱਤੇ ਹੋਏ ਅੱਤਿਆਚਾਰਾਂ ਨਾਲ ਕੋਈ ਰਿਸ਼ਤਾ ਹੋਵੇ। ਅਜ਼ਾਦੀ ਦੀ ਲੜਾਈ ਸਮੇਂ ਵੀ ਬਹੁਤੇ ਅੰਗ੍ਰੇਜ਼ ਜ਼ੁਲਮ ਕਰਨ ਵਾਲਿਆਂ ਦੇ ਸਾਥੀ ਨਹੀਂ ਸਨ। ਜਦੋਂ ਮਹਾਤਮਾ ਜੀ ਗੋਲਮੇਜ਼ ਕਾਨਫ਼ਰੰਸ ਉੱਤੇ ਵਲੈਤ ਆਏ ਸਨ ਉਦੋਂ ਉਨ੍ਹਾਂ ਦੀ ਚਲਾਈ ਹੋਈ ਸ੍ਵੈ-ਦੇਸ਼ੀ ਕੱਪੜੇ ਦੀ ਲਹਿਰ ਅਧੀਨ ਅੰਗ੍ਰੇਜ਼ੀ ਕੱਪੜੇ ਦੇ ਬਾਈਕਾਟ ਕਾਰਨ ਮਾਨਚੈਸਟਰ ਦੀਆਂ ਮਿੱਲਾਂ ਬੰਦ ਸਨ; ਕਾਮਿਆਂ ਦੇ ਟੱਬਰ ਭੁੱਖ ਭੋਗ ਰਹੇ ਸਨ। ਮਹਾਤਮਾ ਜੀ ਆਪਣੀ ਮਜਬੂਰੀ ਦੱਸ ਕੇ, ਕਾਮਿਆਂ ਕੋਲੋਂ ਮੁਆਫ਼ੀ ਮੰਗਣ ਮਾਨਚੈਸਟਰ ਗਏ ਸਨ। ਕਾਮਿਆਂ ਨੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਅਤੇ ਹਜ਼ਾਰਾਂ ਦੀ ਗਿਣਤੀ ਦੇ ਜਲਸੇ ਵਿੱਚ ਉਨ੍ਹਾਂ ਨੂੰ ਯਕੀਨ ਦਿਵਾਇਆ ਕਿ ਉਹ ਮਹਾਤਮਾ ਜੀ ਦੇ ਨਾਲ ਸਨ ਅਤੇ ਉਨ੍ਹਾਂ ਦੀ ਸਫ਼ਲਤਾ ਲਈ ਬੇਕਾਰੀ, ਬੀਮਾਰੀ ਅਤੇ ਭੁੱਖ ਦੇ ਦੁੱਖ ਭੋਗਣ ਨੂੰ ਤਿਆਰ ਸਨ।

ਇਨ੍ਹਾਂ ਸਾਰੀਆਂ ਗੱਲਾਂ ਦੇ ਬਾਵਜੂਦ ਸਾਰੇ ਸੂਝਵਾਨ ਭਾਰਤੀ ਅੰਗ੍ਰੇਜ਼ਾਂ ਨੂੰ ਚਲਾਕ, ਆਚਰਣਹੀਣ, ਧੋਖੇਬਾਜ਼ ਅਤੇ ਨੀਚ ਸਮਝਦੇ ਹਨ ਅਤੇ ਇਸ ਨੂੰ ਆਪਣੀ ਪੂਰਵ-ਧਾਰਣਾ ਨਹੀਂ ਸਗੋਂ ਆਪਣੀ ਸਿਆਣਪ ਦੀ ਸਿਖਰ ਮੰਨਦੇ ਹਨ।

ਮੈਂ ਇਸ ਪ੍ਰਕਾਰ ਦੇ ਅੰਤਰਰਾਸ਼ਟਰੀ ਪ੍ਰੈਜੂਡਿਸ ਨੂੰ ਮਨੁੱਖ ਵਿੱਚਲੀ ਮਨੁੱਖਤਾ ਦਾ ਦੀਵਾਲੀਆਪਨ ਸਮਝਦਾ ਹਾਂ। ਇਹ ਮੇਰੀ ਪੂਰਵ-ਧਾਰਣਾ ਹੈ; ਇਸ ਨੂੰ ਮੈਂ ਤਿਆਗ ਨਹੀਂ ਸਕਦਾ। ਸ਼੍ਰੇਣੀਗਤ ਪ੍ਰੈਜੂਡਿਸ ਨੂੰ, ਮੈਂ, ਆਧੁਨਿਕ ਬਾਰਬੇਰੀਅਨਿਜ਼ਮ ਮੰਨਦਾ ਹਾਂ। ਬੋਲੀ, ਸੁਤੰਤ੍ਰਤਾ, ਪਛਾਣ, ਦੇਸ਼, ਧਰਮ ਆਦਿਕ ਨਾਲ ਸੰਬੰਧਤ ਸਾਰੇ ਆਦਰਸ਼ ਬਾਰਬੇਰੀਅਨਿਜ਼ਮ ਦੇ ਬਚੂੰਗੜੇ ਹਨ। ਇੱਕ ਨੂਰ ਤੋਂ ਸਾਰੇ ਜੱਗ ਦੀ ਉਤਪਤੀ ਦੱਸਣ ਵਾਲਾ ਅਧਿਆਤਮਵਾਦ, ਇੱਕਾ-ਦੁੱਕਾ ਭਗਤ ਅਤੇ ਬ੍ਰਹਮਗਿਆਨੀ ਤੋਂ ਸਿਵਾ ਬਾਕੀ ਸਾਰਿਆਂ ਨੂੰ ਵਿਸ਼ਟਾ ਦੇ ਕੀੜੇ ਆਖਣ ਲੱਗਿਆਂ ਇਹ ਭੁੱਲ ਜਾਂਦਾ ਹੈ ਕਿ ਵਿਸ਼ਟਾ ਦੇ ਕੀੜੇ ਵੀ ਓਸੇ ਨੂਰ ਤੋਂ ਹੀ ਉਪਜੇ ਹੋਏ ਹਨ। ਬਾਰਬੇਰੀਅਨਿਜ਼ਮ ਦੇ ਸਰਕਾਰੀ ਵਕੀਲ, ਧਰਮ, ਦੀ ਇਹ ਹਾਲਤ ਹੈ ਤਾਂ ਬਾਕੀ ਆਦਰਸ਼ ਆਜ਼ਾਦੀ ਅਤੇ ਦੇਸ਼-ਭਗਤੀ ਦੀ ਨਸ਼ੀਲੀ ਗੋਲੀ ਖਾ ਕੇ 1947 ਵਰਗੇ 'ਉਤਸਵ' ਕਿਉਂ ਨਾ ਮਨਾਉਣ ? ਮਾਂ ਬੋਲੀ ਦੇ ਸਤਿਕਾਰ ਅਤੇ ਆਪਣੀ ਪੰਜਾਬੀ ਪਛਾਣ ਦੇ ਆਦਰਸ਼ਾਂ ਦੇ ਹਨੇਰੇ ਵਿੱਚ ਭਟਕਦੇ ਪੰਜਾਬੀ, ਵੀਹਵੀਂ ਸਦੀ ਦੇ ਅੱਸੀਵੇਂ ਦਹਾਕੇ ਵਿੱਚ ਆਪਣੀ ਮਨੁੱਖੀ ਪਛਾਣ ਨੂੰ ਭੁਲਾਈ ਰੱਖਣ ਦਾ ਅਪਰਾਧ ਕਿਉਂ ਨਾ ਕਰਨ ?

ਬਾਰਬੇਰੀਅਨਿਜ਼ਮ ਨੂੰ ਮਨੁੱਖ ਦਾ ਅਸਲਾ ਬਣਾਉਣ ਦੀ ਕਰਾਮਾਤ ਕਰਨ ਵਾਲੇ ਆਦਰਸ਼ਾਂ ਦੀ ਅਲੋਚਨਾ ਕਰਨ ਲੱਗਿਆਂ, ਮੈਂ, ਅਸ਼ਲੀਲ ਅਤੇ ਅਸਭਿਅ ਨਹੀਂ ਹੁੰਦਾ; ਤਰਕਸ਼ੀਲ ਅਤੇ  ਸਪੱਸ਼ਟ ਰਹਿਣਾ ਚਾਹੁੰਦਾ ਹਾਂ। ਜੀਵਨ ਦਾ ਸਤਿਕਾਰ ਮੇਰੀ ਇੱਛਾ ਹੈ; ਸੋਚ ਮੇਰੀ ਪੱਥ-ਪ੍ਰਦਰਸ਼ਕ ਹੈ; ਇਹ ਮੇਰੀ ਪੂਰਵ-ਧਾਰਣਾ ਹੈ।

•

# ਸਭਿਅਤਾ ਅਤੇ ਸਭਿਆਚਾਰ

ਕਿਸੇ ਇੱਕ ਇਲਾਕੇ ਜਾਂ ਦੇਸ਼ ਵਿੱਚ ਵੱਸਣ ਵਾਲੇ ਲੋਕਾਂ ਦੀ ਜੀਵਨ-ਜਾਚ ਨੂੰ ਉਨ੍ਹਾਂ ਦੀ ਸਭਿਅਤਾ ਆਖਿਆ ਜਾਂਦਾ ਹੈ। ਵੱਡੇ ਦੇਸ਼ਾਂ ਵਿੱਚ ਭੂਗੋਲਕ ਪਰਿਸਥਿਤੀਆਂ ਦੇ ਵਖੇਵੇਂ ਕਾਰਨ ਅਤੇ ਧਾਰਮਕ ਕਰਮ-ਕਾਂਡਾਂ ਦੀ ਭਿੰਨਤਾ ਕਾਰਨ, ਵੱਖ-ਵੱਖ ਇਲਾਕਿਆਂ ਜਾਂ ਪ੍ਰਾਂਤਾਂ ਦੀਆਂ ਜੀਵਨ-ਜਾਚਾਂ ਵਿੱਚ ਕੁਝ ਫ਼ਰਕ ਹੋ ਸਕਦਾ ਹੈ। ਜੰਗਲੀ ਮਨੁੱਖ ਦੀ ਜੀਵਨ-ਜਾਚ ਨੂੰ ਸਭਿਅਤਾ ਨਹੀਂ ਆਖਿਆ ਗਿਆ ਅਤੇ ਨਾ ਹੀ ਸਭਿਅ ਦੇਸ਼ਾਂ ਵਿੱਚਲੇ ਟੱਪਰੀਵਾਸਾਂ ਜਾਂ ਖ਼ਾਨਾਬਦੋਸ਼ਾਂ ਦੇ ਜੀਵਨ-ਢੰਗ ਨੂੰ ਸਭਿਅਤਾ ਦੀ ਪਦਵੀ ਪ੍ਰਾਪਤ ਹੈ। ਸਥਾਈ ਵਾਸ, ਨਾਗਰਿਕਤਾ, ਦੇਸ਼ ਦੇ ਕਾਨੂੰਨ ਦੀ ਪਾਲਣਾ ਅਤੇ ਸਮਾਜਕ ਜੀਵਨ ਦੀ ਵਿਕਾਸਸ਼ੀਲਤਾ ਅਤੇ ਸੁਰੱਖਿਆ ਦੀ ਇੱਛਾ, ਸਭਿਅਤਾ ਦੀਆਂ ਮੁੱਢਲੀਆਂ ਸ਼ਰਤਾਂ ਹਨ।

ਸਭਿਅਤਾ ਸਜੀਵੀ (organic) ਅਤੇ ਵਿਕਾਸਸ਼ੀਲ ਪ੍ਰਕਿਰਿਆ (Process—ਅਮਲ) ਹੈ। ਕੁਦਰਤ ਅਤੇ ਜੀਵ ਦੋਵੇਂ ਹੀ ਇਸ ਅਮਲ ਦੀ ਲਗਾਤਾਰਤਾ ਦੇ ਕਾਰਨ ਅਤੇ ਸਾਧਨ ਹਨ। ਵਧੇਰੇ ਸੂਝਵਾਨ ਅਤੇ ਸ਼ਕਤੀਸ਼ਾਲੀ ਹੋ ਜਾਣ ਕਰਕੇ ਮਾਨਵ ਸਭਿਅਤਾ ਦੇ ਵਿਕਾਸ ਦਾ ਪ੍ਰਮੁੱਖ ਸਾਧਨ ਬਣਦਾ ਜਾ ਰਿਹਾ ਹੈ।

ਵਿਕਾਸਸ਼ੀਲਤਾ ਦਾ ਭਾਵ ਹੈ ਤਬਦੀਲੀ; ਜੋ ਬਦਲਦਾ ਨਹੀਂ ਉਹ ਵਿਕਾਸਸ਼ੀਲ ਨਹੀਂ, ਸਗੋਂ ਵਿਕਾਸਹੀਣ ਹੈ ਜਾਂ ਪਰੀਪੂਰਣ (perfect absolute) ਹੈ। ਸਭਿਅਤਾ ਦਾ ਸੰਪੂਰਣ ਜਾਂ ਪਰੀਪੂਰਣ ਹੋਣਾ ਸੰਭਵ ਨਹੀਂ। ਇਸ ਲਈ ਸੰਸਾਰ ਦੀਆਂ ਹੋਰ ਸਾਰੀਆਂ ਵਸਤੂਆਂ ਅਤੇ ਵਿਚਾਰਾਂ ਵਾਂਗ ਤਬਦੀਲੀ ਸਭਿਅਤਾ ਦਾ ਖ਼ਾਸਾ ਜਾਂ ਅਸਲਾ ਹੈ।

'ਹਰ ਤਬਦੀਲੀ' ਵਿਕਾਸ ਨਹੀਂ, ਅਧੋਗਤੀ ਜਾਂ ਵਿਨਾਸ਼ ਵੀ ਹੋ ਸਕਦੀ ਹੈ; ਪਰੰਤੂ ਹਰ ਵਿਕਾਸ 'ਤਬਦੀਲੀ' ਹੈ। ਸਭਿਅਤਾ ਦੇ ਆਰੰਭ ਵਿੱਚ ਮਨੁੱਖ ਨੇ ਕੁੱਲੀਆਂ ਅਤੇ ਕੱਚੇ ਕੋਠਿਆਂ ਵਿੱਚ ਜੀਵਨ ਨੂੰ ਸੁਰੱਖਿਅਤ ਮਹਿਸੂਸ ਕੀਤਾ ਹੋਵੇਗਾ; ਸਭਿਅਤਾ ਦੇ ਵਿਕਾਸ ਨੇ ਤਾਜ ਮਹੱਲਾਂ ਅਤੇ ਇਤਮਾਦ-ਉੱਲ-ਦੌਲਿਆਂ ਦੇ ਰੂਪ ਵਿੱਚ 'ਕਬਰਾਂ' ਨੂੰ ਸੁੰਦਰ ਬਣਾਉਣ ਲਈ ਆਖ਼ਰਾਂ ਦਾ ਧਨ, ਸਮਾਂ ਅਤੇ ਉੱਦਮ ਖ਼ਰਚ ਕਰਨ ਦੀ ਰੁਚੀ ਪੈਦਾ ਕਰ ਦਿੱਤੀ ਸੀ। ਇਹ ਤਬਦੀਲੀ ਵਿਸਮਾਦਜਨਕ (ਹੈਰਾਨਕੁਨ) ਹੈ; ਪਰੰਤੂ ਸਭਿਅਤਾ ਦੇ ਵਿਕਾਸ ਦੀ ਚਾਲ ਸੁਸਤ ਹੋਣ ਕਰਕੇ ਇਹ ਪ੍ਰਕਿਰਿਆ ਮਨੁੱਖਾਂ ਨੂੰ ਸਹਿਜ ਪਰਤੀਤ ਹੁੰਦੀ ਆਈ ਹੈ। ਇਸ ਪਰਤੀਤੀ ਕਾਰਨ ਮਨੁੱਖੀ ਮਨ ਨੇ ਤਬਦੀਲੀ ਨੂੰ ਜੀਵਨ ਦੀ ਮਹੱਤਵਪੂਰਣ ਵਾਸਤਵਿਕਤਾ ਮੰਨਣ ਦੀ ਰੁਚੀ ਨਹੀਂ ਅਪਣਾਈ। ਉਹ ਜੀਵਨ ਨੂੰ ਪਰਿਵਰਤਣਹੀਣ ਲਗਾਤਾਰਤਾ ਮੰਨਦਾ ਆਇਆ ਹੈ। ਜੀਵਨ ਦੇ ਮੋਹ, ਮੌਤ ਦੇ ਭੈ ਅਤੇ ਅਵਿਨਾਸ਼ਤਾ ਦੀ ਇੱਛਾ ਨੇ ਮਨੁੱਖ ਦੀ ਇਸ ਮਨੌਤ ਨੂੰ ਪੱਕਿਆਂ ਕੀਤਾ ਹੈ। ਉਹ ਦੂਜਿਆਂ ਨੂੰ ਬਿਨਸਦੇ ਵੇਖਦਾ ਹੋਇਆ ਵੀ ਆਪਣੇ

ਆਪ ਨੂੰ ਸਥਿਰ ਮੰਨਦਾ ਹੈ।[1] ਪਰਮਾਤਮਾ ਦੀ ਅਟੱਲਤਾ, ਅ-ਬਦਲਤਾ ਅਤੇ ਪਰੀਪੂਰਣਤਾ ਵੀ ਤਬਦੀਲੀ ਨੂੰ ਮਹੱਤਵਪੂਰਣ ਮੰਨਣ ਦੀ ਸਲਾਹ ਨਹੀਂ ਦਿੰਦੀ।

ਮਨੁੱਖੀ ਮਨ ਤਬਦੀਲੀ ਦੀ ਹੋਂਦ ਤੋਂ ਇਨਕਾਰੀ ਵੀ ਨਹੀਂ ਹੋ ਸਕਦਾ, ਕਿਉਂਜੁ ਉਸ ਦੇ ਆਲੇ-ਦੁਆਲੇ ਦੇ ਜੀਵਨ ਵਿੱਚ ਸਭ ਕੁਝ ਬਦਲ ਰਿਹਾ ਹੈ। ਤਬਦੀਲੀ ਨੂੰ ਪ੍ਰਤੱਖ ਵੇਖਦਾ ਹੋਇਆ ਵੀ ਉਹ ਤਬਦੀਲੀ ਦੇ ਮਹਤਵ ਨੂੰ ਨਹੀਂ ਪਛਾਣਦਾ। ਜੋ ਕੁਝ ਉਸ ਲਈ ਮਹੱਤਵਪੂਰਣ ਨਹੀਂ, ਉਹ ਸਤਿਕਾਰਯੋਗ ਵੀ ਨਹੀਂ। ਇਸ ਦਾ ਕਾਰਨ ਇਹ ਹੈ ਕਿ ਮਨੁੱਖ ਜੀਵਨ ਵਿੱਚਲੀ ਪ੍ਰਤੱਖ ਤਬਦੀਲੀ ਨੂੰ ਜੀਵਨ ਦੀ ਆਪਣੀ ਸੁਭਾਵਕ ਕਿਰਿਆ ਨਾ ਮੰਨ ਕੇ ਪਰਮਾਤਮਾ ਦਾ ਹੁਕਮ ਮੰਨਦਾ ਹੈ। "ਹਰ ਤਬਦੀਲੀ ਪੂਰਵ-ਨਿਸਚਿਤ ਹੋਣ ਦੇ ਨਾਲ ਨਾਲ ਕਿਸੇ ਸਰਵ-ਸ਼ਕਤੀਮਾਨ ਦੇ ਹੁਕਮ ਵਿੱਚ ਵੀ ਹੋ ਰਹੀ ਹੈ।" ਇਸ ਪ੍ਰਕਾਰ ਦਾ ਨਿਯਤੀਵਾਦ (determinism) ਤਬਦੀਲੀ ਨੂੰ ਮਨੁੱਖੀ ਅਧਿਐਨ ਦਾ ਵਿਸ਼ਾ ਨਹੀਂ ਬਣਨ ਦਿੰਦਾ ਅਤੇ ਮਨੁੱਖ ਤਬਦੀਲੀਆਂ ਦੇ ਭੇਤ ਤੋਂ ਜਾਣੂੰ ਹੋਣ ਦਾ ਯਤਨ ਕਰਨ ਦੀ ਇੱਛਾ ਨਹੀਂ ਕਰਦਾ। ਵਿੱਦਿਆ ਅਤੇ ਵਿਗਿਆਨ ਦੇ ਪਰਸਾਰ ਤੋਂ ਪਹਿਲਾਂ ਮਨੁੱਖੀ ਮਨ ਦੀ ਹਾਲਤ ਕੁਝ ਇਸੇ ਪ੍ਰਕਾਰ ਦੀ ਸੀ।

ਸਭਿਅਤਾ ਸਦਾ ਬਦਲਦੀ ਸਜੀਵ ਲਗਾਤਾਰਤਾ ਹੈ। ਸਭਿਅਤਾ ਦੇ ਵਿਕਾਸ ਨਾਲ ਜੀਵਨ-ਜਾਚ ਵਿੱਚ ਆਈ ਹੋਈ ਤਬਦੀਲੀ ਮਨੁੱਖ ਦੇ ਵਤੀਰੇ ਅਤੇ ਵਿਵਹਾਰ ਵਿੱਚ ਵੀ ਤਬਦੀਲੀ ਪੈਦਾ ਕਰਦੀ ਹੈ। ਸਭਿਅਤਾ ਦੇ ਵਿਕਾਸ ਦੀ ਤੋਰ ਕਿੰਨੀ ਵੀ ਹੌਲੀ ਕਿਉਂ ਨਾ ਹੋਵੇ, ਮਨੁੱਖ ਦੇ ਵਿਸ਼ਵਾਸਾਂ ਦੇ ਵਿਕਾਸ ਦੀ ਤੋਰ ਨਾਲੋਂ ਸਦਾ ਤੇਜ਼ ਹੁੰਦੀ ਹੈ। ਸਭਿਅਤਾ ਜਾਂ ਜੀਵਨ-ਜਾਚ ਦੀ ਤਬਦੀਲੀ ਨਾਲ ਮਨੁੱਖ ਦਾ ਵਿਵਹਾਰ ਬਦਲ ਜਾਂਦਾ ਹੈ; ਪਰੰਤੂ ਉਸ ਦੇ ਵਿਸ਼ਵਾਸ ਅਤੇ ਉਸ ਦੀਆਂ ਮਾਨਤਾਵਾਂ ਨਹੀਂ ਬਦਲਦੀਆਂ। ਮਨੁੱਖੀ ਮਨ ਵਿੱਚ ਵਿਸ਼ਵਾਸਾਂ ਅਤੇ ਮਾਨਤਾਵਾਂ ਦੀ ਦ੍ਰਿੜ੍ਹਤਾ ਪੈਦਾ ਕਰਨ ਵਿੱਚ ਸਭਿਅਤਾ ਦੇ ਵਿਕਾਸ ਦੀ ਸੁਸਤ ਚਾਲ ਦਾ ਵੀ ਹੱਥ ਹੁੰਦਾ ਹੈ। ਵਿਕਾਸ ਦੀ ਸੁਸਤ ਚਾਲ ਮਨੁੱਖੀ ਵਿਸ਼ਵਾਸਾਂ ਅਤੇ ਮਾਨਤਾਵਾਂ ਲਈ ਦ੍ਰਿੜ੍ਹਤਾ ਦਾ ਅਵਸਰ ਪੈਦਾ ਕਰਦੀ ਹੈ।

ਸਾਰੇ ਵਿਸ਼ਵਾਸ ਅਤੇ ਸਾਰੀਆਂ ਮਾਨਤਾਵਾਂ ਨਾ ਤਾਂ ਜੀਵਨ-ਵਿਰੋਧੀ ਹੁੰਦੀਆਂ ਹਨ ਅਤੇ ਨਾ ਹੀ ਜੀਵਨ-ਹਿਤੈਸ਼ੀ; ਨਾ ਬੇਲੋੜੀਆਂ ਹੁੰਦੀਆਂ ਹਨ, ਨਾ ਉਪਯੋਗੀ (ਲੋੜੀਂਦੀਆਂ)। ਇਸ ਲਈ ਵਿਕਾਸਸ਼ੀਲ ਸਭਿਅ ਜੀਵਨ ਨੂੰ ਆਪਣੇ ਵਿਸ਼ਵਾਸਾਂ ਅਤੇ ਆਪਣੀਆਂ ਮਾਨਤਾਵਾਂ ਦੀ ਪੜਚੋਲ ਕਰਦੇ ਰਹਿਣ ਦੀ ਲੋੜ ਹੁੰਦੀ ਹੈ।

ਇਹ ਪੜਚੋਲ ਕਿਸੇ ਦਾਰਸ਼ਨਿਕਤਾ ਜਾਂ ਰੀਸਰਚ ਦੀ ਮੰਗ ਨਹੀਂ ਕਰਦੀ। ਸਾਧਾਰਣ ਜੀਵਨ ਦਾ ਪਰਵਾਹ ਇਹ ਪੜਚੋਲ ਕਰੀ ਜਾ ਰਿਹਾ ਹੁੰਦਾ ਹੈ। ਜੀਵਨ ਦਾ ਵਿਕਾਸ (ਤਬਦੀਲੀ) ਨਵੀਆਂ ਪਰਿਸਥਿਤੀਆਂ ਪੈਦਾ ਕਰ ਦਿੰਦਾ ਹੈ ਅਤੇ ਨਵੀਆਂ ਪਰਿਸਥਿਤੀਆਂ ਸਾਡੇ ਵਿਵਹਾਰ ਨੂੰ ਨਵਾਂ ਰੂਪ ਦੇ ਦਿੰਦੀਆਂ ਹਨ। ਜੀਵਨ ਸਹਿਜੇ ਹੀ ਨਵੇਂ ਵਿਵਹਾਰਾਂ ਨੂੰ ਅਪਣਾਅ ਲੈਂਦਾ ਹੈ। ਕੋਈ ਸਮਾਂ ਸੀ ਪੰਜਾਬ ਦੇ ਪਿੰਡਾਂ ਵਿੱਚ ਮਹਿਰੇ ਸਵੇਰੇ-ਸ਼ਾਮ ਘਰਾਂ ਵਿੱਚ ਪਾਣੀ ਦੇਣ ਆਉਂਦੇ ਸਨ। ਕਿਸੇ ਘਰ ਦੋ ਘੜੇ ਅਤੇ ਕਿਸੇ ਘਰ ਇਸ ਤੋਂ ਘੱਟ ਜਾਂ ਵੱਧ ਪਾਣੀ ਵਰਤਿਆ ਜਾਂਦਾ ਸੀ। ਘੜੇ ਟਿਕਾਉਣ ਲਈ ਘੜਵੰਜੀਆਂ ਦੀ ਲੋੜ ਸੀ। ਜਦੋਂ ਪਿੰਡਾਂ ਵਿੱਚ ਘਰੋ-ਘਰੀ ਨਲਕੇ ਲਗਾਉਣ ਦਾ ਰਿਵਾਜ ਪੈ ਗਿਆ, ਉਦੋਂ ਘੜੇ, ਘੜਵੰਜੀਆਂ ਤੇ ਉਹ ਖੂਹ, ਜਿਨ੍ਹਾਂ ਵਿੱਚੋਂ ਪਾਣੀ ਲੱਜ-ਬਾਲਟੀ ਦੀ ਸਹਾਇਤਾ ਨਾਲ ਖਿੱਚਿਆ ਜਾਂਦਾ ਸੀ, ਘਟਣੇ ਸ਼ੁਰੂ ਹੋ ਗਏ

1. ਇਕਿ ਬਿਨਸੈ ਇਕ ਅਸਥਿਰੁ ਮਾਣੈ ਅਚਰਜੁ ਲਖਿਓ ਨ ਜਾਈ ॥

WWW.SIKHBOOKCLUB.COM

ਅਤੇ ਘਟਦੇ ਘਟਦੇ ਅਲੋਪ ਹੋ ਗਏ। ਮੇਰਾ ਖ਼ਿਆਲ ਹੈ ਕਿ ਆਧੁਨਿਕ ਪੰਜਾਬ ਦੇ ਕਿਸੇ ਬੱਚੇ ਨੂੰ ਘੜਵੰਜੀ ਬਾਰੇ ਕੋਈ ਜਾਣਕਾਰੀ ਨਹੀਂ। ਸ਼ਾਇਦ ਹੀ ਕੋਈ ਕੁੜੀ ਇਹ ਜਾਣਦੀ ਹੋਵੇ ਕਿ ਮਾਹਲ, ਹੱਥਾ, ਬੈੜ, ਫੱਟ, ਚਰਮਖ, ਗੁੱਝ, ਮੁੰਨਾ, ਅਕਾੜ੍ਹ, ਗੁੱਡੀਆਂ, ਤਕਲ਼ਾ, ਪਲੰਦ, ਬੀੜਾ, ਮਝੇਰੂ, ਅਟੇਰਨਾ, ਛੱਲੀ, ਮੁੱਢਾ ਆਦਿਕ ਚਰਖੇ ਨਾਲ ਸੰਬੰਧਤ ਸ਼ਬਦ ਹਨ; ਕੱਤਣ ਦੀ ਗੱਲ ਜ਼ਰਾ ਦੂਰ ਦੀ ਹੈ।

ਇਹ ਸਭ ਕੁਝ ਪੰਜਾਬ ਵਿੱਚੋਂ ਅਲੋਪ ਹੋ ਗਿਆ ਹੈ। ਅਲੋਪ ਹੋ ਕੇ ਜਾਂ ਜੀਵਨ ਦੀ ਸਾਧਾਰਣ ਲੋੜ ਦਾ ਹਿੱਸਾ ਨਾ ਰਹਿ ਕੇ ਜਾਂ ਜੀਵਨ ਲਈ ਬੇਲੋੜਾ ਹੋ ਕੇ, ਇਹ ਸਭ ਕੁਝ ਪੰਜਾਬ ਦੇ ਸਭਿਆਚਾਰ ਦਾ ਹਿੱਸਾ ਬਣ ਗਿਆ ਹੈ। ਹੁਣ ਕੋਈ ਕਵੀ ਤ੍ਰਿੰਝਣ ਬਾਰੇ ਕਵਿਤਾ ਲਿਖ ਸਕਦਾ ਹੈ; ਕੋਈ ਚਿੱਤ੍ਰਕਾਰ ਖੂਹਾਂ, ਘੜਿਆਂ, ਘੜਵੰਜੀਆਂ ਦੀਆਂ ਮੂਰਤਾਂ ਬਣਾ ਸਕਦਾ ਹੈ; ਇਹ ਸਾਰਾ ਨਿੱਕ-ਸੁੱਕ ਲੋਕਗੀਤਾਂ ਦਾ ਵਿਸ਼ਾ ਬਣ ਸਕਦਾ ਹੈ; ਪਰੰਤੂ ਇਉਂ ਕੀਤਾ ਜਾਣ ਨਾਲ ਇਹ ਸਭ ਕੁਝ ਜੀਵਨ ਦੀ ਉਪਯੋਗਤਾ ਦਾ ਹਿੱਸਾ ਨਹੀਂ ਬਣ ਸਕਦਾ।

ਇਸੇ ਤਰ੍ਹਾਂ ਪੰਜਾਬ ਦੇ ਵਿਆਹਾਂ ਦਾ ਵਿਵਹਾਰ ਬਦਲ ਗਿਆ ਹੈ। ਜੰਞਾਂ, ਘੋੜੀਆਂ, ਡੋਲੀਆਂ, ਸੋਟਾਂ (ਪੈਸੇ ਸੁੱਟਣ), ਸਿੱਠਣੀਆਂ ਦਾ ਰਿਵਾਜ ਖ਼ਤਮ ਹੋ ਰਿਹਾ ਹੈ। ਜੰਞਾਂ ਦਾ ਇੱਕ ਇੱਕ, ਦੋ ਦੋ ਰਾਤਾਂ ਰੱਖਿਆ ਜਾਣਾ ਮੁੱਕ ਗਿਆ ਹੈ। ਸਾਹੇ ਅਤੇ ਮਹੂਰਤਾਂ ਕੋਈ ਅਰਥ ਨਹੀਂ ਰੱਖਦੇ। ਐਤਵਾਰ ਛੁੱਟੀ ਦਾ ਦਿਨ ਹੋਣ ਕਰਕੇ ਇਹ ਕਾਰਜ ਐਤਵਾਰਾਂ ਨੂੰ ਹੀ ਕਰਨੇ ਹੁੰਦੇ ਹਨ। ਸਵੇਰੇ ਵਿਆਹ ਆਰੰਭ ਹੁੰਦਾ ਹੈ ਅਤੇ ਸ਼ਾਮ ਨੂੰ ਸਮਾਪਤ ਹੋ ਜਾਂਦਾ ਹੈ। ਪ੍ਰੋ. ਪੂਰਨ ਸਿੰਘ ਜੀ ਇਸ ਨੂੰ ਵਿਆਹ ਨਹੀਂ ਕਹਿਣਗੇ। ਉਨ੍ਹਾਂ ਨੂੰ ਇਹ 'ਉੱਧਲਣ ਉਧਾਲਣ ਜਿਹਾ ਲੱਗੇਗਾ।' ਸਾਡੇ ਸਭਿਅਕ ਵਿਕਾਸ ਵਿੱਚੋਂ ਉਪਜਿਆ ਹੋਇਆ ਇਹ ਸਭਿਅ ਵਿਵਹਾਰ ਹੈ। ਪ੍ਰੋਫ਼ੈਸਰ ਸਾਹਿਬ ਕਹਿਣਗੇ, "ਇਹ ਸਭਿਅ ਵਿਵਹਾਰ ਹੈ, ਪਰ 'ਸਭਿਆਚਾਰ' ਨਹੀਂ। ਵੱਡੇ ਵੱਡੇ ਆਲੀਸ਼ਾਨ ਮੈਰਿਜ-ਪੈਲਸ ਪੰਜਾਬੀ ਸਭਿਅਤਾ ਦਾ ਹਿੱਸਾ ਬਣ ਗਏ ਹਨ; ਪਰੰਤੂ ਇਹ ਪੰਜਾਬੀ 'ਸਭਿਆਚਾਰ' ਨਹੀਂ ਹਨ।"

ਕਾੜ੍ਹਨੇ, ਚਾਟੀਆਂ, ਮਧਾਣੀਆਂ, ਗੱਡੇ, ਛਲ੍ਹੇ, ਗਾਹ, ਮੁਸਲ (ਕੁੱਪ), ਪਥਕਣਾਂ, ਗਹੀਰੇ, ਝਾੜ, ਝਾੜੀਆਂ, ਬੋੜ੍ਹ, ਬੋੜ੍ਹੀਆਂ ਅਤੇ ਹੋਰ ਕਿੰਨਾ ਕੁਝ, ਜਿਸ ਨੂੰ ਪ੍ਰੋਫ਼ੈਸਰ ਸਾਹਿਬ ਲੰਮੀ ਉਮਰ ਦੀ ਅਸੀਸ ਦਿੰਦੇ ਸਨ, ਸਭਿਅਤਾ ਦੇ ਵਿਕਾਸ ਦੀ ਭੇਟ ਚੜ੍ਹ ਗਿਆ ਹੈ ਜਾਂ ਚੜ੍ਹ ਰਿਹਾ ਹੈ। ਇਸ ਨਾਲ ਪੰਜਾਬ ਦੇ ਸਾਧਾਰਣ ਜੀਵਨ ਦੀ ਸਾਧਾਰਣ ਖ਼ੁਸ਼ੀ, ਖ਼ੂਬਸੂਰਤੀ ਅਤੇ ਖ਼ੁਸ਼ਹਾਲੀ ਨੂੰ ਬਹੁਤਾ ਘਾਟਾ ਨਹੀਂ ਪਿਆ; ਹਾਂ, ਸਭਿਆਚਾਰ ਦੇ ਪ੍ਰੇਮੀਆਂ ਨੂੰ ਕੁਝ ਲਾਭ ਜ਼ਰੂਰ ਹੋਇਆ ਹੈ। ਜਦੋਂ ਇਹ ਸਭ ਕੁਝ ਪੰਜਾਬ ਦੀ ਜੀਵਨ-ਜਾਚ ਜਾਂ ਸਭਿਅਤਾ ਦਾ ਹਿੱਸਾ ਸੀ, ਉਦੋਂ ਉਹ 'ਪਾਥੀਆਂ ਪੱਥਦੀ ਅਹੀਰਨ' ਦੇ ਪਾਟੇ ਕੁੜਤੇ ਵਿੱਚੋਂ ਝਾਤੀਆਂ ਮਾਰਦੀ ਸੁੰਦਰਤਾ ਦੇ ਸੋਹਲੇ ਗਾਉਂਦੇ ਸਨ; ਅਤੇ ਹੁਣ ਜਦੋਂ ਇਹ ਸਭ ਕੁਝ ਪੰਜਾਬੀ ਜੀਵਨ ਦਾ ਜੀਉਂਦਾ ਜਾਗਦਾ ਹਿੱਸਾ ਨਾ ਰਹਿ ਕੇ, ਜੀਵਨ ਲਈ ਅਣਉਪਯੋਗੀ ਹੋ ਕੇ, ਪੰਜਾਬੀ 'ਸਭਿਆਚਾਰ' ਬਣ ਗਿਆ ਹੈ ਤਾਂ ਉਹ ਇਸ ਗਏ-ਗੁਜ਼ਰੇ ਨਿਕ-ਸੁਕ ਨੂੰ ਆਵਾਜ਼ਾਂ ਮਾਰਨ ਦੇ ਰੁਮਾਂਟਿਕ ਝੱਲ ਜਾਂ ਆਨੰਦ ਵਿੱਚ ਗੁਆਚਣ ਦੀ ਕਾਰੇ ਲੱਗ ਜਾਣਗੇ।

ਅਭਿਆਸ ਆਦਤਾਂ ਪੈਦਾ ਕਰਦਾ ਹੈ ਅਤੇ ਆਦਤਾਂ ਜੀਵਨ ਦੀ ਕਿਰਿਆ ਨੂੰ ਸਰਲ ਅਤੇ ਸੁਭਾਵਕ ਬਣਾਉਂਦੀਆਂ ਹਨ। ਲੰਮਾ ਅਭਿਆਸ ਆਦਤਾਂ ਨੂੰ ਪਕੇਰਾ ਕਰ ਕੇ ਉਪਯੋਗੀ ਅਤੇ ਅਣ-ਉਪਯੋਗੀ ਆਦਤਾਂ ਨਾਲ ਜੀਵਨ ਦੀ ਸਾਂਝ ਨੂੰ ਪਕੇਰਾ ਕਰਨ ਦੇ ਨਾਲ ਨਾਲ ਆਦਤਾਂ ਦੇ ਅਨਾਦੀ ਅਤੇ ਅਨੰਤ ਹੋਣ ਦਾ ਵਿਸ਼ਵਾਸ ਪੈਦਾ ਕਰਦਾ ਹੈ। ਆਦਤਾਂ

ਵਿਅਕਤੀਗਤ ਵੀ ਹੁੰਦੀਆਂ ਹਨ ਅਤੇ ਸਮੂਹਿਕ ਜਾਂ ਸਮਾਜਕ ਵੀ। ਰੀਤੀ-ਰਿਵਾਜ, ਨੈਤਿਕਤਾ ਅਤੇ ਸ਼ਿਸ਼ਟਾਚਾਰ, ਧਾਰਮਕ ਵਿਸ਼ਵਾਸ ਅਤੇ ਕਰਮ-ਕਾਂਡ, ਨਾਨਾ ਪ੍ਰਕਾਰ ਦੇ ਵਹਿਮ-ਵਿਚਾਰ (supersititions) ਆਦਿਕ ਨੂੰ ਸਮਾਜਕ ਆਦਤਾਂ ਆਖਿਆ ਜਾ ਸਕਦਾ ਹੈ। ਨੈਤਿਕਤਾ, ਸ਼ਿਸ਼ਟਾਚਾਰ ਅਤੇ ਕੁਝ ਇੱਕ ਰੀਤੀ-ਰਿਵਾਜ ਜੀਵਨ ਲਈ ਅੱਤ ਉਪਯੋਗੀ ਹੋਣ ਕਰਕੇ ਜੀਵਨ ਦੇ ਨਾਲ ਨਾਲ ਤੁਰਦੇ ਰਹਿੰਦੇ ਹਨ ਅਤੇ ਬਦਲਦੇ ਅਤੇ ਵਿਕਸਦੇ ਵੀ ਰਹਿੰਦੇ ਹਨ। ਅਜੇਹੇ ਰੀਤੀ-ਰਿਵਾਜ ਅਤੇ ਸ਼ਿਸ਼ਟਾਚਾਰ ਆਦਿਕ ਜੀਵਨ ਦੇ ਸੇਵਕ ਹੁੰਦੇ ਹਨ; ਉਹ ਜੀਵਨ ਦੇ ਹਾਕਮ ਹੋਣ ਦਾ ਯਤਨ ਨਹੀਂ ਕਰਦੇ। ਜੀਵਨ ਦੇ ਨਾਲ ਤੁਰਦੇ ਹੋਏ ਉਹ ਜੀਵਨ-ਰੂਪ ਹੋ ਜਾਂਦੇ ਹਨ। ਬਦਲਦੇ ਹੋਏ ਜੀਵਨ ਨਾਲ ਉਹ ਬਦਲ ਜਾਂਦੇ ਹਨ। ਜਦੋਂ ਜੀਵਨ ਨੂੰ ਉਨ੍ਹਾਂ ਦੀ ਲੋੜ ਨਾ ਰਹੇ, ਉਦੋਂ ਉਹ ਚੁੱਪਚਾਪ ਜੀਵਨ ਰੂਪੀ ਰੰਗਮੰਚ ਤੋਂ ਵਿਦਾਇਗੀ ਲੈ ਲੈਂਦੇ ਹਨ। ਗਾਹ, ਫਲ੍ਹੇ, ਉਲ੍ਹਾਈਆਂ, ਉਲ੍ਹਾਵੇ ਅਤੇ ਛਜਲੀਆਂ ਪੰਜਾਬੀ ਜੀਵਨ ਦਾ ਹਿੱਸਾ ਨਹੀਂ ਰਹੇ; ਅਲੋਪ ਹੋ ਗਏ ਹਨ; ਅਲੋਪ ਹੋ ਰਹੇ ਹਨ; ਜੀਵਨ ਨੇ ਵੱਖਰੇ ਢੰਗ ਅਪਣਾਅ ਲਏ ਹਨ।

ਇਉਂ ਉਨ੍ਹਾਂ ਵਿਵਹਾਰਾਂ ਨਾਲ ਹੁੰਦਾ ਹੈ, ਜਿਹੜੇ ਦੈਨਿਕ ਅਤੇ ਦੁਨਿਆਵੀ ਜੀਵਨ ਦਾ ਹਿੱਸਾ ਹੁੰਦੇ ਹਨ। ਜਿਹੜੇ ਵਿਵਹਾਰ ਅਧਿਆਤਮਕਤਾ ਨਾਲ ਸੰਬੰਧਤ ਹੋਣ ਜਾਂ ਨਿਰੇ ਵਿਸ਼ਵਾਸ ਹੋਣ ਅਤੇ ਅਮਲੀ ਜੀਵਨ ਦਾ ਹਿੱਸਾ ਨਾ ਹੋਣ; ਜਾਂ ਸੁਤੰਤ੍ਰਤਾ, ਧਰਮ ਯੁੱਧ, ਕੌਮੀ ਅਣਖ, ਸ਼ਹੀਦੀ, ਕੁਰਬਾਨੀ, ਪਰਉਪਕਾਰ ਅਤੇ ਦੇਸ਼-ਭਗਤੀ ਵਰਗੇ ਮੌਸਮੀ ਆਦਰਸ਼ਾਂ ਨਾਲ ਸੰਬੰਧਤ ਹੋਣ ਅਤੇ ਸਾਧਾਰਣ ਦੈਨਿਕ ਜੀਵਨ ਨਾਲ ਨੇੜਲੀ ਅਤੇ ਨਿੰਮਰ ਸਾਂਝ ਨਾ ਰੱਖਦੇ ਹੋਣ; ਜਾਂ ਜੀਵਨ ਨੂੰ ਉਸ ਦੀ ਕਠੋਰ ਵਾਸਤਵਿਕਤਾ ਦਾ ਚੇਤਾ ਭੁਲਾ ਕੇ ਮਨ-ਪਰਚਾਵੇ ਦਾ ਸਾਧਨ ਬਣਦੇ ਹੋਣ; ਅਜੇਹੇ ਸਾਰੇ ਵਿਵਹਾਰ ਜੀਵਨ ਨਾਲ ਬਦਲਦੇ ਅਤੇ ਵਿਕਸਦੇ ਨਹੀਂ ਜਾਂ ਘੱਟ ਬਦਲਦੇ ਵਿਕਸਦੇ ਹਨ। ਉੱਪਰ ਲਿਖੇ ਗਏ ਸਾਰੇ ਵਿਵਹਾਰ ਦੈਨਿਕ ਦੁਨਿਆਵੀ ਜੀਵਨ ਨਾਲ ਲਗਾਤਾਰ ਸੰਬੰਧਤ ਨਹੀਂ ਰਹਿੰਦੇ, ਸਗੋਂ ਕਦੇ ਕਦੇ ਸਾਲ ਵਿੱਚ ਇੱਕ ਅੱਧੀ ਵੇਰ ਜਾਂ ਕਿਸੇ ਸੰਕਟ ਦੇ ਸਮੇਂ ਜੀਵਨ ਉੱਤੇ ਠੋਸੇ ਜਾਂਦੇ ਹਨ। ਇਨ੍ਹਾਂ ਨੂੰ ਸਭਿਆਚਾਰ ਅਤੇ ਸੰਸਕ੍ਰਿਤੀ ਦਾ ਨਾਂ ਦਿੱਤਾ ਜਾਂਦਾ ਹੈ ਤਾਂ ਜੋ ਜੀਵਨ ਇਨ੍ਹਾਂ ਸਾਹਮਣੇ ਸਿਰ ਨਾ ਚੁੱਕ ਸਕੇ ਅਤੇ ਇੱਕ ਨਿਰਮਾਣ ਸੇਵਕ ਵਾਂਗ ਇਨ੍ਹਾਂ ਦੇ ਹੁਕਮ ਜਾਂ ਇਸ਼ਾਰੇ ਉੱਤੇ ਨੱਚਣ ਲਈ ਤਿਆਰ ਹੋ ਜਾਵੇ।

ਮੈਂ ਉਸ ਆਚਾਰ ਜਾਂ ਵਿਵਹਾਰ ਨੂੰ ਸਭਿਆਚਾਰ ਕਹਿੰਦਾ ਹਾਂ, ਜਿਸ ਨੂੰ ਅਪਣਾਉਣ ਵਾਲਾ ਵਿਅਕਤੀ ਸਭਿਅ (civilised) ਆਖਿਆ ਜਾ ਸਕੇ। ਸਭਿਆਚਾਰ, ਮੇਰੀ ਜਾਚੇ ਸਭਿਅ ਅਤੇ ਆਚਾਰ ਦੀ ਸੰਧੀ ਵਿੱਚੋਂ ਉਪਜਿਆ ਹੋਇਆ ਸ਼ਬਦ ਹੈ। ਭੰਗੜਾ ਪੰਜਾਬ ਦੇ ਸਭਿਆਚਾਰ ਦਾ ਹਿੱਸਾ ਮੰਨਿਆ ਜਾਂਦਾ ਹੈ। ਰੰਗ-ਬਰੰਗੇ ਕੱਪੜੇ ਪਾ ਕੇ, ਖੂੰਡੇ-ਬਰਛੇ ਫੜ ਕੇ, ਢੋਲਾਂ ਦੇ ਕੰਨ ਪਾੜਵੇਂ ਖੜਾਕ ਵਿੱਚ, ਜਿੰਨਾਂ-ਭੂਤਾਂ ਵਾਂਗ ਉਛਲਦੇ-ਟਪਦੇ ਦਸ ਵੀਹ ਵਿਅਕਤੀ ਮੈਨੂੰ ਕਦੇ ਸਭਿਅ ਨਹੀਂ ਦਿਸੇ! ਬੁੱਲ ਫ਼ਾਈਟ (Bull Fight) ਸਪੇਨ ਦੇ ਸਭਿਆਚਾਰ ਦਾ ਹਿੱਸਾ ਹੈ; ਇਹ ਸਭਿਅਤਾ ਦਾ ਹਿੱਸਾ ਬਿਲਕੁਲ ਨਹੀਂ। ਇੰਗਲੈਂਡ ਦੇ ਰਜਵਾੜੇ ਦੋ ਚਾਰ ਸੌ ਕੁੱਤਿਆਂ ਨਾਲ ਇੱਕ ਗਿੱਦੜ ਦਾ ਸ਼ਿਕਾਰ ਕਰਨ ਨੂੰ ਆਪਣਾ ਸਭਿਆਚਾਰ ਆਖਦੇ ਹਨ। ਜੰਗਲੀ ਸ਼ਿਕਾਰੀ ਮਨੁੱਖ ਦੇ ਜੰਗਲੀ ਜੀਵਨ ਦੀ ਕੌਝੀ ਵਾਸਤਵਿਕਤਾ ਨੂੰ ਨਿਰਦਈ ਢੰਗ ਨਾਲ ਦੁਹਰਾਏ ਜਾਣ ਨੂੰ ਸਭਿਅਤਾ ਨਹੀਂ ਆਖਿਆ ਜਾਣਾ ਚਾਹੀਦਾ। ਬਿਹਾਰ ਦੇ ਇੱਕ ਸ਼ਹਿਰ ਦਾ ਨਾਂ ਦਰਭੰਗਾ ਹੈ। ਮੈਨੂੰ ਦੱਸਿਆ ਗਿਆ ਕਿ ਦਰਭੰਗੇ ਦਾ ਰਾਜਾ ਹਰ ਸਾਲ ਆਪਣੇ ਪਿੱਤਰਾਂ ਦਾ ਸ਼ਰਾਧ ਕਰਦਾ ਹੁੰਦਾ ਸੀ ਅਤੇ ਸ਼ਰਾਧ ਨੂੰ ਸਫ਼ਲ ਤਾਂ ਮੰਨਦਾ ਸੀ, ਜੇ ਘੱਟੋ ਘੱਟ, ਇੱਕ
WWW.SIKHBOOKCLUB.COM ਇਸ ਸ਼ੁਭ ਕੰਮ ਵਿੱਚ ਸਫ਼ਲ ਹੋਣ ਲਈ 

ਲੱਡੂ ਖਾਣ ਦਾ ਇੱਕ ਰੁਪਿਆ ਦੇਣ ਤੋਂ ਸ਼ੁਰੂ ਕਰ ਕੇ ਉਹ ਸੌ, ਦੋ ਸੌ, ਚਾਰ ਸੌ ਜਾਂ ਪੰਜ ਸੌ ਰੁਪਏ ਦੇਣ ਤਕ ਚਲਾ ਜਾਂਦਾ ਸੀ। ਇਹ ਕਿਸੇ ਸਭਿਆਚਾਰ ਦਾ ਨਤੀਜਾ ਸੀ; ਸਭਿਅਤਾ ਦੀ ਮੰਗ ਨਹੀਂ ਸੀ। ਮੈਨੂੰ ਇਹ ਪਤਾ ਨਹੀਂ ਕਿ ਦਰਭੰਗੇ ਦਾ ਰਾਜ-ਘਰਾਣਾ ਆਪਣੀ ਇਸ ਸਭਿਆਚਾਰਕ ਪ੍ਰੰਪਰਾ ਨੂੰ ਕਾਇਮ ਰੱਖ ਰਿਹਾ ਹੈ ਜਾਂ ਨਹੀਂ। ਮੇਰਾ ਅਨੁਮਾਨ ਹੈ, ਜ਼ਰੂਰ ਰੱਖ ਰਿਹਾ ਹੋਵੇਗਾ। ਮੈਂ ਇਉਂ ਕਿਉਂ ਸੋਚਦਾ ਹਾਂ?

ਇਸ ਲਈ ਕਿ ਮੱਧਕਾਲ ਦੇ ਯੌਰਪੀ ਰਜਵਾੜੇ ਆਪਣੇ ਯੁੱਧ-ਸਭਿਆਚਾਰ ਨੂੰ ਜੀਊਂਦਾ ਰੱਖਣ ਲਈ ਟੂਰਨਾਮੈਂਟ ਕਰਦੇ ਹੁੰਦੇ ਸਨ। ਇਹ ਟੂਰਨਾਮੈਂਟ ਨੇਜ਼ਿਆਂ, ਬਰਛਿਆਂ ਅਤੇ ਤੀਰਾਂ-ਤਲਵਾਰਾਂ ਦੇ ਮੁਕਾਬਲਿਆਂ ਦੇ ਰੂਪ ਵਿੱਚ ਕੀਤੇ ਜਾਂਦੇ ਸਨ। ਹਰ ਟੂਰਨਾਮੈਂਟ ਵਿੱਚ ਮੌਤਾਂ ਹੁੰਦੀਆਂ ਸਨ ਜਾਂ ਕੋਈ ਇੱਕ ਮੌਤ ਜ਼ਰੂਰ ਹੁੰਦੀ ਸੀ। ਪਰੰਤੂ ਮੌਤਾਂ ਅਗਲੇ ਸਾਲ ਹੋਣ ਵਾਲੇ ਟੂਰਨਾਮੈਂਟ ਲਈ ਰੁਕਾਵਟ ਨਹੀਂ ਸਨ ਬਣਦੀਆਂ। ਸਿੱਖ ਸਭਿਆਚਾਰ ਦੀ ਸਦੀਵਤਾ ਲਈ ਆਨੰਦਪੁਰ ਸਾਹਿਬ ਦਾ ਹੋਲਾ ਮਹੱਤਵਪੂਰਣ ਤਿਉਹਾਰ ਹੈ। ਇਸ ਸਮੇਂ ਗਤਕਾਬਾਜ਼ੀ ਦੇ ਜੌਹਰ ਵਿਖਾਏ ਜਾਂਦੇ ਹਨ। ਜੇ ਸਭਿਆਚਾਰ ਦੀ ਯਗਵੇਦੀ ਉੱਤੇ ਗੁਰੂ ਕੀਆਂ ਲਾਡਲੀਆਂ ਫ਼ੌਜਾਂ ਵਿੱਚੋਂ ਕਿਸੇ ਇੱਕ ਦਾ ਬਲੀਦਾਨ ਹੋ ਜਾਵੇ ਤਾਂ ਹੋਲੇ ਉੱਤੇ ਆਈ ਭੀੜ ਸੋਗ ਨਹੀਂ ਸੀ ਮਨਾਉਂਦੀ।

ਟੂਰਨਾਮੈਂਟਾਂ ਦਾ ਆਧੁਨਿਕ ਰੂਪ ਹੈ ਉਲੰਪਿਕ ਖੇਡਾਂ, ਜੋ ਹਰ ਚਾਰ ਸਾਲਾਂ ਪਿੱਛੋਂ ਦੁਨੀਆ ਦੇ ਕਿਸੇ ਦੇਸ਼ ਵਿੱਚ ਮਨਾਈਆਂ ਜਾਂਦੀਆਂ ਹਨ। ਪਿਛਲੀ ਵੇਰ ਯੂਨਾਨ ਵਿੱਚ ਮਨਾਈਆਂ ਗਈਆਂ ਸਨ। ਖੇਡਾਂ ਉੱਤੇ ਹੋਏ ਖ਼ਰਚ ਨੇ ਯੂਨਾਨ ਦਾ ਲੱਕ ਤੋੜ ਦਿੱਤਾ ਸੀ। 2008 ਵਿੱਚ ਚੀਨ ਵਿੱਚ ਹੋਣੀਆਂ ਹਨ। ਦੁਖੀ ਚੀਨ ਵੀ ਹੋਵੇਗਾ, ਪਰ ਉੱਥੋਂ ਦੀ ਡਿਕਟੇਟਰਸ਼ਿਪ ਲੋਕਾਂ ਨੂੰ ਦੁੱਖ ਵਿੱਚ ਸੁਖ ਮਨਾਉਣ ਦਾ ਭੇਤ ਦੱਸ ਸਕਦੀ ਹੈ। 2012 ਵਿੱਚ ਇਹ ਖੇਡਾਂ ਲੰਡਨ ਵਿੱਚ ਹੋਣੀਆਂ ਹਨ। ਪਹਿਲਾਂ ਅਨੁਮਾਨ ਸੀ ਕਿ ਇਨ੍ਹਾਂ ਉੱਤੇ ਤਿੰਨ ਅਰਬ ਪੌਂਡ ਖ਼ਰਚ ਹੋਣਗੇ। ਹੁਣ ਇਹ ਅਨੁਮਾਨ ਅੱਠ ਅਰਬ ਹੋ ਗਿਆ ਹੈ। ਨਵੇਂ ਟੈਕਸਾਂ ਨਾਲ ਲੋਕਾਂ ਦਾ ਦਮ ਘੁੱਟ ਰਿਹਾ ਹੈ। 2012 ਤਕ ਪਤਾ ਨਹੀਂ ਕੀ ਹੋਵੇ।

ਇਨ੍ਹਾਂ ਖੇਡਾਂ ਵਿੱਚ ਜੋ ਕੁਝ ਵਿਖਾਇਆ ਜਾਂਦਾ ਹੈ, ਉਸ ਦਾ ਆਧੁਨਿਕ ਸਭਿਅਤਾ ਨਾਲ ਬਹੁਤ ਪੇਤਲਾ ਸੰਬੰਧ ਹੈ। ਯੂਨਾਨੀਆਂ ਅਤੇ ਰੋਮਨਾਂ ਦੀ ਯੁੱਧ-ਕਲਾ ਦਾ ਪ੍ਰਦਰਸ਼ਨ ਹੁੰਦਾ ਹੈ। ਪੁਰਾਤਨ ਸਭਿਆਚਾਰ ਦੇ ਮੁਰਦਾ ਸਰੀਰ ਵਿੱਚ ਦਸ-ਪੰਦਰਾਂ ਦਿਨਾਂ ਲਈ ਬਨਾਉਟੀ ਜੀਵਨ ਭਰ ਦਿੱਤਾ ਜਾਂਦਾ ਹੈ। ਜੈਵਲਿਨ ਥ੍ਰੋ, ਡਿੱਸਕੱਸ ਥ੍ਰੋ, ਹੈਮਰ ਥ੍ਰੋ, ਗੋਲਾ ਸੁੱਟਣਾ ਆਦਿ ਪੁਰਾਤਨ ਯੁੱਧ ਤਰੀਕੇ ਅਜੋਕੇ ਮੈਡਲਾਂ ਦਾ ਸਾਧਨ ਬਣਦੇ ਹਨ ਅਤੇ ਪੁਰਾਤਨ ਸਭਿਆਚਾਰ ਜੀਵਿਤ ਰੱਖਿਆ ਜਾਂਦਾ ਹੈ। ਪਤਾ ਨਹੀਂ ਇਹ ਧਨ ਅਫ਼ਰੀਕਾ ਵਿੱਚ ਨਵੀਂ ਸਭਿਅਤਾ ਉਪਜਾਉਣ ਅਤੇ ਉਪਜਾ ਕੇ ਵਿਕਸਾਉਣ ਉੱਤੇ ਕਿਉਂ ਨਹੀਂ ਖ਼ਰਚਿਆ ਜਾਂਦਾ? ਹੋ ਸਕਦਾ ਹੈ ਤੁਹਾਡਾ ਉੱਤਰ ਕੋਈ ਹੋਰ ਹੋਵੇ; ਮੇਰਾ ਉੱਤਰ ਇਹ ਹੈ ਕਿ ਅਫ਼ਰੀਕਾ ਦੇ ਜੰਗਲੀ ਕਬੀਲੇ ਆਪਸ ਵਿੱਚ ਲੜਦੇ ਰਹੇ ਹਨ; ਹੱਤਿਆ ਹਿੰਸਾ ਦਾ ਜੰਗਲੀਪਨ ਉਨ੍ਹਾਂ ਦਾ ਸਭਿਆਚਾਰ ਹੈ; ਇਸ ਸਭਿਆਚਾਰ ਦੀ ਸਦੀਵਤਾ ਲਈ ਚੀਨ ਵਿੱਚ ਬਣੀਆਂ ਹੋਈਆਂ ਏ.ਕੇ. ਸੰਤਾਲੀ, ਨੇਜ਼ਿਆਂ ਬਰਛਿਆਂ ਦੀ ਥਾਂ ਲੈ ਚੁੱਕੀਆਂ ਹਨ। ਇਨ੍ਹਾਂ ਆਧੁਨਿਕ ਹਥਿਆਰਾਂ ਦੀ ਮਦਦ ਨਾਲ ਅਫ਼ਰੀਕਾ ਦਾ ਜੰਗਲੀ ਸਭਿਆਚਾਰ ਜੀਵਿਤ ਰੱਖਿਆ ਜਾਣ ਵਿੱਚ ਜੋ ਗੌਰਵ ਹੈ, ਉਹ ਸਭਿਅਤਾ ਦੀ 'ਆਰਾਮ ਪ੍ਰਸਤੀ' ਨਾਲੋਂ ਕਿਤੇ ਮਹਾਨ ਹੈ।

ਲੰਡਨ ਵਿੱਚ ਹਰ ਸਾਲ ਕਾਲੇ ਲੋਕਾਂ ਦਾ ਕਾਰਨੀਵਾਲ ਕੱਢਿਆ ਜਾਂਦਾ ਹੈ। ਇਹ

ਲੋਕ ਅਫ਼ਰੀਕਾ ਵਿੱਚੋਂ ਫੜ ਕੇ ਲਿਆਂਦੇ ਹੋਏ ਅਤੇ ਅਮਰੀਕਾ ਦੀਆਂ ਮੰਡੀਆਂ ਵਿੱਚ ਵੇਚੇ ਹੋਏ ਹਬਸ਼ੀ ਗ਼ੁਲਾਮਾਂ ਦੀ ਔਲਾਦ ਹਨ ਅਤੇ ਅੱਜ-ਕੱਲ ਹੋਰ ਲੋਕਾਂ ਵਾਂਗ ਆਜ਼ਾਦ ਹਨ। ਲੰਡਨ ਦੇ ਕਾਰਨੀਵਾਲ ਵਿੱਚ ਇਹ ਲੋਕ ਅਧਨੰਗੇ ਨੱਚਦੇ ਹੋਏ ਆਪਣੇ ਅਫ਼ਰੀਕੀ ਸਭਿਆਚਾਰ ਨੂੰ ਇੱਕ ਦਿਨ ਲਈ ਮੁੜ ਜੀਊਂਦਾ ਕਰਦੇ ਹਨ। ਕੁਝ ਕਤਲ ਵੀ ਹੁੰਦੇ ਹਨ; ਪਰ ਮੌਤਾਂ ਦੀ ਗਿਣਤੀ ਕੁੰਭਾਂ ਅਤੇ ਹੱਜਾਂ ਉੱਤੇ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਦੇ ਨੇੜੇ ਤੇੜੇ ਨਹੀਂ ਪਹੁੰਚਦੀ। ਕੁੰਭਾਂ ਅਤੇ ਹੱਜਾਂ ਦੇ ਮੌਕਿਆਂ ਉੱਤੇ ਹੋਣ ਵਾਲੀਆਂ ਮੌਤਾਂ ਅਤੇ ਕਾਰਨੀਵਾਲਾਂ ਅਤੇ ਮੇਲਿਆਂ ਉੱਤੇ ਹੋਣ ਵਾਲੇ ਕਤਲਾਂ ਵਿੱਚ ਬਹੁਤੀ ਸਾਂਝ ਨਹੀਂ ਵੇਖੀ ਜਾਣੀ ਚਾਹੀਦੀ। ਕੁੰਭ ਅਤੇ ਹੱਜ ਬਹੁਤ ਪਵਿੱਤਰ ਅਤੇ ਮੁਕੱਦਸ ਮੌਕੇ ਮੰਨੇ ਜਾਂਦੇ ਹਨ ਅਤੇ ਇਨ੍ਹਾਂ ਮੌਕਿਆਂ ਉੱਤੇ ਮਰੇ ਲੋਕ ਮੁਕਤੀ ਅਤੇ ਜੰਨਤ ਦੇ ਹੱਕਦਾਰ ਮੰਨੇ ਜਾਂਦੇ ਹਨ। ਇਸ ਮਨੌਤ ਉੱਤੇ ਸ਼ੱਕ ਕਰਨ ਦੀ ਸਲਾਹ ਦੇਣ ਵਿੱਚ ਸਿਆਣਪ ਨਹੀਂ।

ਪਰੰਤੂ ਜਦੋਂ ਸੰਸਾਰਕ ਜਾਂ ਦੁਨਿਆਵੀ ਸਭਿਆਚਾਰ ਦੇ ਨਾਂ ਉੱਤੇ ਸਿਆਣਪ ਨੂੰ ਛਿੱਕੇ ਟੰਗਿਆ ਜਾਂਦਾ ਹੈ, ਉਦੋਂ ਕੁਝ ਹੈਰਾਨੀ ਜ਼ਰੂਰ ਹੁੰਦੀ ਹੈ। ਸਾਡਾ ਸਭਿਆਚਾਰ ਉਧਾਲਿਆਂ ਦੀ ਸਲਾਹ ਨਹੀਂ ਦਿੰਦਾ; ਪਰ ਉਧਾਲਿਆਂ ਦੇ ਸ਼ਹਿਜ਼ਾਦੇ-ਸ਼ਹਿਜ਼ਾਦੀਆਂ ਸਾਹਮਣੇ ਅਦਬ ਨਾਲ ਬੇਨਤੀਆਂ ਕਰਦਾ ਹੈ—"ਆ, ਭੈਣ ਹੀਰੇ; ਆ, ਵੀਰ ਰਾਂਝਾ, ਸਾਨੂੰ ਛੱਡ ਨਾ ਜਾਇਓ; ਤੁਸਾਂ ਬਾਝ ਅਸੀਂ ਸੱਖਣੇ।" ਭਾਵ ਇਹ ਹੈ ਕਿ ਅਸੀ ਤੁਹਾਡੇ ਬਗ਼ੈਰ ਸਭਿਆਚਾਰਹੀਣ ਹੋ ਜਾਵਾਂਗੇ। ਮੇਰਾ ਖ਼ਿਆਲ ਹੈ ਕਿ ਜੇ ਉਧਾਲੇ ਮੁੱਕ ਜਾਣ ਤਾਂ ਅਸੀਂ ਥੋੜੇ ਜਹੇ ਸਭਿਅ ਹੋਣ ਦਾ ਮਾਣ ਕਰ ਸਕਾਂਗੇ।

ਨਗਰ-ਕੀਰਤਨਾਂ, ਜਲੂਸਾਂ, ਲਾਊਡ-ਸਪੀਕਰਾਂ ਰਾਹੀਂ ਉੱਚੀ ਆਵਾਜ਼ ਵਿੱਚ ਵਜਾਏ ਜਾ ਰਹੇ ਧੁਰ ਕੀ ਬਾਣੀ ਦੇ ਰੀਕਾਰਡਾਂ, ਪਰਭਾਤ-ਫੇਰੀਆਂ ਅਤੇ ਹਸਨ ਹੁਸੈਨ ਦੀ ਸ਼ਹਾਦਤ ਨੂੰ ਚੇਤੇ ਕਰਾਉਣ ਵਾਲੇ ਤਾਜ਼ੀਆਂ, ਗਾਈ ਫ਼ਾਕਸ ਅਤੇ ਦੀਵਾਲੀ ਦੇ ਪਟਾਕਿਆਂ ਰਾਹੀਂ ਮਨੁੱਖੀ ਅਸਭਿਆਚਾਰ ਵਿਗਿਆਨਕ ਸਭਿਅਤਾ ਨਾਲ ਬਹੁਤ ਵਧੀਕੀ ਕਰਦਾ ਹੈ। ਸਭਿਆਚਾਰ ਦੇ ਨਾਂ ਉੱਤੇ ਏਨਾ ਅਸਭਿਆਚਾਰ ਕਰਨ ਲਈ ਜਿੰਨਾ ਉੱਦਮ, ਵਕਤ, ਧਨ ਅਤੇ ਪ੍ਰਬੰਧ ਖ਼ਰਚ ਕੀਤਾ ਜਾਂਦਾ ਹੈ, ਉਸ ਦਾ ਦਸਵਾਂ ਹਿੱਸਾ ਵੀ ਜੇ ਸਭਿਅਤਾ ਦੀ ਸੇਵਾ ਵਿੱਚ ਲਾਈਏ ਤਾਂ ਦੁਨੀਆ ਹੁਣ ਨਾਲੋਂ ਬਹੁਤੀ ਸੁਹਣੀ ਬਣਾਈ ਜਾ ਸਕਦੀ ਹੈ। ਸਭਿਅਤਾ ਦੇ ਵਿਕਾਸ ਵਿੱਚ ਪਿੱਛੇ ਰਹਿ ਚੁੱਕੇ, ਬੇਲੋੜੇ, ਅਣਉਪਯੋਗੀ ਅਤੇ ਨਿਰਜਿੰਦ ਅਸਭਿਆਚਾਰ ਨਾਲ ਮਨੁੱਖੀ ਮੋਹ ਕਿੰਨਾ ਪਰਬਲ, ਹਾਸੋਹੀਣਾ ਅਤੇ ਦੁਖਦਾਇਕ ਹੈ!!

•

# ਸਭਿਅਤਾ, ਸਭਿਆਚਾਰ ਅਤੇ ਸਦਾਚਾਰ ਦੇ ਬੀਜ

ਇੱਕ ਵੇਰ ਅੱਲਾਮਾ ਇਕਬਾਲ ਦੇ ਇਸ ਸ਼ੇਅਰ "ਬਸਰੇ ਔਕਾਤ ਕਰ ਹੀ ਲੇਤਾ ਹੈ ਕੋਹਵਾ ਬੀਆਬਾਂ ਮੇਂ, ਸ਼ਾਹੀਂ ਕੇ ਲੀਏ ਜ਼ਿੱਲਤ ਹੈ ਕਾਰੇ ਆਸ਼ੀਆਂ ਬੰਦੀ" ਉੱਤੇ ਵਿਚਾਰ ਕਰਦਿਆਂ ਮੇਰੇ ਮਿੱਤਰ ਕੁਲਦੀਪ ਸਿੰਘ ਰੱਲਾ ਨੇ ਇਸ ਵਿੱਚਲੇ ਸੱਚ ਨੂੰ ਦੂਰ ਤਕ ਖਿੱਚਦਿਆਂ ਹੋਇਆਂ ਆਖਿਆ ਸੀ ਕਿ ਜਿਸ ਤਰ੍ਹਾਂ ਬਾਜ਼ ਗਰਮੀ, ਸਰਦੀ, ਤੂਫ਼ਾਨ ਅਤੇ ਬਾਰਿਸ਼ ਹਰ ਕਿਸਮ ਦੇ ਮੌਸਮ ਜਾਂ ਵਕਤ ਨੂੰ ਕਿਸੇ ਪਹਾੜ ਜਾਂ ਚਟਾਨ ਦੇ ਉਹਲੇ ਜਾਂ ਕਿਸੇ ਬੀਆਬਾਨ ਵਿੱਚ ਕਿਸੇ ਰੁੱਖ ਦੀ ਰੁੰਡ-ਮੁੰਡ ਟਹਿਣੀ ਦੇ ਸਹਾਰੇ ਗੁਜ਼ਾਰ ਲੈਂਦਾ ਹੈ, ਪਰ ਘੁੱਗੀਆਂ-ਕਬੂਤਰਾਂ ਤੇ ਚਿੜੀਆਂ-ਬਟੇਰਿਆਂ ਵਾਂਗ ਆਲ੍ਹਣੇ ਬਣਾਉਣ ਦੇ ਕੰਮ ਨੂੰ ਆਪਣੀ ਤੌਹੀਨ ਸਮਝਦਾ ਹੈ, ਉਸੇ ਤਰ੍ਹਾਂ ਰਜੋਗੁਣੀ ਸੰਘਰਸ਼ੀ ਆਦਮੀ ਗ੍ਰਹਿਸਤ ਜੀਵਨ ਵਿੱਚ ਪੈ ਕੇ ਲੂਣ, ਤੇਲ ਲੱਕੜੀਆਂ ਦੀ ਚਿੰਤਾ ਨਾਲ ਭਰੇ ਹੋਏ ਜੀਵਨ ਨਾਲ ਸਮਝੌਤਾ ਨਹੀਂ ਕਰ ਸਕਦਾ। ਉਸ ਵੇਲੇ ਮੈਂ ਇਸ ਵਿਚਾਰ ਨੂੰ ਅੱਗੇ ਨਹੀਂ ਸੀ ਤੋਰਿਆ ਕਿਉਂਜੁ ਜਿਸ ਸੰਬੰਧ ਵਿੱਚ ਇਹ ਗੱਲ ਚੱਲ ਰਹੀ ਸੀ, ਉਸ ਸੰਬੰਧ ਵਿੱਚ ਰਜੋਗੁਣੀ ਪਸ਼ੂ-ਪੰਛੀਆਂ ਦੇ ਇਸ ਵਿਵਹਾਰ ਦੀ ਚਰਚਾ ਨੂੰ ਅਗੇਰੇ ਤੋਰਨਾ ਉੱਚਿਤ ਜਾਂ ਯੁਕਤੀ ਯੁਕਤ ਨਹੀਂ ਸੀ। ਹੁਣ ਜਦੋਂ ਸਭਿਅਤਾ ਅਤੇ ਸਭਿਆਚਾਰ ਦੇ ਮੂਲ ਬਾਰੇ ਵਿਚਾਰ ਕਰਨ ਬੈਠਾ ਹਾਂ ਤਾਂ ਅੱਲਾਮਾ ਦਾ ਇਹ ਸ਼ੇਅਰ ਮੁੜ ਮੇਰੀ ਯਾਦਦਾਸ਼ਤ ਵਿੱਚ ਉੱਘੜ ਆਇਆ ਹੈ। ਮੈਨੂੰ ਲੱਗਦਾ ਹੈ ਕਿ ਆਲ੍ਹਣੇ ਬਣਾਉਣ ਦਾ ਕੰਮ ਜਾਂ 'ਕਾਰੇ ਆਸ਼ੀਆਂ ਬੰਦੀ' ਹੀ ਮਨੁੱਖੀ ਸਮਾਜਾਂ ਦੀਆਂ ਸਭਿਆਤਾਵਾਂ ਦਾ ਮੂਲ ਜਾਂ ਬੀਜ ਹੈ। ਭੋਜਨ ਦੀ ਭਾਲ ਵਿੱਚ ਏਧਰ ਓਧਰ ਤੁਰਿਆ ਫਿਰਦਾ ਮਨੁੱਖ ਨਿਰਾ ਜੰਗਲੀ ਹੀ ਨਹੀਂ ਸਗੋਂ ਅਸਭਿਅ ਵੀ ਹੈ। ਅਫ਼ਰੀਕਾ ਦੇ ਜੰਗਲਾਂ ਵਿੱਚ ਵੱਸਦੇ ਕਈ ਕਬੀਲੇ ਅਜੇਹੇ ਹਨ ਜਿਨ੍ਹਾਂ ਨੇ ਝੌਂਪੜੀਆਂ ਬਣਾ ਕੇ ਇੱਕ ਥਾਂ ਟਿਕ ਕੇ ਰਹਿਣਾ ਸਿੱਖ ਲਿਆ ਜਾਂ ਪਰਵਾਨ ਕਰ ਲਿਆ ਹੈ। ਉਹ ਪਸ਼ੂ ਵੀ ਪਾਲਦੇ ਹਨ ਅਤੇ ਸ਼ਿਕਾਰ ਵੀ ਕਰਦੇ ਹਨ। ਖੇਤੀ ਕਰਨ ਦੀ ਉਹ ਜਾਂ ਤਾਂ ਜ਼ਰੂਰਤ ਨਹੀਂ ਸਮਝਦੇ ਜਾਂ ਉਨ੍ਹਾਂ ਨੂੰ ਜਾਚ ਨਹੀਂ। ਉਹ ਜੰਗਲੀ ਹਨ, ਪਰ ਉਨ੍ਹਾਂ ਨੂੰ ਅਸਭਿਅ ਨਹੀਂ ਆਖਿਆ ਜਾ ਸਕਦਾ। ਉਨ੍ਹਾਂ ਲੋਕਾਂ ਕੋਲ ਇੱਕ ਸਭਿਅਤਾ ਹੈ ਜਿਹੜੀ ਉੱਨਤ ਨਹੀਂ ਹੋਈ ਅਤੇ ਉੱਨਤ ਹੋਣਾ ਵੀ ਨਹੀਂ ਚਾਹੁੰਦੀ। ਉਨ੍ਹਾਂ ਨੇ ਧਰਤੀ ਦੇ ਇੱਕ ਵਿਸ਼ੇਸ਼ ਹਿੱਸੇ ਨੂੰ ਆਪਣਾ ਘਰ ਮੰਨ ਕੇ ਉੱਥੋਂ ਦੀਆਂ ਭੂਗੋਲਿਕ ਪਰਿਸਥਿਤੀਆਂ ਅਨੁਸਾਰ ਜੀਵਨ ਦੀ ਇੱਕ ਨਿਸ਼ਚਿਤ ਜੁਗਤੀ ਜਾਂ ਜਾਚ ਪੈਦਾ ਕਰ ਲਈ ਹੈ। ਆਪਣੀ ਬਣਾਈ ਜੁਗਤ ਅਨੁਸਾਰ, ਇੱਕ ਥਾਂ ਟਿਕ ਕੇ ਜੀਉਂਦੇ ਹੋਏ ਉਹ ਆਪਣੇ ਆਪ ਵਿੱਚ ਸੁਰੱਖਿਅਤ ਅਤੇ ਸੰਤੁਸ਼ਟ ਹਨ। ਇਹੋ ਸਭਿਅਤਾ ਦੇ ਲੱਛਣ ਹਨ। (ਸਭਿਅਤਾ ਭੂਮੀ ਦੇ ਕਿਸੇ ਹਿੱਸੇ ਵਿੱਚ ਟਿਕ ਕੇ ਵੱਸਣ ਵਾਲੇ ਲੋਕਾਂ ਦੀ ਨਿਸ਼ਚਿਤ ਅਤੇ ਨਿਯਮਤ ਜੀਵਨ ਜਾਚ ਦਾ ਨਾਂ ਹੈ।)

ਜਿਹੜੇ ਜੰਗਲੀ ਕਬੀਲੇ ਕਿਧਰੇ ਟਿਕ ਕੇ ਨਾ ਵੱਸਣ ਉਨ੍ਹਾਂ ਨੂੰ ਸਭਿਅ ਆਖਣਾ ਕੁਝ ਓਪਰਾ ਲੱਗਦਾ ਹੈ। ਇੱਥੋਂ ਤਕ ਕਿ ਸਭਿਅ ਸਮਾਜਾਂ ਵਿੱਚ ਤੁਰੇ ਫਿਰਨ ਵਾਲੇ ਟੱਪਰੀਵਾਸ

ਜੰਗਲੀ ਨਾ ਹੁੰਦਿਆਂ ਹੋਇਆਂ ਵੀ ਸਭਿਅ ਨਹੀਂ ਮੰਨੇ ਜਾਂਦੇ। ਸਭਿਅਤਾ ਦਾ ਸਥਾਈ ਵਾਸ ਨਾਲ ਉਚੇਚਾ ਸੰਬੰਧ ਹੈ। ਸਥਾਈ ਵਾਸ ਸਭਿਅਤਾ ਦੀ ਮੁੱਢਲੀ ਲੋੜ ਹੈ। ਸਥਾਈ ਵਾਸ ਵਾਲੇ ਜੰਗਲੀ ਲੋਕ ਵੀ ਬੀਜ ਰੂਪ ਸਭਿਅਤਾ ਦੇ ਧਾਰਨੀ ਹਨ।

ਇਹ ਠੀਕ ਹੈ ਕਿ ਭੋਜਨ ਅਤੇ ਸੁਰੱਖਿਆ ਦੀ ਸਮੱਸਿਆ ਮੁੱਢਲੇ ਮਨੁੱਖ ਦੀਆਂ ਸਾਰੀਆਂ ਸੋਚਾਂ ਦਾ ਕੇਂਦਰ ਹੁੰਦੀ ਸੀ, ਪਰ ਸਥਾਈ ਵਾਸ ਦੀ ਸਮੱਸਿਆ ਨਾਲ ਮਨੁੱਖ ਦੇ ਲੰਮੇਰੇ ਬਚਪਨ ਦਾ ਵੀ ਸੰਬੰਧ ਸੀ। ਬਚਪਨ ਮਨੁੱਖ ਦੀ ਨਿਰਬਲਤਾ ਤੇ ਪਰਾਧੀਨਤਾ ਦਾ ਸਮਾਂ ਹੈ ਅਤੇ ਦੂਜੇ ਪਸ਼ੂਆਂ ਦੇ ਬਚਪਨ ਨਾਲੋਂ ਬਹੁਤ ਲੰਮੇਰਾ ਹੈ। ਇਸ ਸਮੇਂ ਨੇ ਮੁੱਢਲੇ ਮਨੁੱਖ ਨੂੰ ਸਥਾਈ ਵਾਸ ਲਈ ਮਜਬੂਰ ਕਰ ਕੇ ਸਭਿਅਤਾ ਦਾ ਸ੍ਰੀ ਗਣੇਸ਼ ਕਰਵਾਇਆ ਹੈ। ਜੇ ਮਨੁੱਖ ਨਿਰੋਲ ਮਾਸਾਹਾਰੀ ਅਤੇ ਸ਼ਿਕਾਰੀ ਹੀ ਹੁੰਦਾ, ਤਾਂ ਹੋ ਸਕਦਾ ਹੈ ਕੋਈ ਵੀ ਸਭਿਅਤਾ ਆਪਣੇ ਬੀਜ ਰੂਪ ਤੋਂ ਅਗੇਰੇ ਵਿਕਾਸ ਨਾ ਕਰਦੀ। ਅਫਰੀਕਾ ਦੇ ਸ਼ਿਕਾਰੀ ਮਨੁੱਖ ਦੀਆਂ ਬੀਜ ਰੂਪ ਸਭਿਅਤਾਵਾਂ ਵੱਲ ਵੇਖਿਆਂ ਇਹ ਸਿੱਟਾ ਕੱਢਣ ਵਿੱਚ ਸੰਕੋਚ ਨਹੀਂ ਹੁੰਦਾ। ਪਰੰਤੂ ਨਿਸਚੇ ਨਾਲ ਕੁਝ ਕਿਹਾ ਨਹੀਂ ਜਾ ਸਕਦਾ। ਇਹ ਕਹਿਣਾ ਵੀ ਔਖਾ ਹੈ ਕਿ ਕੋਈ ਇੱਕ ਜਾਂ ਦੋ ਕਾਰਨ ਹੀ ਕਿਸੇ ਸਭਿਅਤਾ ਦੇ ਵਿਕਾਸ ਦੀ ਮੂਲ ਪ੍ਰੇਰਨਾ ਹਨ। ਕਿਸੇ ਇੱਕ ਖਿੱਤੇ ਵਿੱਚ ਕੁਦਰਤ ਦੀ ਮਿੱਤ੍ਰਤਾ ਅਤੇ ਦਿਆਲਤਾ ਨੇ ਮਨੁੱਖ ਨੂੰ ਸਭਿਅਤਾ ਦੀ ਸੇਧ ਦਿੱਤੀ ਹੈ ਅਤੇ ਕਿਸੇ ਦੂਜੇ ਇਲਾਕੇ ਵਿੱਚ ਕੁਦਰਤ ਦੀ ਕਰੂਰਤਾ ਮਨੁੱਖੀ ਸੋਚ ਅਤੇ ਸਭਿਅਤਾ ਦਾ ਸ੍ਰੋਤ ਹੋ ਨਿਬੜੀ ਹੈ। ਪਰ ਇਹ ਮੰਨਣ ਵਿੱਚ ਕੋਈ ਔਖ ਨਜ਼ਰ ਨਹੀਂ ਆਉਂਦੀ ਕਿ ਜਿਨ੍ਹਾਂ ਜੀਵਾਂ ਕੋਲ ਆਪਣੀ ਰੱਖਿਆ ਲਈ ਹਿੰਸਾ ਅਤੇ ਹੱਤਿਆ ਦੀ ਯੋਗਤਾ ਸੀ ਉਨ੍ਹਾਂ ਨੇ ਸਭਿਅ ਸਥਾਈ ਵਾਸ ਦੀ ਸੇਧ ਵਿੱਚ ਵਿਕਾਸ ਕਰਨ ਦਾ ਕੋਈ ਜਤਨ ਨਹੀਂ ਕੀਤਾ। ਉਹ 'ਕਾਰ-ਏ ਆਸ਼ੀਆਂ ਬੰਦੀ' ਨੂੰ ਆਪਣੇ ਲਈ ਹੱਤਕ ਵਾਲੀ ਗੱਲ ਮੰਨਦੇ ਆਏ ਹਨ।

ਇਸ ਦੇ ਉਲਟ ਸ਼ਹਿਰ ਦੀਆਂ ਮੱਖੀਆਂ ਅਤੇ ਕੀੜੀਆਂ ਆਦਿਕ ਦੇ ਜੀਵਨ ਦੀ ਜਾਚ ਦਾ ਅਧਿਐਨ ਇਹ ਦੱਸਦਾ ਹੈ ਕਿ ਉਨ੍ਹਾਂ ਕੋਲ ਸਭਿਅਤਾ ਦੀ ਉਹ ਜੁਗਤੀ ਮੌਜੂਦ ਹੈ ਜਿਸ ਦੇ ਟਾਕਰੇ ਵਿੱਚ ਰੱਖਿਆਂ ਮਨੁੱਖੀ ਸਭਿਅਤਾਵਾਂ ਵੀ ਆਪਣੀ ਸਿਆਣਪ ਦਾ ਬਹੁਤਾ ਮਾਣ ਨਹੀਂ ਕਰ ਸਕਦੀਆਂ। ਸ਼ਿਕਾਰੀ ਪੰਛੀਆਂ ਦੀ ਦਹਿਸ਼ਤ ਦੇ ਪਰਛਾਵੇਂ ਵਿੱਚ ਵੱਸਣ ਵਾਲੇ ਪੰਛੀਆਂ ਲਈ ਆਸ਼ੀਆਂ ਬੰਦੀ ਦਾ ਕੰਮ ਕਿਸੇ ਪ੍ਰਕਾਰ ਦਾ ਨਿਰਾਦਰ ਨਹੀਂ, ਸਗੋਂ ਉਨ੍ਹਾਂ ਦੀ ਸਿਆਣਪ ਅਤੇ ਸੌਂਦਰਯ-ਪ੍ਰੀਯਤਾ ਦਾ ਸੁਹਣਾ ਸਬੂਤ ਹੈ। (ਸਿਆਣਪ ਅਤੇ ਸੌਂਦਰਯ-ਪ੍ਰੀਯਤਾ ਦੇ ਸੁਮੇਲ, ਸੰਜੋਗ ਵਿੱਚੋਂ ਕਲਾ ਦੀ ਉਤਪਤੀ ਹੋਈ ਹੈ ਅਤੇ ਕਲਾ ਮਨੁੱਖੀ ਸਭਿਅਤਾਵਾਂ ਦੇ ਉਸ ਸੂਖਮ ਅਸਲੇ ਦੀ ਅਭੀਵਿਅੰਜਨਾ ਕਰਦੀ ਆਈ ਹੈ ਜਿਸ ਨੂੰ ਸੰਸਕ੍ਰਿਤੀ ਆਖਿਆ ਜਾਂਦਾ ਹੈ।)

ਵਿਗਿਆਨਕ ਵਿਕਾਸਵਾਦ ਨੇ ਪਸ਼ੂਆਂ ਦੇ ਵਡੇਰੇ ਆਕਾਰ ਵੀ ਉਪਜਾਏ ਹਨ ਅਤੇ ਸਰੀਰਕ ਸ਼ਕਤੀ ਵੀ ਵਧਾ ਕੇ ਵੇਖ ਲਈ ਹੈ। ਇਸ ਨੇ ਹਿੰਸਾ ਅਤੇ ਹੱਤਿਆ ਦੀ ਨਿਪੁੰਨ ਯੋਗਤਾ ਵੀ ਪੈਦਾ ਕੀਤੀ ਹੈ ਅਤੇ ਸਵੈ-ਰੱਖਿਆ ਲਈ ਵਰਤੀ ਜਾਣ ਵਾਲੀ ਸਿਆਣਪ ਦੀ ਸਿਖਰ ਵੀ ਅਣਛੋਹੀ ਨਹੀਂ ਛੱਡੀ। ਪਰੰਤੂ ਇਨ੍ਹਾਂ ਵਿੱਚੋਂ ਕਿਸੇ ਨੂੰ ਵੀ ਵਿਕਾਸ ਨੇ ਆਪਣਾ ਮਨੋਰਥ ਨਹੀਂ ਬਣਾਇਆ। ਇਨ੍ਹਾਂ ਸਭਨਾਂ ਨੂੰ ਪਿੱਛੇ ਛੱਡ ਕੇ ਵਿਕਾਸ ਅਗੇਰੇ ਵਧਦਾ ਗਿਆ ਹੈ। ਵਿਕਾਸ ਕੇਵਲ ਉਨ੍ਹਾਂ ਹੀ ਜੀਵ-ਧਾਰੀਆਂ ਰਾਹੀਂ ਅਗੇਰੇ ਵਧਿਆ ਹੈ ਜਿਹੜੇ ਆਪਣੀ ਰੱਖਿਆ ਦੇ ਮਨੋਰਥ ਨੂੰ ਪੂਰੀ ਨਿਪੁੰਨਤਾ ਨਾਲ ਪ੍ਰਾਪਤ ਕਰਨ ਵਿੱਚ ਸਫਲ ਨਹੀਂ ਹੋਏ। ਜਿਨ੍ਹਾਂ
WWW.SIKHBOOKCLUB.COM ਯੋਜਨਾ ਬਣਾ ਲਈ, ਉਹ ਵਿਕਸਣੋਂ

ਗਈਆਂ, ਜਿਨ੍ਹਾਂ ਵਿੱਚ ਕਿਧਰੇ ਕੋਈ ਉਕਾਈ ਜਾਂ ਊਣ ਰਹਿ ਗਈ, ਉਹ ਅਗੇਰੇ ਵਿਕਸਦੀਆਂ ਗਈਆਂ ਅਤੇ ਅੰਤ ਵਿੱਚ ਮਨੁੱਖੀ ਆਕਾਰ ਪ੍ਰਗਟ ਹੋਇਆ। (ਵਿਕਾਸ ਨੇ ਸ਼ਕਤੀ, ਹਿੰਸਾ, ਕਠੋਰਤਾ ਅਤੇ ਨਿਪੁੰਨਤਾ ਦਾ ਨਹੀਂ ਸਗੋਂ ਨਿਰਬਲਤਾ, ਜੀਵਨ ਦੇ ਮੋਹ, ਕੋਮਲਤਾ ਅਤੇ ਅਪੂਰਣਤਾ ਦਾ ਸਹਾਰਾ ਲਿਆ ਹੈ।)

ਭੌਤਿਕ ਵਿਕਾਸ ਦੇ 'ਮਨੁੱਖ' ਅਤੇ 'ਮਨੁੱਖੀ ਸਭਿਅਤਾਵਾਂ' ਵਿੱਚ ਪ੍ਰਵੇਸ਼ ਕਰ ਜਾਣ ਪਿੱਛੋਂ ਮਨੁੱਖੀ ਸਭਿਅਤਾਵਾਂ ਅਤੇ ਮਨੁੱਖ ਆਪਣੀ ਰੱਖਿਆ ਲਈ ਸ਼ਕਤੀ, ਹਿੰਸਾ, ਹੱਤਿਆ ਅਤੇ ਸਿਆਣਪ ਦੇ ਉਹੋ ਢੰਗ ਅਪਣਾਉਂਦੇ ਆਏ ਹਨ ਜਿਹੜੇ ਪਸ਼ੂ-ਜੀਵਨ ਵਿੱਚ ਅਪਣਾਏ ਜਾਂਦੇ ਰਹੇ ਸਨ। ਮਨੁੱਖ ਜਾਤੀ ਆਪਣੇ ਵਿੱਚਲੀ ਕਠੋਰਤਾ ਦੇ ਟਾਕਰੇ ਲਈ ਐਟਮੀ ਹਥਿਆਰਾਂ ਦੀ ਨਿਪੁੰਨਤਾ ਦੀ ਸ਼ਰਨ ਲੈਣ ਦਾ ਪਸ਼ੂਪੁਣਾ ਕਰ ਰਹੀ ਹੈ। ਇਹ ਜਾਣਦਿਆਂ ਹੋਇਆਂ ਵੀ ਕਿ ਰੱਖਿਆ ਦੇ ਸਾਧਨ ਦੀ ਵਰਤੋਂ ਵਿੱਚ ਪ੍ਰਾਪਤ ਕੀਤੀ ਗਈ ਹਰ ਨਿਪੁੰਨਤਾ, ਰੱਖਿਆ ਕਰਨ ਦੇ ਨਾਲ ਨਾਲ ਵਿਕਾਸ ਦਾ ਰਾਹ ਵੀ ਰੋਕਦੀ ਆਈ ਹੈ, ਮਨੁੱਖ ਆਪਣੇ ਮਨ ਵਿੱਚੋਂ ਨਿਪੁੰਨਤਾ ਅਤੇ ਸੰਪੂਰਨਤਾ ਦੇ ਮੋਹ ਨੂੰ ਕੱਢ ਨਹੀਂ ਸਕਿਆ। ਇਸ ਲਈ ਕਿ ਉਹ ਇਹ ਮੰਨਣ ਨੂੰ ਤਿਆਰ ਨਹੀਂ ਕਿ ਵਿਕਾਸ ਉਪਜਦਾ ਹੈ ਅਪੂਰਣਤਾ ਵਿੱਚੋਂ ਅਤੇ ਤੁਰਦਾ ਹੈ ਕੋਮਲਤਾ ਦੀ ਸੇਧੇ। ਮਨੁੱਖ ਦੇ ਸਮਾਜਕ ਜੀਵਨ ਵਿੱਚ ਇਹ ਕੋਮਲਤਾ ਸਹਿਯੋਗ ਦਾ ਰੂਪ ਧਾਰਨ ਕਰਦੀ ਹੈ ਅਤੇ ਮਨੁੱਖ ਦੇ ਨਿੱਜੀ ਵਿਕਾਸ ਵਿੱਚ ਇਹ ਭਾਵੁਕ ਕੋਮਲਤਾ ਰਾਹੀਂ ਪ੍ਰਗਟ ਹੁੰਦੀ ਹੈ। ਭਾਵਾਂ ਦੀ ਕੋਮਲਤਾ ਨੂੰ ਸਾਤਵਿਕਤਾ ਦੇ ਇੱਕ ਸ਼ਬਦ ਵਿੱਚ ਬੰਦ ਕਰ ਕੇ ਇਹ ਆਖਣਾ, ਉੱਚਿਤ ਹੈ ਕਿ ਮਨੁੱਖੀ ਮਨ ਦਾ ਵਿਕਾਸ ਸਾਤਵਿਕਤਾ ਨੂੰ ਆਪਣੀ ਸੇਧ ਮੰਨਦਾ ਹੈ, ਮਨੁੱਖੀ ਮਨ ਵਿੱਚਲੀ ਸਾਤਵਿਕਤਾ ਮਨੁੱਖ ਦੇ ਸਮਾਜਕ ਜੀਵਨ ਵਿੱਚ ਸਹਿਯੋਗ ਦਾ ਰੂਪ ਧਾਰਨ ਕਰ ਕੇ ਇਸ ਧਰਤੀ ਉਤਲੇ ਜੀਵਨ ਵਿੱਚ ਆਖ਼ਰਾਂ ਦੀ ਸੁੰਦਰਤਾ ਪੈਦਾ ਕਰ ਸਕਦੀ ਹੈ। ਸਾਡੀ ਧਰਤੀ ਉਤਲਾ ਜੀਵਨ ਆਪਣੇ ਵਿੱਚ ਕਈ ਕੁਝ ਅਜੇਹਾ ਉਪਜਾ ਚੁੱਕਾ ਹੈ, ਜਿਸ ਦੇ ਕਾਰਨ ਇਹ ਜ਼ਰੂਰੀ ਹੋ ਗਿਆ ਹੈ ਕਿ ਸਾਤਵਿਕਤਾ ਅਤੇ ਸਹਿਯੋਗ ਨੂੰ ਵਿਅਕਤੀਗਤ ਅਤੇ ਸਮਾਜਕ ਜੀਵਨ ਵਿੱਚ ਉਚੇਚਾ ਮਹੱਤਵ ਦਿੱਤਾ ਜਾਵੇ। ਇਸ ਸੰਬੰਧ ਵਿੱਚ ਕੀਤੀ ਜਾਣ ਵਾਲੀ ਕੋਤਾਹੀ ਮਾਨਵ ਮਾਤ੍ਰ ਲਈ ਦੁਖਦਾਈ ਸਾਬਤ ਹੋ ਸਕਦੀ ਹੈ।

ਵੀਹਵੀਂ ਸਦੀ ਦੇ ਅੰਤ ਦੇ ਐਨ ਨੇੜੇ ਪੁੱਜ ਕੇ ਧਰਤੀ ਉਤਲਾ ਜੀਵਨ ਇੱਕ ਮਹੱਤਵਪੂਰਨ ਮੋੜ ਉੱਤੇ ਪੁੱਜ ਗਿਆ ਹੈ। ਇਸ ਮੋੜ ਉੱਤੇ ਪੁੱਜੇ ਜੀਵਨ ਲਈ ਇਹ ਜ਼ਰੂਰੀ ਹੈ ਕਿ ਉਹ ਸਾਤਵਿਕਤਾ ਅਤੇ ਸਹਿਯੋਗ ਦੀ ਸੇਧੇ ਤੁਰਨ ਦਾ ਫ਼ੈਸਲਾ ਕਰੇ। ਇਸ ਫ਼ੈਸਲੇ ਦੀ ਪ੍ਰੇਰਨਾ ਵੀ ਉਸ ਨੂੰ ਪ੍ਰਾਪਤ ਹੈ। ਪਰ ਪਿਛਲੇ ਕੁਝ ਹਜ਼ਾਰ ਸਾਲਾਂ ਤੋਂ ਸ਼ਕਤੀ ਅਤੇ ਸੰਘਰਸ਼ ਦੀ ਜਿਹੜੀ ਜੈ-ਜੈਕਾਰ ਉਸ ਦੇ ਕੰਨਾਂ ਵਿੱਚ ਗੂੰਜਾਈ ਗਈ ਹੈ, ਉਹ ਉਸ ਦੇ ਫ਼ੈਸਲੇ ਨੂੰ ਪ੍ਰਭਾਵਤ ਕਰਨ ਦਾ ਜਤਨ ਕਰਨੋਂ ਬਾਜ਼ ਨਹੀਂ ਆਉਂਦੀ। ਸੰਸਾਰ ਦੇ ਸਿਆਣੇ ਅਤੇ ਸੁਹਿਰਦ ਲੋਕਾਂ ਦਾ, ਵਿਸ਼ੇਸ਼ ਕਰਕੇ ਕਲਾਕਾਰਾਂ ਅਤੇ ਸਾਹਿਤਕਾਰਾਂ ਦਾ ਇਹ ਫ਼ਰਜ਼ ਬਣਦਾ ਹੈ ਕਿ ਉਹ ਮਨੁੱਖ ਮਾਤ੍ਰ ਨੂੰ ਸਾਤਵਿਕਤਾ ਅਤੇ ਸਹਿਯੋਗ ਦੀ ਸੇਧੇ ਤੁਰਨ ਦੀ ਹੱਲਾਸ਼ੇਰੀ ਦੇਣ।

ਸਾਤਵਿਕਤਾ ਅਤੇ ਸਹਿਯੋਗ ਨੂੰ ਜੀਵਨ ਦਾ ਮਨੋਰਥ ਮੰਨਣਾ ਅਤੇ ਕਹਿਣਾ ਕੋਈ ਭਵਿੱਖਬਾਣੀ ਨਹੀਂ, ਸਗੋਂ ਜੀਵਨ ਅਤੇ ਵਿਕਾਸ ਦੇ ਅਧਿਐਨ ਦੀ ਸਹਾਇਤਾ ਨਾਲ ਲਾਇਆ ਹੋਇਆ ਇੱਕ ਵਿਗਿਆਨਕ ਅਨੁਮਾਨ ਹੈ। ਹਰ ਅਨੁਮਾਨ ਵਾਂਗ ਇਸ ਦੇ ਸਹੀ ਜਾਂ ਗ਼ਲਤ ਹੋਣ ਦੀ ਸੰਭਾਵਨਾ ਮੌਜੂਦ ਹੈ। ਪਰ ਜਿੰਨਾ ਚਿਰ ਇਹ ਸਹੀ ਜਾਂ ਗ਼ਲਤ ਸਾਬਤ ਨਾ ਹੋ ਜਾਵੇ ਓਨਾ ਚਿਰ ਇਸ ਨੂੰ ਸਹੀ ਜਾਂ ਗ਼ਲਤ ਸਿੱਧ ਕਰਨ ਨਾਲੋਂ ਬਹੁਤਾ ਜ਼ਰੂਰੀ ਇਹ ਹੈ ਕਿ ਇਸ

ਦੇ ਵਿਗਿਆਨਕ ਆਧਾਰ ਅਤੇ ਇਸ ਦੀ ਸੰਭਾਵੀ ਸੁੰਦਰਤਾ ਵੱਲ ਧਿਆਨ ਦਿੱਤਾ ਜਾਵੇ। ਵਿਗਿਆਨ ਦੇ ਖੇਤ੍ਰ ਵਿੱਚ ਨਿਰੀਕਸ਼ਣ ਅਤੇ ਪ੍ਰਯੋਗ ਨੂੰ ਉਹੋ ਥਾਂ ਹਾਸਲ ਹੈ ਜਿਹੜੀ ਦਰਸ਼ਨ ਦੇ ਖੇਤ੍ਰ ਵਿੱਚ ਤਰਕ ਜਾਂ ਦਲੀਲ ਨੂੰ ਅਤੇ ਧਰਮ ਦੇ ਖੇਤ੍ਰ ਵਿੱਚ ਵਿਸ਼ਵਾਸ ਅਤੇ ਅਧਿਕਾਰ ਨੂੰ ਹਾਸਲ ਹੈ। ਧਰਮ ਇਸ ਗੱਲ ਉੱਤੇ ਜ਼ੋਰ ਦਿੰਦਾ ਹੈ ਕਿ ਉਸ ਦੀਆਂ ਦੱਸੀਆਂ ਗੱਲਾਂ ਨੂੰ ਧੁਰੋਂ ਆਈਆਂ ਮੰਨ ਕੇ ਉਨ੍ਹਾਂ ਉੱਤੇ, ਬਿਨਾਂ ਕਿਸੇ ਕਿੰਤੂ ਜਾਂ ਪਰਖ ਪੜਚੋਲ, ਵਿਸ਼ਵਾਸ ਕੀਤਾ ਜਾਵੇ। ਦਾਰਸ਼ਨਿਕ ਵੀ, ਪਹਿਲਾਂ ਪਹਿਲ, ਧਰਮ ਦੇ ਸੰਚਾਲਕਾਂ ਅਤੇ ਪ੍ਰਚਾਰਕਾਂ ਵਾਂਗ ਆਪਣੀ ਦਲੀਲ ਦੇ ਡੰਡੇ ਨੂੰ ਸਰਵੋਤਮ ਮੰਨਦੇ ਹੋਏ ਆਪਣੇ ਫ਼ੈਸਲਿਆਂ ਨੂੰ ਅੰਤਲੇ ਨਿਰਣੇ ਜਾਂ ਸੱਚ ਕਹਿਣ ਦੀ ਭੁੱਲ ਕਰਦੇ ਰਹੇ ਹਨ। ਧਰਮ ਅਤੇ ਦਰਸ਼ਨ ਦੀ ਦੁਨਿਆਵੀ ਦੋਸਤੀ ਕਾਰਨ ਹੀ ਦਰਸ਼ਨ ਨੇ ਇਹ ਅਵਿਗਿਆਨਕ ਵਤੀਰਾ ਅਪਣਾਇਆ ਹੋਇਆ ਸੀ। ਯੌਰਪ ਵਿੱਚ ਰਿਨੇਸਾਂਸ ਤੋਂ ਪਿੱਛੋਂ ਧਰਮ ਅਤੇ ਦਰਸ਼ਨ ਦੀ ਦੋਸਤੀ ਹੌਲੀ ਹੌਲੀ ਘਟਦੀ, ਟੁੱਟਦੀ ਅਤੇ ਦੁਸ਼ਮਣੀ ਵਿੱਚ ਬਦਲਦੀ ਗਈ ਹੈ। ਦਰਸ਼ਨ ਦਾ ਧਰਮ ਦੀ ਥਾਂ, ਸਾਇੰਸ ਨਾਲ ਸਨੇਹ ਵਧਦਾ ਗਿਆ ਹੈ। ਹੁਣ ਕੋਈ ਦਾਰਸ਼ਨਿਕ, ਘੱਟ ਹੀ, ਆਪਣੇ ਨਿਰਣਿਆਂ ਨੂੰ ਅੰਤਲੇ ਸੱਚ ਆਖਣ ਦੀ ਅਵਿਗਿਆਨਕਤਾ ਕਰਦਾ ਹੈ। ਉਹ ਉਨ੍ਹਾਂ ਨਿਰਣਿਆਂ ਨੂੰ ਵੀ ਸੰਭਾਵਨਾਵਾਂ ਹੀ ਕਹਿੰਦਾ ਹੈ ਜਿਨ੍ਹਾਂ ਨਿਰਣਿਆਂ ਤਕ ਪੁੱਜਣ ਦੇ ਜਤਨ ਵਿੱਚ ਉਸ ਨੇ ਜੀਵਨ ਦੇ ਇਤਿਹਾਸਕ ਵਿਕਾਸ ਦਾ ਨਿਰੀਕਸ਼ਣ ਵੀ ਕੀਤਾ ਹੁੰਦਾ ਹੈ ਅਤੇ ਆਪਣੇ ਤੋਂ ਪਹਿਲੇ ਦਾਰਸ਼ਨਿਕਾਂ ਦੁਆਰਾ ਦੱਸੇ ਗਏ ਨਿਰਣਿਆਂ ਨੂੰ ਜੀਵਨ ਦੀ ਪ੍ਰਯੋਗਸ਼ਾਲਾ ਵਿੱਚ ਪਰਖੀਂਦੇ ਵੀ ਵੇਖਿਆ ਹੁੰਦਾ ਹੈ। ਅਜੋਕੇ ਦਾਰਸ਼ਨਿਕਾਂ ਲਈ ਇਹ ਦੁਨੀਆ ਉਨ੍ਹਾਂ ਦੇ ਦਾਰਸ਼ਨਿਕ ਦਾਅਵਿਆਂ ਦੇ ਦੰਗਲਾਂ ਦਾ ਅਖਾੜਾ ਨਹੀ ਸਗੋਂ ਉਨ੍ਹਾਂ ਦੀ ਸੋਚ ਦੇ ਸੱਚ ਅਤੇ ਸੌਂਦਰਯ ਲਈ ਪਰੀਖਿਆ-ਭਵਨ ਹੈ। ਇਸ ਲਈ ਜੀਵਨ ਨੂੰ ਸਾਤਵਿਕਤਾ ਦਾ ਸੁਨੇਹਾ ਕਿਸੇ ਪੈਗ਼ੰਬਰੀ ਧੌਂਸ ਨਾਲ ਨਹੀਂ ਸਗੋਂ ਸਾਂਝ ਅਤੇ ਸਤਿਕਾਰ ਦੀ ਲਛਮਣ ਰੇਖਾ ਵਿੱਚ ਰਹਿ ਕੇ ਦਿੱਤਾ ਜਾਣਾ ਹੀ ਯੋਗ ਹੈ।

ਜਿਸ ਤਰ੍ਹਾਂ ਨਿਰਬਲਤਾ, ਜੀਵਨ ਦਾ ਮੋਹ (ਰਾਗ) ਅਤੇ ਅਪੂਰਣਤਾ ਸ੍ਰਿਸ਼ਟੀ ਦੇ ਭੌਤਿਕ ਅਤੇ ਸਮਾਜਕ ਵਿਕਾਸ ਦੇ ਸ੍ਰੋਤ ਹਨ, ਉਵੇਂ ਹੀ ਸਾਂਝ ਅਤੇ ਸਤਿਕਾਰ ਸਾਡੇ ਸਭਿਆਚਾਰਕ ਵਿਕਾਸ ਦੇ ਸੋਮੇ ਹਨ। ਹੋਰ ਡੂੰਘਾਈ ਨਾਲ ਵੇਖੀਏ ਤਾਂ ਪਤਾ ਲੱਗੇਗਾ ਕਿ ਸਾਂਝ ਅਤੇ ਸਤਿਕਾਰ ਪਿੱਛੇ ਵੀ ਨਿਰਬਲਤਾ, ਮੋਹ ਅਤੇ ਅਪੂਰਣਤਾ ਹੀ ਕਾਰਨ ਰੂਪ ਹੋ ਬਿਰਾਜਮਾਨ ਹਨ। ਸਾਂਝ ਅਤੇ ਸਤਿਕਾਰ ਦੀ ਭਾਵਨਾ ਵਿੱਚੋਂ ਉਪਜਿਆ ਹੋਇਆ ਵਿਵਹਾਰ ਸਭਿਆਚਾਰ ਅਖਵਾਉਂਦਾ ਹੈ। ਸਭਿਆਚਾਰ ਉਹ ਵਰਤਾਉ ਹੈ ਜਿਸ ਨਾਲ ਸਭਿਅਤਾ ਸੰਬੰਧਤ ਹੋਵੇ ਜਾਂ ਜਿਹੜਾ ਸਭਿਅ ਮਨੁੱਖਾਂ ਨੂੰ ਸ਼ੋਭਾ ਦਿੰਦਾ ਹੋਵੇ। ਕਿਸੇ ਸਭਿਅ ਮਨੁੱਖ ਕੋਲੋਂ ਅਸੀਂ ਇਹ ਆਸ ਨਹੀਂ ਰੱਖਦੇ ਕਿ ਉਹ ਝਗੜੇ, ਵੈਰ ਜਾਂ ਅਮਿੱਤ੍ਰਤਾ ਦੀ ਗੱਲ ਕਰੇ। ਜੇ ਕੋਈ ਆਦਮੀ ਅਕਾਰਣ ਹੀ ਝਗੜੇ ਅਤੇ ਅਮਿੱਤ੍ਰਤਾ ਦੀ ਗੱਲ ਕਰੇ ਤਾਂ ਉਸ ਨੂੰ ਸਭਿਅ ਪੁਰਸ਼ ਨਹੀਂ ਆਖਿਆ ਜਾਵੇਗਾ। ਜਿਸ ਨੂੰ ਅਸੀਂ ਮਨੁੱਖੀ ਸਮਾਜਾਂ ਵਿੱਚ ਸਭਿਆਚਾਰ ਜਾਂ ਸਭਿਅ+ਆਚਾਰ ਜਾਂ ਸਭਿਅਤਾ ਵਾਲਾ ਵਤੀਰਾ ਆਖਦੇ ਹਾਂ, ਇਹ ਸ਼ਹਿਦ ਦੀਆਂ ਮੱਖੀਆਂ ਅਤੇ ਕੀੜੀਆਂ ਵਿੱਚ ਆਮ ਹੈ। ਨਿਮਨ ਕੋਟੀ ਦੇ ਇਹ ਜੀਵਨ ਪਰਵਿਰਤੀ ਦੇ ਪੱਧਰ ਉੱਤੇ ਆਪੋ-ਆਪਣੀ ਸਭਿਅਤਾ ਜਾਂ ਜੀਵਨ ਜਾਚ ਅਨੁਸਾਰ ਸੰਪੂਰਨ ਰੂਪ ਵਿੱਚ ਸਭਿਅ ਵਤੀਰਾ ਅਪਣਾਉਂਦੇ ਹਨ। ਇਨ੍ਹਾਂ ਤੋਂ ਉਚੇਰੀਆਂ ਸ਼੍ਰੇਣੀਆਂ ਦੇ ਪਸ਼ੂਆਂ ਅਤੇ ਪੰਛੀਆਂ ਵਿੱਚ ਇਹ ਵਤੀਰਾ ਕੇਵਲ ਬਚਪਨ ਦੀ ਦੁਰਬਲਤਾ ਨਾਲ ਹੀ ਸੰਬੰਧਤ ਹੈ ਅਤੇ ਭੈ ਅਤੇ ਸੁਆਰਥ ਤਕ ਸੀਮਿਤ ਹੈ, ਪ੍ਰੰਤੂ ਹਾਥੀਆਂ ਆਦਿਕ [illegible] ਸਤਿਕਾਰ ਵਿੱਚ ਪ੍ਰਵੇਸ਼ ਕਰਦਾ ਪ੍ਰਤੀਤ

WWW.SIKHBOOKCLUB.COM

ਹੁੰਦਾ ਹੈ। ਇਉਂ ਲੱਗਦਾ ਹੈ ਕਿ ਹਾਥੀਆਂ ਦੇ ਬੱਚੇ ਆਪਣੇ ਮਾਪਿਆਂ ਦੀ ਮਮਤਾ ਦੇ ਉੱਤਰ ਵਿੱਚ ਉਨ੍ਹਾਂ ਦਾ ਆਦਰ ਕਰ ਰਹੇ ਹਨ। ਕੇਵਲ ਕਮਜ਼ੋਰੀ ਉਨ੍ਹਾਂ ਦੇ ਵਿਵਹਾਰ ਦਾ ਆਧਾਰ ਨਹੀਂ ਜਾਪਦੀ। ਮੈਂ ਇਹ ਅਨੁਮਾਨਣ ਲਈ ਉਤਸੁਕ ਹਾਂ ਕਿ ਹਾਥੀਆਂ ਦੇ ਬੱਚਿਆਂ ਵਿੱਚ ਆਦਰ ਅਤੇ ਆਗਿਆਕਾਰੀ ਦਾ ਵਤੀਰਾ ਉਨ੍ਹਾਂ ਦੇ ਲੰਮੇ ਬਚਪਨ ਕਾਰਨ ਉਨ੍ਹਾਂ ਨੂੰ ਮਿਲਣ ਵਾਲੀ ਮਮਤਾ ਦੇ ਲੰਮੇਰੇ ਅਭਿਆਸ ਦਾ ਨਤੀਜਾ ਹੈ।

ਇਹੋ ਮਮਤਾ ਜਦੋਂ ਬਾਂਦਰਾਂ, ਬਨਮਾਣਸ ਰਾਹੀਂ ਮਨੁੱਖੀ ਹਿਰਦੇ ਦਾ ਹਿੱਸਾ ਬਣੀ ਹੈ, ਉਦੋਂ ਤਕ ਇਸ ਦਾ ਰੂਪ-ਸਰੂਪ ਚੋਖਾ ਵਿਕਾਸ ਕਰ ਗਿਆ ਹੈ। ਸੋਚ ਅਤੇ ਸਹਿਜ ਦੇ ਵਿਕਾਸ ਨੇ ਦੁਰਬਲਤਾ ਅਤੇ ਸੁਆਰਥ ਉੱਤੇ ਉਸਰੇ ਇਸ ਰਿਸ਼ਤੇ ਨੂੰ ਹੋਰ ਡੂੰਘੇਰਾ ਅਤੇ ਲੰਮੇਰਾ ਕਰ ਦਿੱਤਾ ਹੈ। ਜਦੋਂ ਸਭਿਅਤਾ ਦਾ ਵਿਕਾਸ ਹੋ ਗਿਆ ਉਦੋਂ ਤਾਂ ਇਹ ਵਤੀਰਾ, ਜਿਸ ਨੂੰ ਸਭਿਆਚਾਰ ਆਖਿਆ ਜਾਣਾ ਹੀ ਯੋਗ ਸੀ, ਸਦਾਚਾਰ ਦਾ ਰੂਪ ਧਾਰ ਕੇ ਆਪਣੀ ਸਿਖਰ ਵੱਲ ਪੈਰ ਪੁੱਟਣ ਲੱਗ ਪਿਆ ਪ੍ਰਤੀਤ ਹੁੰਦਾ ਹੈ।

ਸਭਿਆਚਾਰ ਅਤੇ ਸਦਾਚਾਰ ਵਿੱਚ ਇੱਕ ਸੂਖਮ ਜਿਹਾ ਅੰਤਰ ਹੈ। ਸਭਿਆਚਾਰ ਉਹ ਵਤੀਰਾ ਹੈ ਜਿਸ ਨੂੰ ਅਸਾਂ ਇਸ ਲਈ ਅਪਣਾਇਆ ਹੈ ਕਿ ਉਸ ਵਤੀਰੇ ਨੂੰ ਅਪਣਾਉਣਾ ਸਾਡੀ ਸਭਿਆਚਾਰਕ ਮਜਬੂਰੀ ਹੈ। ਅਸੀਂ ਸਭਿਅਤਾ ਅਤੇ ਸਾਊਪੁਣੇ ਦਾ ਵਿਖਾਲਾ ਪਾਉਣ ਲਈ ਆਪਣੇ ਕਿਸੇ ਸੀਨੀਅਰ ਅਫ਼ਸਰ, ਆਪਣੇ ਕਿਸੇ ਬੜਬੋਲੇ ਭਾਈਵਾਲ ਜਾਂ ਆਪਣੇ ਕਿਸੇ ਉਦੰਡ ਮਿੱਤਰ ਨਾਲ ਉਸ ਸਮੇਂ ਦੀ ਨਿਮਰਤਾ ਅਤੇ ਆਦਰ ਦਾ ਵਤੀਰਾ ਅਪਣਾਈ ਰੱਖਦੇ ਹਾਂ ਜਦੋਂ ਉਨ੍ਹਾਂ ਪ੍ਰਤੀ ਆਦਰ ਦੇ ਭਾਵ ਸਾਡੇ ਮਨ ਵਿੱਚ ਨਹੀਂ ਹੁੰਦੇ; ਜਾਂ ਸਾਡੀ ਨਿਮਰਤਾ ਉਨ੍ਹਾਂ ਦੇ ਵਤੀਰੇ ਦੇ ਉੱਤਰ ਵਿੱਚ ਸਾਡੇ ਮਨ ਵਿੱਚ ਉਪਜੀ ਹੋਈ ਉਦੰਡਤਾ ਦੇ ਐਨ ਉਲਟ ਹੁੰਦੀ ਹੈ ਅਤੇ ਇਸ ਲਈ ਧਾਰਨ ਕੀਤੀ ਗਈ ਹੁੰਦੀ ਹੈ ਕਿ ਉਸ ਵਿਸ਼ੇਸ਼ ਪਰਿਸਥਿਤੀ ਦੀ ਇਹ ਮੰਗ ਹੁੰਦੀ ਹੈ ਕਿ ਅਸੀਂ ਨਿਮਰਤਾ ਦਾ ਤਿਆਗ ਨਾ ਕਰੀਏ।

ਇਸ ਦੇ ਉਲਟ ਸਦਾਚਾਰ ਉਹ ਵਤੀਰਾ ਹੈ ਜਿਹੜਾ ਕਿਸੇ ਵਿਅਕਤੀ ਦੇ ਸੁਭਾ ਵਿੱਚ ਸਮਾਈ ਹੋਈ ਸਾਤਵਿਕਤਾ ਦਾ ਸੁਭਾਵਿਕ ਜਾਂ ਨਿਰਯਤਨ ਪ੍ਰਗਟਾਵਾ ਹੁੰਦਾ ਹੈ। ਇੱਕ ਸਤਿ ਪੁਰਸ਼ ਜਾਂ ਸਾਤਵਿਕ ਸੁਭਾ ਵਾਲੇ ਵਿਅਕਤੀ ਦਾ ਮਨ ਛੋਟੀ ਛੋਟੀ ਕਿਸੇ ਉਤੇਜਨਾ ਅਧੀਨ ਉਹ ਕੁਝ ਕਰਨ ਦੀ ਪ੍ਰੇਰਨਾ ਨਹੀਂ ਦਿੰਦਾ ਜਿਸ ਨਾਲ ਜੀਵਨ ਵਿੱਚ ਪਿਆਰੀ ਸਤਿਕਾਰੀ ਜਾਣ ਵਾਲੀ ਮਰਿਆਦਾ ਦਾ ਨਿਰਾਦਰ ਹੋਵੇ। ਸਦਾਚਾਰ ਮਨੁੱਖ ਦੇ ਆਚਾਰ ਸੌਂਦਰਯ ਦੀ ਸਿਖਰ ਹੈ। ਇਹ ਇੱਕ ਆਦਰਸ਼ ਹੈ। ਇਸ ਦੀ ਪ੍ਰਾਪਤੀ ਹਰ ਕਿਸੇ ਲਈ ਸੰਭਵ ਨਹੀਂ, ਪਰ ਇਸ ਆਦਰਸ਼ ਨੂੰ ਆਪਣੀ ਸੇਧ ਜਾਂ ਆਪਣਾ ਪਥ-ਪਰਦਰਸ਼ਕ ਬਣਾਈ ਰੱਖਣਾ ਹਰ ਕਿਸੇ ਲਈ ਸੁਖਾਵਾਂ ਵੀ ਹੈ ਅਤੇ ਲਾਭਦਾਇਕ ਵੀ। ਪ੍ਰੰਪਰਾਵਾਂ, ਧਾਰਨਾਵਾਂ, ਰਸਮਾਂ ਅਤੇ ਰਿਵਾਜਾਂ ਦੀ ਅੰਧਾ-ਧੁੰਦ ਪੈਰਵੀ ਨੂੰ ਸਦਾਚਾਰ ਕਹਿਣਾ ਭੁੱਲ ਹੈ। ਵਿਕਾਸਹੀਣ ਰਸਮਾਂ, ਪ੍ਰੰਪਰਾ ਅਤੇ ਧਾਰਨਾਵਾਂ ਜੀਵਨ ਲਈ ਬੇ-ਲੋੜਾ ਬੋਝ ਬਣ ਜਾਂਦੀਆਂ ਹਨ। ਕਿਸੇ ਬੀਤੇ ਸਮੇਂ ਵਿੱਚ ਇਨ੍ਹਾਂ ਨੇ ਜੀਵਨ ਨੂੰ ਸੁਖੀ ਅਤੇ ਸੁੰਦਰ ਬਣਾਉਣ ਵਿੱਚ ਆਪਣਾ ਹਿੱਸਾ ਪਾਇਆ ਹੁੰਦਾ ਹੈ। ਹੁਣ ਜਦੋਂ ਬਦਲੇ ਅਤੇ ਵਿਕਸੇ ਹੋਏ ਜੀਵਨ ਵਿੱਚ ਇਨ੍ਹਾਂ ਦੀ ਪਹਿਲਾਂ ਵਾਲੀ ਥਾਂ ਨਹੀਂ ਰਹੀ, ਇਹ ਕੁਝ ਬੋਝਲ ਬਣ ਗਈਆਂ ਹਨ। ਇਨ੍ਹਾਂ ਦੀ ਨਿੰਦਾ ਅਤੇ ਨਿਰਾਦਰ ਲੋੜੀਂਦੇ ਭਾਵੇਂ ਹੋ ਸਕਦੇ ਹਨ ਪਰ ਸਦਾਚਾਰ ਨਹੀਂ ਆਖੇ ਜਾ ਸਕਦੇ, ਇਹ ਇਨ੍ਹਾਂ ਪ੍ਰੰਪਰਾਵਾਂ ਦੇ ਵਿਰੋਧ ਦੀ ਭਾਵਨਾ ਦਾ ਪ੍ਰਗਟਾਵਾ ਹਨ ਅਤੇ ਸਦਾਚਾਰੀ ਪੁਰਸ਼ ਦਾ ਮਨ ਵਿਰੋਧਾਂ ਦੀ ਥਾਂ ਵਿਕਾਸ ਦਾ ਵਿਸ਼ਵਾਸੀ ਹੁੰਦਾ ਹੈ। ਵਿਰੋਧ ਰਜੋਗੁਣੀ ਮਨ ਦਾ ਸੁਭਾ ਹੈ। ਸਦ-ਭਾਵੀ ਮਨ ਵਿਕਾਸ ਕਰਦੇ ਹਨ ਅਤੇ ਹਰ ਕਿਸੇ ਨੂੰ ਵਿਕਾਸ ਦੀ ਪ੍ਰੇਰਨਾ ਦਿੰਦੇ ਹਨ।

ਇਥੇ ਸੂਫ਼ੀਆਂ ਦੀ ਮਿਸਾਲ ਦਿੱਤੀ ਜਾ ਸਕਦੀ ਹੈ। ਇਨ੍ਹਾਂ ਦੁਆਰਾ ਕੀਤਾ ਗਿਆ ਇਸਲਾਮੀ ਸ਼ਰ੍ਹਾ ਦਾ ਵਿਰੋਧ ਸਦਾਚਾਰ ਨਹੀਂ ਸੀ, ਸਗੋਂ ਇੱਕ ਟੱਕਰ, ਇੱਕ ਮੁਕਾਬਲਾ ਜਾਂ ਇੱਕ ਯੁੱਧ ਸੀ। ਇਸ ਸੰਬੰਧ ਵਿੱਚ ਕੁਝ ਹੋਰ ਕਹਿਣ ਤੋਂ ਪਹਿਲਾਂ, ਮੈਂ ਇੱਕ ਵਾਰ ਫੇਰ ਸਦਾਚਾਰ ਦੀ ਸ੍ਵੈ-ਕ੍ਰਿਤ ਪਰੀਭਾਸ਼ਾ ਨੂੰ ਦੁਹਰਾ ਲੈਣਾ ਚਾਹੁੰਦਾ ਹਾਂ। ਸਦਾਚਾਰ ਨੂੰ ਮੈਂ ਆਪਣੀ ਪਰੀਭਾਸ਼ਾ ਅਨੁਸਾਰ ਸਾਤਵਿਕਤਾ ਦਾ ਵਤੀਰਾ ਆਖਿਆ ਹੈ। ਇਹ ਉਸ ਮਨ ਦੀ ਪ੍ਰੇਰਨਾ ਦੁਆਰਾ ਅਪਣਾਇਆ ਗਿਆ ਵਤੀਰਾ ਹੈ ਜਿਸ ਮਨ ਵਿੱਚ ਦਇਆ, ਸਹਾਨੁਭੂਤੀ, ਮਿੱਤ੍ਰਤਾ, ਮਮਤਾ, ਖਿਮਾਂ, ਨਿਵ-ਚੱਲਣ, ਭ੍ਰਾਤ੍ਰੀ ਅਤੇ ਸਹਿਯੋਗ ਆਦਿਕ ਸਾਤਵਿਕ ਰੁਚੀਆਂ ਦੀ ਬਹੁਲਤਾ ਹੈ। ਇੱਥੇ ਸਦਾਚਾਰ ਨੂੰ ਮੈਂ ਸਾਧਾਰਨ ਚੰਗੇ ਵਤੀਰੇ ਦੇ ਉਨ੍ਹਾਂ ਅਰਥਾਂ ਵਿੱਚ ਨਹੀਂ ਵਰਤ ਰਿਹਾ ਜਿਨ੍ਹਾਂ ਅਰਥਾਂ ਅਨੁਸਾਰ ਇਸ ਤੋਂ ਉਲਟ ਜਾਂ ਵਿਪ੍ਰੀਤ ਵਤੀਰੇ ਨੂੰ ਦੁਰਾਚਾਰ ਆਖਿਆ ਜਾਂਦਾ ਹੈ। ਪਰਉਪਕਾਰ, ਸ੍ਵੈ-ਭਰੋਸਾ, ਵਚਨ-ਬੱਧਤਾ ਆਦਿਕ ਮਨੋਭਾਵ ਸਾਤਵਿਕ ਨਹੀਂ ਹਨ। ਇਨ੍ਹਾਂ ਦੀ ਪ੍ਰੇਰਨਾ ਵਿੱਚੋਂ ਉਪਜਿਆ ਹੋਇਆ ਵਤੀਰਾ ਸਾਤਵਿਕ ਵਤੀਰਾ ਜਾਂ (ਮੇਰੀ ਪਰਿਭਾਸ਼ਾ ਅਨੁਸਾਰ) ਸਦਾਚਾਰ ਨਹੀ ਹੋਵੇਗਾ ਇਹ ਰਾਜਸਿਕ ਜਾਂ ਰਜੋਗੁਣੀ ਭਾਵ ਹਨ ਅਤੇ ਇਨ੍ਹਾਂ ਦੁਆਰਾ ਉਤੇਜਿਤ ਵਤੀਰਾ ਵੀ ਰਾਜਸਿਕ ਹੈ; ਪਰ ਉਸ ਵਤੀਰੇ ਨੂੰ ਬੁਰਾ ਵਤੀਰਾ ਜਾਂ ਦੁਰ-ਵਿਵਹਾਰ ਜਾਂ ਦੁਰਾਚਾਰ ਨਹੀਂ ਆਖਿਆ ਜਾ ਸਕਦਾ। ਰਾਜਸਿਕ ਭਾਵਾਂ ਵਿੱਚੋਂ ਉਪਜੇ ਹੋਏ ਵਤੀਰੇ ਲਈ ਕੋਈ ਵੱਖਰਾ ਸ਼ਬਦ ਨਾ ਘੜਿਆ ਹੋਣ ਕਰਕੇ ਉਸ ਨੂੰ ਵੀ ਸਦਾਚਾਰ ਹੀ ਆਖ ਲਿਆ ਜਾਂਦਾ ਹੈ, ਅਸਲ ਵਿੱਚ ਉਹ ਸਾਤਵਿਕ ਵਿਵਹਾਰ ਦੇ ਅਰਥਾਂ ਵਿੱਚ ਸਦਾਚਾਰ ਨਹੀਂ ਹੁੰਦਾ।

ਇਸਲਾਮ ਬਹੁਤ ਭਾਰੀ ਗਿਣਤੀ ਲਈ ਇੱਕ ਜੀਵਨ ਜਾਚ ਜਾਂ ਸਭਿਅਤਾ ਹੋ ਨਿਬੜਿਆ ਸੀ। ਇਸਲਾਮੀ ਸ਼ਰਹ ਦਾ ਪਾਲਣਾ ਸਭਿਅ ਵਤੀਰਾ ਜਾਂ ਸਭਿਆਚਾਰ ਮੰਨਿਆ ਜਾਂਦਾ ਸੀ। ਸੂਫ਼ੀਆਂ ਨੂੰ ਇਸਲਾਮੀ ਸ਼ਰਹ ਦੀ ਕੱਟੜਤਾ ਅਤੇ ਸੰਕੀਰਣਤਾ ਪਸੰਦ ਨਹੀਂ ਸੀ। ਉਨ੍ਹਾਂ ਵਿੱਚੋਂ ਕੁਝ ਇੱਕ ਸਾਤਵਿਕ ਸੁਭਾ ਵਾਲੇ ਸੂਫ਼ੀ ਸਨ। ਉਹ ਇਸਲਾਮੀ ਜੀਵਨ-ਜਾਚ ਅਤੇ ਸ਼ਰਹ ਦਾ ਸਤਿਕਾਰ ਕਰਦਿਆਂ ਹੋਇਆਂ ਲੋਕਾਂ ਨੂੰ ਸਾਤਵਿਕਤਾ ਦਾ ਸੁਨੇਹਾ ਦੇਂਦੇ ਰਹੇ ਹਨ। ਉਨ੍ਹਾਂ ਦੀ ਕੱਟੜ ਸ਼ਰੱਅਈਆਂ ਨਾਲ ਟੱਕਰ ਨਹੀਂ ਹੋਈ। ਪ੍ਰੰਤੂ ਰਜੋਗੁਣੀ ਸੂਫ਼ੀਆਂ ਨੇ ਸ਼ਰਹ ਦੀ ਕੱਟੜਤਾ ਦਾ ਨਿਰਾਦਰ ਕਰਨਾ ਜ਼ਰੂਰੀ ਸਮਝ ਕੇ ਜੋ ਰਵੱਈਆ ਅਪਣਾਇਆ ਉਸ ਨੂੰ ਇਸਲਾਮੀ ਨੁਕਤਾ ਨਿਗਾਹ ਤੋਂ ਅਸਭਿਆਚਾਰ ਆਖਿਆ ਜਾਣਾ ਜ਼ਰੂਰੀ ਸੀ ਕਿਉਂਜੁ ਉਹ ਇਸਲਾਮੀ ਸਭਿਅਤਾ ਅਨੁਸਾਰ ਸਭਿਅ ਵਿਵਹਾਰ ਨਹੀਂ ਸੀ। ਇਸਲਾਮੀ ਸ਼ਰਹ ਨੇ ਉਸ ਵਿਵਹਾਰ ਨੂੰ ਇੱਕ ਸਭਿਅਤਾ ਦਾ ਨਿਰਾਦਰ ਆਖ ਕੇ ਉਸ ਦਾ ਵਿਰੋਧ ਕੀਤਾ ਅਤੇ ਕਈ ਸੂਫ਼ੀ ਫ਼ਕੀਰਾਂ ਨੂੰ ਆਪਣੇ ਪ੍ਰਾਣ ਤਕ ਤਿਆਗਣੇ ਪਏ। ਇਸਲਾਮੀ ਦ੍ਰਿਸ਼ਟੀਕੋਣ ਤੋਂ ਉਨ੍ਹਾਂ ਸੂਫ਼ੀਆਂ ਦਾ ਵਿਵਹਾਰ ਸਭਿਆਚਾਰ ਨਹੀਂ ਸੀ। ਪਰ ਉਹ ਦੁਰਾਚਾਰ ਵੀ ਨਹੀਂ ਸੀ ਕਿਉਂਜੁ ਉਹ ਸੂਫ਼ੀ ਫ਼ਕੀਰ ਉੱਚੇ ਆਚਰਣ ਵਾਲੇ ਵਿਅਕਤੀ ਸਨ। ਫ਼ਰਕ ਕੇਵਲ ਇਹ ਸੀ ਕਿ ਉਹ ਸੰਤ ਪੁਰਸ਼ ਜਾਂ ਸਾਤਵਿਕ ਵਿਅਕਤੀ ਨਹੀਂ ਸਨ। ਉਹ ਰਜੋਗੁਣੀ ਜਾਂ ਰਾਜਸਿਕ ਸੁਭਾ ਵਾਲੇ ਆਦਮੀ ਸਨ ਅਤੇ ਆਪਣੀ ਗੱਲ ਉਸੇ ਕੱਟੜਤਾ ਨਾਲ ਮਨਵਾਉਣੀ ਚਾਹੁੰਦੇ ਸਨ ਜਿਸ ਕੱਟੜਤਾ ਨਾਲ ਸ਼ਰੱਅਈ ਲੋਕ ਸ਼ਰਹ ਮਨਵਾਉਣੀ ਚਾਹੁੰਦੇ ਸਨ।

ਸਾਤਵਿਕਤਾ ਦੀ ਅਣਹੋਂਦ ਕਾਰਨ ਮਾਨਵ ਜਾਤੀ ਦਾ ਕਿੰਨਾ ਨੁਕਸਾਨ ਹੋਇਆ ਹੈ। ਅੱਜ ਉਹ ਸੂਫ਼ੀ ਫ਼ਕੀਰ ਅਤੇ ਉਨ੍ਹਾਂ ਦੀ ਜੀਵਨ ਲੀਲ੍ਹਾ ਬੇਲੌੜੀਆਂ ਕਹਾਣੀਆਂ ਬਣ ਕੇ ਰਹਿ ਗਈ ਹੈ। ਕਿੰਨਾ ਕੁਝ ਦੇ ਸਕਦੇ ਸਨ ਉਹ ਮਨੁੱਖ ਮਾਤ੍ਰ ਨੂੰ! ਸਾਤਵਿਕ ਸੂਫ਼ੀਆਂ ਦਾ ਜੀਵਨ

ਅੱਜ ਤਕ ਮਨੁੱਖਤਾ ਦੀ ਅਗਵਾਈ ਕਰਨ ਦੇ ਯੋਗ ਹੈ। ਉਹ ਆਦਮੀ ਨੂੰ "ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ" ਦੀ ਜਿਹੜੀ ਨਿੱਕੀ ਜਿਹੀ ਨਸੀਹਤ ਕਰ ਗਏ ਹਨ ਉਹ ਸਦਾ ਸਦਾ ਲਈ ਮਾਨਵ ਨੂੰ ਸਾਤਵਿਕਤਾ ਦਾ ਸੁਨੇਹਾ ਦੇਂਦੀ ਰਹੇਗੀ। ਇਸ ਦੇ ਉਲਟ ਸੂਲੀ ਉੱਤੇ ਚੜ੍ਹਿਆ ਮਨਸੂਰ ਆਪ ਭਾਵੇਂ ਕਿੰਨੇ ਵੀ ਇਸ਼ਕ-ਹੁਲਾਰੇ ਮਾਣਦਾ ਹੋਵੇ, ਮਾਨਵ ਜੀਵਨ ਦੀ ਸੁੰਦਰਤਾ ਵਿੱਚ ਵਾਧਾ ਨਹੀਂ ਕਰ ਸਕਦਾ। ਜੀਵਨ ਦੀ ਸੁੰਦਰਤਾ ਜਿੰਨੀ ਸਤੋਗੁਣੀ, ਮਰਿਆਦਾ ਪੁਰਸ਼ੋਤਮ ਰਾਮ ਕੋਲ ਹੈ ਓਨੀ ਕਿਸੇ ਹੋਰ ਕੋਲ ਨਹੀਂ। ਉਹ ਚੰਗਾ ਪੁੱਤਰ, ਚੰਗਾ ਭਰਾ, ਚੰਗਾ ਮਿੱਤਰ, ਚੰਗਾ ਪਤੀ, ਚੰਗਾ ਵਿਦਿਆਰਥੀ, ਚੰਗਾ ਅਧਿਆਪਕ ਬਣਨ ਦੀ ਪ੍ਰੇਰਨਾ ਨਾਲ ਭਰਪੂਰ ਹੈ। ਰਾਮਾਇਣ ਦੀ ਕਥਾ ਸੁਣ ਕੇ ਅਤੇ ਰਾਮ ਲੀਲ੍ਹਾ ਨੂੰ ਆਧੁਨਿਕ ਮੰਚ (ਟੈਲੀਵੀਜ਼ਨ) ਉੱਤੇ ਵੇਖ ਕੇ, ਕਿੰਨੇ ਪ੍ਰਸ਼ਨ ਪੁੱਛੇ ਹਨ ਪੱਛਮ ਵਿੱਚ ਜੰਮੇ ਅਤੇ ਪਲੇ ਮੇਰੇ ਬੱਚਿਆਂ ਨੇ। ਰਾਮ ਉਨ੍ਹਾਂ ਨੂੰ ਕਿੰਨਾ ਆਪਣਾ ਆਪਣਾ ਲੱਗਾ ਹੈ। ਜਦੋਂ ਉਨ੍ਹਾਂ ਪੁੱਛਿਆ ਕਿ ਰਾਮ ਇਤਿਹਾਸਕ ਹੈ ਕਿ ਕਾਲਪਨਿਕ, ਉਦੋਂ ਮੇਰਾ ਉੱਤਰ ਸੀ—"ਬਹੁਤ ਸਾਰੇ ਲੋਕ ਉਸ ਨੂੰ ਇਤਿਹਾਸਕ ਮੰਨਦੇ ਹਨ, ਪਰ ਸੋਚਵਾਨਾਂ ਅਤੇ ਵਿਦਵਾਨਾਂ ਦਾ ਮੱਤ ਇਹ ਹੈ ਕਿ ਉਹ ਕਾਲਪਨਿਕ ਹੈ।" ਇਹ ਉੱਤਰ ਸੁਣ ਕੇ ਮੇਰੇ ਵੱਡੇ ਪੁੱਤਰ ਤੇਜਿੰਦਰ ਦੇ ਚਿਹਰੇ ਉਤਲੀ ਨਿਰਾਸ਼ਾ ਭਲੀਭਾਂਤ ਪ੍ਰਗਟ ਸੀ। ਕਿੰਨੀ ਰੀਝ ਨਾਲ ਉਸ ਨੇ ਆਖਿਆ ਸੀ, "ਪਾਪਾ ਰਾਮ ਇਤਿਹਾਸਕ ਕਿਉਂ ਨਹੀਂ।" ਉਸ ਦੀ ਇੱਛਾ ਸੀ ਕਿ ਰਾਮ ਵਰਗੇ ਵਿਅਕਤੀ ਸਾਡੇ ਜੀਵਨ ਦਾ ਸਾਧਾਰਨ ਹਿੱਸਾ ਹੋਣੇ ਚਾਹੀਦੇ ਹਨ।

ਇੱਕ ਵੇਰ ਕਿਸੇ ਕਥਾਕਾਰ ਕੋਲੋਂ ਮਨਸੂਰ ਦੀ ਕਥਾ ਸੁਣਨ ਪਿੱਛੋਂ ਉਸੇ ਤੇਜਿੰਦਰ ਨੇ ਹੱਸ ਕੇ ਆਖਿਆ ਸੀ, "ਜਦੋਂ ਪੁੱਠੇ ਕੰਮ ਕਰੀਏ ਉਦੋਂ ਇਹੋ ਕੁਝ ਹੀ ਹੋਣਾ ਹੁੰਦਾ ਹੈ।"

ਸੁਭਾਵਕ ਹੀ ਇਹ ਪ੍ਰਸ਼ਨ ਉੱਠ ਸਕਦਾ ਹੈ ਕਿ "ਕੀ ਅਨਿਆਂ ਅਤੇ ਜਹਾਲਤ ਵਿਰੁੱਧ ਕੁਝ ਨਹੀਂ ਕਰਨਾ ਚਾਹੀਦਾ ?" ਉੱਤਰ ਹੈ—"ਜ਼ਰੂਰ ਕਰਨਾ ਚਾਹੀਦਾ ਹੈ। ਕੁਝ ਅਜੇਹਾ ਕਰਨਾ ਚਾਹੀਦਾ ਹੈ ਜਿਸ ਨਾਲ ਅਨਿਆਂ ਅਤੇ ਜਹਾਲਤ ਦਾ ਜ਼ੋਰ ਘਟੇ। ਜੇ ਕੁਝ ਕੀਤਿਆਂ ਅਨਿਆਂ ਅਤੇ ਜਹਾਲਤ ਪਹਿਲਾਂ ਵਾਂਗ ਹੀ ਕਾਇਮ ਹਨ ਉਹ ਕਰਮ ਤਾਂ ਕੇਵਲ ਕਰਤਾ ਦੀ ਪ੍ਰਾਣਹਾਨੀ ਦਾ ਕਾਰਨ ਹੀ ਬਣ ਸਕਿਆ ਹੈ; ਜੀਵਨ ਵਿੱਚ ਕਿਸੇ ਸੁੰਦਰਤਾ ਦਾ ਵਾਧਾ ਉਸ ਨੇ ਨਹੀਂ ਕੀਤਾ। ਦੋ ਵਿਰੋਧੀ ਵਿਚਾਰਾਂ ਵਿੱਚ ਆਪਸੀ ਵਾਰਤਾਲਾਪ ਦੀ ਪਿਰਤ ਪਾਉਣ ਦਾ ਵਿਗਿਆਨਕ ਅਤੇ ਸਾਤਵਿਕ ਜਤਨ ਕਿਸੇ ਵੀ ਕੁਰਬਾਨੀ ਨਾਲੋਂ ਚੰਗੇਰੇ ਅਤੇ ਪਕੇਰੇ ਸਿੱਟੇ ਕੱਢ ਸਕਦਾ ਹੈ।"

ਦੋ ਵਿਚਾਰਾਂ ਦੀ ਟੱਕਰ ਜਾਂ ਕੋਈ ਵੀ ਟੱਕਰ ਸਾਤਵਿਕਤਾ ਦੀ ਉਪਜ ਨਹੀਂ। ਨਾ ਹੀ ਇਨ੍ਹਾਂ ਟੱਕਰਾਂ ਅਤੇ ਵਿਰੋਧਾਂ ਦੇ ਸਿੱਟੇ ਵਜੋਂ ਹੋਂਦ ਵਿੱਚ ਆਈਆਂ ਕੁਰਬਾਨੀਆਂ ਹੀ ਸਾਤਵਿਕਤਾ ਜਾਂ ਸਾਤਵਿਕਤਾ ਦੀ ਉਪਜ ਜਾਂ ਸਾਤਵਿਕਤਾ ਦਾ ਸ੍ਰੋਤ ਬਣ ਸਕਦੀਆਂ ਹਨ। ਪਿਛਲਾ ਸਾਰਾ ਇਤਿਹਾਸ ਗਵਾਹ ਹੈ ਕਿ ਕਿਸੇ ਕੁਰਬਾਨੀ ਨੇ ਸੰਸਾਰ ਪੱਧਰ ਉੱਤੇ ਸਹਿਯੋਗ ਦੀ ਸੁੰਦਰਤਾ ਪੈਦਾ ਨਹੀਂ ਕੀਤੀ। ਇਸ ਦੇ ਉਲਟ ਹਰ ਕੁਰਬਾਨੀ ਭਵਿੱਖ ਵਿੱਚ ਆਉਣ ਵਾਲੇ ਜੀਵਨ ਲਈ 'ਸੰਘਰਸ਼' ਦੀ ਪਾਸ਼ਵਿਕ ਪ੍ਰੇਰਨਾ ਦਾ ਸ੍ਰੋਤ ਬਣਦੀ ਆਈ ਹੈ। ਕੋਈ ਵੀ ਕੁਰਬਾਨੀ ਸਾਤਵਿਕਤਾ ਵਿੱਚੋਂ ਨਹੀਂ ਉਪਜੀ ਸਗੋਂ ਸਾਰੀਆਂ ਕੁਰਬਾਨੀਆਂ ਸੱਚ ਦੇ ਸੰਘਰਸ਼ ਵਿੱਚੋਂ ਉਪਜੀਆਂ ਹਨ। ਸੱਚ ਦੇ ਦੋ ਦਾਅਵੇਦਾਰ ਜਦੋਂ ਵੀ ਇੱਕ ਦੂਜੇ ਦੇ ਸੰਪਰਕ ਵਿੱਚ ਆਉਂਦੇ ਹਨ ਜੀਵਨ ਵਿੱਚ ਕਲੇਸ਼ ਉਪਜਦਾ ਰਿਹਾ ਹੈ। ਸੱਚ ਦੀ ਕੋਈ ਵਿਸ਼ਵ-ਵਿਆਪੀ ਪਰੀਭਾਸ਼ਾ ਨਹੀਂ ਬਣਾਈ ਜਾ ਸਕੀ ਅਤੇ ਨਾ ਹੀ (ਸ਼ਾਇਦ) ਬਣਾਈ ਜਾ ਸਕਦੀ ਹੈ। ਪੰਜ ਗਿਆਨ

WWW.SIKHBOOKCLUB.COM

ਇੰਦਰੀਆਂ ਦੁਆਰਾ ਜਾਣੇ ਜਾਣ ਵਾਲੇ ਪਦਾਰਥ-ਜਗਤ ਵਿੱਚ ਜੋ ਵਾਪਰਦਾ ਹੈ ਉਸ ਨੂੰ ਆਪਣੀਆਂ ਗਿਆਨ ਇੰਦਰੀਆਂ ਦੁਆਰਾ ਗ੍ਰਹਿਣ ਕਰ ਕੇ ਮੁੜ ਭਾਸ਼ਾ ਦਾ ਰੂਪ ਦੇਣ ਲੱਗਿਆਂ ਕੋਈ ਦੋ ਵਿਅਕਤੀ ਇੰਨ ਬਿੰਨ ਇੱਕ ਦੂਜੇ ਨਾਲ ਨਹੀਂ ਰਲਦੇ। ਜੇ ਕਿਸੇ ਜਤਨ ਨਾਲ ਦੋਹਾਂ ਦਾ ਦੱਸਿਆ ਹੋਇਆ ਇੱਕੋ ਜਿਹਾ ਕਰ ਵੀ ਲਿਆ ਜਾਵੇ ਤਾਂ ਵੀ ਇਹ ਕਿਸੇ ਸੂਖਮ ਸੱਚ ਦੀ ਵਿਆਖਿਆ ਨਹੀਂ ਸਗੋਂ ਬਾਹਰਲੇ ਸਥੂਲ ਜਗਤ ਵਿੱਚਲੀ ਕਿਸੇ ਸਥੂਲ ਵਾਸਤਵਿਕਤਾ (Fact) ਦਾ ਬਿਆਨ ਜਾਂ ਭਾਸ਼ਾਈ ਰੂਪ ਮਾਤ੍ਰ ਹੈ। ਜਦੋਂ ਉਸ ਸਥੂਲ ਵਾਸਤਵਿਕਤਾ ਦੇ ਸੂਖਮ ਕਾਰਨਾਂ ਦੀ ਛਾਣ-ਬੀਣ ਆਰੰਭ ਹੋ ਜਾਵੇਗੀ ਉਦੋਂ ਹਰ ਕਿਸੇ ਲਈ ਸੱਚ ਦਾ ਆਪੋ-ਆਪਣਾ ਵੱਖਰਾ ਰੂਪ ਹੋਂਦ ਵਿੱਚ ਆ ਜਾਵੇਗਾ। ਸੰਸਾਰ ਦੀ ਕਿਸੇ ਇਤਿਹਾਸਕ ਘਟਨਾ ਦੇ ਕਾਰਨਾਂ ਸੰਬੰਧੀ ਦੋ ਧੜੇ ਇੱਕ-ਰਾਏ ਨਹੀਂ ਹੋਏ। ਹਿੰਦੁਸਤਾਨ ਜਾਂ ਨਾਰਥ ਕੋਰੀਆ ਐਟਮ ਬੰਬ ਕਿਉਂ ਬਣਾ ਰਿਹਾ ਹੈ ? ਇਸ ਪ੍ਰਸ਼ਨ ਦਾ ਇੱਕ 'ਸੱਚਾ' ਉੱਤਰ ਲੱਭਣ ਦਾ ਜਤਨ ਉੱਕਾ ਨਿਰਾਰਥਕ ਹੈ। ਇੱਕ ਤੋਂ ਵੱਧ 'ਸੱਚੇ' ਅਤੇ ਇੱਕ ਦੂਜੇ ਦੇ ਐਨ 'ਉਲਟ' ਉੱਤਰ ਲੱਭਣੇ ਸੌਖੇ ਹਨ। ਲੱਭਣ ਦੀ ਲੋੜ ਹੀ ਨਹੀਂ ਪਹਿਲਾਂ ਹੀ ਮੌਜੂਦ ਹਨ। ਇੱਕ ਦੂਜੇ ਦੇ ਐਨ ਉਲਟ ਹੁੰਦਿਆਂ ਹੋਇਆਂ 'ਨਿਰੋਲ ਸੱਚ' ਵੀ ਹਨ (ਇੱਕ ਧੜੇ ਦੇ ਲੋਕਾਂ ਲਈ)। ਏਨੀ ਵੱਡੀ ਲੋਕ-ਰਾਏ ਦਾ ਨਿਰਾਦਰ ਕਰਨ ਦਾ ਨਤੀਜਾ ਕੀ ਹੁੰਦਾ ਹੈ ਇਹ ਵੀ ਸਾਨੂੰ ਪਤਾ ਹੈ ਜਾਂ ਤਾਂ ਕੋਈ 'ਕੁਰਬਾਨੀ' ਜਾਂ ਕੋਈ 'ਧਰਮ ਯੁੱਧ' ਜਾਂ 'ਜਹਾਦ'। ਇਹ ਜਹਾਦਾਂ ਅਤੇ ਧਰਮ ਯੁੱਧਾਂ ਦੀ ਕਿਰਪਾ ਕਾਰਨ ਹੀ ਹੋਇਆ ਹੈ ਕਿ ਸੱਚ ਅਤੇ ਸੱਚਿਦਾਨੰਦ ਇੱਕ ਰੂਪ ਹੋ ਗਏ ਹਨ। ਉਂਞ ਨਾ ਤਾਂ ਵਾਹਿਗੁਰੂ ਦੇ ਜਾਂ ਈਸ਼ਵਰ ਜਾਂ ਅੱਲ੍ਹਾ ਦੇ ਅਰਥ ਹੀ 'ਸੱਚ' ਹਨ ਅਤੇ 'ਸੱਚ' ਦਾ ਅਰਥ ਪਰਮਾਤਮਾ, ਗਾਡ ਜਾਂ ਜਿਹੋਵਾ ਹੈ। ਮਜਾਹਦ ਅਤੇ ਧਰਮਵੀਰ 'ਰੱਬ ਦੇ ਨਾਂ ਉੱਤੇ' ਜਾਂ 'ਸੱਚ ਦੀ ਖ਼ਾਤਰ' ਲੜਦੇ ਸਨ। ਇੱਕ ਕਰਮ ਦੇ ਦੋ ਮਨੋਰਥ ਹੋਣੇ ਸੰਭਵ ਨਹੀਂ, ਇਸ ਲਈ ਰੱਬ ਅਤੇ ਸੱਚ ਇੱਕ ਰੂਪ ਕਰ ਲਏ ਗਏ ਜਾਪਦੇ ਹਨ।

ਸੱਤਿਅਮ, ਸ਼ਿਵਮ ਅਤੇ ਸੁੰਦਰਮ ਦੀਆਂ ਤਿੰਨ ਮੁੱਢਲੀਆਂ ਧਾਰਨਾਵਾਂ ਵਿੱਚੋਂ ਸੱਤਿਅਮ ਲਈ ਸਭ ਤੋਂ ਵੱਧ ਲਹੂ ਵੀਟਿਆ ਗਿਆ ਹੈ। ਸ਼ਿਵਮ ਲਈ ਉਸ ਤੋਂ ਘੱਟ ਅਤੇ ਸੁੰਦਰਮ ਲਈ ਤਲਵਾਰ ਚੁੱਕਣੀ ਅਜੀਬ ਜਿਹੀ ਗੱਲ ਲੱਗਦੀ ਹੈ। ਜਦੋਂ ਮੁਸਲਮਾਨਾਂ ਨੇ ਮੂਰਤੀਆਂ ਤੋੜੀਆਂ ਸਨ ਉਦੋਂ ਉਹ ਕਲਾ ਨਾਲ ਵੈਰ ਨਹੀਂ ਸਨ ਕਰ ਰਹੇ ਸਗੋਂ ਕੂੜ ਦੀ ਕੰਧ ਢਾਹ ਰਹੇ ਸਨ। ਮਨੁੱਖੀ ਸਮਾਜਾਂ ਨੇ ਆਪੋ-ਆਪਣੇ ਸੋਚੇ ਅਤੇ ਸਤਿਕਾਰੇ ਸੱਚ ਦੀ ਜੈ-ਜੈਕਾਰ ਲਈ ਜਿੰਨਾ ਕਹਿਰ ਕੀਤਾ ਹੈ, ਉਸ ਵੱਲ ਵੇਖ ਕੇ ਕੌਣ ਆਖੇਗਾ ਕਿ ਸੱਚ ਸਦਾਚਾਰ ਦਾ ਕੇਂਦਰ ਬਿੰਦੂ ਹੋ ਸਕਦਾ ਹੈ। ਇਹ ਸਦਾਚਾਰ ਦਾ ਇੱਕ ਭਾਗ ਹੈ ਅਤੇ ਉਹ ਵੀ ਅੱਤ ਜ਼ਰੂਰੀ ਨਹੀਂ ਕੇਵਲ ਇੱਕ ਭਾਗ। ਸਦਾਚਾਰ ਦਾ ਕੇਂਦਰ ਸਾਤਵਿਕਤਾ ਹੈ। ਮਨੁੱਖੀ ਸਮਾਜਾਂ ਨੇ ਸਭਿਅਤਾ ਦਾ ਸਫ਼ਰ ਸਾਤਵਿਕਤਾ ਦੀ ਡੰਗੋਰੀ ਫੜ ਕੇ ਨਹੀਂ ਕੀਤਾ, ਇਸ ਲਈ ਸੰਸਾਰ ਵਿੱਚ ਸਦਾਚਾਰੀ ਆਦਮੀ ਘੱਟ ਹਨ। ਸਭਿਅਤਾਵਾਂ ਦਾ ਇਤਿਹਾਸ ਇਹ ਦੱਸਦਾ ਹੈ ਕਿ ਸੱਚ ਰੂਪੀ ਮੱਝ ਦਾ ਰੱਸਾ, ਸਦਾ ਹੀ ਲਾਠੀ ਵਾਲੇ ਦੇ ਹੱਥ ਰਿਹਾ ਹੈ। ਰਾਜਸਿਕਤਾ ਦੀ ਲਾਠੀ ਦੇ ਸਹਾਰੇ ਤੁਰਨ ਵਾਲੀਆਂ ਸਭਿਅਤਾਵਾਂ ਨੇ ਮਨੁੱਖ ਨੂੰ ਸਦਾਚਾਰੀ ਦੀ ਥਾਂ ਸਭਿਆਚਾਰੀ ਹੀ ਬਣਾਇਆ ਹੈ। ਸਾਤਵਿਕਤਾ ਦੀ ਥਾਂ ਰਾਜਸਿਕਤਾ ਨੂੰ ਪਹਿਲ ਦੇ ਕੇ ਡੰਗੋਰੀ ਦੀ ਥਾਂ ਲਾਠੀ ਨੂੰ ਸਭਿਅਤਾ ਦੇ ਸਫ਼ਰ ਦਾ ਸਹਾਰਾ ਬਣਾਉਣ ਦੀ ਨਾਦਾਨੀ ਵਿੱਚ ਸੰਸਾਰ ਦੇ ਦਾਨਿਆਂ ਨੇ ਵੀ ਪੂਰਾ ਪੂਰਾ ਹਿੱਸਾ ਪਾਇਆ ਹੈ। ਸ਼ਕਤੀ ਨੂੰ ਜੀਵਨ ਦੀ ਸੰਚਾਲਕ ਅਤੇ ਪ੍ਰਤਿਪਾਲਕ ਮੰਨਦੀ ਹੋਈ ਮਨੁੱਖੀ ਸੋਚ, ਸਦੀਆਂ ਤੋਂ, ਸਿਆਸੀ ਮਹਾਂਰਥੀਆਂ ਦੀ ਸਾਰਥੀ ਹੋਣ ਦੀ ਸ਼ਰਮਸਾਰੀ ਨੂੰ ਆਪਣਾ

ਸੁਭਾਗ ਸਮਝਣ ਅਤੇ ਸਿੱਧ ਕਰਨ ਦਾ ਭਰਮ ਪਾਲਦੀ ਆਈ ਹੈ। ਇਸ ਧਰਤੀ ਉੱਤੇ ਜੀਵਨ ਦੇ ਆਗਮਨ ਸਮੇਂ ਇਸ ਜੀਵਨ ਦੀ ਸਰਦਾਰੀ ਤਾਮਸਿਕਤਾ ਦੇ ਹੱਥ ਸੀ। ਤਮੋਗੁਣ ਜੀਵਨ ਦਾ ਮੋਹ ਬਣ ਕੇ ਪਸ਼ੂ-ਪੰਛੀਆਂ ਦੇ ਮਨਾਂ ਵਿੱਚ ਸਮਾਇਆ ਹੋਇਆ ਸੀ। ਨਿੱਕੇ ਨਿੱਕੇ ਕੀੜਿਆਂ ਅਤੇ ਵੱਡੇ ਵੱਡੇ ਪਸ਼ੂਆਂ ਦੇ ਰੂਪ ਵਿੱਚ ਵਿਚਰਦਾ ਅਤੇ ਵਿਕਸਦਾ ਜੀਵਨ ਇਸ ਤਾਮਸਿਕ ਮੋਹ ਤੋਂ ਪ੍ਰੇਰਿਤ ਸੀ ਅਤੇ ਇਸ ਦੀ ਨਿਰੋਲ ਰੱਖਿਆ ਨੂੰ ਪਰਮ ਮਨੋਰਥ ਮੰਨਦਾ ਸੀ। ਜੀਵ ਦੇ ਮਨ ਅਤੇ ਸਰੀਰ ਵਿੱਚਲੀ ਸਾਰੀ ਸਾਤਵਿਕਤਾ ਅਤੇ ਰਾਜਸਿਕਤਾ ਇੱਕੋ ਤਾਮਸਿਕਤਾ ਦੇ ਮਨੋਰਥ ਦੀ ਪ੍ਰਾਪਤੀ ਦਾ ਸਾਧਨ ਮਾਤਰ ਸੀ। ਜਿਵੇਂ ਜਿਵੇਂ ਜੀਵਨ ਵਿਕਾਸ ਕਰਦਾ ਗਿਆ ਹੈ ਤਿਵੇਂ ਤਿਵੇਂ ਸਾਤਵਿਕਤਾ ਦੇ ਸੰਜੋਗ ਨਾਲ ਤਾਮਸਿਕਤਾ ਨਿਰੋਲ ਮੋਹ ਤੋਂ ਵਿਕਾਸ ਕਰ ਕੇ ਮਮਤਾ ਬਣਦੀ ਗਈ ਹੈ। ਤਾਮਸਿਕਤਾ ਦੇ ਸੁਆਰਥ ਵਿੱਚ ਸਾਤਵਿਕਤਾ ਦਾ ਤਿਆਗ ਮਿਲ ਜਾਣ ਨਾਲ ਮੋਹ ਬਦਲ ਕੇ ਮਮਤਾ ਬਣਦਾ ਗਿਆ ਹੈ। ਮਮਤਾ ਨੇ ਜੀਵ ਨੂੰ ਨਿਰੋਲ ਨਿੱਜੀ ਜੀਵਨ ਦੀ ਰੱਖਿਆ ਦੇ ਮਨੋਰਥ ਦੀ ਸੰਕੀਰਣਤਾ ਵਿੱਚੋਂ ਕੱਢ ਕੇ ਆਪਣੇ ਆਪੇ ਤੋਂ ਬਾਹਰ ਕਿਸੇ ਦੂਜੇ ਜੀਵ ਦੇ ਜੀਵਨ ਦੀ ਰੱਖਿਆ ਨੂੰ ਨਿੱਜੀ ਰੱਖਿਆ ਦੇ ਬਰਾਬਰ ਦਾ (ਅਤੇ ਕਈ ਹਾਲਤਾਂ ਵਿੱਚ ਉਸ ਤੋਂ ਵੀ ਉਚੇਰਾ) ਮਨੋਰਥ ਬਣਾ ਕੇ ਪਿਆਰ ਦੀ ਵਿਸ਼ਵ-ਵਿਆਪਕਤਾ ਵੱਲ ਨੂੰ ਨਿੰਮ੍ਹਾ ਜਿਹਾ ਸੰਕੇਤ ਕੀਤਾ ਸੀ।

ਸ਼ਾਕਾਹਾਰੀ ਪਸ਼ੂਆਂ ਦੀ ਮਮਤਾ ਵਿੱਚ ਸਤੋਗੁਣ ਜਾਂ ਸਾਤਵਿਕਤਾ ਦੀ ਮਾਤਰਾ ਮਾਸਾਹਾਰੀ ਰਜੋਗੁਣੀ ਪਸ਼ੂਆਂ ਦੀ ਮਮਤਾ ਵਿੱਚਲੀ ਮਾਤਰਾ ਨਾਲੋਂ ਵਧੇਰੇ ਸੀ। ਉਨ੍ਹਾਂ ਸ਼ਾਕਾਹਾਰੀਆਂ ਵਿੱਚ ਸਾਤਵਿਕਤਾ ਦੀ ਬਹੁਲਤਾ ਨੇ ਹੌਲੀ ਹੌਲੀ ਦਇਆ, ਮਿੱਤ੍ਰਤਾ, ਆਗਿਆਕਾਰੀ, ਸਹਿਨਸ਼ੀਲਤਾ ਅਤੇ ਕ੍ਰਿਤੱਗਿਆ ਦਾ ਰੂਪ ਧਾਰਨਾ ਆਰੰਭ ਕਰ ਦਿੱਤਾ ਅਤੇ ਇਨ੍ਹਾਂ ਹੀ ਪਸ਼ੂਆਂ ਤੋਂ ਮਨੁੱਖ-ਰੂਪ ਦਾ ਵਿਕਾਸ ਹੋਇਆ ਹੋਣਾ ਇਸ ਅਨੁਮਾਨ ਦੀ ਪ੍ਰੇਰਨਾ ਦੇਣ ਵਿੱਚ ਸਮਰੱਥ ਹੈ ਕਿ ਵਿਕਾਸ ਦੀ ਸੇਧ ਸਾਤਵਿਕਤਾ ਹੈ। ਨੀਵੀਂ ਪੱਧਰ ਦੇ ਜੀਵਨ ਵਿੱਚ ਤਾਮਸਿਕਤਾ ਦੀ ਸਰਦਾਰੀ ਸੀ ਅਤੇ ਰਾਜਸਿਕਤਾ ਅਤੇ ਸਾਤਵਿਕਤਾ ਇਸ ਤਮੋ ਦੀ ਆਗਿਆਕਾਰੀ ਜਾਂ ਸੇਵਾ ਕਰਦੇ ਸਨ। ਇਹੋ ਰਿਸ਼ਤਾ ਉਦੋਂ ਲੋੜੀਦਾ ਸੀ ਅਤੇ ਇਹੋ ਹੀ ਸੰਭਵ ਸੀ। ਮਾਸਾਹਾਰੀ ਪਸ਼ੂ-ਜੀਵਨ ਵਿੱਚ ਤਾਮਸਿਕਤਾ ਅਤੇ ਰਾਜਸਿਕਤਾ ਦੀ ਦੋਸਤੀ ਪਕੇਰੀ ਹੋ ਗਈ ਸੀ ਅਤੇ ਸਾਤਵਿਕਤਾ ਬਹੁਤ ਹੀ ਨੀਵੇਂ ਦਰਜੇ ਉੱਤੇ ਚਲੇ ਗਈ ਸੀ। ਸ਼ਾਕਾਹਾਰੀ ਪਸ਼ੂ-ਜੀਵਨ ਵਿੱਚ ਤਾਮਸਿਕਤਾ, ਰਾਜਸਿਕਤਾ ਅਤੇ ਸਾਤਵਿਕਤਾ ਦਾ ਸੁੰਦਰ ਸੁਮੇਲ ਸੀ। ਇਸ ਸੁਮੇਲ ਵਿੱਚੋਂ ਇਨ੍ਹਾਂ ਪਸ਼ੂਆਂ ਲਈ ਪਸ਼ੂ-ਸਹਿਜ ਉਪਜਿਆ ਹੈ ਜਿਸ ਦੇ ਸਹਾਰੇ ਉਨ੍ਹਾਂ ਨੇ ਮਨੁੱਖ ਨਾਲ ਆਪਣੀ ਮਿੱਤ੍ਰਤਾ ਦੇ ਬਦਲੇ ਵਿੱਚ ਮਨੁੱਖ ਵੱਲੋਂ ਕੀਤੀ ਗਈ ਹਰ ਬੇਵਫ਼ਾਈ, ਹਰ ਕੁਦਇਆ ਅਤੇ ਹਰ ਅਕ੍ਰਿਤਘਣਤਾ ਨੂੰ ਸਹਾਰਿਆ, ਵਿਸਾਰਿਆ ਅਤੇ ਖਿਮਾਇਆ ਹੈ।

ਜੰਗਲੀ ਮਨੁੱਖ ਨੇ ਆਪਣੇ ਆਲੇ-ਦੁਆਲੇ ਇਸ ਕੌੜੀ ਅਸਲੀਅਤ ਨੂੰ ਵਾਪਰਦੀ ਵੇਖਿਆ ਸੀ ਕਿ ਸ਼ਕਤੀਸ਼ਾਲੀ ਹਿੰਸਕ ਜੀਵ ਕਮਜ਼ੋਰਾਂ ਨੂੰ ਮਾਰ ਕੇ ਖਾ ਜਾਂਦੇ ਸਨ। ਉਸ ਨੇ ਆਪ ਵੀ ਸ਼ਕਤੀਸ਼ਾਲੀ ਅਤੇ ਹਿੰਸਕ ਹੋਣ ਦੀ ਕੋਸ਼ਿਸ਼ ਕੀਤੀ ਹੈ। ਘੱਟੋ-ਘੱਟ ਉਸ ਦੀ ਸੰਖਿਆ ਦੇ ਕੁਝ ਹਿੱਸੇ ਨੂੰ ਸ਼ਕਤੀ ਅਤੇ ਹਿੰਸਾ ਦੀ ਸ੍ਰੇਸ਼ਟਤਾ ਉੱਤੇ ਪੂਰਾ ਵਿਸ਼ਵਾਸ ਹੋ ਗਿਆ ਸੀ। ਮਨੁੱਖੀ ਸਮਾਜਾਂ ਦੀਆਂ ਸਾਰੀਆਂ ਸਭਿਅਤਾਵਾਂ ਇਸੇ ਵਿਸ਼ਵਾਸ ਦੀ ਅਗਵਾਈ ਵਿੱਚ ਉਪਜੀਆਂ ਅਤੇ ਵਿਕਸੀਆਂ ਹਨ। ਮੇਰਾ ਅਨੁਮਾਨ ਹੈ ਕਿ ਦ੍ਰਾਵੜਾਂ ਦੀ ਸਭਿਅਤਾ ਇਸ ਤੋਂ ਵੱਖਰੇ ਵਿਸ਼ਵਾਸਾਂ ਵਿੱਚੋਂ ਉਪਜੀ ਸੀ। ਉਹ ਸਾਰੀ ਸ੍ਰਿਸ਼ਟੀ ਦੇ ਪਿਆਰ ਅਤੇ ਸਤਿਕਾਰ ਦੀ ਭਾਵਨਾ ਨਾਲ ਓਤ ਪੋਤ ਸੀ। ਆਰੀਆ ਦਾ ਆਦਿ ਦੇਵ, ਸ਼ਿਵ, ਦ੍ਰਾਵੜਾਂ ਕੋਲੋਂ ਹੀ

ਲਿਆ ਗਿਆ ਲੱਗਦਾ ਹੈ। ਇਹ ਮਹਾਂਦੇਵ ਕ੍ਰੂਰਨਾਥ ਵੀ ਹੈ ਅਤੇ ਸ਼ਕਤੀ ਦੁਰਗਾ ਅਤੇ ਚੰਡੀ ਦਾ ਸੁਆਮੀ ਵੀ। ਇਹ ਪਸ਼ੂ-ਪੰਛੀ ਅਤੇ ਪ੍ਰਕ੍ਰਿਤੀ ਦੀ ਮਿੱਤ੍ਰਤਾ ਦਾ ਪ੍ਰਤੀਕ ਵੀ ਹੈ। ਆਰੀਆ ਲੋਕ ਸ਼ਕਤੀ ਦੀ ਸ੍ਰੇਸ਼ਟਤਾ ਦਾ ਸੰਕਲਪ ਲੈ ਕੇ ਆਏ ਸਨ। ਉਨ੍ਹਾਂ ਦਾ ਇਹ ਸੰਕਲਪ ਵਿਸ਼ਨੂੰ ਦੀ ਸਰਦਾਰੀ ਵਿੱਚ ਅਭੀਵਿਅੰਜਤ ਹੋਇਆ ਹੈ। ਅਜਿਹਾ ਹੋਣ ਦੇ ਬਾਵਜੂਦ ਉਨ੍ਹਾਂ ਦੁਆਰਾ ਸੋਚਿਆ ਅਤੇ ਵਿਆਖਿਆਇਆ ਗਿਆ ਅਦ੍ਵੈਤ ਅਤੇ ਮੁਕਤੀ ਦਾ ਸਿਧਾਂਤ ਆਪਣੇ ਵਿੱਚ ਦ੍ਰਾਵੜ ਵਿਚਾਰਧਾਰਾ ਦੇ ਪ੍ਰਭਾਵ ਨੂੰ ਸੰਭਾਲੀ ਬੈਠਾ ਹੈ। ਵੈਦਿਕ ਕਾਲ ਤੋਂ ਪਿੱਛੋਂ ਬੁੱਧ ਧਰਮ ਦੀ ਦਇਆ ਅਤੇ ਅਹਿੰਸਾ ਅਤੇ ਇਸ ਦੇ ਪ੍ਰਭਾਵ ਕਾਰਨ ਈਸਾਈਅਤ ਵਿੱਚ ਦਇਆਲੂ ਪਿਤਾ ਅਤੇ ਰੱਬੀ ਰਾਜ ਦੀ ਕਲਪਨਾ ਉਸੇ ਸਹਿਯੋਗੀ ਸੋਚ ਦੇ ਵਿਕਾਸ ਹਨ ਜਿਸ ਵਿੱਚੋਂ ਦ੍ਰਾਵੜਾਂ ਦੀ ਪੁਰਾਤਨ ਸਭਿਅਤਾ ਨੇ ਸਿੰਧ ਦੀ ਘਾਟੀ ਵਿੱਚ ਜਨਮ ਲਿਆ ਸੀ।

ਦ੍ਰਾਵੜ ਸਭਿਅਤਾ ਤੋਂ ਛੁੱਟ ਬਾਕੀ ਸਾਰੀਆਂ ਸਭਿਅਤਾਵਾਂ ਸ਼ਿਵ ਦੀ ਥਾਂ ਸ਼ਕਤੀ ਨੂੰ ਸ੍ਰੇਸ਼ਟ ਮੰਨਦੀਆਂ ਆਈਆਂ ਹਨ। ਕਠੋਰ ਚਿੱਤ, ਹਿੰਸਕ ਅਤੇ ਲੜਾਕੇ ਵਰਗ ਦੀ ਸਰਦਾਰੀ ਬਣੀ ਰਹੀ ਹੈ। ਸਾਤਵਿਕਤਾ ਸਦਾ ਹੀ ਜੋਧਿਆਂ, ਜਰਨੈਲਾਂ ਅਤੇ ਵਿਸ਼ਵ-ਵਿਜੇਤਾ ਸਮਰਾਟਾਂ ਸਾਹਮਣੇ ਸਿਰ ਝੁਕਾ ਕੇ ਖਲੋਣ ਅਤੇ ਪੂਰੀ ਸਿਆਣਪ ਅਤੇ ਸੁਹਿਰਦਤਾ ਨਾਲ ਉਨ੍ਹਾਂ ਦੀ ਸਰਦਾਰੀ ਨੂੰ ਕੁਦਰਤੀ ਅਤੇ ਕਲਿਆਣਕਾਰੀ ਸਿੱਧ ਕਰਨ ਦੇ ਆਹਰ ਵਿੱਚ ਲੱਗੀ ਰਹੀ ਹੈ। ਅਕਲਾਂ ਦੇ ਉਹਲੇ ਵਿੱਚ ਬੈਠੀ ਹਿੰਸਾ ਹਜ਼ਾਰਾਂ ਸਾਲਾਂ ਤੋਂ ਲੁੱਟਾਂ, ਤਬਾਹੀਆਂ, ਮੁਲਕ-ਗੀਰੀਆਂ ਅਤੇ ਸ਼ਹਿਨਸ਼ਾਹੀਆਂ ਦੀ ਸ਼ਰਮਨਾਕ ਖੇਡ ਖੇਡਦੀ ਆਈ ਹੈ। ਹਰ ਦੂਜੀ ਜੰਗ ਪਹਿਲੀ ਨਾਲੋਂ ਵੱਧ ਭਿਆਨਕ ਹੁੰਦੀ ਗਈ ਹੈ। ਹਥਿਆਰਾਂ ਨੂੰ ਕੌਮੀ ਗੌਰਵ ਅਤੇ ਅਧਿਆਤਮਕਤਾ ਦੇ ਚਿੰਨ੍ਹ ਹੋਣ ਦਾ ਮਾਣ ਪ੍ਰਾਪਤ ਹੁੰਦਾ ਗਿਆ ਹੈ। ਅੱਜ ਹਾਲਤ ਇਹ ਹੈ ਕਿ ਉੱਨਤ ਦੇਸ਼ਾਂ ਦਾ ਜੀਵਨ ਪੱਧਰ ਹਥਿਆਰਾਂ ਦੇ ਵਾਪਾਰ ਉੱਤੇ ਨਿਰਭਰ ਕਰਦਾ ਹੈ ਅਤੇ ਪੱਛੜੀ ਦੁਨੀਆ ਦੇ ਦੇਸ਼ ਜੀਵਨ-ਪੱਧਰ ਦੇ ਮੁੱਲੋਂ ਹਥਿਆਰ ਖ਼ਰੀਦਣ ਵਿੱਚ ਕੌਮੀ ਕਲਿਆਣ ਮੰਨਦੇ ਹਨ। ਅਜੋਕੇ ਮਨੁੱਖ ਲਈ ਇਹ ਮੰਨਣਾ ਕਿੰਨਾ ਔਖਾ ਹੈ ਕਿ ਸਭਿਅਤਾ ਦੇ ਬੀਜ ਨਿਰਬਲਤਾ, ਮਮਤਾ, ਮਿੱਤ੍ਰਤਾ, ਅਪੂਰਣਤਾ ਅਤੇ ਸਹਿਯੋਗ ਵਿੱਚ ਹਨ। ਉਂਞ ਹੈ ਇਹ ਸੱਚ ਕਿ ਆਲ੍ਹਣੇ ਬਣਾਉਣ ਵਾਲੇ ਨਿਮਾਣੇ ਘੁੱਗੀਆਂ, ਕਬੂਤਰਾਂ ਅਤੇ ਖਿਜ਼ਰਿਆਂ ਦੀ, ਉਹਲੇ ਆਸਰੇ ਲੱਭਣ ਦੀ, ਇੱਛਾ ਹੀ ਸਭਿਅਤਾਵਾਂ ਦਾ ਮੂਲ ਹੈ। ਜਿਨ੍ਹਾਂ ਬਾਜਾਂ ਲਈ 'ਕਾਰ-ਏ-ਆਸ਼ੀਆਂ ਬੰਦੀ' ਸ਼ਰਮਸਾਰੀ ਦਾ ਕੰਮ ਸੀ, ਉਹ ਸਦਾ ਤੋਂ ਦੂਜਿਆਂ ਦੇ ਬਣੇ ਬਣਾਏ ਘਰਾਂ ਉੱਤੇ ਕਬਜ਼ਾ ਕਰਨ ਦੇ ਜੁਰਮ ਨੂੰ ਜਿੱਤ ਕਹਿ ਕੇ ਵਿਜੇਤਾ ਹੋਣ ਦੀ ਹਉਮੈ ਨਾਲ ਭਰਪੂਰ ਰਹੇ ਹਨ।

•

# ਜੀਵਨ ਦਾ ਭਵਿੱਖ—ਇੱਕ ਵਾਸਤਵਿਕਤਾ

ਭੂਤਕਾਲ ਦੇ 'ਝੋਰੇ' ਅਤੇ ਭਵਿੱਖ ਦੀਆਂ 'ਚਿੰਤਾਵਾਂ' ਵਰਤਮਾਨ ਨੂੰ ਬੋਝਲ ਬਣਾ ਦਿੰਦੇ ਹਨ; ਇਸ ਲਈ ਹਰ ਸਿਆਣਾ ਆਦਮੀ 'ਹੁਣ' ਵਿੱਚ ਜੀਣ ਦੀ ਸਿਆਣੀ ਸਲਾਹ ਦਿੰਦਾ ਹੈ। ਪਰੰਤੂ ਸਾਡੀ 'ਹੁਣ' ਸਾਡੇ ਅਤੀਤ ਵਿੱਚੋਂ ਉਪਜਦੀ ਹੈ ਅਤੇ ਸਾਡੇ ਭਵਿੱਖ ਦੀਆਂ ਜੜ੍ਹਾਂ ਸਾਡੀ 'ਹੁਣ' ਵਿੱਚ ਹਾਜ਼ਰ ਹਨ। ਰੁਕ ਕੇ ਆਪਣੇ ਅਤੀਤ ਵੱਲ ਵੇਖਣ ਅਤੇ ਭੱਜ ਕੇ ਆਪਣੇ ਭਵਿੱਖ ਦੇ ਗਲ ਲੱਗਣ ਦੀ ਰੀਝ ਮਨੁੱਖ ਦੀ ਪ੍ਰਵਿਰਤੀ ਦਾ ਹਿੱਸਾ ਹੈ। ਪਸ਼ੂ-ਜੀਵਨ ਨੂੰ ਅਤੀਤ ਦੀ ਸੋਝੀ ਹੈ ਜਾਂ ਨਹੀਂ, ਇਸ ਬਾਰੇ ਕੁਝ ਕਿਹਾ ਨਹੀਂ ਜਾ ਸਕਦਾ ਪਰ ਇਹ ਵੇਖ ਸਕਣਾ ਸੌਖਾ ਹੈ ਕਿ ਭਵਿੱਖ ਦੀ ਚਿੰਤਾ ਵਿੱਚ ਭੋਜਨ ਇਕੱਠਾ ਕਰਨ, ਆਲ੍ਹਣੇ-ਘੁਰਨੇ ਬਣਾਉਣ ਅਤੇ ਧਰਤੀ ਦੇ ਇੱਕ ਹਿੱਸੇ ਤੋਂ ਦੂਜੇ ਵੱਲ ਚਲੇ ਜਾਣ ਦੀ ਪ੍ਰਵਿਰਤੀ ਪਸ਼ੂ-ਜੀਵਨ ਵਿੱਚ ਮਨੁੱਖ ਜਿੰਨੀ ਹੀ ਪਰਬਲ ਹੈ।

ਸ਼ਿਕਾਰੀ ਤੋਂ ਕਿਸਾਨ ਬਣ ਜਾਣ ਪਿੱਛੋਂ ਮਨੁੱਖ ਆਪਣੇ ਭਵਿੱਖ ਦੀ ਚੇਤਨ ਚਿੰਤਾ ਕਰਨ ਲੱਗ ਪਿਆ ਸੀ। ਫ਼ਸਲ ਪੱਕਣ ਉੱਤੇ ਭੋਜਨ ਦੇ ਭੰਡਾਰ ਭਰ ਲੈਣ ਦੇ ਸੁਪਨੇ ਵੇਖਣ ਵਾਲਾ ਕਿਸਾਨ ਆਪਣੀ ਕਲਪਨਾ ਦਾ ਵਿਕਾਸ ਕਰ ਕੇ ਆਪਣੇ ਵਿੱਚਲੇ ਕਲਾਕਾਰ ਦਾ ਨਿਰਮਾਣ ਕਰਨ ਲੱਗ ਪਿਆ ਸੀ। ਉਸ ਕੋਲ ਸਿਮਰਤੀ ਜਾਂ ਚੇਤਾ ਸ਼ਕਤੀ ਦੀ ਦਾਤ ਕੁਦਰਤੀ ਸੀ, ਜਿਸ ਦੇ ਸਹਾਰੇ ਉਹ ਆਪਣੇ ਅਤੀਤ ਨੂੰ ਵੀ ਆਵਾਜ਼ ਮਾਰ ਸਕਦਾ ਸੀ। ਆਪਣੇ ਅਤੀਤ ਦੀਆਂ ਪ੍ਰਾਪਤੀਆਂ ਨੂੰ ਆਪਣੀ ਸਿਮਰਤੀ ਵਿੱਚ ਸਾਂਭਦਾ ਅਤੇ ਆਪਣੀ ਕਲਪਨਾ ਦੇ ਸਹਾਰੇ ਆਪਣੇ ਭਵਿੱਖ ਲਈ ਸੁਪਨੇ ਸਾਜਦਾ ਹੋਇਆ ਮਨੁੱਖ, ਕਈ ਪ੍ਰਕਾਰ ਦੀਆਂ ਸਭਿਆਤਾਵਾਂ ਅਤੇ ਸੰਸਕ੍ਰਿਤੀਆਂ ਨੂੰ ਜਨਮ ਦਿੰਦਾ ਹੋਇਆ, ਅੱਜ ਉਸ ਟਿਕਾਣੇ ਉੱਤੇ ਆ ਪੁੱਜਾ ਹੈ, ਜਿੱਥੋਂ ਵੇਖਿਆਂ ਅਤੀਤ ਨਿਰੋਲ ਉਤਸ਼ਾਹ ਦਾ ਸੋਮਾ ਨਹੀਂ ਦਿਸਦਾ ਅਤੇ ਭਵਿੱਖ ਆਸ਼ਾਵਾਂ ਦਾ ਸੁਪਨਾ ਨਹੀਂ ਭਾਸਦਾ। ਇਸ ਲਈ ਹਰ ਸਿਆਣਾ ਆਦਮੀ 'ਹੁਣ' ਵਿੱਚ ਜੀਣ ਦੀ ਸਿਆਣੀ ਸਲਾਹ ਦਿੰਦਾ ਹੈ।

ਕੁਝ ਇੱਕ ਲਈ ਇਹ ਸਲਾਹ ਸੁਖਾਵੀਂ ਹੈ, ਪਰ ਸਾਰਿਆਂ ਲਈ ਨਹੀਂ। ਧਰਤੀ ਉਤਲੇ ਜੀਵਨ ਵੱਲ ਧਿਆਨ ਮਾਰ ਕੇ ਵੇਖੋ; ਕਿੰਨੇ ਅਜੇਹੇ ਦੇਸ਼ ਹਨ, ਕਿੰਨੇ ਅਜੇਹੇ ਸਮਾਜ ਹਨ, ਜਿਨ੍ਹਾਂ ਲਈ 'ਹੁਣ' ਬਹੁਤ ਭਿਆਨਕ ਰੂਪ ਧਾਰ ਚੁੱਕੀ ਹੈ। ਹਰ ਦੂਜੇ ਚੌਥੇ ਸਾਲ ਜਾਂ ਦੂਜੇ ਚੌਥੇ ਮਹੀਨੇ ਮਨੁੱਖਤਾ ਦੇ ਕਿਸੇ ਇੱਕ ਹਿੱਸੇ ਲਈ 'ਹੁਣ' ਦਾ ਜੀਵਨ ਮੌਤ-ਰੂਪ ਹੋਈ ਜਾ ਰਿਹਾ ਹੈ। ਕੱਲ੍ਹ ਬੋਸਨੀਆ ਦੀ 'ਹੁਣ' ਪੀੜ-ਰੂਪ ਹੋਈ ਸੀ, ਅੱਜ ਅਲਬਾਨੀਆ ਆਪਣੀ 'ਹੁਣ' ਤੋਂ ਪਿੱਛਾ ਛੁਡਾਉਣਾ ਚਾਹੁੰਦਾ ਹੈ। ਬੰਗਲਾ ਦੇਸ਼ ਦੀ ਅਜੋਕੀ 'ਹੁਣ' ਨੇ ਕੱਲ੍ਹ ਨੂੰ ਅਗਲੀ ਪੀੜ੍ਹੀ ਦੀ 'ਹੁਣ' ਬਣ ਜਾਣਾ ਹੈ। ਕੀ ਫ਼ਲਸਤੀਨ ਆਪਣੀ 'ਹੁਣ' ਨਾਲ ਸੰਤੁਸ਼ਟ ਹੈ ?

ਅਤੀਤ ਵੱਲ ਮੁੜਨਾ ਅਸੰਭਵ ਹੈ; ਇਸ ਵੱਲ ਵੇਖਣਾ ਵੀ ਬਹੁਤਾ ਸੁਖਦਾਈ ਨਹੀਂ; ਜਿਹੜੇ ਵੇਖਦੇ ਹਨ ਉਹ ਵਰਤਮਾਨ ਲਈ ਕੋਈ ਨਾ ਕੋਈ ਕੋਝ, ਕੋਈ ਨਾ ਕੋਈ ਕੁਹੱਤਣ

ਚੁੱਕ ਕੇ ਲਿਆਉਂਦੇ ਹਨ। ਸ਼ਕਤੀ ਨਾਲ ਜੀਵਨ ਦੀਆਂ ਸਮੱਸਿਆਵਾਂ ਦੇ ਹੱਲ ਕਰਨ ਦੇ ਜਤਨਾਂ ਕਾਰਨ ਭੂਤਕਾਲ ਦੇ ਪਾਣੀ ਏਨੇ ਮੈਲੇ ਹੋ ਗਏ ਹਨ ਕਿ ਇਨ੍ਹਾਂ ਨਾਲ ਵਰਤਮਾਨ ਦੀ ਮੈਲ ਧੋਣ ਦਾ ਜਤਨ ਆਪਣੇ ਆਪ ਵਿੱਚ ਹਾਸੋ-ਹੀਣੀ ਕਿਰਿਆ ਹੈ।

ਸਾਡੇ ਵਰਤਮਾਨ ਨੇ ਭੂਤਕਾਲ ਕਦੇ ਨਹੀਂ ਬਣਨਾ। ਇਤਿਹਾਸ ਆਪਣੇ ਆਪ ਨੂੰ ਕਦੇ ਨਹੀਂ ਦੁਹਰਾਉਂਦਾ। ਇਤਿਹਾਸ ਉਸ ਨਦੀ ਵਰਗਾ ਹੈ ਜੋ ਘੁੰਮਣਘੇਰੀਆਂ ਦੇ ਹੁੰਦਿਆਂ ਹੋਇਆਂ ਅੱਗੇ ਹੀ ਅੱਗੇ ਵਧਦੀ ਜਾਂਦੀ ਹੈ। ਘੁੰਮਣਘੇਰੀਆਂ ਵਿੱਚ ਉਲਝੀ ਹੋਈ ਅੱਖ ਜੇ ਨਦੀ ਦੇ ਸਦੀਵੀ ਪਰਵਾਹ ਨੂੰ ਨਹੀਂ ਵੇਖਦੀ ਤਾਂ ਕਸੂਰ ਅੱਖ ਦਾ ਹੈ; ਨਦੀ ਦੇ ਪਰਵਾਹ ਜਾਂ ਘੁੰਮਣਘੇਰੀਆਂ ਦਾ ਨਹੀਂ। ਘੁੰਮਣਘੇਰੀਆਂ ਨਦੀ ਦੇ ਅਨੰਦ ਪਰਵਾਹ ਦਾ ਭਾਗ ਹਨ। ਇਨ੍ਹਾਂ ਨੂੰ ਨਦੀ ਦੇ ਪਰਵਾਹ ਦਾ ਪਰਮ ਸੱਤ ਉਹ ਲੋਕ ਆਖਦੇ ਹਨ, ਜਿਹੜੇ ਸੱਤਾ ਅਤੇ ਸੰਪਤੀ ਦੇ ਸੁਆਮੀ ਹੋਣ ਦੇ ਨਾਲ ਨਾਲ ਮਨੁੱਖਤਾ ਦੀ ਪੀੜ ਤੋਂ ਅਭਿੱਜ ਵੀ ਹਨ।

ਸੰਸਾਰ ਦੇ ਬਹੁਤੇ ਸਮਾਜ ਇਹ ਨਹੀਂ ਚਾਹੁੰਦੇ ਕਿ ਉਨ੍ਹਾਂ ਦੇ 'ਬੱਚਿਆਂ ਦਾ ਵਰਤਮਾਨ' ਉਨ੍ਹਾਂ ਦੇ ਆਪਣੇ ਵਰਤਮਾਨ ਵਰਗਾ ਹੋਵੇ। ਅਸੀਂ ਸਾਰੇ ਹੀ ਇਹ ਚਾਹੁੰਦੇ ਹਾਂ ਕਿ ਸਾਡੇ ਬੱਚਿਆਂ ਨੂੰ ਸਾਡੇ ਨਾਲੋਂ ਵੱਧ ਸੁਰੱਖਿਅਤ ਅਤੇ ਸੁਖੀ ਜੀਵਨ ਜੀਣ ਦਾ ਮੌਕਾ ਮਿਲੇ। ਭਾਵ, ਇਹ ਕਿ ਅਸੀਂ ਸਾਰੇ ਹੀ ਭਵਿੱਖ ਨੂੰ ਵਰਤਮਾਨ ਨਾਲੋਂ ਵੱਧ ਸੁੰਦਰ ਵੇਖਣਾ ਚਾਹੁੰਦੇ ਹਾਂ। ਸੁੰਦਰ ਵੇਖਣਾ ਚਾਹੁੰਦੇ ਹਾਂ ਜਾਂ ਇਹ ਚਾਹੁੰਦੇ ਹਾਂ ਕਿ ਸਾਡੇ ਬੱਚੇ ਉਸ ਨੂੰ ਸੁੰਦਰ ਵੇਖਣ। ਇਸ ਮਨੋਰਥ ਦੀ ਪ੍ਰਾਪਤੀ ਲਈ ਅਸੀਂ ਕਈ ਪ੍ਰਕਾਰ ਦੇ ਜਤਨ ਕਰਦੇ ਹਾਂ। ਆਪਣੇ ਬੱਚਿਆਂ ਨੂੰ ਚੰਗੀ ਵਿੱਦਿਆ ਦੇਣ ਦਾ ਪ੍ਰਬੰਧ ਕਰਦੇ ਹਾਂ। ਵਿੱਦਿਅਕ ਅਦਾਰਿਆਂ ਤੋਂ ਇਹ ਆਸ ਕਰਦੇ ਹਾਂ ਕਿ ਉਹ ਸਾਡੇ ਬੱਚਿਆਂ ਦੀਆਂ ਰੁਚੀਆਂ ਅਤੇ ਯੋਗਤਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਉਨ੍ਹਾਂ ਨੂੰ ਆਪਣੇ ਲਈ ਯੋਗ ਵਿਸ਼ਿਆਂ ਦੀ ਚੋਣ ਕਰਨ ਵਿੱਚ ਸਹਾਇਤਾ ਕਰਨ। ਅਸੀਂ ਆਪਣੇ ਬੱਚਿਆਂ ਲਈ ਕਾਰੋਬਾਰਾਂ, ਘਰਾਂ ਅਤੇ ਸੁਖਾਵੇਂ ਸੰਬੰਧਾਂ ਦੀ ਚਿੰਤਾ ਕਰਦੇ ਹਾਂ। ਵਿਅਕਤੀਗਤ ਤੌਰ ਉੱਤੇ ਸਾਡਾ ਹਰ ਪਲ ਭਵਿੱਖ ਦੀ ਚਿੰਤਾ ਨੂੰ ਸਮਰਪਿਤ ਹੈ ਪਰ ਧਰਤੀ ਉਤਲੇ ਸਮੁੱਚੇ ਜੀਵਨ ਦੇ ਭਵਿੱਖ ਦੀ ਚਿੰਤਾ ਅਸਾਂ ਕਦੇ ਘੱਟ ਹੀ ਕੀਤੀ ਹੈ। ਬਹੁਤਿਆਂ ਲਈ ਸਮੁੱਚੇ ਜੀਵਨ ਦੇ ਭਵਿੱਖ ਦੀ ਚਿੰਤਾ ਦਾ ਕੋਈ ਅਰਥ ਹੀ ਨਹੀਂ; ਇਸ ਦੀ ਕੋਈ ਹੋਂਦ ਹੀ ਨਹੀਂ। ਜਿਹੜੇ ਇਹ ਮੰਨਦੇ ਹਨ ਕਿ ਇੱਕ ਵਿਅਕਤੀ ਦੇ ਭਵਿੱਖ ਵਾਂਗ ਸਮੁੱਚੀ ਮਾਨਵ ਜਾਤੀ ਦਾ ਵੀ ਭਵਿੱਖ ਹੈ ਉਹ ਵੀ ਇਸ ਪ੍ਰਕਾਰ ਦੇ ਭਵਿੱਖ ਬਾਰੇ ਸੋਚਣ ਨੂੰ ਆਪਣੀ ਜ਼ਿੰਮੇਵਾਰੀ ਨਹੀਂ ਮੰਨਦੇ।

ਇਹ ਸੋਚਣਾ ਅਤੇ ਮੰਨਣਾ ਭੁੱਲ ਹੈ ਕਿ ਸਾਡੀ ਧਰਤੀ ਅਤੇ ਧਰਤੀ ਉਤਲੇ ਜੀਵਨ ਦਾ ਕੋਈ ਭਵਿੱਖ ਨਹੀਂ। ਜੇ ਇਸ ਜੀਵਨ ਦਾ ਅਤੀਤ ਅਤੇ ਵਰਤਮਾਨ ਹੈ ਤਾਂ ਭਵਿੱਖ ਕਿਉਂ ਨਹੀਂ ? ਇਹ ਗੱਲ ਕੇਵਲ ਅਨੰਤ ਅਤੇ ਅਕਾਲ ਦੇ ਸੰਬੰਧ ਵਿੱਚ ਹੀ ਆਖੀ ਜਾ ਸਕਦੀ ਹੈ ਕਿ ਉਸ ਦਾ ਕੋਈ ਭੂਤ ਅਤੇ ਭਵਿੱਖ ਨਹੀਂ; ਉਸ ਲਈ ਸਮਾਂ (ਸਾਰੇ ਦਾ ਸਾਰਾ ਸਮਾਂ) ਵਰਤਮਾਨ ਦੇ ਰੂਪ ਵਿੱਚ ਹੈ ਅਤੇ ਹਰ ਵੇਲੇ ਉਸ ਦੇ ਸਾਹਮਣੇ ਹਾਜ਼ਰ ਹੈ। ਇਹ ਦਾਰਸ਼ਨਿਕ ਘੁੰਡੀ ਆਮ ਆਦਮੀ ਦੀ ਸਮਝ ਵਿੱਚ ਆਉਣੀ ਜ਼ਰਾ ਮੁਸ਼ਕਲ ਹੈ। ਆਮ ਆਦਮੀ ਚੰਗੀ ਤਰ੍ਹਾਂ ਜਾਣਦਾ ਹੈ ਕਿ ਮੇਰੇ ਬੱਚੇ ਮੇਰਾ ਭਵਿੱਖ ਹਨ। ਆਪਣੇ ਬੱਚਿਆਂ ਦੀ ਚਿੰਤਾ ਕਰਨੀ ਉਸ ਲਈ ਸੁਭਾਵਕ ਹੈ। ਆਪਣੇ ਬੱਚਿਆਂ ਦੇ ਭਵਿੱਖ ਦੀ ਚਿੰਤਾ ਕਰਦਾ ਹੋਇਆ ਉਹ ਇਹ ਸੋਚਣਾ, ਸਮਝਣਾ ਅਤੇ ਮੰਨਣਾ ਭੁੱਲ ਜਾਂਦਾ ਹੈ ਕਿ ਬੱਚਿਆਂ ਦੇ ਭਵਿੱਖ ਦੀ ਚਿੰਤਾ ਕਰਦਾ ਹੋਇਆ ਉਹ ਸਮੁੱਚੇ ਜੀਵਨ ਦੇ ਭਵਿੱਖ ਦੀ ਹੀ ਚਿੰਤਾ ਕਰ ਰਿਹਾ ਹੈ। ਇਸ ਦੇ ਉਲਟ ਜੇ ਉਹ ਸਮੁੱਚੇ ਜੀਵਨ

ਦੇ ਭਵਿੱਖ ਦੀ ਚਿੰਤਾ ਕਰੇ ਤਾਂ ਉਸ ਦੇ ਆਪਣੇ ਬੱਚਿਆਂ ਦੇ ਭਵਿੱਖ ਦੀ ਚਿੰਤਾ ਆਪਣੇ ਆਪ ਹੋ ਜਾਵੇਗੀ। ਮਾਨਵ ਜਾਤੀ ਦਾ ਦੁਖਾਂਤ ਇਹ ਹੈ ਕਿ ਇਸ ਨੂੰ ਸਾਂਝੀਵਾਲਤਾ ਦੇ ਇਸ ਭੇਤ ਦੀ ਸਮਝ ਨਹੀਂ ਆਈ ਜਾਂ 'ਪੂਰੀ ਸਮਝ' ਨਹੀਂ ਆਈ। ਸੰਘਰਸ਼ਮਈ ਜੀਵਨ ਲਈ ਇਸ ਭੇਤ ਨੂੰ ਜਾਣ ਸਕਣਾ ਅਸੰਭਵ ਹੈ; ਅਤੇ ਸਹਿਯੋਗ ਦਾ ਯੁਗ ਅਜੇ ਆਇਆ ਨਹੀਂ।

ਪਸ਼ੂਆਂ ਦੀ ਇੱਕ ਪ੍ਰਵਿਰਤੀ ਨੂੰ ਸਮੂਹ ਪ੍ਰਵਿਰਤੀ ਆਖਿਆ ਗਿਆ ਹੈ। ਇਹ ਪ੍ਰਵਿਰਤੀ ਉਨ੍ਹਾਂ ਨੂੰ ਟੋਲੀਆਂ, ਇੱਜੜਾਂ ਜਾਂ ਵੱਗਾਂ ਦੇ ਰੂਪ ਵਿੱਚ ਰਹਿਣ ਦੀ ਪ੍ਰੇਰਣਾ ਦਿੰਦੀ ਹੈ। ਸਮੂਹ ਪ੍ਰਵਿਰਤੀ ਜਾਂ ਹਰਡ ਇਨਸਟਿੰਕਟ ਮਨੁੱਖਾਂ ਵਿੱਚ ਵੀ ਮੌਜੂਦ ਹੈ ਅਤੇ ਸਭਿਅ ਮਨੁੱਖ ਦੀ ਇਸੇ ਪ੍ਰਵਿਰਤੀ ਨੂੰ ਸਮਾਜਕ ਪ੍ਰਵਿਰਤੀ ਆਖਿਆ ਜਾਂਦਾ ਹੈ। ਇਹ ਕਹਿਣਾ ਵੀ ਠੀਕ ਹੈ ਕਿ ਪਸ਼ੂ ਵਿਚਲੀ ਸਮੂਹ ਪ੍ਰਵਿਰਤੀ ਮਨੁੱਖ ਵਿੱਚ ਵਿਕਾਸ ਕਰ ਕੇ ਸਮਾਜਕ ਪ੍ਰਵਿਰਤੀ ਬਣ ਗਈ ਹੈ। ਇਨ੍ਹਾਂ ਦੋਹਾਂ ਪ੍ਰਵਿਰਤੀਆਂ ਵਿੱਚ ਇੱਕ ਸੂਖਮ ਜਿਹਾ ਫ਼ਰਕ ਹੈ, ਉਹ ਇਹ ਕਿ ਸਮੂਹ ਪ੍ਰਵਿਰਤੀ ਵਿੱਚ 'ਆਪਾ' ਪਹਿਲਾਂ ਹੁੰਦਾ ਹੈ ਅਤੇ ਸਮਾਜਕ ਪ੍ਰਵਿਰਤੀ ਵਿੱਚ 'ਸਮਾਜ' ਪਹਿਲਾਂ ਹੁੰਦਾ ਹੈ। ਮਨੁੱਖ ਨੇ ਵੱਡੇ ਵੱਡੇ ਸਮਾਜਾਂ ਦੀ ਸਥਾਪਨਾ ਕਰ ਲਈ ਹੈ, ਪ੍ਰੰਤੂ ਸਭਿਅਤਾ ਦਾ ਸਾਰਾ ਵਿਕਾਸ ਸ਼ਕਤੀ ਦੀ ਸਰਪ੍ਰਸਤੀ ਵਿੱਚ ਹੋਇਆ ਹੋਣ ਕਰਕੇ, ਸੰਘਰਸ਼ ਅਤੇ ਮੁਕਾਬਲਾ ਸਤਿਕਾਰਯੋਗ ਬਣੇ ਰਹੇ ਹਨ, ਜਿਸ ਕਰਕੇ ਮਨੁੱਖ ਵਿੱਚਲੀ ਸਮੂਹ ਪ੍ਰਵਿਰਤੀ ਅਜੇ ਤਕ, ਸੰਪੂਰਨ ਰੂਪ ਵਿੱਚ, ਸਮਾਜਕ ਪ੍ਰਵਿਰਤੀ ਦਾ ਰੂਪ ਧਾਰਣ ਨਹੀਂ ਕਰ ਸਕੀ। ਇਸੇ ਕਰਕੇ ਮਨੁੱਖ ਇਸ ਭਰੋਸੇ ਵਿੱਚ ਨਹੀਂ ਕਿ ਸਮੁੱਚੇ ਜੀਵਨ ਦੇ ਭਵਿੱਖ ਦੀ ਚਿੰਤਾ ਕੀਤਿਆਂ ਉਸ ਦੇ ਆਪਣੇ ਬੱਚਿਆਂ ਦੀ ਚਿੰਤਾ ਆਪਣੇ ਆਪ ਹੋ ਜਾਵੇਗੀ। ਮਨੁੱਖੀ ਮਨ ਵਿੱਚ ਇਹ ਭਰੋਸਾ ਪੈਦਾ ਕਰਨ ਲਈ ਮਨੁੱਖੀ ਸਮਾਜਾਂ ਨੂੰ ਸਾਤਵਿਕਤਾ ਅਤੇ ਸਹਿਯੋਗ ਦੀ ਸੇਧ ਵਿੱਚ ਬਹੁਤ ਵਿਕਾਸ ਕਰਨਾ ਪਵੇਗਾ।

ਸਾਡੀ ਧਰਤੀ ਅਤੇ ਧਰਤੀ ਉਤਲੇ ਜੀਵਨ ਦਾ ਭਵਿੱਖ ਬਹੁਤ ਲੰਮੇਰਾ ਹੈ। ਸਾਇੰਸ ਦਾ ਅਨੁਮਾਨ ਹੈ ਕਿ ਸਾਡੀ ਧਰਤੀ ਨੇ ਅਜੇ ਕਈ ਕ੍ਰੋੜ ਸਾਲ ਜੀਣਾ ਹੈ। ਇਹ ਅਜੇ ਆਪਣੇ ਬਾਲਪਨ ਵਿੱਚ ਹੈ। ਜਿਸ ਜੀਵਨ ਦੀ ਮਾਤਾ ਅਜੇ ਛੂਟੇਰੀ ਹੈ ਉਹ ਜੀਵਨ ਵੀ ਬੁੱਢਾ ਨਹੀਂ ਆਖਿਆ ਜਾ ਸਕਦਾ। ਮਨੁੱਖ ਨੂੰ ਧਰਤੀ ਉੱਤੇ ਆਇਆਂ ਕੁਝ ਲੱਖ ਸਾਲ ਹੀ ਹੋਏ ਹਨ। ਸਭਿਅਤਾ ਦੀ ਸੇਧ ਵਿੱਚ ਇਸ ਨੇ ਅਜੇ ਨਿੱਕੇ ਨਿੱਕੇ ਕਦਮ ਪੁੱਟਣ ਦੀ ਜਾਚ ਹੀ ਸਿੱਖੀ ਹੈ। ਇਸ ਦੀ ਯਾਤਰਾ ਬਹੁਤ ਲੰਮੀ ਹੈ। ਸਾਇੰਸਦਾਨ ਦੱਸਦੇ ਹਨ ਕਿ ਸਾਡੇ ਸੂਰਜ ਨੂੰ ਹੋਂਦ ਵਿੱਚ ਆਇਆਂ ਪੰਜ ਸੌ ਕ੍ਰੋੜ (ਪੰਜ ਹਜ਼ਾਰ ਮਿਲੀਅਨ) ਸਾਲ ਹੋਏ ਹਨ। ਅਜੇ ਇਸ ਨੇ ਏਨਾ ਹੋਰ ਜੀਣਾ ਹੈ। ਸਾਡੀ ਧਰਤੀ ਵੀ ਏਨਾ ਹੀ ਜੀਵੇਗੀ। ਪੰਜ ਸੌ ਕ੍ਰੋੜ ਸਾਲ ਕਿੰਨੇ ਕੁ ਹੁੰਦੇ ਹਨ, ਮੇਰੇ ਲਈ ਅੰਦਾਜ਼ਾ ਲਾ ਸਕਣਾ ਮੁਸ਼ਕਲ ਹੈ। ਇਹ ਸੋਚ ਸਕਣਾ ਵੀ ਸੰਭਵ ਨਹੀਂ ਕਿ ਜਿਸ ਮਨੁੱਖ ਨੇ ਵੀਹ-ਪੰਝੀ ਹਜ਼ਾਰ ਸਾਲ ਦੇ ਸਭਿਅ ਜੀਵਨ ਵਿੱਚ ਚੰਦ ਅਤੇ ਮੰਗਲ ਨੂੰ ਆਪਣੀ ਮੰਜ਼ਿਲ ਬਣਾ ਲਿਆ ਹੈ ਉਹ ਲੱਖਾਂ ਜਾਂ ਕ੍ਰੋੜਾਂ ਸਾਲਾਂ ਪਿੱਛੋਂ ਕਿਹੋ ਜਿਹਾ ਹੋ ਜਾਵੇਗਾ; ਕਿਸ ਪ੍ਰਕਾਰ ਦਾ ਜੀਵਨ ਜੀਵੇਗਾ; ਕਿਸ ਪ੍ਰਕਾਰ ਦੀਆਂ ਸੋਚਾਂ ਸੋਚੇਗਾ; ਅਤੇ ਜੇ ਐਟਮੀ ਜੰਗ ਛਿੜ ਗਈ ਤਾਂ ਇਸ ਧਰਤੀ ਉੱਤੇ ਹੋਵੇਗਾ ਵੀ ਜਾਂ ਨਹੀਂ। ਮੇਰਾ ਖ਼ਿਆਲ ਹੈ, ਹੋਵੇਗਾ। ਐਟਮੀ ਜੰਗ ਜੇ ਧਰਤੀ ਉਤਲੇ ਜੀਵਨ ਨੂੰ ਖ਼ਤਮ ਵੀ ਕਰ ਦੇਵੇ ਤਾਂ ਵੀ ਭਵਿੱਖ ਵਿੱਚ ਜੀਵਨ ਲੀਲ੍ਹਾ ਦੇ ਸ਼ੁਰੂ ਹੋ ਜਾਣ ਦੀ ਸੰਭਾਵਨਾ ਹੈ; ਸਗੋਂ ਕੁਝ ਛੇਤੀ।

ਇਸ ਲਈ ਸੰਸਾਰ ਦੇ ਹਰ ਸੂਝਵਾਨ ਮਨੁੱਖ ਨੂੰ ਇਹ ਸੋਝੀ ਹੋਣੀ ਚਾਹੀਦੀ ਹੈ ਕਿ ਸਾਡੀ ਧਰਤੀ ਉਤਲੇ ਸਮੁੱਚੇ ਜੀਵਨ ਦਾ ਇੱਕ ਭਵਿੱਖ ਹੈ; ਬਹੁਤ ਲੰਮੇਰਾ ਭਵਿੱਖ। ਜਦੋਂ ਚੇਤਨ

ਮਨੁੱਖ ਜੀਵਨ ਦੇ ਭਵਿੱਖ ਵੱਲੋਂ ਸੁਚੇਤ ਹੋ ਜਾਵੇਗਾ, ਉਦੋਂ ਉਸ ਲਈ ਇਹ ਸੋਚਣਾ ਸੁਭਾਵਕ ਹੋ ਜਾਵੇਗਾ ਕਿ ਹਜ਼ਾਰਾਂ ਲੱਖਾਂ ਸਾਲ ਦੁਰਾਡੇ ਭਵਿੱਖ ਬਾਰੇ ਸੋਚਣਾ ਭਾਵੇਂ ਠੀਕ ਨਹੀਂ ਪਰ ਕੁਝ ਦਹਾਕਿਆਂ ਪਿੱਛੋਂ ਆ ਜਾਣ ਵਾਲੇ ਭਵਿੱਖ ਦੀ ਚਿੰਤਾ ਕਰਨੀ ਬਹੁਤ ਜ਼ਰੂਰੀ ਹੈ। ਕੁਝ ਅਜੇਹੇ ਆਦਮੀ ਵੀ ਹਨ ਜਿਹੜੇ ਦਹਾਕਿਆਂ ਤੋਂ ਅਗਾਂਹ ਲੰਘ ਕੇ ਸਦੀਆਂ ਬਾਰੇ ਸੋਚਣਾ ਵੀ ਜ਼ਰੂਰੀ ਸਮਝਣਗੇ। ਭਵਿੱਖ ਬਾਰੇ ਸੋਚਣ ਦਾ ਹੀ ਇਹ ਸਿੱਟਾ ਹੈ ਕਿ ਵੀਤਨਾਮ ਵਿੱਚ ਅਮਰੀਕਾ ਨੇ ਅਤੇ ਅਫ਼ਗਾਨਿਸਤਾਨ ਵਿੱਚ ਰੂਸ ਨੇ, ਹਾਰ ਦੀ ਨਮੋਸ਼ੀ ਦੇ ਸਨਮੁਖ ਖੜੇ ਹੋਣ ਉੱਤੇ ਵੀ ਐਟਮੀ ਹਥਿਆਰਾਂ ਦੀ ਵਰਤੋਂ ਦੀ ਮੂਰਖ਼ਤਾ ਨਾ ਕੀਤੀ।

ਭਵਿੱਖ ਬਾਰੇ ਸੋਚਣਾ ਸੰਸਾਰ ਦੀਆਂ ਐਟਮੀ ਸ਼ਕਤੀਆਂ ਜਾਂ ਸਰਕਾਰੀ ਸ਼ਕਤੀਆਂ ਦਾ ਹੀ ਕੰਮ ਨਹੀਂ, ਸਗੋਂ ਸਾਰੇ ਸੂਝਵਾਨ ਮਨੁੱਖਾਂ ਦਾ ਫ਼ਰਜ਼ ਹੈ। ਭਵਿੱਖ ਦੀ ਚਿੰਤਾ ਨਾ ਕਰਨੀ ਪਸ਼ੂ ਹੋਣ ਦਾ ਸਬੂਤ ਨਹੀਂ ਕਿਉਂਕਿ ਪਸ਼ੂ ਵੀ ਭਵਿੱਖ ਦੀ ਚਿੰਤਾ ਕਰਦੇ ਹਨ; ਭਵਿੱਖ ਬਾਰੇ ਨਾ ਸੋਚਣਾ ਇੱਕ ਤਰ੍ਹਾਂ ਨਾਲ ਬੱਚੇ ਬਣ ਜਾਣਾ ਹੈ। ਬੱਚੇ ਭਵਿੱਖ ਬਾਰੇ ਨਹੀਂ ਸੋਚਦੇ; ਨਾ ਮਨੁੱਖ ਦੇ ਬੱਚੇ, ਨਾ ਪਸ਼ੂ ਦੇ ਬੱਚੇ। ਭਵਿੱਖ ਦੀ ਚਿੰਤਾ ਦੀ ਪ੍ਰਵਿਰਤੀ ਲੁਪਤ ਜਾਂ ਅਵਿਅਕਤ ਰੂਪ ਵਿੱਚ ਬੱਚਿਆਂ ਦੇ ਮਨ ਵਿੱਚ ਬੈਠੀ ਰਹਿੰਦੀ ਹੈ ਅਤੇ ਯੋਗ ਸਮੇਂ ਉੱਤੇ ਪ੍ਰਗਟ ਜਾਂ ਵਿਅਕਤ ਹੁੰਦੀ ਹੈ। ਦੋ ਸਾਲ ਦੇ ਬੱਚੇ ਨੂੰ ਕੰਧਾੜੇ ਚੁੱਕੀ ਜਾਂਦਾ ਪਿਤਾ ਜੇ ਰਾਹ ਭੁੱਲ ਗਿਆ ਹੈ ਤਾਂ ਬੱਚੇ ਨੂੰ ਚਿੰਤਾਤੁਰ ਹੋਣ ਦੀ ਨਾ ਲੋੜ ਹੈ ਨਾ ਸੋਝੀ ਹੈ। ਪਰੰਤੂ ਸੰਸਾਰ ਦੇ ਜਨ-ਸਾਧਾਰਣ ਬੱਚੇ ਨਹੀਂ ਹਨ। ਅਸੀਂ ਇਸ ਧਰਤੀ ਦੇ ਸਮਝਦਾਰ, ਆਗਿਆਕਾਰ, ਕਮਾਊ, ਸਾਊ ਅਤੇ ਜ਼ਿੰਮੇਦਾਰ ਸ਼ਹਿਰੀ ਹਾਂ। ਸਾਡਾ ਧਰਮ ਹੈ ਕਿ ਧਰਤੀ ਮਾਂ ਦੇ ਰਖਿਅਕ ਬਣ ਕੇ ਇਸ ਦਾ ਰਿਣ ਚੁਕਾਈਏ।

SIKHBOOKCLUB.COM

ਧਰਤੀ ਅਤੇ ਧਰਤੀ ਉਤਲੇ ਜੀਵਨ ਦੇ ਭਵਿੱਖ ਬਾਰੇ ਸੋਚਣ ਲਈ ਸਾਨੂੰ ਧਰਤੀ ਦੇ ਵਰਤਮਾਨ ਤੋਂ ਜਾਣੂੰ ਹੋਣ ਦੀ ਲੋੜ ਹੈ। ਇਹ ਜਾਣਨ ਦੀ ਲੋੜ ਹੈ ਕਿ ਵਰਤਮਾਨ ਵਿੱਚ ਕਿਹੜੀਆਂ ਵਧੀਕੀਆਂ ਹੋ ਰਹੀਆਂ ਹਨ ਧਰਤੀ ਉਤਲੇ ਜੀਵਨ ਨਾਲ ਅਤੇ ਕਿਹੜੀਆਂ ਅਜਿਹੀਆਂ ਸੋਚਾਂ ਹਨ ਜਿਹੜੀਆਂ ਧਰਤੀ ਉਤਲੇ ਜੀਵਨ ਨੂੰ ਰੋਗੀ ਬਣਾਉਂਦੀਆਂ ਹਨ। ਕਿਹੜੇ ਕਿਹੜੇ ਉਪਰਾਲੇ ਅਜੇਹੇ ਹਨ ਜਿਨ੍ਹਾਂ ਨੂੰ ਕੀਤਿਆਂ ਧਰਤੀ ਦਾ ਭਵਿੱਖ ਉੱਜਲ ਹੋਣ ਦੀ ਸੰਭਾਵਨਾ ਹੈ। ਇਹ ਵੀ ਹੋ ਸਕਦਾ ਹੈ ਕਿ ਜੀਵਨ ਦੀਆਂ ਭਾਵੀ ਅਹੁਰਾਂ ਬਾਰੇ ਸੋਚਦਿਆਂ ਹੋਇਆਂ ਸਾਨੂੰ ਧਰਤੀ ਦੇ ਅਤੀਤ ਵੱਲ ਵੀ ਵੇਖਣਾ ਪਵੇ। ਧਰਤੀ ਦੇ ਵੱਖ-ਵੱਖ ਭਾਗਾਂ ਵਿੱਚ ਰਹਿਣ ਵਾਲੇ ਵੱਖ-ਵੱਖ ਵਿਸ਼ਵਾਸਾਂ ਅਤੇ ਵੱਖ-ਵੱਖ ਵਿਚਾਰਾਂ ਦੇ ਉਨ੍ਹਾਂ ਆਦਮੀਆਂ ਨਾਲ ਸਾਡੀ ਭਾਵੁਕ ਅਤੇ ਵਿਚਾਰਕ ਸਾਂਝ ਬਣੇ, ਜਿਹੜੇ ਜੀਵਨ ਦੇ ਭਵਿੱਖ ਬਾਰੇ ਸੋਚਦੇ ਹਨ। ਹੋ ਸਕਦਾ ਹੈ ਉਹ ਵੀ ਅਤੇ ਅਸੀਂ ਵੀ ਆਪੋ-ਆਪਣੇ ਵਿਚਾਰਾਂ ਅਤੇ ਵਿਸ਼ਵਾਸਾਂ ਦੀ ਸੰਕੀਰਣਤਾ ਵਿੱਚੋਂ ਬਾਹਰ ਆ ਕੇ ਧਰਤੀ ਮਾਂ ਦੇ ਇੱਕੋ ਜਿਹੇ ਪੁੱਤ੍ਰ ਬਣ ਕੇ ਸੋਚਣ ਲੱਗ ਪਈਏ ਅਤੇ ਸਹਿਜੇ ਹੀ 'ਏਕੁ ਪਿਤਾ ਏਕਸ ਕੇ ਹਮ ਬਾਰਿਕ' ਦਾ ਅਪਹੁੰਚ ਆਦਰਸ਼ ਸਾਡੇ ਹਿਰਦਿਆਂ ਵਿੱਚ ਵੱਸਣ ਵਾਲੀ ਸਾਧਾਰਣ ਜਿਹੀ ਵਾਸਤਵਿਕਤਾ ਬਣ ਜਾਵੇ। ਸਵਰਗਾਂ ਦੇ ਲੋਭ, ਮੁਕਤੀਆਂ ਦੇ ਲਾਰੇ, ਯੋਗ ਦੀਆਂ ਜੁਗਤੀਆਂ, ਸਿਮਰਨ ਦੇ ਸਾਧਨ ਅਤੇ ਭਗਤੀਆਂ ਦੇ ਭੁਲੇਖੇ ਜੋ ਨਹੀਂ ਕਰ ਸਕੇ ਉਹ ਕੁਝ ਸਾਨੂੰ ਧਰਤੀ ਦੇ ਸਤਿਕਾਰ ਅਤੇ ਜੀਵਨ ਦੇ ਪਿਆਰ ਵਿੱਚੋਂ ਪ੍ਰਾਪਤ ਹੋ ਜਾਵੇ; ਜੀ ਹਾਂ, ਇਹ ਸੰਭਵ ਹੈ।

ਇਹ ਵੀ ਜ਼ਰੂਰੀ ਨਹੀਂ ਕਿ ਅਸੀਂ ਆਪਣੇ ਅਤੇ ਆਪਣੇ ਬੱਚਿਆਂ ਦੇ ਭਵਿੱਖ ਦੀ ਚਿੰਤਾ ਛੱਡ ਕੇ ਸਮੁੱਚੇ ਜੀਵਨ ਦੀ ਚਿੰਤਾ ਕਰਨੀ ਆਰੰਭ ਕਰ ਦੇਈਏ। ਅਜੇ ਸਾਡਾ ਸਮਾਜਕ ਜੀਵਨ

ਇਸ ਤਰ੍ਹਾਂ ਦਾ ਨਹੀਂ ਬਣਿਆ। ਅਜੇ ਅਸੀਂ ਸੰਘਰਸ਼ ਦੇ ਯੁਗ ਵਿੱਚੋਂ ਨਿਕਲ ਕੇ ਸਹਿਯੋਗ ਦੇ ਯੁਗ ਵਿੱਚ ਦਾਖ਼ਲ ਨਹੀਂ ਹੋਏ; ਤਾਂ ਵੀ ਬਹੁਤ ਛੇਤੀ ਅਜੇਹਾ ਹੋਣ ਵਾਲਾ ਹੈ। ਇਸ ਸੰਭਾਵਨਾ ਸੰਬੰਧੀ ਵਿਸਥਾਰ ਨਾਲ ਵਿਚਾਰ ਕਿਸੇ ਦੂਜੇ ਲੇਖ ਵਿੱਚ ਕਰਾਂਗਾ। ਏਥੇ ਸਿਰਫ਼ ਏਨਾ ਹੀ ਕਹਿਣਾ ਚਾਹੁੰਦਾ ਹਾਂ ਕਿ ਸਮੁੱਚੇ ਜੀਵਨ ਲਈ ਉਜਲੇ ਭਵਿੱਖ ਦੇ ਵਿਸ਼ਵਾਸੀ ਹੋਣ ਨਾਲ ਸਾਡੇ ਨਿੱਜੀ ਹਿੱਤਾਂ ਦੀ ਹਾਨੀ ਹੋਣ ਦੀ ਕੋਈ ਸੰਭਾਵਨਾ ਨਹੀਂ; ਇਸ ਦੇ ਉਲਟ ਇਹ ਸੰਭਵ ਹੈ ਕਿ ਸਮੁੱਚੇ ਜੀਵਨ ਦਾ ਭਲਾ ਚਾਹੁਣ ਵਾਲੇ ਲੋਕਾਂ ਦੀ ਸਹਾਇਤਾ ਨਾਲ ਅਸੀਂ ਆਪਣੇ ਨਿੱਜੀ ਹਿੱਤਾਂ ਦੀ ਰਾਖੀ ਵਧੇਰੇ ਯੋਗਤਾ ਨਾਲ ਕਰ ਸਕੀਏ।

ਪਿਛਲੇ ਕੁਝ ਸਾਲਾਂ ਵਿੱਚ ਬੋਸਨੀਆ, ਪੰਜਾਬ ਅਤੇ ਹੋਰ ਕਈ ਥਾਵਾਂ ਦੇ ਜਿਨ੍ਹਾਂ ਮਾਸੂਮ ਲੋਕਾਂ ਨੂੰ ਹੱਤਿਆ, ਹਿੰਸਾ, ਬੇ-ਹੁਰਮਤੀ ਅਤੇ ਬੇਦਰਦੀ ਦਾ ਟਾਕਰਾ ਕਰਨਾ ਪਿਆ ਹੈ, ਧਰਤੀ ਦੇ ਕਈ ਹਿੱਸਿਆਂ ਉੱਤੇ ਜਿਹੜੇ ਲੋਕ ਅੱਜ ਰੁਹਜ, ਕਲੇਸ਼ ਅਤੇ ਦੁਰਦਸ਼ਾ ਦੇ ਸ਼ਿਕਾਰ ਹਨ ਕੀ ਉਨ੍ਹਾਂ ਲਈ ਸੁਰੱਖਿਅਤ, ਸੁਖੀ ਅਤੇ ਉੱਜਵਲ ਭਵਿੱਖ ਦੀ ਕਾਮਨਾ ਕਦੇ ਨਹੀਂ ਸੀ ਕੀਤੀ ਗਈ ? ਅੱਜ ਅਸੀਂ ਸਾਰੇ ਵਿਅਕਤੀਗਤ ਰੂਪ ਵਿੱਚ ਜਿਨ੍ਹਾਂ ਬੱਚਿਆਂ ਲਈ ਉੱਜਲੇ ਭਵਿੱਖ ਦੀ ਕਾਮਨਾ ਕਰਦੇ ਹਾਂ, ਕੀ ਉਨ੍ਹਾਂ ਨਾਲ ਉਹ ਕੁਝ ਨਹੀਂ ਵਾਪਰ ਸਕਦਾ ਜੋ ਕੁਝ ਸਦਾ ਤੋਂ ਵਾਪਰਦਾ ਆ ਰਿਹਾ ਹੈ ? ਜੋ ਸਦਾ ਤੋਂ ਵਾਪਰਦਾ ਆ ਰਿਹਾ ਹੈ ਉਸ ਨੇ ਅੱਗੇ ਲਈ ਵੀ ਜੇ ਵਾਪਰਨਾ ਹੀ ਹੈ ਤਾਂ ਕਿੰਨਾ ਵੱਡਾ ਭਰਮ ਪਾਲ ਰਹੇ ਹਾਂ ਅਸੀਂ ਆਪਣੇ ਬੱਚਿਆਂ ਲਈ ਸੁਰੱਖਿਅਤ ਭਵਿੱਖ ਦੀ ਕਾਮਨਾ ਕਰ ਕੇ। ਹੀਰੋਸ਼ੀਮਾ ਅਤੇ ਨਾਗਾਸਾਕੀ ਦੇ ਹਰ ਨਾਗਰਿਕ ਦੇ ਮਾਤਾ ਪਿਤਾ ਨੇ, ਹਿਟਲਰ ਹੱਥੋਂ ਮਾਰੇ ਗਏ ਲੱਖਾਂ ਜੀਊਆਂ ਅਤੇ ਸਲਾਵਾਂ ਦੇ ਮਾਪਿਆਂ ਨੇ, ਦੱਖਣੀ ਅਫ਼ਰੀਕਾ ਦੇ ਹਰ ਹਬਸ਼ੀ ਦੇ ਬਜ਼ੁਰਗ ਨੇ, ਕਦੇ ਨਾ ਕਦੇ, ਉਨ੍ਹਾਂ ਦੇ ਸਿਰ ਉੱਤੇ ਪਿਆਰ ਦੇ ਕੇ ਉਨ੍ਹਾਂ ਨੂੰ ਪ੍ਰਸੰਨ ਲੰਮੀ ਉਮਰ ਦੀ ਅਸੀਸ ਜ਼ਰੂਰ ਦਿੱਤੀ ਹੋਵੇਗੀ।

ਇਹ ਸੋਚਣ ਵਿੱਚ ਕੀ ਬੁਰਾਈ ਹੈ ਕਿ ਇਹ ਅਸੀਸਾਂ ਵਰ ਕਿਉਂ ਨਾ ਆਈਆਂ। ਜਿਸ ਦੁਨੀਆ ਵਿੱਚ ਪ੍ਰਮਾਣੂੰ ਬੰਬਾਂ ਦੇ ਢੇਰ ਲੱਗੇ ਹੋਏ ਹਨ; ਜਿਸ ਦੁਨੀਆ ਦਾ ਹਰ ਦੇਸ਼ ਪ੍ਰਮਾਣੂੰ ਬੰਬਾਂ ਦੇ ਨਿਰਮਾਣ ਵਿੱਚ ਆਪਣੇ ਗੌਰਵ ਅਤੇ ਆਪਣੀ ਸੰਸਕ੍ਰਿਤੀ ਦੀ ਰਾਖੀ ਦਾ ਵਿਸ਼ਵਾਸੀ ਹੈ; ਜਿਸ ਦੁਨੀਆ ਵਿੱਚ ਹਰ ਦੇਸ਼ ਦੂਜੇ ਦੇਸ਼ ਨੂੰ ਤਹਿਸ-ਨਹਿਸ ਕਰਨ ਦਾ ਪੂਰਾ ਅਧਿਕਾਰ ਰੱਖਦਾ ਹੈ; ਜਿਸ ਦੁਨੀਆ ਵਿੱਚ ਸਾਇੰਸ ਦੀਆਂ ਕਾਢਾਂ ਮਨੁੱਖਾਂ ਨੂੰ ਬੇ-ਕਾਰ ਅਤੇ ਬੇ-ਰੋਜ਼ਗਾਰ ਕਰੀ ਜਾ ਰਹੀਆਂ ਹਨ; ਜਿਸ ਦੁਨੀਆ ਵਿੱਚ ਜੁਰਮ ਵਾਧੇ ਉੱਤੇ ਹੈ; ਜਿਸ ਦੁਨੀਆ ਵਿੱਚ ਦੇਸ਼ ਭਗਤੀ ਦੇ ਨਾਂ ਉੱਤੇ ਨਿਰਦੋਸ਼ਾਂ ਨੂੰ ਮਾਰਨਾ 'ਦੇਸ਼ ਲਈ ਮਰ ਮਿਟਣਾ' ਆਖਿਆ ਜਾਂਦਾ ਹੈ; ਜਿਸ ਦੁਨੀਆ ਦੀ ਹਵਾ ਦੂਸ਼ਤ ਹੈ; ਜਿਸ ਦੁਨੀਆ ਦੇ ਸਾਗਰਾਂ ਦਾ ਪਾਣੀ ਵਿਸ਼ੈਲਾ ਹੁੰਦਾ ਜਾ ਰਿਹਾ ਹੈ; ਜਿਸ ਦੁਨੀਆ ਵਿੱਚ ਨਿਊਕਲੀਅਰ ਪਾਵਰ ਸਟੇਸ਼ਨਾਂ ਦੇ ਨਾਂ ਉੱਤੇ ਕੈਂਸਰ ਅਤੇ ਲਿਊਕੀਮੀਆ ਦੇ ਪ੍ਰਸਾਰ ਕੇਂਦਰ ਉਸਾਰੇ ਜਾ ਰਹੇ ਹਨ; ਜਿਸ ਦੁਨੀਆ ਦੇ ਰੱਬੋ ਰਹੀਮ ਦੀ ਪ੍ਰਸੰਨਤਾ ਹੱਤਿਆ ਨਾਲ ਹਾਸਲ ਕਰਨ ਦਾ ਵਿਸ਼ਵਾਸ ਹੈ; ਜਿਸ ਦੁਨੀਆ ਦੇ ਲੋਕ ਸੰਸਕ੍ਰਿਤੀ ਦੇ ਨਾਂ ਉੱਤੇ ਨਫ਼ਰਤ ਕਰਦੇ ਹਨ; ਉਸ ਦੁਨੀਆ ਵਿੱਚ ਨਿਰੀ ਸ਼ੁਭ ਕਾਮਨਾ ਕਾਫ਼ੀ ਨਹੀਂ। ਇਹ ਵੀ ਜ਼ਰੂਰੀ ਹੈ ਕਿ ਅਸੀਂ ਸੋਚੀਏ ਕਿ ਸਾਡੀਆਂ ਸ਼ੁਭ ਕਾਮਨਾਵਾਂ ਸੁੰਦਰ ਸਿੱਟੇ ਕਿਉਂ ਨਹੀਂ ਕੱਢਦੀਆਂ।

•

# ਮਨੁੱਖ ਦਾ ਸਭਿਆਚਾਰਕ ਵਿਰਸਾ

ਧਰਤੀ ਉਤਲਾ ਮਨੁੱਖੀ ਜੀਵਨ ਤਿੰਨ ਇਤਿਹਾਸਕ ਪੜਾਵਾਂ ਵਿੱਚ ਵੰਡਿਆ ਜਾ ਸਕਦਾ ਹੈ। ਇਹ ਤਿੰਨ ਪੜਾਅ ਹਨ: (1) ਜੰਗਲੀ ਜੀਵਨ; (2) ਕਿਸਾਨਾ ਜੀਵਨ; ਅਤੇ (3) ਸਨਅਤੀ ਜੀਵਨ। ਇਨ੍ਹਾਂ ਤਿੰਨ ਪੜਾਵਾਂ ਨੂੰ ਅੱਗੇ ਕਈ ਹੋਰ ਪੜਾਵਾਂ ਵਿੱਚ ਵੰਡਿਆ ਜਾਂਦਾ ਹੈ—ਜਿਵੇਂ ਪੱਥਰ ਕਾਲ, ਪੂਰਵ ਧਾਤੂ ਕਾਲ, ਧਾਤੂ ਕਾਲ, ਉੱਤਰ ਧਾਤੂ ਕਾਲ, ਪੂਰਨ ਇਤਿਹਾਸਕ ਕਾਲ ਅਤੇ ਇਤਿਹਾਸਕ ਕਾਲ, ਆਦਿਕ। ਮਨੁੱਖ ਦੇ ਸਮਾਜਕ, ਸਭਿਆਚਾਰਕ, ਆਰਥਕ, ਰਾਜਨੀਤਕ, ਧਾਰਮਕ ਅਤੇ ਸਦਾਚਾਰਕ ਵਿਕਾਸ ਨੂੰ ਸਮਝਣ ਸਮਝਾਉਣ ਲਈ ਇਹ ਵੰਡਾਂ ਅਤੇ ਉਪਵੰਡਾਂ ਜ਼ਰੂਰੀ ਹਨ।

ਭਾਰਤ ਵਿੱਚ ਮਨੁੱਖਤਾ ਦੇ ਸਮਾਜਕ ਇਤਿਹਾਸ ਨੂੰ ਚਾਰ ਵੰਡਾਂ ਵਿੱਚ ਵੰਡ ਕੇ ਸਤਯੁਗ, ਤ੍ਰੇਤਾ, ਦੁਆਪਰ ਅਤੇ ਕਲਯੁਗ ਦੇ ਨਾਂ ਦਿੱਤੇ ਗਏ ਹਨ। ਇਹ ਵੰਡਾਂ ਸਮੁੱਚੇ ਮਨੁੱਖੀ ਜੀਵਨ ਦੇ ਇਤਿਹਾਸ ਦੀਆਂ ਵੰਡਾਂ ਨਹੀਂ ਹਨ। ਇਹ ਕੇਵਲ ਸਭਿਅ ਸਮਾਜਕ ਜੀਵਨ ਦੀਆਂ ਵੰਡਾਂ ਹਨ। ਇਨ੍ਹਾਂ ਵਿੱਚੋਂ ਪਹਿਲੀਆਂ ਤਿੰਨ ਵੰਡਾਂ ਕਿਸਾਨੇ ਸਮਾਜ ਨਾਲ ਸੰਬੰਧਤ ਹਨ ਅਤੇ ਚੌਥੀ ਵੰਡ ਸਨਅਤੀ ਸਮਾਜਕ ਜੀਵਨ ਵੱਲ ਸੰਕੇਤ ਕਰਦੀ ਹੈ। ਭਾਰਤੀ ਸੋਚ ਵਿੱਚ ਮਨੋਵਿਗਿਆਨ ਨੂੰ ਕੁਝ ਥਾਂ ਪ੍ਰਾਪਤ ਰਹੀ ਹੈ। ਇਸ ਦਾ ਨਤੀਜਾ ਇਹ ਹੋਇਆ ਹੈ ਕਿ ਸਤਯੁਗ, ਤ੍ਰੇਤਾ, ਆਦਿਕ ਵਿੱਚ ਸਮਾਜਕ, ਰਾਜਨੀਤਕ ਅਤੇ ਆਰਥਕ ਵਰਤਾਰਿਆਂ ਵਿੱਚ ਹੋਣ ਵਾਲੀਆਂ ਤਬਦੀਲੀਆਂ ਦੇ ਨਾਲ ਨਾਲ ਮਨੁੱਖੀ ਮਾਨਸਿਕਤਾ ਉੱਤੇ ਪੈਣ ਵਾਲੇ ਪ੍ਰਭਾਵਾਂ ਦਾ ਵੀ ਕੁਝ ਵਰਣਨ ਕੀਤਾ ਜਾਂਦਾ ਰਿਹਾ ਹੈ।

ਹਰ ਯੁਗ ਦੇ ਸਮਾਜਕ-ਆਰਥਕ-ਰਾਜਨੀਤਕ-ਧਾਰਮਕ ਹਾਲਾਤ ਮਨੁੱਖੀ ਮਨ ਉੱਤੇ ਵੱਖਰੇ-ਵੱਖਰੇ ਪ੍ਰਭਾਵ ਪਾ ਕੇ ਉਸ ਨੂੰ ਵੱਖ-ਵੱਖ ਪ੍ਰਕਾਰ ਦੀਆਂ ਸੋਚਾਂ ਅਤੇ ਧਾਰਨਾਵਾਂ ਦੇ ਧਾਰਨੀ ਬਣਾਉਂਦੇ ਆਏ ਹਨ। ਇਨ੍ਹਾਂ ਵਿਚਾਰਾਂ, ਵਿਸ਼ਵਾਸਾਂ, ਭਾਵਨਾਵਾਂ ਅਤੇ ਪਰਵਿਰਤੀਆਂ ਅਧੀਨ ਵਰਤਦਾ ਅਤੇ ਵਿਚਰਦਾ ਹੋਇਆ ਮਨੁੱਖ ਅਨੇਕ ਪ੍ਰਕਾਰ ਦੀਆਂ ਪੂਜਾ-ਪ੍ਰਣਾਲੀਆਂ ਅਤੇ ਯੱਗਾਂ ਹਵਨਾਂ ਦੇ ਵਿਧੀ ਵਿਧਾਨ ਥਾਪਦਾ ਆਇਆ ਹੈ; ਵੱਡੇ ਵੱਡੇ ਕਿਲ੍ਹਿਆਂ, ਮਹੱਲਾਂ, ਮਕਬਰਿਆਂ, ਮੰਦਰਾਂ, ਮਸਜਿਦਾਂ, ਗਿਰਜਿਆਂ ਅਤੇ ਗੁਰਦਵਾਰਿਆਂ ਦੀ ਉਸਾਰੀ ਕਰਦਾ ਆਇਆ ਹੈ। ਇਸ ਸਾਰੇ ਨਿਕ-ਸੁਕ ਨੂੰ ਮਨੁੱਖ ਦਾ ਸਭਿਆਚਾਰਕ ਵਿਰਸਾ ਆਖਿਆ ਜਾਂਦਾ ਹੈ। ਹੋਵੇਗਾ; ਪਰ ਮੈਂ ਇਸ ਲੇਖ ਵਿੱਚ ਇਸ ਵਿਰਸੇ ਦੀ ਗੱਲ ਨਹੀਂ ਕਰ ਰਿਹਾ।

ਸਭਿਅਤਾ ਦੇ ਤਿੰਨਾਂ ਪੜਾਵਾਂ ਉੱਤੋਂ ਲੰਘਦੇ ਹੋਏ ਮਨੁੱਖ ਨੇ ਆਪਣੀਆਂ ਲੋੜਾਂ, ਪਰਵਿਰਤੀਆਂ, ਆਪਣੇ ਵਿਚਾਰਾਂ, ਵਿਸ਼ਵਾਸਾਂ ਅਤੇ ਭਾਵਾਂ, ਆਪਣੇ ਡਰਾਂ, ਸਹਿਮਾਂ ਅਤੇ ਸੁਪਨਿਆਂ ਅਨੁਸਾਰ ਆਪਣੀ ਮਾਨਸਿਕਤਾ ਦੀ ਘਾੜਤ ਘੜੀ ਹੈ। ਉਸ ਦਾ ਮਨ ਨਿਰੋਲ ਪਸ਼ੂ-ਮਨ ਤੋਂ ਅਜੋਕਾ ਮਨੁੱਖੀ-ਮਨ ਬਣਿਆ ਹੈ। ਯੁਗਾਂ ਯੁਗਾਂਤਰਾਂ ਦੀ ਇਤਿਹਾਸਕ ਯਾਤਰਾ ਨੇ ਮਨੁੱਖੀ ਮਨ ਨੂੰ ਜੋ ਕੁਝ ਦਿੱਤਾ ਹੈ, ਉਸ ਨੂੰ ਮੈਂ ਮਨੁੱਖ ਦਾ ਸਭਿਆਚਾਰਕ ਵਿਰਸਾ ਕਹਿ

ਰਿਹਾ ਹਾਂ। ਆਧੁਨਿਕ ਮਨੁੱਖ ਦਾ ਆਚਾਰ-ਆਚਰਣ ਇਸੇ ਵਿਰਸੇ ਨੇ ਉਪਜਾਇਆ-ਵਿਕਸਾਇਆ ਹੈ। ਇਸ ਵਿਰਸੇ ਦਾ ਇਤਿਹਾਸ ਬਹੁਤ ਲੰਮਾ ਨਹੀਂ। ਇਹ ਇਤਿਹਾਸ ਕਿਸਾਨੇ ਯੁਗ ਨਾਲ ਆਰੰਭ ਹੁੰਦਾ ਹੈ। ਸ਼ਿਕਾਰੀ ਮਨੁੱਖ ਨਿਰਾ ਪਸ਼ੂ ਸੀ। ਉਹ ਪਸ਼ੂ ਵਾਂਗ ਚਿੰਤਾ-ਮੁਕਤ ਅਤੇ ਸਾਹਸੀ ਸੀ। ਉਸ ਦੀ ਬੋਲੀ ਅਤੇ ਉਸ ਦੇ ਹੱਥ ਉਸ ਨੂੰ ਸੱਭਿਅ, ਸਾਊ, ਸਮਾਜਕ ਜੀਵਨ ਜੀਣ ਦੀ ਪ੍ਰੇਰਨਾ ਦਿੰਦੇ ਸਨ। ਇਹ ਪ੍ਰੇਰਨਾ ਉਸ ਦੀ ਪਰਵਿਰਤੀ ਵਿੱਚ ਸੀ ਜਿਸ ਨੂੰ ਅਣਗੌਲੀ ਕਰਨਾ ਉਸ ਲਈ ਸੰਭਵ ਨਹੀਂ ਸੀ। ਇਸ ਪ੍ਰੇਰਨਾ ਅਧੀਨ ਉਸ ਨੇ ਸਾਹਸੀ ਸ਼ਿਕਾਰੀ ਜੀਵਨ ਤਿਆਗ ਕੇ ਅਕਾਊ ਥਕਾਊ ਕਿਸਾਨਾ ਜੀਵਨ ਆਪਣਾ ਲਿਆ। ਉਦੋਂ ਸ਼ੋਸ਼ਣ, ਮੁਨਾਫ਼ਾਖ਼ੋਰੀ, ਰਾਸ਼ਟਰਵਾਦ ਜਾਂ ਦੇਸ਼-ਭਗਤੀ, ਕੌਮੀ ਦੁਸ਼ਮਣੀ ਅਤੇ ਪ੍ਰੋਹਿਤਵਾਦ ਵਰਗੀਆਂ ਬੁਰਾਈਆਂ ਨੇ ਜਨਮ ਨਹੀਂ ਸੀ ਲਿਆ। ਆਪਣੇ ਚੌਗਿਰਦੇ ਨਾਲ ਨਵੀਂ ਸਭਿਅ, ਸਾਊ ਅਤੇ ਸਹਿਯੋਗੀ ਸਾਂਝ ਪਾ ਕੇ ਮਨੁੱਖ ਪ੍ਰਸੰਨ ਸੀ; ਇਸ ਮਿੱਤ੍ਰਤਾ ਦੇ ਮੁੱਲ ਵਜੋਂ ਕਰੜੀ ਮਿਹਨਤ, ਲੰਮੀ ਉਡੀਕ ਅਤੇ ਥੋੜੀ ਬਹੁਤੀ ਅਨਿਸਚਿਤਤਾ ਦਾ ਜੀਵਨ ਉਸ ਨੂੰ ਪਰਵਾਨ ਸੀ। ਕਿਸਾਨੇ ਜੀਵਨ ਦੇ ਇਸ ਆਰੰਭਕ ਪੜਾਅ ਨੂੰ ਹੀ (ਸ਼ਾਇਦ) ਸਤਯੁਗ ਜਾਂ ਕ੍ਰਿਤਯੁਗ ਆਖਿਆ ਗਿਆ ਹੈ। ਸਾਰੇ ਅਧਿਆਤਮਵਾਦੀ ਸਿਧਾਂਤਾਂ ਦੀ ਜੜ੍ਹ ਇਸੇ ਯੁਗ ਵਿੱਚ ਹੈ; ਵਧੇ-ਫੁੱਲੇ ਇਹ ਜ਼ਰਾ ਅਗੇਰੇ ਆ ਕੇ ਹਨ।

'ਜ਼ਰਾ ਅਗੇਰੇ ਆ ਕੇ' ਦਾ ਭਾਵ ਹੈ, ਉਦੋਂ ਜਦੋਂ ਸਮਾਜ ਵੱਡੇ ਵੱਡੇ ਰਾਜਾਂ ਅਤੇ ਸ਼ਕਤੀਸ਼ਾਲੀ ਰਾਸ਼ਟਰਾਂ ਵਿੱਚ ਬਦਲ ਚੁਕੇ ਸਨ; ਜਦੋਂ ਸਮਾਜਾਂ ਵਿੱਚ ਕਠੋਰ ਸ਼੍ਰੇਣੀ ਵੰਡ ਜਨਮ ਲੈ ਚੁਕੀ ਸੀ; ਜਦੋਂ ਦੂਜਿਆਂ ਦੀ ਕਮਾਈ ਉੱਤੇ ਜੀਊਣਾ ਸੁਖਦਾਇਕ ਹੋਣ ਦੇ ਨਾਲ ਨਾਲ ਸਤਿਕਾਰਯੋਗ ਵੀ ਸਮਝਿਆ ਜਾਣ ਲੱਗ ਪਿਆ ਸੀ; ਜਦੋਂ ਰਾਜਿਆਂ ਅਤੇ ਦਰਬਾਰੀਆਂ ਲਈ ਸਵਰਗੀ ਸੁੱਖਾਂ ਦੀ ਉਸਾਰੀ ਅਤੇ ਇਨ੍ਹਾਂ ਦੇ ਪਾਸ਼ਵਿਕ ਆਨੰਦ, ਯੁੱਧ ਦੀ ਤਿਆਰੀ ਵਿੱਚੋਂ ਬਚਿਆ ਹੋਇਆ ਧਨ, ਉਨ੍ਹਾਂ ਲੋਕਾਂ ਲਈ ਕਾਫ਼ੀ ਨਹੀਂ ਸੀ ਹੁੰਦਾ, ਜਿਹੜੇ ਉਸ ਧਨ ਨੂੰ ਉਪਜਾਊਣ ਦੀ ਕਿਰਿਆ ਕਰਦੇ ਸਨ। ਇਸ ਅਨਿਆਏ-ਪੂਰਨ ਸਮਾਜਕ ਸਥਿਤੀ ਵਿੱਚੋਂ ਚੰਗਾ ਮੰਦਾ ਬਹੁਤ ਕੁਝ ਉਪਜਿਆ ਹੈ। ਕਲਾ ਦਾ ਵਿਕਾਸ ਹੋਇਆ ਹੈ; ਅਧਿਆਤਮਕ ਸਿਧਾਂਤ ਆਪਣੀ ਪਰਪੱਕਤਾ ਨੂੰ ਪੁੱਜੇ ਹਨ; ਰਾਜ-ਕਾਜ ਨੂੰ ਸੌਖਾ ਕਰਨ ਲਈ ਅਤੇ ਅਸੰਤੁਸ਼ਟ ਜਨ-ਸਾਧਾਰਣ ਨੂੰ ਆਪਣੀ ਹੀਣ ਦਸ਼ਾ ਵੱਲੋਂ ਬੇ-ਖ਼ਬਰ ਜਾਂ ਅਣਜਾਣ ਰੱਖਣ ਲਈ ਅਨੇਕ ਪ੍ਰਕਾਰ ਦੇ ਅਵਿਗਿਆਨਿਕ ਅਤੇ ਅਲੌਕਿਕ ਵਿਸ਼ਵਾਸਾਂ ਦੀ ਘਾੜਤ ਘੜੀ ਗਈ ਹੈ। ਅੱਜ ਜਦੋਂ ਕਿਸਾਨੇ ਸਮਾਜ ਆਪਣੀ ਉੱਨਤੀ ਦੀ ਸਿਖਰ ਛੂਹ ਕੇ ਪਤਨ ਵੱਲ ਵਧ ਰਹੇ ਹਨ ਅਤੇ ਆਪਣੀ ਰੱਖਿਆ-ਸੁਰੱਖਿਆ ਲਈ ਸਨਅਤੀ ਸਮਾਜਾਂ, ਸਨਅਤ ਅਤੇ ਵਿਗਿਆਨ ਉੱਤੇ ਨਿਰਭਰ ਕਰ ਰਹੇ ਹਨ, ਅਸੀਂ ਇਹ ਅੰਦਾਜ਼ਾ ਲਾ ਸਕਦੇ ਹਾਂ ਕਿ ਕਿਸਾਨੇ ਯੁਗ ਦੇ ਪ੍ਰਬੰਧਾਂ ਨੇ ਮਨੁੱਖੀ ਜੀਵਨ ਵਿੱਚ ਉਹ ਕਿਹੜੀਆਂ ਬੁਰਾਈਆਂ ਅਤੇ ਕੁਰੂਪਤਾਵਾਂ ਪੈਦਾ ਕੀਤੀਆਂ ਹਨ, ਜਿਨ੍ਹਾਂ ਦੇ ਨਤੀਜੇ ਵਜੋਂ ਅੱਜ ਇਨ੍ਹਾਂ ਸਮਾਜਾਂ ਦਾ ਸਿਰ ਨੀਵਾਂ ਹੋ ਰਿਹਾ ਹੈ।

ਕਿਸਾਨੇ ਯੁਗ ਵਿੱਚ ਤਿੰਨ ਪ੍ਰਬੰਧ ਪ੍ਰਮੁੱਖ ਸਨ : ਪਹਿਲਾ ਰਾਜ ਪ੍ਰਬੰਧ; ਦੂਜਾ ਆਰਥਕ ਪ੍ਰਬੰਧ; ਅਤੇ ਤੀਜਾ ਅਧਿਆਤਮਕ ਪ੍ਰਬੰਧ। ਵਿੱਦਿਆ, ਸਿਹਤ, ਕਾਰੋਬਾਰੀ ਸਿਖਲਾਈ, ਆਵਾਜਾਈ ਅਤੇ ਸੰਚਾਰ ਆਦਿਕ ਲੋਕਾਂ ਦੀ ਆਪਣੀ ਚਿੰਤਾ ਸੀ; ਇਨ੍ਹਾਂ ਦਾ ਪ੍ਰਬੰਧ ਨਹੀਂ ਸੀ। ਕਿਸਾਨੇ ਯੁਗ ਦੇ ਰਾਜਨੀਤਕ ਪ੍ਰਬੰਧ ਨੇ ਕੌਮਾਂਤਰੀ ਵੈਰ-ਵਿਰੋਧ, ਯੁੱਧ ਜਾਂ ਧਰਮ-ਯੁੱਧ, ਹਿੰਸਾ-ਹੱਤਿਆ ਨੂੰ ਕੁਰਬਾਨੀ ਅਤੇ ਬਹਾਦਰੀ ਦਾ ਰੁਤਬਾ ਦੇਣ ਦਾ 'ਪਾਗਲਪਨ' ਪੈਦਾ ਕੀਤਾ ਹੈ। ਇਹ ਪਾਗਲਪਨ ਕਿਸਾਨੇ ਸਮਾਜਾਂ ਦਾ ਪਿੱਛਾ ਛੱਡਣ ਦਾ ਨਾਂ ਨਹੀਂ ਲੈਂਦਾ। ਇਸ ਦੇ ਨਾਲ

WWW.SIKHBOOKCLUB.COM 

ਨਾਲ ਕਿਸਾਨੇ ਰਾਜ-ਪ੍ਰਬੰਧ ਨੇ ਰਾਜ ਦੇ ਪ੍ਰਬੰਧਕਾਂ ਵਿੱਚ ਉਹ 'ਕਮੀਣਾਪਨ' ਪੈਦਾ ਕੀਤਾ ਹੈ, ਜਿਸ ਦੀ ਸਹਾਇਤਾ ਨਾਲ ਉਹ ਗਰੀਬੀ, ਭੁੱਖਮਰੀ ਅਤੇ ਜਹਾਲਤ ਵਿੱਚ ਵੱਸਦੇ ਜਨ-ਸਾਧਾਰਣ ਦੇ ਸਾਹਮਣੇ ਮਹਿਲਾਂ ਵਿੱਚ ਰਹਿਣ ਦੀ, ਮਰਮਰੀ ਮਕਬਰਿਆਂ ਵਿੱਚ ਦਫ਼ਨਾਏ ਜਾਣ ਦੀ ਅਤੇ ਆਪਣੇ ਦਰਬਾਰਾਂ ਨੂੰ ਇੰਦਰ ਦੇ ਅਖਾੜੇ ਬਣਾਉਣ ਦੀ ਬੇਸ਼ਰਮੀ ਕਰਨ ਵਿੱਚ ਸਫ਼ਲ ਹੋਏ ਹਨ। ਇਹ 'ਕਮੀਣਾਪਨ' ਉਪਰੋਕਤ ਪਾਗਲਪਨ ਦੇ ਟਾਕਰੇ ਵਿੱਚ ਕਿਤੇ ਬਹੁਤਾ ਵਿਕਾਸ ਕਰ ਰਿਹਾ ਹੈ।

ਕਿਸਾਨੇ ਯੁਗ ਦੇ ਆਰਥਕ ਪ੍ਰਬੰਧ ਨੇ ਕੰਗਾਲੀ ਅਤੇ ਭੁੱਖਮਰੀ ਦਿੱਤੀ ਹੈ। ਇਸ ਵਿੱਚ ਆਰਥਕ ਪ੍ਰਬੰਧ ਦੇ ਨਾਲ-ਨਾਲ ਪੈਦਾਵਾਰ ਦੇ ਕਿਸਾਨੀ ਤਰੀਕੇ ਦੀ ਅਯੋਗਤਾ ਵੀ ਜ਼ਿੰਮੇਵਾਰ ਹੈ। ਪੈਦਾਵਾਰ ਦੇ ਵਸੀਲਿਆਂ ਵਿੱਚ ਕਿਸੇ ਪ੍ਰਕਾਰ ਦੇ ਵਿਕਾਸ ਵੱਲ ਕੋਈ ਧਿਆਨ ਦਿੱਤੇ ਬਿਨਾਂ ਮਹਿਲਾਂ, ਮਕਬਰਿਆਂ, ਮੰਦਰਾਂ, ਮਸੀਤਾਂ, ਗਿਰਜਿਆਂ, ਗੁਰਦਵਾਰਿਆਂ ਅਤੇ ਕਿਲ੍ਹਿਆਂ ਉੱਤੇ ਬੇ-ਓੜਕਾ ਧਨ ਖ਼ਰਚ ਕੇ ਜਨ-ਸਾਧਾਰਣ ਦੇ ਘਰਾਂ ਨੂੰ ਕੁੱਲੀਆਂ, ਕੋਠੜੀਆਂ ਦਾ ਰੂਪ ਧਾਰੀ ਰੱਖਣ ਦੀ ਮਜਬੂਰੀ ਬਣਾਈ ਰੱਖਣ ਵਿੱਚ ਕਿਸਾਨੇ ਆਰਥਕ ਪ੍ਰਬੰਧ ਨੇ ਕਦੇ ਕੋਈ ਸ਼ਰਮਿੰਦਗੀ ਮਹਿਸੂਸ ਨਹੀਂ ਕੀਤੀ। ਅੱਜ ਵੀ ਕਿਸਾਨੇ ਸਮਾਜਾਂ ਵਿੱਚਲੇ ਮਹਿਲ-ਮਾੜੀਆਂ ਨੂੰ ਕੁੱਲੀਆਂ ਝੋਂਪੜੀਆਂ ਦੇ ਗੁਆਂਢੀ ਹੋਣ ਵਿੱਚ ਕੋਈ ਮਿਹਣਾ ਨਹੀਂ।

ਮਿਸਰੀ, ਯੂਨਾਨੀ, ਈਰਾਨੀ, ਰੋਮਨ, ਟਰਕਿਸ਼, ਸੀਰੀਅਨ, ਮੈਸੋ-ਪੋਟੇਮੀਅਨ ਅਤੇ ਬੈਬੀਲੋਨੀਅਨ ਆਦਿਕ ਸਾਰੀਆਂ ਸਭਿਆਤਾਵਾਂ ਜਿਨ੍ਹਾਂ ਨੂੰ ਸੰਸਾਰ ਦੇ ਅਜੂਬਿਆਂ ਦੇ ਨਿਰਮਾਣ ਦਾ ਗੌਰਵ ਪ੍ਰਾਪਤ ਹੈ, ਕਿਸਾਨੇ ਆਰਥਕ ਪ੍ਰਬੰਧ ਦੀ ਉਪਜ ਸਨ। ਹਰ ਸਭਿਅਤਾ ਆਪਣੇ ਗੁਲਾਮਾਂ ਦੀ ਗਿਣਤੀ ਉੱਤੇ ਮਾਣ ਕਰਦੀ ਆਈ ਹੈ ਅਤੇ ਇਸ ਗਿਣਤੀ ਨੂੰ ਵਧਾਉਣ ਲਈ ਗੁਆਂਢੀ ਦੇਸ਼ਾਂ ਨੂੰ ਤਹਿਸ-ਨਹਿਸ ਕਰਦੀ ਆਈ ਹੈ। ਗੁਲਾਮਾਂ ਦੀ ਗਿਣਤੀ ਇੱਕ ਹੱਦ ਤੋਂ ਵੱਧ ਹੋ ਜਾਣ ਦੀ ਹਾਲਤ ਵਿੱਚ ਉਚੇਚੇ ਉਤਸਵਾਂ ਦਾ ਪ੍ਰਬੰਧ ਕਰ ਕੇ ਬੇ-ਲੋੜੇ ਗੁਲਾਮਾਂ ਨੂੰ ਕਤਲ ਕਰਨ ਦੇ ਨਾਲ-ਨਾਲ 'ਦੇਸ਼ ਨਿਕਾਲਿਆਂ' ਅਤੇ 'ਵਿਕਰੀਆਂ' ਦੇ ਤਰੀਕੇ ਵੀ ਵਰਤੇ ਜਾਂਦੇ ਰਹੇ ਹਨ। ਹਿੰਦੁਸਤਾਨ ਦੀ ਇੱਕ ਚੌਥਾਈ ਆਬਾਦੀ ਨੂੰ ਸ਼ੂਦਰ-ਪਦ ਪ੍ਰਦਾਨ ਕਰਨ ਦਾ ਕ੍ਰਿਸ਼ਮਾ ਕਿਸਾਨੇ ਯੁਗ ਦੀ ਪ੍ਰਮੁੱਖ ਪ੍ਰਾਪਤੀ ਆਖੀ ਜਾ ਸਕਦੀ ਹੈ। ਗ਼ਰੀਬੀ, ਭੁੱਖਮਰੀ, ਜਹਾਲਤ, ਮੁਥਾਜੀ, ਹੀਣਤਾ ਅਤੇ ਦਾਸਤਾ ਕਿਸਾਨੀ ਆਰਥਿਕਤਾ ਦੀ ਦੇਣ ਹਨ। ਇਨ੍ਹਾਂ ਸਾਰਿਆਂ ਨੂੰ ਆਪਣੀ ਲਪੇਟ ਵਿੱਚ ਲੈ ਸਕਣ ਵਾਲਾ ਕੋਈ ਇੱਕ ਸ਼ਬਦ ਪੰਜਾਬੀ ਬੋਲੀ ਵਿੱਚ ਮੈਨੂੰ ਨਹੀਂ ਲੱਭ ਰਿਹਾ। ਅੰਗਰੇਜ਼ੀ ਭਾਸ਼ਾ ਦਾ ਸ਼ਬਦ 'ਮਿਜ਼ਰੀ' (Misery) ਇਨ੍ਹਾਂ ਸਾਰਿਆਂ ਦੇ ਰਲੇ-ਮਿਲੇ ਪ੍ਰਭਾਵ ਨੂੰ ਪ੍ਰਗਟ ਕਰਨ ਦੇ ਸਮਰੱਥ ਹੈ। ਇਸ ਲਈ ਇਸ ਅੰਗਰੇਜ਼ੀ ਸ਼ਬਦ ਦੀ ਵਰਤੋਂ ਕਰਨ ਦੀ ਖੁੱਲ੍ਹ ਲੈਂਦਾ ਹੋਇਆ ਕਹਿਣਾ ਚਾਹੁੰਦਾ ਹਾਂ ਕਿ ਕਿਸਾਨੇ ਅਰਥ ਪ੍ਰਬੰਧ ਵਿੱਚੋਂ ਮਨੁੱਖ ਮਾਤਰ ਲਈ 'ਮਿਜ਼ਰੀ' ਉਪਜੀ ਹੈ।

ਹੋ ਸਕਦਾ ਹੈ ਮੇਰੇ ਪਾਠਕਾਂ ਵਿੱਚੋਂ ਕੁਝ ਇੱਕ ਇਹ ਕਹਿਣ ਕਿ ਮੈਂ ਕਿਸਾਨੇ ਅਰਥ-ਪ੍ਰਬੰਧ ਨੂੰ ਐਵੇਂ ਹੀ ਕੋਸ ਰਿਹਾ ਹਾਂ। ਉਨ੍ਹਾਂ ਸਮਿਆਂ ਵਿੱਚ ਹਾਲਾਤ ਹੀ ਅਜੇਹੇ ਸਨ ਕਿ ਇਸ ਤੋਂ ਚੰਗੇਰਾ ਕੁਝ ਹੋ ਹੀ ਨਹੀਂ ਸੀ ਸਕਦਾ। ਮੈਂ ਇਸ ਗੱਲ ਨਾਲ ਬਿਲਕੁਲ ਸਹਿਮਤ ਹਾਂ ਕਿ ਉਨ੍ਹਾਂ ਸਮਿਆਂ ਵਿੱਚ ਇਸ ਤੋਂ ਚੰਗਾ ਕੁਝ ਨਹੀਂ ਸੀ ਹੋ ਸਕਦਾ; ਪਰ ਮੈਂ ਇਸ ਇਲਜ਼ਾਮ ਨਾਲ ਸਹਿਮਤ ਨਹੀਂ ਕਿ ਮੈਂ ਕਿਸਾਨੇ ਅਰਥ-ਪ੍ਰਬੰਧ ਨੂੰ ਕੋਸ ਰਿਹਾ ਹਾਂ। ਮੈਂ ਕੋਸ ਨਹੀਂ ਰਿਹਾ, ਸਗੋਂ ਉਸ ਅਰਥ-ਪ੍ਰਬੰਧ ਵਿੱਚੋਂ ਪੈਦਾ ਹੋਈ ਮਾਨਸਿਕਤਾ ਨੂੰ ਸਮਝਣ ਦਾ ਜਤਨ ਕਰ ਰਿਹਾ ਹਾਂ; ਅਤੇ ਇਹ ਇਸ ਲਈ ਕਿ ਆਧੁਨਿਕ ਮਨੁੱਖਾਂ ਦੀ ਬਹੁਤ ਵੱਡੀ ਗਿਣਤੀ ਉਸ ਮਾਨਸਿਕਤਾ ਦੁਆਰਾ ਪ੍ਰੇਰਿਤ ਹੈ।

ਕਿਸਾਨੇ ਯੁਗ ਦਾ ਤੀਜਾ ਪ੍ਰਮੁੱਖ ਪ੍ਰਬੰਧ ਹੈ ਧਾਰਮਕ ਜਾਂ ਅਧਿਆਤਮਕ ਪ੍ਰਬੰਧ। ਕਿਸਾਨੇ ਯੁਗ ਦੇ ਇਸ ਪ੍ਰਮੁੱਖ ਪ੍ਰਬੰਧ ਨੇ ਮਨੁੱਖੀ ਮਾਨਸਿਕਤਾ ਨੂੰ 'ਕਮੀਣੇਪਨ' ਦੀ ਦਾਤ ਦਿੱਤੀ ਹੈ। ਸ਼ਬਦ 'ਕਮੀਣਾਪਨ' ਕੁਝ ਅਸਾਹਿਤਿਕ ਅਤੇ ਅਸਭਿਅ ਜਿਹਾ ਹੈ। ਵਿਚਾਰਸ਼ੀਲਤਾ ਨਾਲ ਸੰਬੰਧ ਰੱਖਣ ਵਾਲੀਆਂ ਲਿਖਤਾਂ ਵਿੱਚ ਇਹ ਬਹੁਤਾ ਸੋਭਦਾ ਨਹੀਂ। ਇਸ ਸ਼ਬਦ ਨੂੰ ਮੈਂ ਅੰਗਰੇਜ਼ੀ ਭਾਸ਼ਾ ਦੇ ਸ਼ਬਦ 'ਮੀਨਨੈਸ' (Meanness) ਦੇ ਅਰਥਾਂ ਵਿੱਚ ਵਰਤ ਰਿਹਾ ਹਾਂ। ਸ਼ਬਦ ਮੀਨਨੈਸ ਮਨੁੱਖੀ ਮਾਨਸਿਕਤਾ ਦੇ ਉਨ੍ਹਾਂ ਸਾਰੇ ਪੱਖਾਂ ਨੂੰ ਆਪਣੀ ਲਪੇਟ ਵਿੱਚ ਲੈਣ ਦੇ ਸਮਰੱਥ ਹੈ, ਜਿਹੜੇ ਮਨੁੱਖ ਦੇ ਅਧਿਆਤਮਕ ਪ੍ਰਬੰਧ ਨੇ ਮਨੁੱਖੀ ਮਨ ਵਿੱਚ ਉਪਜਾਏ ਅਤੇ ਵਿਕਸਾਏ ਹਨ। ਇਸ ਸ਼ਬਦ ਦੇ ਅਰਥਾਂ ਉੱਤੇ ਵਿਚਾਰ ਕਰ ਕੇ ਅਗੇਰੇ ਤੁਰਾਂਗਾ।

ਇੱਕ ਵੇਰ ਫਿਰ ਇਹ ਕਹਿਣਾ ਚਾਹੁੰਦਾ ਹਾਂ ਕਿ ਮੈਂ ਮਨੁੱਖ ਦੇ ਅਧਿਆਤਮਕ ਪ੍ਰਬੰਧ ਨੂੰ ਕੋਸ ਨਹੀਂ ਰਿਹਾ, ਸਗੋਂ ਮਨੁੱਖੀ ਮਾਨਸਿਕਤਾ ਉੱਤੇ ਇਸ ਦੇ ਪਾਏ ਹੋਏ ਪ੍ਰਭਾਵਾਂ ਦਾ ਵਿਸ਼ਲੇਸ਼ਣ ਕਰ ਰਿਹਾ ਹਾਂ। ਉਸ ਸਮੇਂ ਦੇ ਰਾਜਨੀਤਕ ਅਤੇ ਆਰਥਕ ਪ੍ਰਬੰਧਾਂ ਨੇ ਮਨੁੱਖ ਦੇ ਸਮਾਜਕ ਜੀਵਨ ਵਿੱਚ ਜਿਹੜੇ ਰੋਗ ਉਪਜਾਏ ਸਨ, ਹੋ ਸਕਦਾ ਹੈ ਅਧਿਆਤਮਕ ਪ੍ਰਬੰਧ ਕੋਲੋਂ ਉਨ੍ਹਾਂ ਰੋਗਾਂ ਦੀ ਦਵਾਈ ਦਾ ਕੰਮ ਲੈਣ ਦਾ ਜਤਨ ਕੀਤਾ ਗਿਆ ਹੋਵੇ ਪਰ ਦਵਾਈ ਦੇ ਸਾਇਡ ਈਫੈਕਟਸ ਹਾਨੀਕਾਰਕ ਸਾਬਤ ਹੋਏ ਹੋਣ।

'ਮੀਨ' (Mean) ਸ਼ਬਦ ਦੇ ਅਰਥ ਹਨ : low in birth, worth or rank; of little value or importance; humble; low; in considerable; despicable; small minded; ungenerous; worthless. ਪੰਜਾਬੀ ਵਿੱਚ ਅਸੀਂ ਮੀਨ (mean) ਦੇ ਕੇਵਲ ਪਹਿਲੇ ਅਰਥ ਨੂੰ ਪ੍ਰਮੁੱਖ, ਪਹਿਲਾ ਅਤੇ ਅੰਤਲਾ ਅਰਥ ਸਮਝਦੇ ਹਾਂ। ਅਸੀਂ ਨੀਵੀਂ ਕੁਲ ਵਿੱਚ ਜਨਮੇ ਹੋਏ ਆਦਮੀ ਨੂੰ ਕਮੀਣਾ ਜਾਂ ਕਮੀਣ ਆਖਦੇ ਹਾਂ। ਸ਼ਹਿਰਾਂ ਵਿੱਚ ਇਸ ਸ਼ਬਦ ਦੀ ਵਰਤੋਂ ਆਮ ਨਹੀਂ। ਪਿੰਡਾਂ ਵਿੱਚ ਹਰ ਉਹ ਆਦਮੀ ਜੋ ਜੱਟ ਨਹੀਂ 'ਕਮੀਣ' ਹੈ; ਕਮੀਣਾ ਹੈ। ਇਹ ਅਰਥ ਪੰਜਾਬ ਦੀ ਕਿਸਾਨੀ ਆਰਥਿਕਤਾ ਵਿੱਚੋਂ ਉਪਜ ਕੇ ਜਨਮ, ਕੁਲ ਜਾਂ ਜਾਤ ਨਾਲ ਜੁੜ ਗਏ ਹਨ। ਜੱਟ ਘਰਾਣੇ ਵਿੱਚ ਜੰਮਿਆ ਹੋਇਆ ਉਜੱਡ ਵੀ ਸਾਊ ਸਮਝਿਆ ਜਾਂਦਾ ਹੈ ਅਤੇ ਅਜੱਟ ਘਰਾਣੇ ਦਾ ਜੰਮਪਲ ਸੁਸ਼ੀਲ, ਸਭਿਅ ਅਤੇ ਸੁਹਿਰਦ ਆਦਮੀ ਵੀ 'ਕਮੀਣ' ਆਖਿਆ ਜਾਂਦਾ ਹੈ। ਇਹ ਧਾਰਨਾ ਆਪਣੇ ਆਪ ਵਿੱਚ ਹੀ 'ਕਮੀਣੇਪਨ' ਦੀ ਇੱਕ ਮਿਸਾਲ ਹੈ।

ਸੰਸਾਰ ਦੇ ਸਭਿਅ ਸਨਅਤੀ ਸਮਾਜਾਂ ਵਿੱਚ ਇਹ ਸ਼ਬਦ ਉਪਰੋਕਤ ਅਰਥਾਂ ਵਿੱਚ ਵਰਤਿਆ ਜਾਣਾ ਬੰਦ ਹੋ ਚੁੱਕਾ ਹੈ। ਡਿਕਸ਼ਨਰੀ ਵਿੱਚ ਲਿਖੇ ਹੋਏ ਇਹ ਅਰਥ ਕਿਸੇ ਇਤਿਹਾਸਕ ਪੜਾਅ ਦੇ ਲਖਾਇਕ ਹਨ। ਉਹ ਸਮਾਜ ਉਸ ਪੜਾਅ ਤੋਂ ਅਗੇਰੇ ਲੰਘ ਚੁੱਕੇ ਹਨ। ਜਿੱਥੇ ਉਹ ਹਨ ਉਥੇ ਅਹੁਦੇ, ਮਹੱਤਵ ਅਤੇ ਧਨ ਵਿੱਚ ਊਣਾ ਹੋਣ ਕਰਕੇ ਵੀ ਕੋਈ ਮੀਨ (Mean) ਜਾਂ ਕਮੀਣਾ ਨਹੀਂ ਆਖਿਆ ਜਾਂਦਾ, ਨਾ ਹੀ ਕੋਈ ਇਸ ਕਰਕੇ ਨੀਵਾਂ ਸਮਝਿਆ ਜਾਂਦਾ ਹੈ ਕਿ ਉਹ ਜੀਵਨ ਦੀ ਕਿਸੇ ਲੋੜ ਦੀ ਪੂਰਤੀ ਦੇ ਪਿੜ ਵਿੱਚ ਕੋਈ ਹਿੱਸਾ ਨਹੀਂ ਪਾ ਰਿਹਾ। ਇਨ੍ਹਾਂ ਅਰਥਾਂ ਵਿੱਚ ਇਸ ਸ਼ਬਦ ਦੀ ਵਰਤੋਂ ਹੀਗਲ ਦੇ ਸ਼ਾਹਕਾਰ, ਹਿਟਲਰ ਦੇ ਹਸ਼ਰ ਨੂੰ ਪ੍ਰਾਪਤ ਹੋ ਜਾਣ ਤੋਂ ਪਿੱਛੋਂ ਬੰਦ ਹੋ ਚੁੱਕੀ ਹੈ। ਹੁਣ ਉਨ੍ਹਾਂ ਸਮਾਜਾਂ ਵਿੱਚ ਕਿਸੇ ਨੂੰ ਬੰਗਲਡ ਐਂਡ ਬਾਸ਼ਡ (bungled and botched—ਗਾਮਾ ਮਾਝਾ) ਨਹੀਂ ਆਖਿਆ ਜਾਂਦਾ। ਜੇ ਕੋਈ ਅਜਿਹਾ ਹੈ ਤਾਂ ਉਹ ਕਿਸੇ ਅਗਿਆਤ ਕਰਤਾਰ ਦੀ ਕਿਰਤ ਨਹੀਂ, ਸਗੋਂ

WWW.SIKHBOOKCLUB.COM

ਸਮਾਜਕ ਪ੍ਰਬੰਧ ਦੀ ਕਿਸੇ ਕਮਜ਼ੋਰੀ, ਕਿਸੇ ਅਨਿਆਂ ਦੀ ਉਪਜ ਹੈ, ਜਿਸ ਲਈ ਉਸ ਨੂੰ 'ਮੀਨ' ਆਖਣ ਦੀ ਥਾਂ ਸਮਾਜ ਨੂੰ 'ਸ਼ਰਮਸਾਰ' ਹੋਣ ਦੀ ਲੋੜ ਹੈ।

ਉਨ੍ਹਾਂ ਸਮਾਜਾਂ ਵਿੱਚ ਮੀਨ ਜਾਂ ਕਮੀਣਾ ਉਹ ਹੈ, ਜਿਸ ਦੇ ਵਿਵਹਾਰ ਵਿੱਚ ਉਸ ਮਨੁੱਖੀ ਗੌਰਵ ਦੀ 'ਘਾਟ' ਹੈ, ਜਿਸ ਦੀ ਉਸ ਕੋਲੋਂ ਆਸ ਕੀਤੀ ਜਾਂਦੀ ਹੈ ਅਤੇ ਜਿਸ ਘਾਟ ਦਾ ਕਾਰਨ ਇਹ ਹੈ ਕਿ ਉਹ ਦੂਜਿਆਂ ਨੂੰ ਲੋੜੀਂਦਾ ਮਹੱਤਵ ਦੇਣ ਦੀ ਉਦਾਰਤਾ ਜਾਂ ਖੁਲ੍ਹ-ਦਿਲੀ ਤੋਂ ਹੀਣਾ ਹੈ। ਓਥੇ ਮੀਨ ਜਾਂ ਕਮੀਣਾ ਉਹ ਹੈ ਜੋ ਆਪਣੇ ਆਪ ਵਿੱਚ ਏਨਾ ਘਿਰ ਗਿਆ ਹੈ ਜਾਂ Small Minded ਹੋ ਗਿਆ ਹੈ ਕਿ ਆਪਣੇ ਮਿਥੇ ਹੋਏ ਟੀਚੇ ਦੀ ਪ੍ਰਾਪਤੀ ਜਾਂ ਜਿੱਤ ਉਸ ਲਈ ਨੈਤਿਕ ਮੁੱਲਾਂ ਅਤੇ ਸਦਾਚਾਰਕ ਸੀਮਾਵਾਂ ਦੇ ਸਤਿਕਾਰ ਨਾਲੋਂ ਏਨੀ ਵੱਧ ਮਹੱਤਵਪੂਰਨ ਹੋ ਗਈ ਹੈ ਕਿ ਨੈਤਿਕਤਾ ਅਤੇ ਸਦਾਚਾਰ ਦੀ ਹੋਂਦ ਨੂੰ ਪ੍ਰਵਾਨ ਕਰਨਾ ਹੀ ਉਸ ਲਈ ਔਖਾ ਹੋ ਗਿਆ ਹੈ। ਜੋ ਅਜਿਹਾ ਹੋਣ ਕਰਕੇ ਘਿਰਣਿਤ ਹੈ ਉਹ ਮੀਨ ਹੈ; ਕਮੀਣਾ ਹੈ; ਨਿਗੂਣਾ ਜਾਂ ਨਿਗੁਣਾ (Worthless) ਹੈ।

'ਕਮੀਣਾਪਨ' ਵਰਗੇ ਅਸਭਿਅ ਅਤੇ ਅਸਾਹਿਤਿਕ ਜਿਹੇ ਸ਼ਬਦ ਦੀ ਵਰਤੋਂ ਮੈਂ ਉਪਰ ਲਿਖੇ ਅਰਥਾਂ ਵਿੱਚ ਕੀਤੀ ਹੈ; ਅਤੇ ਮੈਂ ਇਹ ਕਹਿ ਰਿਹਾ ਹਾਂ ਕਿ ਮਨੁੱਖੀ ਮਾਨਸਿਕਤਾ ਨੂੰ ਇਸ ਗੁਣ ਜਾਂ ਔਗੁਣ ਦੀ ਦਾਤ ਕਿਸਾਨੇ ਸਮਾਜਕ ਪ੍ਰਬੰਧ ਦੀ ਦਿੱਤੀ ਹੋਈ ਹੈ। ਕਿਸਾਨੇ ਯੁਗ ਦਾ ਮਨੁੱਖ ਜੰਗਲੀ ਮਨੁੱਖ ਕੋਲੋਂ ਪ੍ਰਾਪਤ ਕੀਤੇ ਹੋਏ ਮਾਨਸਕ ਵਿਰਸੇ ਨਾਲ ਸ਼ਿਕਾਰੀ ਤੋਂ ਕਿਸਾਨ ਬਣਿਆ ਸੀ। ਉਹ ਸਾਹਸੀ, ਕਠੋਰ-ਭਾਵੀ ਅਤੇ ਸਹਿਯੋਗੀ ਸੀ। ਉਸ ਵਿੱਚ ਭੈ ਸੀ, ਪਰ ਈਰਖਾ ਅਤੇ ਘਿਰਣਾ ਘੱਟ ਸੀ ਜਾਂ ਉੱਕੀ ਨਹੀਂ ਸੀ। ਜਿਵੇਂ ਜਿਵੇਂ ਕਿਸਾਨਾ ਯੁਗ ਆਪਣੀ ਪਰਪੱਕਤਾ ਨੂੰ ਪੁੱਜਦਾ ਗਿਆ, ਤਿਵੇਂ ਤਿਵੇਂ ਨਿੱਜੀ ਜਾਇਦਾਦ ਅਤੇ ਆਪਣੀ ਔਲਾਦ ਦਾ ਪੱਖਪਾਤੀ ਮੋਹ ਉਤਪੰਨ ਹੁੰਦਾ ਗਿਆ। ਇਸ ਮੋਹ ਕਾਰਨ ਈਰਖਾ, ਗੁੱਸਾ, ਵੈਰ, ਬਦਲਾ ਅਤੇ ਘਿਰਣਾ ਆਦਿਕ ਦੀਆਂ ਉਹ ਪਰਵਿਰਤੀਆਂ ਮਨੁੱਖੀ ਮਾਨਸਿਕਤਾ ਦਾ ਹਿੱਸਾ ਬਣਦੀਆਂ ਗਈਆਂ, ਜਿਹੜੀਆਂ ਜੰਗਲੀ ਸ਼ਿਕਾਰੀ ਮਨੁੱਖ ਦੀ ਮਾਨਸਿਕਤਾ ਵਿੱਚ ਨਹੀਂ ਸਨ ਜਾਂ ਪ੍ਰਗਟ ਨਹੀਂ ਸਨ ਹੁੰਦੀਆਂ। ਇਸ ਪ੍ਰਕਾਰ ਦੀਆਂ ਪਰਵਿਰਤੀਆਂ ਦੀ ਤਾਬਿਆਦਾਰੀ ਕਰਨ ਵਾਲਾ ਜਨ-ਸਾਧਾਰਣ ਸੀਮਿਤ ਉਪਜ ਕਾਰਨ ਅਤੇ ਖ਼ਰਚੀਲੇ ਸ਼ਾਹੀ ਪਾਗ਼ਲਪਨ ਕਾਰਨ ਗ਼ਰੀਬੀ, ਭੁੱਖਮਰੀ ਅਤੇ ਮੁਥਾਜੀ ਦਾ ਜੀਵਨ ਜੀਉਂਦਾ ਸੀ। ਉਸ ਸਮੇਂ ਦੇ ਮਨੁੱਖੀ ਵਤੀਰੇ ਅਤੇ ਵਰਤਾਰੇ ਨੂੰ ਪਾਗਲਪਨ, ਭੁੱਖਮਰੀ (Misery) ਅਤੇ ਕਮੀਣਾਪਨ (Meanness) ਦੇ ਤਿੰਨ ਸਿਰਲੇਖਾਂ ਹੇਠ ਬਿਆਨ ਕਰਨ ਦਾ ਜਤਨ ਕਰ ਰਿਹਾ ਹਾਂ। ਇਹ ਤਿੰਨੇ ਕਿਸਾਨੇ ਯੁਗ ਦੇ ਮਾਨਸਿਕ ਵਰਤਾਰੇ ਦਾ ਕੁੱਲ ਜੋੜ ਹਨ ਅਤੇ ਇਸੇ ਸਭਿਆਚਾਰਕ ਵਿਰਸੇ ਨੂੰ ਲੈ ਕੇ ਮਨੁੱਖ ਸਨਅਤੀ ਯੁਗ ਜਾਂ ਕਲਯੁਗ ਵਿੱਚ ਪਰਵੇਸ਼ ਕਰ ਰਿਹਾ ਹੈ।

ਹਾਕਮਾਂ ਦਾ ਐਸ਼ਵਰਜ ਭਰਪੂਰ ਵਿਲਾਸੀ ਜੀਵਨ ਅਤੇ ਜਨ-ਸਾਧਾਰਣ ਦੀ ਭੁੱਖਮਰੀ ਜਾਂ ਮਿਜ਼ਰੀ ਇੱਕ ਦੂਜੇ ਦੇ ਕੋਲ ਕੋਲ ਰਹਿੰਦਿਆਂ ਹੋਇਆਂ ਇੱਕ ਦੂਜੇ ਨਾਲ ਕਿਸੇ ਪ੍ਰਕਾਰ ਦਾ ਰੋਸਾ, ਗਿਲਾ ਜਾਂ ਵਿਰੋਧ ਨਾ ਰੱਖਣ, ਇਸ ਮਨੋਰਥ ਦੀ ਪ੍ਰਾਪਤੀ ਲਈ ਦੋਹਾਂ ਦੇ ਵਿਚਕਾਰ ਇੱਕ ਤੀਜੇ ਦੀ ਹੋਂਦ ਪ੍ਰਗਟ ਹੋਈ ਹੈ। ਇਸ ਤੀਜੀ ਹੋਂਦ ਦਾ ਨਾਂ ਅਧਿਆਤਮਵਾਦ ਹੈ। ਇਹ ਕਿਸਾਨੇ ਯੁਗ ਦਾ ਤੀਜਾ ਪ੍ਰਧਾਨ ਪ੍ਰਬੰਧ ਹੈ। ਯਾਦ ਰਹੇ, ਮੈਂ ਇਹ ਨਹੀਂ ਕਹਿਣਾ ਚਾਹੁੰਦਾ ਕਿ ਇਸ ਮਨੋਰਥ ਦੀ ਪ੍ਰਾਪਤੀ ਲਈ, ਸੋਚ ਸਮਝ ਕੇ ਕਿਸੇ ਉਚੇਚੀ ਵਿਉਂਤਬਾਜ਼ੀ ਨਾਲ ਅਧਿਆਤਮਕ ਪ੍ਰਬੰਧ ਦੀ ਘਾੜਤ ਘੜੀ ਗਈ ਹੈ। ਮੈਂ ਇਹ ਮੰਨਦਾ ਹਾਂ ਕਿ ਅਧਿਆਤਮਵਾਦ ਕਿਸਾਨੇ ਯੁਗ ਦੇ ਜੀਵਨ ਦੀ ਲੋੜ ਸੀ ਅਤੇ ਸਮੇਂ ਦੀ ਮੁਤਾਬਕ ਉਪਜ ਸੀ। ਇਸ ਤੋਂ ਵੱਖਰਾ ਕੁਝ ਹੋ ਹੀ ਨਹੀਂ ਸੀ ਸਕਦਾ।

ਮੈਂ ਇਹ ਵੇਖਣਾ ਚਾਹੁੰਦਾ ਹਾਂ ਇਸ ਲੋੜ-ਪੂਰਤੀ ਦੇ ਸਾਧਨ ਨੇ ਮਨੁੱਖੀ ਮਾਨਸਿਕਤਾ ਨੂੰ ਜੋ ਕੁਝ ਦਿੱਤਾ, ਉਸ ਨੂੰ ਕਿਹੜੇ ਸਿਰਲੇਖ ਹੇਠ ਵਾਚਿਆ ਵਿਚਾਰਿਆ ਜਾਣਾ ਯੋਗ ਹੈ।

ਉਪਰੋਕਤ ਹਾਲਤ ਵਿੱਚ ਇਹ ਜ਼ਰੂਰੀ ਸੀ ਕਿ ਮਨੁੱਖੀ ਸੋਚ ਸੰਕੀਰਣ ਜਾਂ ਲਿਮਟਿਡ ਹੋਵੇ; ਮਨੁੱਖ ਦੇ ਵਿਸ਼ਵਾਸ ਦਿਲਾਸਾ ਦੇਊ ਅਤੇ ਲਾਰਾ ਲਾਊ ਹੋਣ; ਮਨੁੱਖ ਵਿੱਚ ਆਪਣੇ ਪਰਾਏ ਦਾ ਤਿੱਖਾ ਵਿਵੇਕ ਹੋਵੇ ਤਾਂ ਜੁ ਉਸ ਨੂੰ ਪਰਾਇਆਂ ਦੀ ਹੱਤਿਆ ਲਈ ਪ੍ਰੇਰਿਆ ਜਾ ਸਕੇ; ਮਨੁੱਖ ਇਹ ਮੰਨਦਾ ਹੋਵੇ ਕਿ ਸੰਸਾਰ ਦੀ ਕਿਰਿਆ ਦਾ ਸੰਚਾਲਕ ਮਨੁੱਖ ਨਹੀਂ, ਸਗੋਂ ਕੋਈ ਹੋਰ ਹੈ, ਜਿਸ ਉੱਤੇ ਕੋਈ ਨੇਮ ਜਾਂ ਹੁਕਮ ਲਾਗੂ ਨਹੀਂ ਹੁੰਦਾ। ਅਜੇਹਾ ਮੰਨਦਾ ਹੋਇਆ ਉਹ ਆਪਣੇ ਦੁਰਭਾਗ ਲਈ ਕਿਸੇ ਨੂੰ ਜ਼ਿੰਮੇਵਾਰ ਨਾ ਸਮਝੇ। 'ਸੰਸਾਰ ਦੇ ਸੰਚਾਲਕ ਉੱਤੇ ਕੋਈ ਨੇਮ ਲਾਗੂ ਨਹੀਂ ਹੁੰਦਾ'—ਇਹ ਸਥਿਤੀ ਨਿਰਾਸ਼ਾਜਨਕ ਹੈ। ਮਿਜ਼ਰੀ ਵਿੱਚ ਜੀ ਰਹੇ ਜਨ-ਸਾਧਾਰਣ ਲਈ ਅਸਹਿ ਹੈ। ਇਸ ਦੇ ਤੋੜ ਵਜੋਂ ਇਹ ਆਖਿਆ ਜਾਣਾ ਜ਼ਰੂਰੀ ਸੀ ਕਿ ਸੰਸਾਰ ਦੀ ਨਿਰੰਕੁਸ਼ ਸੰਚਾਲਕ ਸੱਤਾ ਨੂੰ ਕਿਸੇ ਵਿਚੋਲੇ ਦੀ ਸਹਾਇਤਾ ਨਾਲ, ਕਿਸੇ ਪੂਜਾ-ਪਾਠ, ਦਾਨ-ਦਸਵੰਧ ਨਾਲ, ਕਿਸੇ ਅਰਦਾਸ-ਬੇਨਤੀ ਜਾਂ ਖ਼ੁਸ਼ਾਮਦ ਨਾਲ ਉਸ ਦੇ ਆਪਣੇ ਬਣਾਏ ਨੇਮਾਂ ਦਾ ਉਲੰਘਣ ਕਰਨ ਲਈ ਅਤੇ ਸਾਡੇ ਹਿੱਤ ਵਿੱਚ ਫ਼ੈਸਲਾ ਦੇਣ ਲਈ ਪ੍ਰੇਰਿਆ ਜਾਂ ਵਰਗਲਾਇਆ ਜਾ ਸਕਦਾ ਹੈ। ਇਸ ਵਿਸ਼ਵਾਸ ਅਧੀਨ ਜਨ-ਸਾਧਾਰਣ ਦੀ ਕਮਾਈ ਦਾ ਕੁਝ ਹਿੱਸਾ ਅਪ੍ਰਗਟ ਸੱਤਾ ਦੇ ਪ੍ਰਗਟ ਵਿਚੋਲਿਆਂ ਦੇ ਡੇਰਿਆਂ ਦੀ ਉਸਾਰੀ ਕਰੇ ਜਾਂ ਬੈਂਕਾਂ ਦੇ ਲਾਕਰਾਂ ਵਿੱਚ ਬੰਦ ਹੋਵੇ, ਮਨੁੱਖੀ ਮਾਨਸਿਕਤਾ ਨੂੰ ਅਜੇਹੀ ਮੀਨਨੈਸ ਦਿੰਦਾ ਹੈ ਕਿ ਦੇਸ਼ ਦਾ ਗਵਰਨਰ ਜਾਂ ਉੱਚ ਅਧਿਕਾਰੀ ਅਧਿਅਕਸ਼ ਬਣ ਕੇ, ਕਾਰਾਂ, ਕੋਠੀਆਂ ਦਾ ਮਾਲਕ ਹੋ ਕੇ ਬੈਂਕਾਂ ਵਿੱਚ ਬੇ-ਓੜਕਾ ਧਨ ਜਮ੍ਹਾਂ ਕਰ ਕੇ ਵੀ ਆਪਣੇ ਵਰਗ ਦੇ ਲਾਚਾਰਾਂ ਨੂੰ ਭੁੱਖਮਰੀ ਦਾ ਜੀਵਨ ਜੀਉਂਦੇ ਵੇਖਦਿਆਂ ਹੋਇਆਂ, ਆਪਣੇ ਬੱਚਿਆਂ ਲਈ ਰੀਜ਼ਰਵੇਸ਼ਨ ਦਾ ਸਾਧਨ ਵਰਤਣੋਂ ਸੰਕੋਚ ਨਹੀਂ ਕਰਦਾ। ਰਿਸ਼ਵਤ, ਭ੍ਰਿਸ਼ਟਾਚਾਰ ਅਤੇ ਕੁਨਬਾ-ਪਰਵਰੀ ਮਨੁੱਖੀ ਮਾਨਸਿਕਤਾ ਵਿੱਚ ਸਮਾਈ ਹੋਈ ਮੀਨਨੈਸ ਦੀ ਉਪਜ ਹੈ ਅਤੇ ਇਹ ਮੀਨਨੈਸ ਕਿਸਾਨੇ ਯੁਗ ਦੇ ਅਧਿਆਤਮਕ ਪ੍ਰਬੰਧ ਦੀ ਦੇਣ ਹੈ।

ਤੁਸੀਂ ਕਹਿ ਸਕਦੇ ਹੋ ਕਿ ਇਹ ਉੱਚ-ਵਰਗੀ ਪਾਗ਼ਲਪਨ ਅਤੇ ਨਿਮਨਵਰਗੀ ਮਿਜ਼ਰੀ ਦੇ ਨਤੀਜੇ ਵਜੋਂ ਉਪਜੀ ਹੈ। ਮੈਂ ਤੁਹਾਡੀ ਗੱਲ ਮੰਨਦਾ ਹਾਂ; ਤਾਂ ਵੀ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਵੇਂ ਦੇਵਕੀ ਦੀ ਕੁੱਖੋਂ ਜਨਮ ਲੈ ਕੇ ਸ਼ੱਤਰੀ ਕ੍ਰਿਸ਼ਨ ਯਸ਼ੋਧਾ ਦੇ ਘਰ ਪਾਲਿਆ ਜਾਣ ਕਰਕੇ ਗਵਾਲਾ ਕਾਨ੍ਹ ਬਣ ਗਿਆ ਹੈ, ਉਵੇਂ ਹੀ ਪਾਗ਼ਲਪਨ ਅਤੇ ਮਿਜ਼ਰੀ ਵਿੱਚੋਂ ਉਪਜੀ ਹੋਈ ਮੀਨਨੈਸ ਅਧਿਆਤਮਕ ਪ੍ਰਬੰਧ ਦੀ ਛਤਰ-ਛਾਇਆ ਹੇਠ ਪ੍ਰਵਾਨ ਚੜ੍ਹੀ ਹੋਣ ਕਰਕੇ ਅਧਿਆਤਮਕ ਪ੍ਰਬੰਧ ਦੀ ਦੇਣ ਮੰਨੀ ਜਾਣੋਂ ਇਨਕਾਰ ਨਹੀਂ ਕਰ ਸਕਦੀ।

ਮੈਡਨੈਸ, ਮਿਜ਼ਰੀ ਅਤੇ ਮੀਨਨੈਸ ਸਮੁੱਚੀ ਮਨੁੱਖਤਾ ਦਾ ਸਭਿਆਚਾਰਕ ਵਿਰਸਾ ਹੈ। ਸਨਅਤੀ ਸਮਾਜਾਂ ਨੇ ਇਸ ਵਿਰਸੇ ਦੇ ਤਿਆਗ ਦੇ ਸਫ਼ਲ ਜਤਨ ਕਰ ਲਏ ਹਨ। ਕਿਸਾਨੇ ਸਮਾਜ ਇਸ ਦਲਦਲ ਵਿੱਚ ਧੱਸਦੇ ਜਾ ਰਹੇ ਹਨ। ਕਿਸੇ ਪ੍ਰਚਾਰ, ਕਿਸੇ ਸਖ਼ਤੀ, ਕਿਸੇ ਸੁਧਾਰ ਵਿੱਚ ਇਸ ਦਾ ਇਲਾਜ ਨਹੀਂ। ਇਸ ਦਾ ਇਲਾਜ; (1) ਬਹੁਤਾਤ, (2) ਰੂਲ ਆਫ਼ ਲਾਅ, ਅਤੇ (3) ਉਦਾਰਤਾ ਵਿੱਚ ਹੈ। ਇਨ੍ਹਾਂ ਵਿੱਚੋਂ ਕਿਸੇ ਇੱਕ ਦੀ ਗ਼ੈਰ-ਹਾਜ਼ਰੀ ਦੂਜੇ ਦੋਹਾਂ ਦੀ ਹੋਂਦ ਨੂੰ ਬੇ-ਅਸਰ ਕਰ ਸਕਦੀ ਹੈ। ਸਨਅਤੀ ਸਮਾਜਾਂ ਨਾਲ ਉਤਪਾਦਕੀ, ਵਾਪਾਰਕ, ਵਿੱਦਿਅਕ, ਸੰਚਾਰਕ ਅਤੇ ਸਮਾਜਕ ਸੰਪਰਕ ਅਤੇ ਸਹਿਯੋਗ ਦਾ ਲੰਮਾ ਅਭਿਆਸ ਕਿਸਾਨੇ ਸਮਾਜਾਂ ਦੇ ਵਿਕਾਸ ਵਿੱਚ ਸਹਾਈ ਹੋ ਸਕਦਾ ਹੈ। ਕਠਿਨਾਈ ਜ਼ਰੂਰ ਹੋਵੇਗੀ ਕਿਉਂਕਿ ਸਾਡਾ

ਸਭਿਆਚਾਰਕ ਵਿਰਸਾ ਸਾਡੇ ਜੀਵਨ ਦੀ ਖ਼ੁਸ਼ਹਾਲੀ, ਖ਼ੁਸ਼ੀ ਅਤੇ ਖ਼ੂਬਸੂਰਤੀ ਦਾ ਰਾਹ ਰੋਕਦਾ ਰਹੇਗਾ। ਇਹ ਵਿਰਸਾ ਸੰਸਕ੍ਰਿਤੀਆਂ, ਦੇਸ਼-ਭਗਤੀਆਂ, ਧਰਮਾਂ, ਰਾਸ਼ਟਰੀ-ਗੌਰਵਾਂ ਅਤੇ ਇਤਿਹਾਸਾਂ ਦਾ ਮੋਹਣੀ ਰੂਪ ਧਾਰ ਕੇ ਆਦਮੀ ਨੂੰ ਇਨਸਾਨ ਬਣਨੋਂ ਰੋਕਦਾ ਹੈ। ਇਸ ਵਿਰਸੇ ਦੇ ਹਰ ਰੂਪ ਦੀ ਜੜ੍ਹ ਮਿਜ਼ਰੀ, ਮੀਨਨੈਸ ਅਤੇ ਮੈਡਨੈਸ ਵਿੱਚ ਹੈ; ਮਨੁੱਖ ਦੀ ਮਜਬੂਰੀ ਵਿੱਚ ਹੈ। ਸੋਚ ਦੀ ਥੋੜੀ ਜਿਹੀ ਸੁਤੰਤਰਤਾ ਇਹ ਭੇਤ ਖੋਲ੍ਹ ਸਕਦੀ ਹੈ।

ਮਨੁੱਖਤਾ ਕੋਲ ਸਾਤਵਿਕ ਸੋਚ ਦਾ ਵਿਰਸਾ ਵੀ ਹੈ; ਪਰ ਬਹੁਤ ਥੋੜਾ; ਉਹ ਵੀ ਸਭਿਆਚਾਰਕ ਵਿਰਸੇ ਦੇ ਕੂੜੇ-ਕਰਕਟ ਵਿੱਚ ਗੁਆਚਾ ਗੁੰਮਿਆ ਹੋਇਆ। ਸਨਅਤੀ, ਸਹਿਯੋਗੀ ਅਤੇ ਜਮਹੂਰੀ ਯੁਗ (ਕਲਯੁਗ) ਵਿੱਚ ਪਰਵੇਸ਼ ਕਰ ਕੇ ਮਨੁੱਖਤਾ ਆਪਣੇ 'ਬੌਧਕ ਵਿਰਸੇ' ਦੀ ਪਛਾਣ ਕਰ ਸਕੇਗੀ।

•

SIKHBOOKCLUB.COM

# ਮਨੁੱਖ ਦਾ ਬੌਧਕ ਵਿਰਸਾ

ਫ਼੍ਰਾਂਸੀਸੀ ਵਿਚਾਰਵਾਨ ਜੀਨ ਜੈਕੁਇਸ (ਜੈਕ) ਰੂਸੋ ਨੇ ਜੰਗਲੀ ਮਨੁੱਖ ਨੂੰ 'ਨੋਬਲ ਸੈਵਿਜ' (Noble Savage) ਦੀ ਉਪਾਧੀ ਦਿੱਤੀ ਹੈ। ਉਸ ਦਾ ਭਾਵ ਸੀ ਕਿ ਜੰਗਲੀ ਮਨੁੱਖ ਆਪਣੇ ਅਸਲੇ ਵਜੋਂ 'ਸਾਊ' ਸੀ ਪਰ ਉਸ ਦਾ ਜੰਗਲੀ ਚੌਗਿਰਦਾ ਉਸ ਨੂੰ 'ਹਿੰਸਕ ਪਸ਼ੂ' ਬਣਨ ਲਈ ਮਜਬੂਰ ਕਰਦਾ ਸੀ। ਰੂਸੋ ਦੇ 'ਸਾਊ ਪਸ਼ੂ' ਵਿੱਚਲੇ ਸਾਊਪੁਣੇ ਦਾ ਆਧਾਰ ਉਸ ਦੀ ਸਮਾਜਿਕ ਪਰਵਿਰਤੀ, ਮਮਤਾ ਅਤੇ ਲੰਮੇਰੇ ਬਚਪਨ ਨੂੰ ਮੰਨਿਆ ਜਾ ਸਕਦਾ ਹੈ। ਕੁਝ ਲੋਕ ਇਹ ਵੀ ਕਹਿਣਗੇ ਕਿ ਸਮਾਜਿਕ ਪਰਵਿਰਤੀ ਅਤੇ ਮਮਤਾ ਮਨੁੱਖ ਤੋਂ ਇਲਾਵਾ ਹੋਰ ਪਸ਼ੂਆਂ ਵਿੱਚ ਵੀ ਓਨੀ ਹੀ ਪ੍ਰਬਲ ਹੈ, ਇਸ ਲਈ ਮਨੁੱਖ ਵਿੱਚਲੇ ਸਾਊਪੁਣੇ ਦਾ ਆਧਾਰ ਲੰਮੇਰੇ ਬਚਪਨ ਵਿੱਚ ਹੀ ਲੱਭਿਆ ਜਾਣਾ ਚਾਹੀਦਾ ਹੈ। ਰੂਸੋ ਲਈ ਸਮਾਜਿਕ ਪਰਵਿਰਤੀ ਅਤੇ ਮਮਤਾ ਹੀ ਸਾਊਪੁਣੇ ਦਾ ਆਧਾਰ ਸੀ।

ਰੂਸੋ ਇਹ ਵੀ ਕਹਿੰਦਾ ਸੀ ਕਿ ਸਭਿਅਤਾ ਦੇ ਵਿਕਾਸ ਨੇ 'ਸਾਊ ਪਸ਼ੂ' (ਜੰਗਲੀ ਮਨੁੱਖ) ਵਿੱਚਲੇ ਸਾਊਪੁਣੇ ਨੂੰ ਵਧਾਉਣ ਅਤੇ ਪਸ਼ੂਪੁਣੇ ਨੂੰ ਘਟਾਉਣ ਦੀ ਥਾਂ ਸਾਊਪੁਣੇ ਨੂੰ ਘਟਾਇਆ ਹੈ ਅਤੇ ਪਸ਼ੂਪੁਣੇ ਨੂੰ ਵਧਾਇਆ ਹੈ। ਇਸ ਲਈ ਮਨੁੱਖ ਨੂੰ ਸਭਿਅਤਾ ਦਾ ਤਿਆਗ ਕਰ ਕੇ ਮੁੜ ਜੰਗਲੀ ਜੀਵਨ ਵੱਲ (Back to Nature) ਤੁਰ ਪੈਣਾ ਚਾਹੀਦਾ ਹੈ। ਆਪਣੀ ਇਸ ਸੋਚ ਦੇ ਆਧਾਰ ਉੱਤੇ ਉਸ ਨੇ ਸਾਹਿਤ ਅਤੇ ਦਰਸ਼ਨ ਦੇ ਖੇਤਰ ਵਿੱਚ 'ਰੁਮਾਂਸਵਾਦ' ਦੀ ਨੀਂਹ ਰੱਖੀ ਸੀ। ਰੂਸੋ ਦੇ ਸਮਕਾਲੀ, ਮਹਾਨ ਬੁੱਧੀਵਾਦੀ, ਵਾਲਟੇਅਰ ਦੇ ਪ੍ਰਸੰਸਕ ਅਤੇ ਹਮਖ਼ਿਆਲ, ਰੂਸੋ ਦੇ ਇਸ ਪ੍ਰਸਤਾਵ ਦੀ ਸੁਯੋਗ ਅਲੋਚਨਾ ਕਰਦੇ ਹੋਏ ਇਸ ਨੂੰ 'ਬੈਕ ਟੂ ਬੁਸ਼ਿਜ਼' ਦਾ ਸਿਧਾਂਤ ਆਖਦੇ ਸਨ। ਮੇਰੇ ਖ਼ਿਆਲ ਵਿੱਚ ਉਹ ਸੱਚੇ ਸਨ।

ਰੂਸੋ ਭਾਵੁਕਤਾ ਨੂੰ ਉੱਤਮ ਅਤੇ ਬੌਧਕਤਾ ਨੂੰ (ਜੇ ਮੱਧਮ ਨਹੀਂ ਤਾਂ ਘੱਟੋ ਘੱਟ) ਗੌਣ (ਜ਼ਰੂਰ) ਮੰਨਦਾ ਸੀ। ਉਸ ਦਾ ਖ਼ਿਆਲ ਸੀ ਕਿ ਸਭਿਅਤਾ ਦਾ ਵਿਕਾਸ ਬੌਧਕਤਾ ਦੀ ਅਗਵਾਈ ਵਿੱਚ ਹੋਇਆ ਹੈ ਅਤੇ ਇਸ ਨੇ ਮਨੁੱਖ ਵਿੱਚੋਂ ਚੰਗਿਆਈ ਨੂੰ ਘਟਾਉਣ ਦਾ ਅਪਰਾਧ ਕੀਤਾ ਹੈ। ਅਜੋਕਾ ਭਾਰਤੀ ਜੀਵਨ ਰੂਸੋ ਦੇ ਇਸ ਕਥਨ ਦੀ ਗਵਾਹੀ ਭਰਦਾ ਹੈ; ਪਰੰਤੂ ਉਸ ਦਾ ਇਹ ਖ਼ਿਆਲ ਠੀਕ ਨਹੀਂ ਕਿ ਮਨੁੱਖੀ ਸਭਿਅਤਾ ਦਾ ਵਿਕਾਸ ਬੌਧਕਤਾ ਦੀ ਅਗਵਾਈ ਵਿੱਚ ਹੋਇਆ ਹੈ। ਇਹ ਵਿਕਾਸ ਸੱਤਾ, ਹਿੰਸਾ, ਪ੍ਰਭੁਤਾ, ਭੈ, ਘਿਰਣਾ ਅਤੇ 'ਉਸ ਬੌਧਕਤਾ' ਦੀ ਅਗਵਾਈ ਵਿੱਚ ਹੋਇਆ ਹੈ ਜਿਹੜੀ ਬੌਧਕਤਾ ਇਨ੍ਹਾਂ ਪਸ਼ੂ-ਭਾਵਨਾਵਾਂ ਦੀ ਦਾਸੀ ਬਣ ਚੁੱਕੀ ਸੀ। ਜੀਵਨ ਨੂੰ ਸੰਘਰਸ਼ ਮੰਨ ਕੇ ਇਸ ਦਾ ਵਿਧੀ-ਵਿਧਾਨ ਉਲੀਕਣ ਵਾਲੀ ਬੌਧਕਤਾ ਪਸ਼ੂ-ਭਾਵਨਾਵਾਂ ਦੀ ਦਬੇਲ ਹੈ; ਉਹ ਬੌਧਕਤਾ ਇਫਲਾਤੂਨੀ (ਪਲੇਟੋਨਿਕ) ਹੋਵੇ ਭਾਵੇਂ ਵੇਦ ਵਿਆਸੀ; ਉਸ ਦੇ ਪ੍ਰਸਾਰ ਦਾ ਮਾਧਿਅਮ ਸੁਕ੍ਰਾਤ ਨੂੰ ਬਣਾਇਆ ਗਿਆ ਹੋਵੇ ਭਾਵੇਂ ਭਗਵਾਨ ਕ੍ਰਿਸ਼ਨ ਨੂੰ; ਉਹ ਪਸ਼ੂ-ਭਾਵਨਾ ਦੀ ਦਬੇਲ ਜ਼ਰੂਰ ਹੈ। ਪੱਛਮ ਵਿੱਚ ਲਗ ਭਗ ਦੋ ਹਜ਼ਾਰ ਸਾਲ ਤਕ, ਪਲੇਟੋ ਨੂੰ ਬੌਧਕਤਾ ਦਾ ਇੱਕੋ ਇੱਕ ਸਰੋਤ ਮੰਨਿਆ ਜਾਂਦਾ

ਰਿਹਾ ਹੈ ਅਤੇ ਭਾਰਤ ਵਿੱਚ ਹੁਣ ਤਕ ਗੀਤਾ ਬਿਨਾਂ ਗਿਆਨ ਸੰਭਵ ਨਹੀਂ ਮੰਨਿਆ ਜਾਂਦਾ। ਇਹ ਮਨੌਤਾਂ ਲਕੀਰ ਦੀ ਫ਼ਕੀਰੀ ਹਨ ਕਿਉਂ ਜੁ ਪਲੇਟੋ ਅਤੇ ਵੇਦ-ਵਿਆਸ ਦੀਆਂ ਪਾਈਆਂ ਲਕੀਰਾਂ ਉੱਤੇ ਲਕੀਰ ਫੇਰਨੀ ਜ਼ਰਾ ਔਖੀ ਲੱਗਦੀ ਹੈ। ਇਸੇ ਤਰ੍ਹਾਂ ਦੀ ਇੱਕ ਹੋਰ ਲਕੀਰ ਹੈ, ਵਾਰਸ਼ ਸ਼ਾਹ, ਜਿਸ ਨੂੰ ਹੁਣ ਤਕ ਪੰਜਾਬੀ ਕਵਿਤਾ ਦਾ ਮੀਲ-ਪੱਥਰ ਮੰਨਿਆ ਜਾਂਦਾ ਹੈ ਜਦ ਕਿ ਉਸ ਦੀ ਕਵਿਤਾ ਵਿੱਚ ਸੂਖ਼ਮਤਾ ਅਤੇ ਸੁੰਦਰਤਾ ਦੀ, ਲਗਪਗ, ਅਣਹੋਂਦ ਹੈ। ਉਸ ਨਾਲੋਂ ਪਹਿਲਾਂ ਲਿਖੀ ਗਈ ਪੰਜਾਬੀ ਕਵਿਤਾ ਇਨ੍ਹਾਂ ਕਾਵ-ਗੁਣਾਂ ਨਾਲ ਸਾਂਝ ਰੱਖਦੀ ਹੈ। ਵਾਰਸ ਕਵੀ ਘੱਟ ਅਤੇ ਸੱਯਦ ਜ਼ਿਆਦਾ ਸੀ।

ਮਨੁੱਖ ਦਾ ਬੌਧਕ ਵਿਰਸਾ ਫ਼ਲਸਫ਼ੇ ਜਾਂ ਦਰਸ਼ਨ ਦੀਆਂ ਕਿਤਾਬਾਂ ਵਿੱਚ ਬੰਦ ਹੈ। ਸੁਕ੍ਰਾਤ ਤੋਂ ਪਹਿਲਾਂ ਹੋਣ ਵਾਲੇ ਬਹੁਤ ਸਾਰੇ ਯੂਨਾਨੀ ਵਿਚਾਰਵਾਨ ਜੀਵਨ ਨੂੰ ਸਮਝਣ ਅਤੇ ਜਾਣਨ ਲਈ ਬੌਧਕਤਾ ਦੀ ਵਰਤੋਂ ਕਰਦੇ ਸਨ। ਉਹ ਗਿਆਨ ਨੂੰ ਸ਼ਕਤੀ (Knowledge is Power) ਨਹੀਂ ਸਨ ਮੰਨਦੇ ਅਤੇ ਜੀਵਨ ਨੂੰ ਤੋੜਨ ਮਰੋੜਨ ਲਈ ਇਸ ਸ਼ਕਤੀ ਦੀ ਵਰਤੋਂ ਕਰਨ ਬਾਰੇ ਨਹੀਂ ਸਨ ਸੋਚਦੇ। ਏਹੋ ਹਾਲ ਭਾਰਤੀ ਰਿਸ਼ੀਆਂ ਦਾ ਸੀ। ਉਹ ਆਤਮਾ ਪਰਮਾਤਮਾ ਬਾਰੇ ਸੋਚਦੇ ਸਨ; ਜੀਵਨ ਦੇ ਸੱਚ ਨੂੰ ਪ੍ਰਤੱਖ ਰੂਪ ਵਿੱਚ ਵੇਖਣ ਲਈ ਅਨੇਕ ਘਾਲਣਾ ਘਾਲਦੇ ਸਨ; ਪਰੰਤੂ ਉਨ੍ਹਾਂ ਦਾ ਮਨੋਰਥ ਗਿਆਨ ਨੂੰ ਜੀਵਨ ਦੇ ਵਿਕਾਸ ਦਾ ਸਾਧਨ ਬਣਾਉਣਾ ਨਹੀਂ ਸੀ ਹੁੰਦਾ। ਉਹ ਗਿਆਨ ਨੂੰ ਮੁਕਤੀ ਦਾ ਸਾਧਨ ਮੰਨਦੇ ਸਨ; ਨਿਰੋਲ ਵਿਅਕਤੀਗਤ ਵਸਤੂ।

ਗਿਆਨ ਜਾਂ ਬੌਧਕਤਾ ਨੂੰ ਜੀਵਨ ਦਾ ਵਿਧੀ-ਵਿਧਾਨ ਬਣਾਉਣ ਦੀ ਕਾਰੇ ਲਾਉਣ ਦਾ ਕੰਮ, ਚੇਤਨ ਤੌਰ ਉੱਤੇ ਯੂਨਾਨ, ਭਾਰਤ ਅਤੇ ਚੀਨ ਵਿੱਚ ਸੋਚਿਆ ਅਤੇ ਕੀਤਾ ਗਿਆ ਹੈ। ਇਸ ਦੇ ਦੋ ਤਰੀਕੇ ਅਪਣਾਏ ਗਏ ਹਨ। ਯੂਨਾਨ ਵਿੱਚ ਬੌਧਕਤਾ ਨੂੰ ਸੱਤਾ ਦੀ ਜਾਂ ਸਾਤਵਿਕਤਾ ਨੂੰ ਰਾਜਸਿਕਤਾ ਦੀ ਦਾਸੀ ਬਣਾਉਣ ਦਾ ਸਫ਼ਲ ਅਤੇ ਸਮੇਂ-ਸਥਾਨ-ਅਨੁਕੂਲ ਜਤਨ ਕੀਤਾ ਗਿਆ ਹੈ। ਗਿਆਨ ਅਤੇ ਸ਼ਕਤੀ ਜਾਂ ਸਰਸ੍ਵਤੀ ਅਤੇ ਦੁਰਗਾ ਦਾ ਇਹ ਰਿਸ਼ਤਾ ਮਨੁੱਖ ਦੇ ਸਮਾਜਕ-ਰਾਜਨੀਤਕ ਵਿਕਾਸ ਅਨੁਕੂਲ ਹੋਣ ਕਰਕੇ ਬਿਲਕੁਲ ਸਰਲ, ਸੁਭਾਵਕ ਅਤੇ ਉਪਯੋਗੀ ਸੀ। ਈਸਾਈਅਤ ਰਾਹੀਂ ਅਧਿਆਤਮਕ ਜਾਂ ਪਰਾਸਰੀਰਕ ਪ੍ਰਵਾਨਗੀ ਪ੍ਰਾਪਤ ਕਰ ਕੇ ਇਹ ਰਿਸ਼ਤਾ ਅਨਾਦੀ, ਅਨੰਤ ਅਤੇ ਸਰਵ-ਵਿਆਪਕ ਤਕ ਸਮਝਿਆ ਜਾਣ ਲੱਗ ਪਿਆ ਸੀ; ਦੁਨੀਆ ਦੇ ਵਡੇਰੇ ਹਿੱਸੇ ਵਿੱਚ ਅਜੇ ਵੀ ਸਮਝਿਆ ਜਾਂਦਾ ਹੈ। ਬੌਧਕਤਾ ਅਤੇ ਸ਼ਕਤੀ ਦੇ ਇਸੇ ਰਿਸ਼ਤੇ ਵਿੱਚੋਂ ਮਨੁੱਖ ਦਾ ਸਭਿਆਚਾਰਕ ਵਿਰਸਾ ਉਪਜਿਆ ਹੈ, ਜਿਸ ਦੇ ਹਰ ਪੱਖ ਦਾ ਗੰਭੀਰ ਵਿਸ਼ਲੇਸ਼ਣ ਇਹ ਸਿੱਧ ਕਰਦਾ ਹੈ ਕਿ ਮਿਜ਼ਰੀ, ਮੀਨਨੈੱਸ ਅਤੇ ਮੈਡਨੈੱਸ ਇਸ ਨੁਸਖ਼ੇ ਦੇ ਪ੍ਰਮੁੱਖ ਜੁਜ਼ ਜਾਂ ਹਿੱਸੇ ਹਨ।

ਇਸ ਰਿਸ਼ਤੇ ਨੂੰ ਅਜੇ ਤਕ ਕੁਦਰਤੀ ਅਤੇ ਕਲਿਆਣਕਾਰੀ ਸਮਝਿਆ ਜਾਂਦਾ ਹੈ। ਕੋਈ ਅਚੰਭੇ ਵਾਲੀ ਗੱਲ ਨਹੀਂ। ਮਨੁੱਖ ਦੀ ਦੁਨੀਆ ਵਿੱਚ ਸ਼ਕਤੀ ਅਤੇ ਭਗਤੀ ਵਰਗੇ ਅਣਜੋੜਾਂ ਨੂੰ ਰੱਬੀ ਪ੍ਰਵਾਨਗੀ ਪ੍ਰਾਪਤ ਹੈ ਅਤੇ ਮਨੁੱਖੀ ਇਤਿਹਾਸ ਦੇ ਸਹਾਰੇ ਹੋਰ ਕੁਝ ਚਿਰ ਤਕ ਪ੍ਰਾਪਤ ਰਹੇਗੀ। ਮਨੁੱਖੀ ਬੌਧਕਤਾ ਸਿੱਧੇ ਤੌਰ ਉੱਤੇ ਨਹੀਂ ਸਗੋਂ ਕੰਪਿਊਟਰ, ਇੰਟਰਨੈੱਟ, ਵਿਸ਼ਵੀਕਰਣ, ਟੈਕਨਾਲੋਜੀ, ਲੋੜੋਂ ਬਹੁਤੀ ਉਪਜ ਅਤੇ ਉਪਜ ਦੇ ਨਿਆਇਪੂਰਣ ਵਿਤਰਣ ਰਾਹੀਂ ਮਨੁੱਖੀ ਜੀਵਨ ਨੂੰ ਸੁਖਾਵਾਂ, ਸੁਹਣਾ, ਸੁਰੱਖਿਅਤ ਅਤੇ ਸਤਿਕਾਰਯੋਗ ਬਣਾ ਕੇ ਉਸ ਨੂੰ ਇਸ ਅਯੋਗ ਸੰਬੰਧ ਦੀ ਕਰੂਪਤਾ ਵਿੱਚ ਝਾਤੀ ਪਾਉਣ ਦੇ ਯੋਗ ਬਣਾਵੇਗੀ; ਇਹ ਮੇਰੀ ਆਸ ਵੀ ਹੈ ਅਤੇ ਮੇਰਾ ਅਨੁਮਾਨ ਵੀ। ਪਰੰਤੂ ਇਨ੍ਹਾਂ ਆਸਾਂ ਅਨੁਮਾਨਾਂ ਦਾ ਕੀ ਮੁੱਲ ਹੈ ਜਦੋਂ ਹਿੰਦੁਸਤਾਨ ਦੇ ਸਭਿਆਚਾਰਕ ਵਿਰਸੇ ਵਿੱਚ 60 ਨਿਊਕਲੀਅਰ ਵਾਰਹੈੱਡਜ਼ ਮੌਜੂਦ

ਹਨ ਅਤੇ 25 ਨਿਊਕਲੀਅਰ ਵਾਰਹੈੱਡਜ਼ ਪਾਕਿਸਤਾਨ ਦਾ ਸਭਿਆਚਾਰਕ ਵਿਰਸਾ ਹਨ। ਇਹ ਅਨੁਮਾਨ, ਮੇਰੇ ਪਹਿਲੇ ਅਨੁਮਾਨ ਨਾਲੋਂ ਹਕੀਕਤ ਦੇ ਕੁਝ ਵਧੇਰੇ ਨਜ਼ਦੀਕ ਹੈ।

ਚੀਨ ਵਿੱਚ, ਕਨਫਿਊਸ਼ੀਅਸ ਨੇ, ਮਨੁੱਖੀ ਜੀਵਨ ਦੀ ਜ਼ਿੰਮੇਦਾਰੀ ਬੌਧਕਤਾ ਨੂੰ ਸੌਂਪਣ ਦੀ ਸਕੀਮ ਸੋਚੀ ਸੀ। ਉਸ ਦੀ ਵਿਉਂਤ ਅਨੁਸਾਰ ਇਹ ਕੰਮ ਹਾਕਮ ਵਰਗ ਨੂੰ ਸੌਂਪਿਆ, ਗਿਆ ਸੀ ਅਤੇ ਹਾਕਮ ਵਰਗ ਨੂੰ ਭਲੇ ਪੁਰਸ਼ ਬਣਨ ਦੀ ਸਲਾਹ ਦਿੱਤੀ ਗਈ ਸੀ। ਪਲੇਟੋ ਅਤੇ ਕਨਫਿਊਸ਼ੀਅਸ ਦੀਆਂ ਯੋਜਨਾਵਾਂ ਵਿੱਚ ਫ਼ਰਕ ਕੇਵਲ ਇਹ ਸੀ ਕਿ ਜਿਥੇ ਕਨਫਿਊਸ਼ੀਅਸ ਹਾਕਮ ਵਰਗ ਨੂੰ ਸੁਹਿਰਦ ਅਤੇ ਈਮਾਨਦਾਰ ਹੋਣ ਦੀ ਸਲਾਹ ਦਿੰਦਾ ਸੀ ਓਥੇ ਪਲੇਟੋ ਆਪਣੇ ਫ਼ਿਲਾਸੋਫ਼ਰ ਕਿੰਗ ਨੂੰ ਹਰ ਉਸ ਚਲਾਕੀ, ਹੇਰਾ-ਫੇਰੀ, ਝੂਠ ਅਤੇ ਨਿਰਦੈਤਾ ਦੀ ਖੁੱਲ੍ਹ ਦਿੰਦਾ ਸੀ ਜਿਹੜੀ ਜਨਸਾਧਾਰਣ ਦੇ ਕਲਿਆਣ ਹਿੱਤ ਜ਼ਰੂਰੀ ਹੋਵੇ। ਦੁਨੀਆ ਦੇ ਸਾਰੇ ਹਾਕਮ ਪਲੇਟੋ ਦੇ ਆਦੇਸ਼ ਨੂੰ ਸਿਰ-ਮੱਥੇ ਸਵੀਕਾਰ ਕਰਦੇ ਆਏ ਹਨ। ਪਤਾ ਨਹੀਂ ਉਸ ਨੂੰ ਅਸਫ਼ਲ ਕਿਉਂ ਆਖਿਆ ਜਾਂਦਾ ਹੈ !!

ਕਨਫਿਊਸ਼ੀਅਸ ਨੂੰ ਆਪਣੇ ਵਿਚਾਰਾਂ ਨੂੰ ਕਿਸੇ ਪ੍ਰਯੋਗ ਰਾਹੀਂ ਪਰਖਣ ਜਾਂ ਸਿੱਧ ਕਰਨ ਦਾ ਮੌਕਾ ਨਹੀਂ ਸੀ ਮਿਲ ਸਕਿਆ। ਹਾਂ, ਉਸ ਦੀ ਸੁਹਿਰਦਤਾ ਦੇ ਸਤਿਕਾਰ ਵਜੋਂ, ਲਗਪਗ ਦੋ ਹਜ਼ਾਰ ਸਾਲ ਤਕ ਚੀਨ ਵਿੱਚ ਉੱਚ ਅਧਿਕਾਰ ਵਾਲੀ ਪਦਵੀ ਪ੍ਰਾਪਤ ਕਰਨ ਲਈ ਨੀਅਤ ਕੀਤੀ ਹੋਈ ਪਰੀਖਿਆ ਵਿੱਚ, ਇੱਕ ਪਰਚਾ ਕਨਫਿਊਸ਼ੀਅਸ ਉੱਤੇ ਹੁੰਦਾ ਰਿਹਾ ਹੈ। ਕਨਫਿਊਸ਼ੀਅਸ ਦੇ ਵਿਚਾਰਾਂ ਨੂੰ ਮਨੁੱਖ ਦਾ ਬੌਧਕ ਵਿਰਸਾ ਆਖਣ ਵਿੱਚ ਉਕਾਈ ਨਹੀਂ।

ਭਾਰਤ ਵਿੱਚ ਗੌਤਮ ਬੁੱਧ ਨੇ ਬੌਧਕਤਾ ਨੂੰ ਮਨੁੱਖੀ ਜੀਵਨ ਦੀ ਅਗਵਾਈ ਕਰਨ ਦਾ ਕੰਮ ਸੌਂਪਣ ਦਾ ਸਫ਼ਲ ਜਤਨ ਕੀਤਾ ਸੀ। ਉਸ ਨੇ ਹਾਕਮ ਵਰਗ ਦੀ ਥਾਂ ਜਨਸਾਧਾਰਣ ਦੀ ਬੌਧਕਤਾ ਨੂੰ ਬਲਵਾਨ ਕਰ ਕੇ ਜੀਵਨ ਦੀ ਸਮੁੱਚੀ ਜੁਗਤ ਨੂੰ ਨਵਾਂ ਰੂਪ ਦੇ ਦਿੱਤਾ ਸੀ। ਉਸ ਨੇ ਵਿਅਕਤੀਗਤ 'ਆਤਮਾ' ਅਤੇ ਸਾਰਵਜਨਕ 'ਪਰਮਾਤਮਾ' ਦੀ ਥਾਂ ਵਿਅਕਤੀਗਤ 'ਬੌਧਕਤਾ' ਅਤੇ ਸਾਰਵਜਨਕ 'ਸਹਿਯੋਗ' ਰਾਹੀਂ ਸਮਾਜਕ ਜੀਵਨ ਵਿੱਚ ਨਵੇਂ, ਸੁਖਾਵੇਂ ਅਤੇ ਸਤਿਕਾਰਯੋਗ ਸੰਬੰਧ ਸਥਾਪਤ ਕੀਤੇ ਸਨ। ਅਧਿਆਤਮਵਾਦ ਦੇ ਸ਼ੰਕਰਾਚਾਰੀ ਛੜਯੰਤ੍ਰਾਂ ਦਾ ਸ਼ਿਕਾਰ ਹੋ ਕੇ ਬੁੱਧ ਧਰਮ ਅੰਤ ਘਟੀਆ ਕਿਸਮ ਦੇ ਪ੍ਰੋਹਿਤਵਾਦ ਵਿੱਚ ਪਤਿਤ ਹੋ ਗਿਆ ਅਤੇ ਉਸ ਦੀ ਉਪਜਾਈ ਹੋਈ ਜੀਵਨ-ਜਾਚ ਇਸਲਾਮੀ ਪਾਗਲਪਨ ਦੀ ਭੇਂਟ ਚੜ੍ਹ ਗਈ; ਤਾਂ ਵੀ ਮਨੁੱਖ ਦੇ ਬੌਧਕ ਵਿਰਸੇ ਦੀ ਪੁਸਤਕ ਦਾ ਮੁਖਬੰਧ ਨਿਸਚੇ ਹੀ ਲਿਖਿਆ ਗਿਆ। ਯੂਨਾਨੀ ਐਪੀਕਿਊਰੀਅਨਜ਼ ਅਤੇ ਪ੍ਰਮਾਣੂੰਵਾਦੀ ਅਤੇ ਭਾਰਤੀ ਚਾਰਵਾਕੀ ਉਸੇ ਮੁਖਬੰਧ ਦੇ ਨਿੱਕੇ ਨਿੱਕੇ ਪੈਰੇ ਹਨ। ਇਨ੍ਹਾਂ ਸਾਰਿਆਂ ਨੂੰ ਅਧਿਆਤਮਵਾਦੀ ਅਲੋਚਨਾ ਦੀ ਧੁੰਦ ਵਿੱਚ ਵੇਖਿਆਂ ਅਸੀਂ ਇਨ੍ਹਾਂ ਦੇ ਨਕਸ਼ਾਂ ਦੀ ਸੁੰਦਰਤਾ ਦਾ ਅਨੁਮਾਨ ਨਹੀਂ ਲਾ ਸਕਦੇ; ਅਤੇ ਨਿਰਪੱਖਤਾ ਦੀ ਉਸ ਚੋਟੀ ਉੱਤੇ ਚੜ੍ਹ ਕੇ ਵੇਖਣ ਦੀ ਸਾਨੂੰ ਜਾਚ ਨਹੀਂ ਜਿਥੋਂ ਵੇਖਿਆਂ ਸਾਰਿਆਂ ਦੇ ਗੁਣ ਔਗੁਣ ਸਾਫ਼ ਦਿੱਸਣ ਲੱਗ ਪੈਂਦੇ ਹਨ।

ਰਿਨੇਸਾਂਸ ਦੇ ਪ੍ਰਭਾਵ ਨਾਲ ਮਨੁੱਖ ਦੇ ਬੌਧਕ ਵਿਰਸੇ ਨੂੰ ਮੁੜ ਆਦਰ ਭਾਵ ਨਾਲ ਵੇਖਿਆ ਜਾਣਾ ਆਰੰਭ ਹੋਇਆ ਸੀ। ਸੋਚ ਨੇ ਪਲੇਟੋ ਦੇ ਆਦਰਸ਼ਵਾਦ, ਈਸਾਈਅਤ ਦੇ ਅਧਿਆਤਮਵਾਦ ਅਤੇ ਮਨੁੱਖ ਦੇ ਸਭਿਆਚਾਰਕ ਵਿਰਸੇ ਧਰਮਯੁੱਧਾਂ (Crusades) ਦੇ ਪਾਗਲਪਨ ਦਾ ਤਿਆਗ ਕਰਨਾ ਆਰੰਭ ਕਰ ਕੇ ਨਿਰੋਲ ਮਨੁੱਖੀ ਸੋਚ ਬਣਨ ਦਾ ਜਤਨ ਆਰੰਭ ਕਰ ਦਿੱਤਾ ਸੀ। ਸਾਇੰਸ, ਜਿਹੜੀ ਨਿਰੋਲ ਮਨੁੱਖੀ ਸੋਚ ਅਤੇ ਖੋਜ ਦੀ ਉਪਜ ਹੈ, ਮਨੁੱਖੀ ਸੋਚ ਨੂੰ ਅਧਿਆਤਮਵਾਦ ਦੀ ਕੈਦ ਵਿੱਚੋਂ ਮੁਕਤ ਕਰਨ ਦੇ ਕੰਮ ਵਿੱਚ ਜਿੰਨੀ ਸਫ਼ਲ

ਹੈ ਓਨੀ ਸਫ਼ਲਤਾ ਇਸ ਨੂੰ ਮਨੁੱਖ ਦੇ ਸਭਿਆਚਾਰਕ ਵਿਰਸੇ ਦੇ ਦੂਜੇ ਰੂਪਾਂ, misery ਅਤੇ madness (ਮਿਜ਼ਰੀ ਅਤੇ ਮੈਡਨੈੱਸ) ਵਿੱਚੋਂ ਕੱਢਣ ਵਿੱਚ ਪ੍ਰਾਪਤ ਨਹੀਂ ਹੋਈ। ਇਸ ਦਾ ਕਾਰਨ ਇਹ ਹੈ ਕਿ ਅਧਿਆਤਮਕ ਮੀਨਨੈੱਸ ਨੂੰ ਮਨੁੱਖ ਆਰੰਭ ਤੋਂ ਹੀ ਆਪਣੇ ਦੁਨਿਆਵੀ ਛੜਯੰਤ੍ਰਾਂ ਦੀ ਸਫ਼ਲਤਾ ਦੇ ਸਾਧਨ ਵਜੋਂ ਵਰਤਦਾ ਆਇਆ ਹੈ। ਜਿਥੇ ਉਸ ਨੂੰ ਇਸ ਦੇ ਕਾਰਗਰ ਸਾਬਤ ਹੋਣ ਬਾਰੇ ਸ਼ੱਕ ਪੈਂਦਾ ਹੈ ਓਥੇ ਓਥੇ ਇਸ ਦਾ ਤਿਆਗ ਕਰੀ ਜਾਂਦਾ ਹੈ।

ਸਭਿਆਚਾਰਕ ਵਿਰਸੇ ਦੇ ਸਮੁੱਚੇ ਤਿਆਗ ਦਾ ਸਮਾਂ ਅਜੇ ਦੂਰ ਹੈ। ਆਦਮੀ ਤੋਂ ਇਨਸਾਨ ਤਕ ਦਾ ਸਫ਼ਰ ਏਨਾ ਸੌਖਾ ਨਹੀਂ। ਫਿਰ ਵੀ ਜਿਵੇਂ ਜਿਵੇਂ ਫ਼ਿਜ਼ਿਕਸ ਮਨੁੱਖੀ ਗਿਆਨ ਦਾ ਘੇਰਾ ਵਿਸ਼ਾਲ ਕਰਦੀ ਜਾਵੇਗੀ; ਜਿਵੇਂ ਜਿਵੇਂ ਧਰਤੀ ਉਤਲੇ ਫ਼ਾਸਲੇ ਸੁੰਗੜਦੇ ਜਾਣਗੇ; ਜਿਵੇਂ ਜਿਵੇਂ ਮਨੁੱਖੀ ਮਨ ਵਿੱਚ ਧਰਮਾਂ, ਕੌਮਾਂ ਅਤੇ ਸੰਸਕ੍ਰਿਤੀਆਂ ਦੇ 'ਗੌਰਵ' ਦੀ ਥਾਂ ਜੀਵਨ ਪ੍ਰਤੀ 'ਸਤਿਕਾਰ' ਵਧਦਾ ਜਾਵੇਗਾ; ਜਿਵੇਂ ਜਿਵੇਂ ਦੇਸ਼ਾਂ ਵਿਚਾਲੇ ਸੈਨਿਕੀ ਸੰਬੰਧਾਂ ਦਾ ਪਸ਼ੂਪੁਣਾ ਘਟਦਾ ਅਤੇ ਵਾਪਾਰਕ ਸੰਬੰਧਾਂ ਦਾ ਸਭਿਅ ਸੰਬੰਧ ਸਥਾਪਤ ਹੁੰਦਾ ਜਾਵੇਗਾ; ਤਿਵੇਂ ਤਿਵੇਂ ਮਨੁੱਖ ਆਪਣੇ ਬੌਧਕ ਵਿਰਸੇ ਵੱਲ ਵੇਖਣਾ ਆਰੰਭ ਕਰਦਾ ਜਾਵੇਗਾ। ਇਹ ਵਿਰਸਾ ਅਜੇ ਓਨਾ ਵੱਡਾ ਨਹੀਂ ਕਿ ਸਭਿਆਚਾਰਕ ਵਿਰਸੇ ਦੇ ਕੂੜ-ਕਬਾੜ ਦੇ ਉੱਚੇ ਢੇਰਾਂ ਵਿੱਚੋਂ ਇਸ ਦੀ ਭਾਲ ਅਤੇ ਪਛਾਣ ਕੀਤੀ ਜਾ ਸਕੇ। ਅਜੇ ਤਾਂ ਮਨੁੱਖੀ ਅਕਲ ਸਭਿਆਚਾਰਕ ਵਿਰਸੇ ਦੀ ਉਸਾਰੀ ਕਰਨ ਦੀ ਕਾਰੇ ਲੱਗੀ ਹੋਈ ਹੈ; ਅਜੇ ਤਕ ਬੁੱਧੀਜੀਵੀ ਹੋਣ ਦਾ ਮਤਲਬ ਹੈ ਕਿਸੇ ਇੱਕ ਸਿਆਸੀ 'ਵਾਦ' ਦੀ ਵਕਾਲਤ ਜਾਂ ਕਿਸੇ ਇੱਕ ਅਧਿਆਤਮਕ ਪ੍ਰਬੰਧ ਦੀ ਗੁਲਾਮੀ।

SIKHBOOKCLUB.COM

•

# ਮਨੁੱਖ ਦਾ ਅਧਿਆਤਮਿਕ ਵਿਰਸਾ—1

'ਚੇਤਨਾ' ਜੀਵ ਦਾ ਅਸਲਾ ਹੈ ਅਤੇ 'ਜਾਣਨ ਦੀ ਇੱਛਾ' ਇਸ ਅਸਲੇ ਦਾ ਪ੍ਰਗਟਾਵਾ ਹੈ। ਜੀਵਾਂ ਦੀਆਂ ਵੱਖ-ਵੱਖ ਸ਼੍ਰੇਣੀਆਂ ਵਿੱਚ ਇਹ ਪ੍ਰਗਟਾਵਾ ਵੱਖ-ਵੱਖ ਪੱਧਰ ਅਤੇ ਪ੍ਰਕਾਰ ਦਾ ਹੈ। ਇਸ ਵਖੇਵੇਂ ਦਾ ਕਾਰਨ ਹੈ ਜੀਵਾਂ ਦੀ 'ਲੋੜ' ਅਤੇ 'ਯੋਗਤਾ' ਦਾ ਵੱਖ-ਵੱਖ ਹੋਣਾ। ਕੁਦਰਤ ਨੇ ਮਨੁੱਖ ਰੂਪੀ ਪਸ਼ੂ ਪੈਦਾ ਕਰ ਕੇ ਉਸ ਕੋਲੋਂ ਹਿੰਸਾ-ਹੱਤਿਆ ਦੀ ਯੋਗਤਾ ਕੁਝ ਘੱਟ ਕਰ ਦਿੱਤੀ ਸੀ; ਸਰਦੀ, ਗਰਮੀ ਅਤੇ ਬਾਰਸ਼ ਆਦਿਕ ਤੋਂ ਬਚਾਅ ਕਰਨ ਵਾਲੀ ਮੋਟੀ ਚਮੜੀ ਜਾਂ ਸੰਘਣੀ ਜੱਤ ਵੀ ਉਸ ਕੋਲੋਂ ਲੈ ਲਈ ਸੀ; ਲੰਮੇਰਾ ਬਚਪਨ ਅਤੇ ਮਮਤਾ-ਮੋਹਿਆ ਮਨ ਦੇ ਕੇ ਉਸ ਦੀਆਂ ਮੁਸ਼ਕਿਲਾਂ ਵਿੱਚ ਵਾਧਾ ਕਰ ਦਿੱਤਾ ਸੀ; ਅਤੇ ਇਸ ਦੇ ਬਦਲੇ ਵਿੱਚ ਉਸ ਦੀ 'ਜਾਣਨ ਦੀ ਇੱਛਾ' ਅਤੇ 'ਜਾਣਨ ਦੀ ਯੋਗਤਾ' ਨੂੰ ਅਸੀਮ ਕਰ ਦਿੱਤਾ ਸੀ। ਇਸ ਅਸੀਮ ਇੱਛਾ ਦੀ ਅਗਵਾਈ ਵਿੱਚ ਅਤੇ ਯੋਗਤਾ ਦੇ ਸਹਾਰੇ ਮਨੁੱਖੀ ਚੇਤਨਾ ਨੇ, ਜੀਵਨ ਦੇ ਸੂਖਮ ਭੇਤਾਂ ਨੂੰ ਜਾਣਨ ਦੇ ਜਤਨ ਵਿੱਚੋਂ ਧਰਮ, ਫ਼ਲਸਫ਼ੇ ਅਤੇ ਸਾਇੰਸ ਨੂੰ ਜਨਮ ਦਿੱਤਾ ਹੈ। ਕਲਾ ਵੀ ਮਨੁੱਖੀ ਚੇਤਨਾ ਦੀ ਅਦਭੁਤ ਪ੍ਰਾਪਤੀ ਹੈ; ਪਰੰਤੂ ਇਸ ਚੌਥੀ ਪ੍ਰਾਪਤੀ ਦਾ ਜਨਮ 'ਜਾਣਨ ਦੀ ਇੱਛਾ' ਵਿੱਚੋਂ ਨਹੀਂ, ਸਗੋਂ 'ਮਾਣਨ ਦੀ ਰੀਝ' ਵਿੱਚੋਂ ਹੋਇਆ ਹੈ।

ਧਰਮ, ਫ਼ਲਸਫ਼ੇ ਅਤੇ ਸਾਇੰਸ ਦਾ ਵਿਕਾਸ ਸਭਿਅਤਾ ਦੇ ਵਿਕਾਸ ਦਾ ਹਮਸਫ਼ਰ ਹੈ। ਪੰਦਰ੍ਹਵੀਂ ਸਦੀ ਦੇ ਅੰਤ ਤੱਕ ਫ਼ਲਸਫ਼ਾ ਧਰਮ ਦਾ ਸਹਿਯੋਗੀ ਰਿਹਾ ਹੈ। ਪੰਦਰ੍ਹਵੀਂ ਸਦੀ ਦੇ ਪਿਛਲੇ ਅੱਧ ਵਿੱਚ, ਰਿਨੇਸਾਂਸ ਦੇ ਆਗਮਨ ਨਾਲ, ਇਨ੍ਹਾਂ ਦੀ ਮਿੱਤ੍ਰਤਾ ਟੁੱਟਣੀ ਸ਼ੁਰੂ ਹੋ ਕੇ ਸਾਇੰਸ ਅਤੇ ਫ਼ਲਸਫ਼ੇ ਦੀ ਦੋਸਤੀ ਦਾ ਮੁੱਢ ਬੱਝ ਗਿਆ ਸੀ। ਧਰਮ ਅਤੇ ਫ਼ਲਸਫ਼ੇ ਦੀ ਮਿੱਤ੍ਰਤਾ ਵਿੱਚ ਦੋਸਤੀ ਘੱਟ ਅਤੇ ਦਾਸਤਾ ਵੱਧ ਸੀ; ਧਰਮ ਸਵਾਮੀ ਅਤੇ ਫ਼ਲਸਫ਼ਾ ਸੇਵਕ ਸੀ। ਆਧੁਨਿਕ ਸਮੇਂ ਵਿੱਚ ਸਾਇੰਸ ਅਤੇ ਫ਼ਲਸਫ਼ੇ ਵਿੱਚ ਵੀ ਸਵਾਮੀ ਅਤੇ ਸੇਵਕ ਦਾ ਸੰਬੰਧ ਸਥਾਪਿਤ ਹੁੰਦਾ ਜਾ ਰਿਹਾ ਹੈ। ਕਾਰਨ ਹੁਣ ਵੀ ਉਹੋ ਹੀ ਹੈ ਜੋ ਉਦੋਂ ਸੀ। ਉਸ ਸਮੇਂ ਧਰਮ ਕਈ ਪ੍ਰਕਾਰ ਦੇ ਵਿਸ਼ਵਾਸਾਂ, ਵਹਿਮਾਂ, ਡਰਾਵਿਆਂ, ਲੋਭਾਂ, ਦਿਲਾਸਿਆਂ, ਰੀਤਾਂ, ਰਸਮਾਂ, ਰਵਾਇਤਾਂ ਅਤੇ ਕਰਮ-ਕਾਂਡਾਂ ਰਾਹੀਂ ਜੀਵਨ ਨੂੰ ਆਪਣੇ ਹੁਕਮ ਵਿੱਚ ਤੋਰਨ ਅਤੇ ਮਨ-ਚਾਹਿਆ ਰੂਪ ਦੇਣ ਵਿੱਚ ਸਫ਼ਲ ਸੀ, ਜਦ ਕਿ ਫ਼ਲਸਫ਼ਾ ਧਰਮ ਦੇ ਹਰ ਸਿੱਧੇ-ਪੁੱਠੇ ਆਦਰਸ਼ ਅਤੇ ਆਦੇਸ਼ ਦੀ ਵਕਾਲਤ ਲਈ ਦਲੀਲਾਂ ਦੇ ਦੁਰਗ ਉਸਾਰਨ ਦੀ ਖ਼ਿਆਲੀ ਦੁਨੀਆ ਵਿੱਚੋਂ ਬਾਹਰ ਆਉਣ ਦੀ ਲੋੜ ਨਹੀਂ ਸੀ ਸਮਝਦਾ। ਆਧੁਨਿਕ ਯੁਗ ਵਿੱਚ ਸਾਇੰਸ ਮਨੁੱਖ ਦੇ ਹਰ ਦੁੱਖ ਅਤੇ ਹਰ ਸੁੱਖ ਦੀ ਜ਼ਿੰਮੇਦਾਰ ਬਣਦੀ ਜਾ ਰਹੀ ਹੈ। ਉਹ ਇਲਹਾਮਾਂ, ਵਿਸ਼ਵਾਸਾਂ ਅਤੇ ਕਰਾਮਾਤਾਂ ਦੇ ਉਹਲੇ ਨਹੀਂ ਉਸਾਰਦੀ; ਨਾ ਹੀ ਉਸ ਨੂੰ ਫ਼ਲਸਫ਼ੇ ਵੱਲੋਂ ਕਿਸੇ ਵਕਾਲਤ ਦੀ ਲੋੜ ਹੈ। ਉਹ ਆਪਣੇ ਹਰ ਚੰਗੇ-ਬੁਰੇ ਲਈ ਆਪ ਜਵਾਬਦੇਹ ਹੈ। ਹੁਣ ਫ਼ਲਸਫ਼ੇ ਨੂੰ ਆਪਣੇ ਸਿਧਾਂਤਾਂ ਦੀ ਪ੍ਰਮਾਣੀਕਤਾ ਦਾ ਪ੍ਰਮਾਣ-ਪੱਤਰ ਸਾਇੰਸ ਕੋਲੋਂ ਲੈਣਾ ਪੈਂਦਾ ਹੈ ਅਤੇ ਧਰਮ ਆਪਣੇ ਆਪ ਨੂੰ 'ਸਾਇੰਸ ਆਫ਼ ਸੋਲ' ਕਹਿ ਕੇ ਸਾਇੰਸ ਦਾ ਸਤਿਕਾਰ ਵਧਾਉਣ

ਦਾ ਭੋਲਾਪਨ ਅਤੇ ਆਪਣੀ ਉਮਰ ਵਧਾਉਣ ਦੀ ਹੁਸ਼ਿਆਰੀ ਕਰਦਾ ਹੈ। ਛੇਤੀ ਹੀ ਵਿਦਵਾਨ ਇਸ ਗੱਲ ਨਾਲ ਸਹਿਮਤ ਹੋ ਜਾਣਗੇ ਕਿ ਸੰਸਾਰ ਵਿੱਚ ਦੋ ਹੀ ਸਾਇੰਸਾਂ ਹਨ; ਇੱਕ ਪਦਾਰਥ ਦੀ ਸਾਇੰਸ, ਜਿਸ ਦੀਆਂ ਫ਼ਿਜ਼ਿਕਸ, ਕੈਮਿਸਟਰੀ, ਭੂਗੋਲ ਅਤੇ ਬਾਟਨੀ ਆਦਿਕ ਕਈ ਸ਼ਾਖਾਂ ਹਨ ਅਤੇ ਦੂਜੀ ਮਨ ਦੀ ਸਾਇੰਸ ਭਾਵ ਮਨੋਵਿਗਿਆਨ ਅਤੇ ਹਰ ਸਮਾਜਿਕ ਸਾਇੰਸ ਵਿਹਾਰਕ ਮਨੋ-ਵਿਗਿਆਨ (Applied Psychology) ਹੈ।

ਸਾਇੰਸ ਸਾਹਮਣੇ ਅਸੀਮ ਭਵਿੱਖ ਹੈ, ਜਿਸ ਵਿੱਚ ਧਰਮ ਅਤੇ ਫ਼ਲਸਫ਼ਾ, ਇਸ ਦੀ ਛਤਰ ਛਾਇਆ, ਆਪਣਾ ਸਰੂਪ ਅਤੇ ਸਥਾਨ ਬਦਲ ਕੇ ਜੀਵਨ ਪ੍ਰਤੀ ਆਪਣਾ ਫ਼ਰਜ਼ ਨਿਭਾਉਣ ਦੀ ਕੋਸ਼ਿਸ਼ ਕਰਨਗੇ। ਸਿਆਸਤ, ਧਰਮ, ਫ਼ਲਸਫ਼ੇ, ਮੁਕਾਬਲੇ ਅਤੇ ਮੁਨਾਫ਼ੇ ਦੀਆਂ ਨੀਹਾਂ ਉੱਤੇ ਉੱਸਰੀ ਹੋਈ ਜੀਵਨ-ਜਾਚ ਸਹਿਯੋਗ ਦੀਆਂ ਸੰਭਾਵਨਾਵਾਂ ਨੂੰ ਸਾਕਾਰ ਹੋਣੋਂ ਰੋਕਦੀ ਆਈ ਹੈ। ਇਸ ਜੀਵਨ-ਜਾਚ ਦੀ ਉਸਾਰੀ ਵਿੱਚ ਧਰਮ ਦਾ ਕੀ ਯੋਗਦਾਨ ਹੈ ? ਇਸ ਪ੍ਰਸ਼ਨ ਦਾ ਉੱਤਰ ਲੱਭਣ ਦੇ ਖ਼ਿਆਲ ਨਾਲ ਇਹ ਲੇਖ ਲਿਖ ਰਿਹਾ ਹਾਂ।

ਸਾਧਾਰਣ ਸੂਝ-ਬੂਝ ਵਾਲਾ ਹਰ ਆਦਮੀ ਮੰਨਦਾ ਹੈ ਕਿ ਸੱਚ, ਨੇਕੀ, ਪਿਆਰ, ਈਮਾਨਦਾਰੀ, ਖਿਮਾ, ਨਿਮਰਤਾ, ਸੇਵਾ, ਸਹਾਇਤਾ, ਸਹਿਯੋਗ, ਦਯਾ ਅਤੇ ਹਮਦਰਦੀ ਆਦਿਕ ਸਾਰੇ ਮਨੁੱਖੀ ਗੁਣ ਧਰਮ ਦੀ ਦੇਣ ਹਨ। ਇਹ ਮਨੌਤ ਠੀਕ ਨਹੀਂ। ਇਉਂ ਮੰਨਣਾ ਮਨੁੱਖ ਦੇ ਸਮਾਜਿਕ ਵਿਕਾਸ ਤੋਂ ਅਣਜਾਣ ਹੋਣ ਦਾ ਸਬੂਤ ਦੇਣਾ ਹੈ। ਮਨੁੱਖ ਨੂੰ ਇਸ ਧਰਤੀ ਦਾ ਵਸਨੀਕ ਬਣਿਆਂ ਲੱਖਾਂ ਸਾਲ ਹੋ ਚੁੱਕੇ ਹਨ। ਜਿਨ੍ਹਾਂ ਭਿਆਨਕ ਪਰਿਸਥਿਤੀਆਂ ਵਿੱਚੋਂ ਲੰਘ ਕੇ ਮਨੁੱਖ ਨੇ ਸਭਿਅ ਸਮਾਜਿਕ ਜੀਵਨ ਦੀ ਉਸਾਰੀ ਕੀਤੀ ਹੈ, ਉਨ੍ਹਾਂ ਬਾਰੇ ਧਰਮ ਬਹੁਤਾ ਕੁਝ ਨਹੀਂ ਜਾਣਦਾ। ਜਦੋਂ ਮਨੁੱਖ ਭਿਆਨਕ ਜੰਗਲੀ ਪਰਿਸਥਿਤੀਆਂ ਦਾ ਟਾਕਰਾ ਕਰ ਰਿਹਾ ਸੀ, ਉਦੋਂ ਉਸ ਨੂੰ ਸਹਾਇਤਾ, ਸਹਿਯੋਗ, ਹਮਦਰਦੀ ਅਤੇ ਵੱਗਚਾਰਿਤਾ ਦੀ ਲੋੜ ਸੀ, ਧਰਮ ਦੀ ਨਹੀਂ। ਉਹ ਕਿਸੇ ਵੀ ਇਲਹਾਮ ਜਾਂ ਸਰਬ-ਸ਼ਕਤੀਮਾਨ ਬਿਨਾਂ ਜੀ ਸਕਦਾ ਸੀ; ਪਰ ਆਪਣੇ ਵਰਗੇ ਮਨੁੱਖਾਂ ਦੀ ਹਮਦਰਦੀ, ਸਹਾਇਤਾ ਅਤੇ ਮਿੱਤ੍-ਭਾਵਨਾ ਬਿਨਾਂ ਉਹ ਆਪਣੀ ਹੋਂਦ ਕਾਇਮ ਨਹੀਂ ਸੀ ਰੱਖ ਸਕਦਾ। ਉਸ ਸਮੇਂ ਦੇ ਮਨੁੱਖ ਨੂੰ ਇਹ ਮੰਨਣ ਵਿੱਚ ਕੋਈ ਔਖ ਨਹੀਂ ਸੀ ਕਿ 'ਬੰਦਾ ਬੰਦੇ ਦਾ ਦਾਰੂ ਹੈ।'

ਡਾਰਵਿਨ ਤੋਂ ਪਿੱਛੋਂ ਜੀਵ ਵਿਗਿਆਨੀਆਂ ਅਤੇ ਪ੍ਰਕਿਰਤੀ ਵਿਗਿਆਨੀਆਂ ਨੇ ਕੁਦਰਤ ਦੇ ਉਸ ਕ੍ਰਿਸ਼ਮੇ ਵੱਲ ਯੋਗ ਧਿਆਨ ਦੇਣਾ ਸ਼ੁਰੂ ਕਰ ਦਿੱਤਾ ਹੈ, ਜਿਸ ਨੂੰ ਈਵੋਲੂਸ਼ਨ (evolution) ਜਾਂ ਵਿਕਾਸ ਆਖਿਆ ਜਾਂਦਾ ਹੈ। ਅਜੋਕੇ ਮਨੁੱਖ ਨੂੰ (ਜਾਂ ਅਜੋਕੇ ਸੂਝਵਾਨ ਮਨੁੱਖ ਨੂੰ) ਉਸ ਦੁੱਖ, ਕਲੇਸ਼, ਹਿੰਸਾ, ਬੇ-ਰਹਿਮੀ, ਅਨਿਆਂ, ਬੇ-ਵਸਾਹੀ, ਖ਼ੁਦਗਰਜ਼ੀ ਅਤੇ ਪੀੜ ਦਾ ਪੂਰਾ ਪੂਰਾ ਪਤਾ ਹੈ (ਜਾਂ ਪਤਾ ਲੱਗ ਸਕਦਾ ਹੈ), ਜਿਸ ਵਿੱਚੋਂ ਲੰਘਦਾ ਹੋਇਆ ਵਿਕਾਸ, ਮਨੁੱਖੀ ਰੂਪ ਤਕ ਪੁੱਜਾ ਹੈ। ਅਜੋਕਾ ਵਿਗਿਆਨੀ ਅਤੇ ਖੋਜੀ ਧਰਤੀ ਦੀ ਹਿੱਕ ਵਿੱਚੋਂ ਉਨ੍ਹਾਂ ਸਾਰੀਆਂ ਪੀੜਾਂ ਦੇ ਭੇਤ ਬਾਹਰ ਕੱਢ ਰਿਹਾ ਹੈ, ਜਿਹੜੀਆਂ ਪੂਰਵ- ਇਤਿਹਾਸਕਾਲ ਦੇ ਮਨੁੱਖ ਨੂੰ ਜਰਨੀਆਂ ਪਈਆਂ। ਧਰਮ ਇਨ੍ਹਾਂ ਬਾਰੇ ਨਾ ਜਾਣਦਾ ਸੀ, ਨਾ ਜਾਣਨਾ ਚਾਹੁੰਦਾ ਸੀ, ਨਾ ਜਾਣ ਸਕਦਾ ਸੀ। ਜੇ ਕਿਧਰੇ ਧਾਰਮਿਕ ਮਨੁੱਖ ਨੇ ਸ੍ਰਿਸ਼ਟੀ ਦੀ ਉਤਪਤੀ ਬਾਰੇ ਸੋਚਣ ਅਤੇ ਜਾਣਨ ਦਾ ਜਤਨ ਕੀਤਾ ਵੀ ਹੈ ਤਾਂ ਉਸ ਦੀ ਸੋਚ ਇਸ ਤੋਂ ਅਗੇਰੇ ਨਹੀਂ ਤੁਰੀ ਕਿ ਅਰਬਾਂ, ਖਰਬਾਂ ਸਾਲ ਪਹਿਲਾਂ ਇਸ ਪੁਲਾੜ ਵਿੱਚ ਸੰਪੂਰਣ ਸੁੰਨ ਸੀ। ਸੂਰਜ, ਚੰਨ, ਧਰਤੀਆਂ, ਸਿਤਾਰੇ ਆਦਿਕ ਕੁਝ ਨਹੀਂ ਸੀ। ਫਿਰ ਕਿਸੇ ਅਲੌਕਿਕ, ਅਗੰਮ, ਅਗੋਚ ਚੇਤਨਾ ਨੇ ਗੁਪਤ ਤੋਂ ਪਰਗਟ ਹੋਣ ਦੇ ਇਰਾਦੇ ਨਾਲ ਇਸ ਬ੍ਰਹਿਮੰਡ ਦੀ ਰਚਨਾ ਕਰ ਦਿੱਤੀ।

ਇਸ ਤੋਂ ਅੱਗੇ ਇਹ ਸੋਚ ਇਹ ਜਾਣਨ ਅਤੇ ਦੱਸਣ ਦੀ ਖੇਚਲ ਨਹੀਂ ਕਰਦੀ ਕਿ ਬ੍ਰਹਿਮੰਡ ਦੀ ਸਿਰਜਣਾ ਹੋ ਜਾਣ ਪਿੱਛੋਂ ਕੁਝ ਕੁ ਧਰਤੀਆਂ ਉੱਤੇ ਜਾਂ ਸਾਡੀ ਇਸ ਧਰਤੀ ਉੱਤੇ ਜੀਵਨ ਦੀ ਉਤਪਤੀ ਕਿਵੇਂ ਹੋਈ। ਸ੍ਵੈ-ਰੱਖਿਆ ਦੇ ਸੰਘਰਸ਼ ਵਿੱਚ ਜੀਵਾਂ ਨੂੰ ਕਿਹੜੇ ਕਿਹੜੇ ਕਲੇਸ਼ ਭੋਗਣੇ ਪਏ। ਉਨ੍ਹਾਂ ਸੰਘਰਸ਼ਾਂ, ਕਲੇਸ਼ਾਂ ਅਤੇ ਕਹਿਰਾਂ ਨੇ ਜੀਵਨ ਦੀ ਚੇਤਨਾ ਵਿੱਚ ਕਿਨ੍ਹਾਂ ਭਾਵਾਂ, ਪਰਵਿਰਤੀਆਂ, ਵਿਸ਼ਵਾਸਾਂ ਅਤੇ ਵਿਚਾਰਾਂ ਦੀ ਘਾੜਤ ਘੜੀ ? ਧਰਮ ਇਸ ਪ੍ਰਸ਼ਨ ਨੂੰ ਜ਼ਰੂਰੀ ਨਹੀਂ ਸਮਝਦਾ। ਉਸ ਕੋਲ ਮਨੁੱਖ ਦੀ ਉਤਪਤੀ ਦਾ ਇੱਕ (ਹਾਸੋਹੀਣਾ) ਸਿਧਾਂਤ ਹੈ, ਜਿਸ ਬਾਰੇ ਕਿੰਤੂ ਕਰਨ ਵਾਲਿਆਂ ਨੂੰ ਉਹ ਸਦੀਵੀ ਨਰਕਵਾਸ ਦੀ ਸਜ਼ਾ ਦਾ ਫ਼ੈਸਲਾ ਅਗਾਊਂ ਹੀ ਸੁਣਾ ਚੁੱਕਾ ਹੈ।

ਉਹ ਸਿਧਾਂਤ ਇਹ ਹੈ ਕਿ ਰੱਬ ਨੇ ਜੰਨਤ ਨਾਂ ਦੀ ਕਿਸੇ ਥਾਂ ਉੱਤੇ ਫ਼ਰਿਸ਼ਤੇ, ਹੂਰਾਂ ਅਤੇ ਨਾਨਾ ਪ੍ਰਕਾਰ ਦੇ ਜੀਵ-ਜੰਤੂ, ਬਿਰਖ-ਬੂਟੇ ਆਦਿਕ ਪੈਦਾ ਕਰ ਰੱਖੇ ਸਨ। ਕਿਉਂ ? ਇਸ ਦਾ ਪਤਾ ਨਹੀਂ। ਉਨ੍ਹਾਂ ਵਿੱਚ ਆਦਮ ਅਤੇ ਹਵੱਾ ਜਾਂ ਐਡਮ ਅਤੇ ਈਵ ਨਾਂ ਦੇ ਮਰਦ ਅਤੇ ਇਸਤ੍ਰੀ ਦਾ ਇੱਕ ਜੋੜਾ ਵੀ ਸੀ। ਇਨ੍ਹਾਂ ਦੋਹਾਂ ਦੀ ਕਿਸੇ ਗਲਤੀ ਤੋਂ ਗੁੱਸੇ ਹੋ ਕੇ ਰੱਬ ਨੇ ਇਨ੍ਹਾਂ ਨੂੰ ਜੰਨਤ (ਸੁਰਗ) ਵਿੱਚੋਂ ਕੱਢ ਦਿੱਤਾ ਅਤੇ ਧਰਤੀ ਉੱਤੇ ਭੇਜ ਦਿੱਤਾ ਤਾਂ ਜੁ ਇਹ ਦੋਵੇਂ ਅਤੇ ਇਨ੍ਹਾਂ ਦੀ ਔਲਾਦ ਇਨ੍ਹਾਂ ਦੇ ਕੀਤੇ ਪਾਪ ਦੀ ਸਜ਼ਾ ਭੁਗਤਦੀ ਰਹੇ। ਇਹ ਸਿਧਾਂਤ ਉਸ ਸਾਰੀ ਪੀੜ ਅਤੇ ਹਿਰਦੇ-ਹੀਣਤਾ ਨੂੰ ਇੱਕ ਪਾਸੇ ਛੱਡ ਦਿੰਦਾ ਹੈ ਜਾਂ ਬਾਈ ਪਾਸ ਕਰ ਦਿੰਦਾ ਹੈ, ਜਿਸ ਵਿੱਚੋਂ ਲੰਘਦਿਆਂ ਹੋਇਆਂ ਜੀਵ ਨੇ, ਵਿਸ਼ੇਸ਼ ਕਰ ਕੇ ਮਨੁੱਖ ਨੇ, ਆਪਣੇ ਮਨ ਦੀ ਘਾੜਤ ਘੜੀ ਹੈ।

ਵਿਕਾਸ ਨੇ ਜੀਵਨ ਨੂੰ ਬੇ-ਓੜਕੇ ਡਰਾਂ, ਸਹਿਮਾਂ, ਪੀੜਾਂ, ਪਰੇਸ਼ਾਨੀਆਂ, ਧੋਖਿਆਂ, ਲਾਚਾਰੀਆਂ, ਨਾ-ਉਮੀਦੀਆਂ, ਤਬਾਹੀਆਂ, ਅਕਾਲਾਂ, ਭੁੱਖ-ਮਰੀਆਂ, ਕੁਦਰਤੀ ਆਫ਼ਤਾਂ ਅਤੇ ਜਾਬਰਾਂ ਦੇ ਜਬਰਾਂ ਸਾਹਮਣੇ ਖੜਾ ਕੀਤਾ ਹੈ; ਅਤੇ ਜੀਵਨ ਨੇ ਕਰੋੜਾਂ ਸਾਲ ਇਨ੍ਹਾਂ ਪਰਿਸਥਿਤੀਆਂ ਵਿੱਚੋਂ ਲੰਘਦੇ ਹੋਏ ਸਹਾਇਤਾ, ਸਹਿਯੋਗ, ਮਿੱਤ੍ਰਤਾ, ਅਪਣਤ, ਸੁਰੱਖਿਆ ਅਤੇ ਸਦਭਾਵਨਾ ਵਰਗੇ ਭਾਵਾਂ ਲਈ ਤਾਂਘਿਆ ਹੈ। ਜੀਵਨ ਦੇ ਸੰਸੇ ਅਤੇ ਜੀਵਨ ਦੀਆਂ ਤਾਂਘਾਂ ਜੀਵਨ ਵਿਚਲੀ ਚੇਤਨਾ ਵਿੱਚ ਧੱਸਦੇ ਧੱਸਦੇ ਉਸ ਦੀ ਚੇਤਨਾ ਦਾ ਹਿੱਸਾ, ਉਸ ਦਾ ਆਪਣਾ ਰੂਪ-ਸਰੂਪ, ਜਾਂ ਉਸ ਦਾ ਅਸਲਾ ਬਣਦੇ ਗਏ ਹਨ। ਸਹਿਮਾਂ-ਸੰਸਿਆਂ ਅਤੇ ਸਾਥਾਂ-ਸਹਿਯੋਗਾਂ ਦੇ ਲੰਮੇ ਅਭਿਆਸ ਵਿੱਚੋਂ ਮਨੁੱਖੀ ਮਨ ਨੂੰ ਜਾਂ ਜੀਵਨ ਵਿਚਲੀ ਚੇਤਨਾ ਨੂੰ ਪਿਆਰ, ਸੇਵਾ, ਸਹਾਇਤਾ, ਸਹਿਯੋਗ, ਸਦਭਾਵਨਾ, ਨਿਮਰਤਾ ਅਤੇ ਖਿਮਾ ਆਦਿਕ ਗੁਣ ਪ੍ਰਾਪਤ ਹੋਏ ਹਨ। ਧਰਮ ਦੇ ਜਿਸ ਰੂਪ-ਸਰੂਪ ਤੋਂ ਅਜੋਕਾ ਮਨੁੱਖ ਜਾਣੂੰ ਹੈ, ਉਸ ਦੀ ਉਮਰ ਚਾਰ-ਛੇ ਹਜ਼ਾਰ ਸਾਲ ਤੋਂ ਵੱਧ ਨਹੀਂ। ਉਸ ਦੇ ਪੈਦਾ ਹੋਣ ਤੋਂ ਹਜ਼ਾਰਾਂ ਸਾਲ ਪਹਿਲਾਂ ਮਨੁੱਖੀ ਮਨ ਦੀ ਘਾੜਤ ਘੜੀ ਜਾ ਚੁੱਕੀ ਸੀ ਅਤੇ ਜਿਨ੍ਹਾਂ ਗੁਣਾਂ ਨੂੰ ਧਰਮ ਦੇ ਉਪਜਾਏ ਜਾਂ ਦਿੱਤੇ ਹੋਏ ਮੰਨਿਆ ਜਾਂਦਾ ਹੈ, ਉਨ੍ਹਾਂ ਗੁਣਾਂ ਨਾਲ ਮਨੁੱਖੀ ਮਨ ਦੀ ਸਾਂਝ ਪਕੇਰੀ ਹੋ ਚੁੱਕੀ ਸੀ, ਧਰਮ ਦੀ ਪੈਦਾਇਸ਼ ਤੋਂ ਹਜ਼ਾਰਾਂ ਸਾਲ ਪਹਿਲਾਂ ਧਰਮ ਨੇ ਆਪਣੀ ਪ੍ਰਸਿੱਧੀ ਅਤੇ ਲੋਕ-ਪ੍ਰਿਯਤਾ ਲਈ ਇਨ੍ਹਾਂ ਗੁਣਾਂ ਦੀ ਗੱਲ ਕੀਤੀ ਹੈ, ਸਿਰਫ਼ ਗੱਲ; ਇਨ੍ਹਾਂ ਦੀ ਉਤਪਤੀ ਨਹੀਂ। ਜੀਵਨ ਨੂੰ ਧਰਮ ਤੋਂ ਪਹਿਲਾਂ ਇਨ੍ਹਾਂ ਦੀ ਲੋੜ ਸੀ; ਇਨ੍ਹਾਂ ਤੋਂ ਪਹਿਲਾਂ ਸੁਰੱਖਿਆ, ਬਚਾਉ ਜਾਂ ਸਰਵਾਈਵਲ (Survival) ਦੀ ਲੋੜ ਸੀ। ਇਹ ਗੁਣ ਸੁਰੱਖਿਆ ਜਾਂ ਸਰਵਾਈਵਲ ਦੇ ਸੰਦ ਸਨ। ਇਹ ਜੀਵਨ ਲਈ ਓਨੇ ਹੀ ਜ਼ਰੂਰੀ ਸਨ, ਜਿੰਨਾ ਜੀਵ (ਜਾਂ ਮਨੁੱਖ) ਲਈ ਭੋਜਨ। ਸੱਤਿਅਮ, ਸ਼ਿਵਮ ਅਤੇ ਸੁੰਦਰਮ ਦੇ ਸਿਧਾਂਤ, ਸੱਤ-ਚਿੱਤ-ਆਨੰਦ ਦੇ ਫ਼ਲਸਫ਼ੇ ਅਤੇ

ਨਿਰਵਾਣ, ਮੁਕਤੀ ਅਤੇ ਆਤਮਿਕ ਸ਼ਾਂਤੀ ਦੇ ਆਦਰਸ਼ ਸਭਿਅ, ਸਮਾਜਿਕ ਅਤੇ ਸੁਰੱਖਿਅਤ ਮਨੁੱਖ ਦੀ ਬੌਧਿਕਤਾ ਦੀ ਉਪਜ ਹਨ; ਮਨ ਦੀ ਉਮਰ ਦੇ ਮੁਕਾਬਲੇ ਵਿੱਚ ਇਹ ਕੱਲ੍ਹ ਦੀਆਂ ਗੱਲਾਂ ਹਨ।

ਜੀਵਨ ਦੇ ਵਿਕਾਸ ਦਾ ਇਤਿਹਾਸ ਮਨੁੱਖ ਦੀ ਨਵੀਂ ਪ੍ਰਾਪਤੀ ਹੈ। ਡਾਰਵਿਨ ਤੋਂ ਪਹਿਲਾਂ ਮਨੁੱਖ ਕੋਲ ਕੁਝ ਕੁ ਰਾਜਿਆਂ-ਮਹਾਰਾਜਿਆਂ ਅਤੇ ਉਨ੍ਹਾਂ ਦੀਆਂ ਜੰਗਾਂ ਅਤੇ ਜਿੱਤਾਂ ਹਾਰਾਂ ਦਾ ਇਤਿਹਾਸ ਸੀ। ਉਸ ਇਤਿਹਾਸ ਨੂੰ ਪੜ੍ਹ ਕੇ ਇਉਂ ਮਾਲੂਮ ਹੁੰਦਾ ਸੀ ਕਿ ਮਨੁੱਖ ਲੜਾਈਆਂ, ਲੁੱਟਾਂ ਅਤੇ ਤਬਾਹੀਆਂ ਕਰਨ ਵਾਲਾ ਹਿੰਸਕ ਪਸ਼ੂ ਸੀ ਅਤੇ ਹੁਣ ਤਕ ਵੀ ਹੈ। ਇਹ ਲੱਖਾਂ ਸਾਲਾਂ ਤੋਂ ਹਿੰਸਾ ਅਤੇ ਹੱਤਿਆ ਦੀ ਖੇਡ ਖੇਡਦਾ ਆਇਆ ਹੈ। ਪਰੰਤੂ ਇਹ ਸੱਚ ਕੇਵਲ ਹਾਕਮਾਂ (ਸ਼ੀਹਾਂ) ਅਤੇ ਉਨ੍ਹਾਂ ਦੇ ਮੁਕੱਦਮਾਂ ਉੱਤੇ ਢੁੱਕਦਾ ਸੀ। ਕਰੜੀ ਮਿਹਨਤ ਕਰ ਕੇ ਹਾਕਮਾਂ ਦੇ ਪਸ਼ੂਪੁਣੇ ਅਤੇ ਐਸ਼ਵਰਯ ਨੂੰ ਉਪਜਾਉਣ ਅਤੇ ਕਾਇਮ ਰੱਖਣ ਵਾਲਾ ਜਨ ਸਾਧਾਰਣ ਇਨ੍ਹਾਂ ਨਾਲੋਂ ਵੱਖਰਾ ਸੀ। ਉਹ ਪਿਆਰ, ਮਿੱਤ੍ਰਤਾ, ਸਾਂਝ, ਸਹਾਇਤਾ, ਦਯਾ ਅਤੇ ਖਿਮਾ ਰੂਪੀ ਮਾਨਸਿਕ ਪੂੰਜੀ ਦਾ ਲੋੜਵੰਦ ਅਤੇ ਰਖਵਾਲਾ ਸੀ। ਇਸ ਸਾਤਵਿਕ ਪੂੰਜੀ ਦੀ ਲੋੜ ਨਾ ਹਾਕਮਾਂ ਨੂੰ ਸੀ ਨਾ ਧਰਮ ਨੂੰ। ਜੀਵਨ ਨੂੰ ਆਪਣੀ ਆਗਿਆ ਵਿੱਚ ਤੋਰਨ ਦੀ ਇੱਛਾ ਕਰਨ ਵਾਲੇ ਲੋਕਾਂ ਜਾਂ ਸੰਸਥਾਵਾਂ ਨੂੰ ਇਨ੍ਹਾਂ ਗੁਣਾਂ ਦੀ ਲੋੜ ਨਹੀਂ ਹੁੰਦੀ; ਇਨ੍ਹਾਂ ਦੇ ਪਰਚਾਰ ਅਤੇ ਪਾਖੰਡ ਦੀ ਲੋੜ ਹੁੰਦੀ ਹੈ। ਸ਼ਕਤੀ, ਹਿੰਸਾ, ਸੰਘਰਸ਼, ਜਿੱਤ, ਪਾਖੰਡ ਅਤੇ ਪਰਚਾਰ ਆਦਿਕ ਜਨ-ਸਾਧਾਰਣ ਦੀ ਪਹੁੰਚੋਂ ਪਰੇ ਹੁੰਦੇ ਹਨ।

ਅਸੀਂ ਸ਼ਾਹਾਂ-ਸ਼ਹਿਨਸ਼ਾਹਾਂ ਦੀਆਂ ਜੰਗਾਂ ਅਤੇ ਜਿੱਤਾਂ ਦੇ ਇਤਿਹਾਸ ਨੂੰ ਜਨ-ਸਾਧਾਰਣ ਦਾ ਇਤਿਹਾਸ ਸਮਝ ਕੇ ਇਹ ਗ਼ਲਤ ਨਤੀਜਾ ਕੱਢ ਸਕਦੇ ਹਾਂ ਕਿ ਉਸ ਸਮੇਂ ਦਾ ਆਮ ਆਦਮੀ ਦਇਆ, ਦੋਸਤੀ ਆਦਿਕ ਤੋਂ ਉੱਕਾ ਅਣਜਾਣ ਸੀ ਅਤੇ ਧਰਮ ਨੇ ਉਸ ਨੂੰ ਇਹ ਸਭ ਗੁਣ ਦਿੱਤੇ ਜਾਂ ਸਿਖਾਏ ਹਨ।

ਇਸ ਸੱਚ ਨੂੰ ਸ਼ੱਕ ਦੀ ਨਜ਼ਰ ਨਾਲ ਨਹੀਂ ਵੇਖਿਆ ਜਾ ਸਕਦਾ ਕਿ ਧਰਮ ਦੇ ਜਨਮ ਅਤੇ ਵਿਕਾਸ ਤੋਂ ਪਹਿਲਾਂ ਹੀ ਮਨੁੱਖੀ ਚੇਤਨਾ ਪਰਵਿਰਤੀਆਂ, ਭਾਵਾਂ, ਵਿਸ਼ਵਾਸਾਂ ਅਤੇ ਵਿਚਾਰਾਂ ਦਾ ਰੂਪ ਧਾਰਨ ਕਰ ਚੁੱਕੀ ਸੀ। ਇਸ ਤੋਂ ਵੀ ਇਨਕਾਰ ਨਹੀਂ ਕਰ ਸਕਦੇ ਕਿ ਇਹ ਚੇਤਨਾ ਹਰ ਪਰਿਸਥਿਤੀ ਤੋਂ ਪ੍ਰਭਾਵਿਤ ਹੋਣ (1), ਹਰ ਪਰਿਸਥਿਤੀ ਨੂੰ ਪ੍ਰਭਾਵਿਤ ਕਰਨ (2), ਅਤੇ ਆਪਣੇ ਜਤਨਾਂ ਦੀ ਵਿਉਂਤਬੰਦੀ ਕਰਨ (3) ਦੀ ਸਮਰੱਥਾ ਵੀ ਰੱਖਦੀ ਸੀ। ਇਨ੍ਹਾਂ ਤਿੰਨਾਂ ਗੁਣਾਂ ਨੂੰ ਅਹਿਸਾਸ (feeling), ਇੱਛਾ (willing) ਅਤੇ ਸੋਚ (thinking) ਕਹਿ ਸਕਦੇ ਹਾਂ। ਇਹ ਤਿੰਨ ਤਮੋ, ਰਜੋ ਅਤੇ ਸਤੋ ਦੇ ਪ੍ਰਗਟਾਵੇ ਵੀ ਆਖੇ ਜਾ ਸਕਦੇ ਹਨ। ਇਹ ਤਿੰਨ ਕਿਸੇ ਮਨੁੱਖ ਦੇ ਜੀਉਂਦਾ ਹੋਣ ਦੇ ਸਬੂਤ ਹਨ। ਇਨ੍ਹਾਂ ਵਿੱਚੋਂ ਕਿਸੇ ਇੱਕ ਜਾਂ ਦੋ ਦੀ ਗ਼ੈਰ-ਹਾਜ਼ਰੀ ਦਾ ਭਾਵ ਹੈ ਕਿ ਅਸੀਂ ਮਨੁੱਖ ਨਹੀਂ ਹਾਂ; ਤਿੰਨਾਂ ਦੀ ਗ਼ੈਰ-ਹਾਜ਼ਰੀ ਦਾ ਭਾਵ ਹੈ ਕਿ ਅਸੀਂ ਜੀਵਿਤ ਨਹੀਂ ਹਾਂ ਜਾਂ ਸਾਧਾਰਨ ਅਰਥਾਂ ਵਿੱਚ ਜੀਵਿਤ ਨਹੀਂ ਹਾਂ, ਸਗੋਂ ਕੋਮਾਂ ਜਾਂ ਨਿਰਵਿਕਲਪ ਸਮਾਧੀ ਵਿੱਚ ਹਾਂ।

ਮੁੱਢਲੇ ਰੂਪ ਵਿੱਚ ਧਰਮ ਦੇ ਦੋ ਰੂਪ ਹਨ—ਇੱਕ ਕੁਦਰਤੀ ਅਤੇ ਦੂਜਾ ਰੱਬੀ ਜਾਂ ਇਲਹਾਮੀ। ਕੁਦਰਤੀ ਧਰਮ ਕੁਦਰਤੀ ਸ਼ਕਤੀਆਂ ਦੀ ਪੂਜਾ ਵਿੱਚੋਂ ਉਪਜਿਆ ਸੀ। ਇਸ ਦਾ ਆਧਾਰ ਭੈ ਅਤੇ ਅਗਿਆਨ ਸੀ। ਰੱਬੀ ਜਾਂ ਇਲਹਾਮੀ ਧਰਮਾਂ ਦੇ ਮੰਨਣ ਵਾਲੇ ਕੁਦਰਤੀ ਧਰਮ ਨੂੰ ਅਗਿਆਨਵਾਦ ਅਤੇ ਕੁਫ਼ਰ ਮੰਨਦੇ ਹਨ। ਅੰਗਰੇਜ਼ੀ ਵਿੱਚ ਇਸ ਧਰਮ ਨੂੰ ਪੇਗਨਇਜ਼ਮ (Paganism) ਆਖਿਆ ਜਾਂਦਾ ਹੈ। ਹਿੰਦੂ ਧਰਮ ਨੂੰ ਪੇਗਨਇਜ਼ਮ ਦਾ ਉੱਨਤ,

ਉੱਤਮ ਅਤੇ ਸੁੰਦਰ ਰੂਪ ਆਖਿਆ ਜਾ ਸਕਦਾ ਹੈ, ਜੇ ਇਸ ਵਿੱਚੋਂ ਇਲਹਾਮੀ ਧਰਮਾਂ ਦੀਆਂ ਬੁਰਾਈਆਂ ਨੂੰ ਕੱਢਿਆ ਜਾ ਸਕੇ। ਹੁਣ ਕਾਫ਼ੀ ਦੇਰ ਹੋ ਚੁੱਕੀ ਹੈ; ਸ਼ੁੱਧੀ ਦਾ ਕੋਈ ਚਾਂਸ ਨਹੀਂ।

ਕੁਦਰਤੀ ਧਰਮ ਭੈ ਅਤੇ ਅਗਿਆਨ ਦੀ ਉਪਜ ਹੈ। ਜਿਵੇਂ ਜਿਵੇਂ ਮਨੁੱਖੀ ਜੀਵਨ ਵਿੱਚੋਂ ਭੈ ਅਤੇ ਅਗਿਆਨ ਘਟਦਾ ਗਿਆ ਹੈ, ਤਿਵੇਂ ਤਿਵੇਂ ਇਸ ਧਰਮ ਦਾ ਰੂਪ-ਸਰੂਪ ਬਦਲਤਾ ਅਤੇ ਵਿਕਸਦਾ ਗਿਆ ਹੈ। ਇਸ ਦੇ ਉਲਟ ਇਲਹਾਮੀ ਧਰਮ ਇੱਕ ਸਰਬੱਗਿਯ ਅਤੇ ਸਰਵ-ਸ਼ਕਤੀਮਾਨ ਰੱਬ ਜਾਂ ਪਰਮੇਸ਼ਰ ਵੱਲੋਂ ਆਇਆ ਹੋਇਆ ਅਟੱਲ, ਅ-ਬਦਲ, ਪਰੀਪੂਰਣ ਅਤੇ ਵਿਕਾਸ ਦੀ ਕਿਸੇ ਲੋੜ ਜਾਂ ਸੰਭਾਵਨਾ ਤੋਂ ਰਹਿਤ ਧਰਮ ਹੈ। ਇਹ ਅਗਿਆਨ ਅਤੇ ਭੈ ਵਿੱਚੋਂ ਨਹੀਂ 'ਉਪਜਿਆ', ਸਗੋਂ 'ਗੁਣਾਂ ਦੇ ਗਹੀਰ' ਅਤੇ 'ਗਿਆਨ ਦੇ ਭੰਡਾਰ' ਵੱਲੋਂ 'ਭੇਜਿਆ' ਗਿਆ ਹੈ। ਸਾਰੇ ਗੁਣਾਂ ਨੂੰ ਰੱਬੀ ਜਾਂ ਰੂਹਾਨੀ ਦੱਸ ਕੇ ਅਤੇ ਸੰਸਾਰਕ ਜੀਵਨ ਨੂੰ ਪਾਪ ਜਾਂ ਗੁਨਾਹ ਦੀ ਉਪਜ ਕਹਿ ਕੇ ਇਸ ਨੇ ਜਿਸ ਅਹਿਸਾਸਣ, ਇੱਛਣ ਅਤੇ ਸੋਚਣ ਵਾਲੇ ਮਨੁੱਖ ਲਈ ਇੱਕ ਨਵੀਂ ਪਰਿਸਥਿਤੀ ਪੈਦਾ ਕੀਤੀ ਸੀ, ਉਸ ਦੀਆਂ ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਪਰਿਸਥਿਤੀਆਂ ਬਹੁਤ ਬਦਲ ਚੁੱਕੀਆਂ ਸਨ। ਉਸ ਸਮੇਂ ਦਾ ਜਨ-ਸਾਧਾਰਣ ਜੰਗਲੀ ਜਾਂ ਅਸਭਿਅ ਨਹੀਂ ਸੀ। ਉਹ ਸ਼ਕਤੀਸ਼ਾਲੀ ਰਾਜ-ਪ੍ਰਬੰਧਾਂ ਦਾ ਨਿਗੂਣਾ ਜਿਹਾ ਹਿੱਸਾ ਬਣ ਚੁੱਕਾ ਸੀ। ਹੁਣ ਉਸ ਦੇ ਜੀਵਨ ਪ੍ਰਤੀ ਨਿਰਣੈ ਲੈਣ ਲੱਗਿਆਂ, ਉਸ ਦੇ ਹਾਕਮਾਂ ਦੁਆਰਾ, ਉਸ ਦੀ ਸਲਾਹ ਨਹੀਂ ਸੀ ਲਈ ਜਾਂਦੀ। ਜੰਗਲੀ ਕਬੀਲਿਆਂ ਵਿੱਚ ਰਹਿੰਦੇ ਮਨੁੱਖ ਦੀ ਮਰਜ਼ੀ ਦੇ ਕੁਝ ਮਾਅਨੇ ਸਨ। ਸਭਿਅ ਮਨੁੱਖ ਲਈ ਸਾਰੇ ਫ਼ੈਸਲੇ ਉਸ ਤੋਂ ਪਰੇ ਬੈਠੇ ਸ਼ਕਤੀਸ਼ਾਲੀ ਲੋਕ ਕਰਦੇ ਸਨ। ਆਪਣੇ ਫ਼ੈਸਲਿਆਂ ਨੂੰ ਮਨਵਾਉਣ ਲਈ ਹਾਕਮਾਂ ਕੋਲ ਭੈ, ਪਾਖੰਡ ਅਤੇ ਪ੍ਰਚਾਰ ਦੇ ਬਥੇਰੇ ਸਾਧਨ ਸਨ। ਧਰਮ ਨੇ ਆਪਣੇ ਫ਼ੈਸਲਿਆਂ ਨੂੰ ਰੱਬੀ ਸਿੱਧ ਕਰਨ ਲਈ ਇਨ੍ਹਾਂ ਸਾਧਨਾਂ ਦੀ ਭਰਪੂਰ ਵਰਤੋਂ ਕੀਤੀ ਹੈ ਅਤੇ ਇਸੇ ਵਿੱਚ ਹੀ ਮਨੁੱਖਤਾ ਨੂੰ ਉਸ ਦੀ ਦੇਣ ਦਾ ਸਮਾਵੇਸ਼ ਹੈ।

ਸਭ ਤੋਂ ਪਹਿਲਾਂ ਭੈ ਵੱਲ ਨਜ਼ਰ ਮਾਰਦੇ ਹਾਂ। ਧਰਮ ਨੇ ਭੈ ਦੇ ਭਾਵ ਦੀ ਉਤਪਤੀ ਨਹੀਂ ਕੀਤੀ; ਇਸ ਦੀ ਭਿਆਨਕਤਾ ਨੂੰ ਵਧਾਇਆ ਹੈ। ਨਰਕਾਂ ਵਿਚਲੀਆਂ ਸਜ਼ਾਵਾਂ, ਚੁਰਾਸੀ ਦੇ ਚੱਕਰਾਂ, ਯਮਰਾਜ ਦੀ ਕਰੂਰਤਾ, ਧਰਮਰਾਜ ਦੀ ਅਭਿੱਜਤਾ, ਦੋਜ਼ਖ਼ ਦੀਆਂ ਅਨਾਦੀ ਅਤੇ ਅਨੰਤ ਅੱਗਾਂ ਅਤੇ ਕਿਆਮਤ ਦੇ ਦਿਨ ਕੁੱਲ ਆਲਮ ਸਾਹਮਣੇ ਸ਼ਰਮਸਾਰ ਕੀਤੇ ਜਾਣ ਦੀ ਚਿੰਤਾ ਦਾ ਜਿੰਨਾ ਭਿਆਨਕ ਵਿਸਥਾਰ ਧਰਮ ਨੇ ਕੀਤਾ ਹੈ, ਉਸ ਦੀ ਭਿਆਨਕਤਾ ਭੈ ਨੂੰ ਵੀ ਕੰਬਣੀ ਛੇੜ ਦਿੰਦੀ ਹੈ।

ਜੰਗਲੀ ਮਨੁੱਖ ਨੂੰ ਬਹੁਤ ਖ਼ਤਰੇ ਸਨ। ਉਹ ਬਹੁਤ ਡਰਦਾ ਸੀ। ਉਸ ਦਾ ਇਹ ਭਾਵ ਉਸ ਦੀ ਰੱਖਿਆ ਦੇ ਕੰਮ ਆਉਂਦਾ ਸੀ। ਸਭਿਅਤਾ ਦੇ ਵਿਕਾਸ ਨਾਲ ਡਰ ਦਾ ਉਦਾਤੀਕਰਣ (Sublimation) ਹੁੰਦਾ ਗਿਆ ਹੈ। ਇਹ 'ਸਾਵਧਾਨੀ' ਦਾ ਰੂਪ ਧਾਰਣ ਕਰਦਾ ਗਿਆ ਹੈ। ਏਹੋ ਡਰ ਸੁਰੱਖਿਆ ਦੀ ਲੋੜ, ਆਪਣੀ ਕਮਜ਼ੋਰੀ ਦੇ ਅਹਿਸਾਸ, ਜਗਿਆਸਾ ਦੀ ਪਰਵਿਰਤੀ ਅਤੇ ਵਿਕਾਸ ਦੇ ਵਿਸ਼ਵਾਸ ਆਦਿਕ ਨਾਲ ਮਿਲ ਕੇ ਆਗਿਆਕਾਰੀ, ਸ਼ਿਸ਼ਟਾਚਾਰ, ਨੈਤਿਕਤਾ ਅਤੇ ਸਤਿਕਾਰ ਵਿੱਚ ਪਰਵਿਰਤਿਤ ਹੁੰਦਾ ਆਇਆ ਹੈ। ਪਰ, ਧਰਮ ਇਸ ਪ੍ਰਕਾਰ ਦੇ ਵਿਕਾਸ ਦਾ ਵਿਸ਼ਵਾਸੀ ਨਹੀਂ; ਉਸ ਅਨੁਸਾਰ ਜੀਵ ਦੀ ਕਲਿਆਣ ਭਾਵਾਂ ਦੇ ਉਦਾਤੀਕਰਣ ਵਿੱਚ ਨਹੀਂ, ਸਗੋਂ ਚਿੱਤ ਦੀਆਂ ਵਰਿਤੀਆਂ ਦੇ ਨਿਰੋਧ ਵਿੱਚ ਹੈ। ਚਿੱਤ ਵਰਿਤੀ ਦਾ ਨਿਰੋਧ ਹਰ ਕਿਸੇ ਲਈ ਸੰਭਵ ਨਹੀਂ, ਇਸ ਲਈ ਨਰਕਾਂ, ਚੁਰਾਸੀ ਲੱਖ ਜੂਨਾਂ ਅਤੇ ਯਮਰਾਜ ਦੇ ਕ੍ਰੋਧ ਤੋਂ ਡਰਨਾ ਹੀ ਹਰ ਕਿਸੇ ਦੀ ਹੋਣੀ ਹੈ।

ਏਹੋ ਹਾਲ ਕਾਮ, ਕ੍ਰੋਧ, ਲੋਭ ਅਤੇ ਮੋਹ ਆਦਿਕ ਦਾ ਹੈ। ਧਰਮ ਨੇ ਸਭਨਾਂ ਉੱਤੇ ਪਾਪ ਦਾ ਫ਼ਤਵਾ ਲਾਗੂ ਕਰ ਕੇ ਹਰ ਪ੍ਰਕਾਰ ਦੇ ਉਦਾਤੀਕਰਣ ਦਾ ਰਾਹ ਰੋਕ ਦਿੱਤਾ ਹੈ। ਡਰ, ਮੋਹ, ਲੋਭ ਅਤੇ ਕਾਮ ਆਦਿਕ ਅਹਿਸਾਸਣ (feeling) ਜਾਂ ਪਰਿਸਥਿਤੀ ਤੋਂ ਪ੍ਰਭਾਵਿਤ ਹੋਣ ਦੀ ਸ਼੍ਰੇਣੀ ਵਿੱਚ ਆਉਂਦੇ ਹਨ। ਕ੍ਰੋਧ, ਈਰਖਾ ਅਤੇ ਹੰਕਾਰ ਆਦਿਕ ਇੱਛਣ (willing) ਜਾਂ ਪਰਿਸਥਿਤੀ ਨੂੰ ਆਪਣੀ ਲੋੜ ਅਨੁਸਾਰ ਬਦਲਣ ਵਾਲੇ ਭਾਵ ਹਨ। ਵਿਕਾਸ ਨੇ ਇਨ੍ਹਾਂ ਦਾ ਉਦਾਤੀਕਰਣ ਕਰ ਕੇ ਇਨ੍ਹਾਂ ਨੂੰ ਉਤਸ਼ਾਹ, ਉਸਾਰੀ ਅਤੇ ਆਤਮ ਸੰਮਾਨ ਆਦਿਕ ਭਾਵਾਂ ਵਿੱਚ ਵਟਾਉਣ ਦਾ ਕੰਮ ਕੀਤਾ ਹੈ। ਇਲਹਾਮੀ ਧਰਮ ਨੇ ਪੂਰੇ ਜ਼ੋਰ ਨਾਲ ਇਸ ਦਾ ਰਾਹ ਰੋਕਿਆ ਹੈ। ਇਹ ਧਰਮ ਮਨੁੱਖ ਵਿੱਚ ਸੁਤੰਤਰ ਇੱਛਾ ਦੀ ਹੋਂਦ ਨੂੰ ਸਵੀਕਾਰ ਹੀ ਨਹੀਂ ਕਰਦਾ। ਇਹ ਕਹਿੰਦਾ ਹੈ, 'ਹੇ ਮਨੁੱਖ ਤੇਰੇ ਵਿਚਲੀ ਇੱਛਾ ਤੇਰੀ ਆਪਣੀ ਨਹੀਂ; ਇਹ ਸ਼ੈਤਾਨ ਦੀ ਉਕਸਾਹਟ ਹੈ। ਜਿਨ੍ਹਾਂ ਉੱਤੇ ਰੱਬ ਜਾਂ ਈਸ਼ਵਰ ਦੀ ਮਿਹਰ ਹੋ ਜਾਂਦੀ ਹੈ, ਉਨ੍ਹਾਂ ਵਿਚਲੀ ਇੱਛਾ ਰੱਬ ਦੀ ਇੱਛਾ ਬਣ ਜਾਂਦੀ ਹੈ। ਤੂੰ ਆਪ ਕੁਝ ਕਰਨ ਦੇ ਯੋਗ ਨਹੀਂ। ਹਾਂ, ਉਕਸਾਹਟ ਸ਼ੈਤਾਨ ਵੱਲੋਂ ਹੋਵੇਗੀ ਅਤੇ ਸਜ਼ਾ ਤੈਨੂੰ ਮਿਲੇਗੀ। ਰੱਬ ਦੀ ਰਹਿਮਤ ਕਦੋਂ ਹੋਵੇਗੀ ? ਕੋਈ ਪਤਾ ਨਹੀਂ। ਤੁਹਾਡਾ ਕੋਈ ਜਤਨ, ਤੁਹਾਡੀ ਕੋਈ ਨੇਕੀ, ਕੋਈ ਅਰਦਾਸ ਤੁਹਾਨੂੰ ਰੱਬ ਦੀ ਮਿਹਰ ਦਾ ਹੱਕਦਾਰ ਨਹੀਂ ਬਣਾ ਸਕਦੀ, ਕਿਉਂਕਿ ਇਹ ਹੱਕ ਨਹੀਂ ਮਿਹਰ ਹੈ।' ਧਰਮ ਮਨੁੱਖੀ ਅਧਿਕਾਰਾਂ ਦਾ ਵਿਸ਼ਵਾਸੀ ਨਹੀਂ।

ਧਰਮ ਮਨੁੱਖ ਕੋਲੋਂ ਆਪਣੀ ਪਰਿਸਥਿਤੀ ਨੂੰ ਬਦਲਣ ਦਾ ਹੱਕ ਵੀ ਖੋਹ ਲੈਂਦਾ ਹੈ। ਸੋਚ ਜਾਂ ਵਿਉਂਤਬੰਦੀ ਬਾਰੇ ਆਖਿਆ ਜਾਂਦਾ ਹੈ ਕਿ ਸਭ ਫ਼ਜ਼ੂਲ ਹੈ; ਹੋਣਾ ਉਹ ਹੈ ਜੋ 'ਉਸ' ਨੂੰ ਮਨਜ਼ੂਰ ਹੈ। ਇਲਹਾਮੀ ਧਰਮ ਮਨੁੱਖ ਵਿਚਲੇ ਸਾਰੇ ਜੀਵਨ ਚਿੰਨ੍ਹਾਂ, ਸੋਚਣ, ਇੱਛਾ ਅਤੇ ਅਹਿਸਾਸਣ ਨੂੰ ਨਾਕਾਰ ਕੇ ਉਸ ਨੂੰ ਮੁਰਦਾ ਕਰਾਰ ਨਹੀਂ ਦਿੰਦਾ, ਸਗੋਂ ਇਹ ਕਹਿੰਦਾ ਹੈ ਕਿ ਤੂੰ ਇਨ੍ਹਾਂ ਗੁਣਾਂ ਜਾਂ ਕਿਰਿਆਵਾਂ ਕਾਰਨ ਜੀਵਿਤ ਨਹੀਂ, ਸਗੋਂ ਇਸ ਲਈ ਜੀਊ ਰਿਹਾ ਹੈਂ ਕਿ ਪਰਮਾਤਮਾ ਤੈਨੂੰ ਜੀਵਿਤ ਰੱਖ ਰਿਹਾ ਹੈ। ਆਪਣੇ ਪਰਵਰਦਿਗਾਰ ਨੂੰ ਪ੍ਰਸੰਨ ਰੱਖਣਾ ਤੇਰਾ ਇੱਕੋ ਇੱਕ ਕੰਮ ਹੈ; ਬਾਕੀ ਸਭ ਕੁਝ ਆਪਣੇ ਆਪ ਹੋਈ ਜਾਵੇਗਾ।

ਇਸ ਸਾਰੀ ਸੋਚ ਪਿੱਛੇ ਇਹ ਧਾਰਣਾ ਕੰਮ ਕਰ ਰਹੀ ਸੀ ਕਿ 'ਪਰੀਪੂਰਣ ਪਰਮਾਤਮਾ ਦੀ ਸਾਜੀ ਹੋਈ ਸ੍ਰਿਸ਼ਟੀ ਪਰੀਪੂਰਣ ਰਾਜਨੀਤਿਕ, ਸਮਾਜਿਕ, ਆਰਥਿਕ ਪ੍ਰਬੰਧ ਨੂੰ ਪ੍ਰਾਪਤ ਹੈ। ਇਹ ਸਦਾ ਤੋਂ ਇਉਂ ਸੀ ਅਤੇ ਸਦਾ ਲਈ ਰਹੇਗੀ। ਇਸ ਅਨਾਦੀ ਅਤੇ ਅਨੰਤ ਪ੍ਰਬੰਧ ਦੀ ਸਰਲਤਾ ਅਤੇ ਸੁਗਮਤਾ ਵਿੱਚ ਜੀਵਨ ਦੇ ਅਧਿਆਤਮ ਆਦਰਸ਼ ਦੀ ਪ੍ਰਾਪਤੀ ਦਾ ਭੇਤ ਹੈ। ਇਸ ਪ੍ਰਬੰਧ ਤੋਂ ਅਗੇਰੇ ਕਿਸੇ ਵਿਕਾਸ ਜਾਂ ਤਬਦੀਲੀ ਦੀ ਕੋਈ ਸੰਭਾਵਨਾ ਨਹੀਂ। ਬਾਦਸ਼ਾਹ ਬਦਲਦੇ ਰਹਿਣਗੇ; ਬਾਦਸ਼ਾਹਤ ਸਦਾ ਕਾਇਮ ਰਹੇਗੀ।'

ਧਰਮ ਪਿਆਰ ਨੂੰ ਰੱਬ ਕਹਿੰਦਾ ਹੈ। ਬਹੁਤ ਸਾਰੇ ਮਨੋਵੇਗਾਂ ਨਾਲ ਸੰਬੰਧਤ ਇਸ ਭਾਵ ਨੂੰ ਧਰਮ ਨੇ ਬਹੁਤ ਵਡਿਆਈ ਦਿੱਤੀ ਹੈ। ਪਿਆਰ ਦੇ ਅਨੇਕ ਰੂਪ ਜਿਨ੍ਹਾਂ ਮਨੁੱਖੀ ਮਨੋਭਾਵਾਂ ਦੀ ਉਪਜ ਹਨ, ਉਨ੍ਹਾਂ ਸਾਰਿਆਂ ਨੂੰ ਧਰਮ ਨੇ ਮਨ ਦੇ ਰੋਗ ਦੱਸਿਆ ਹੈ। ਇਸ ਕਰਕੇ ਉਨ੍ਹਾਂ ਭਾਵਾਂ ਵਿੱਚੋਂ ਉਪਜਿਆ ਹੋਇਆ ਪਿਆਰ ਵੀ ਮੋਹ ਹੈ, ਬੰਧਨ ਹੈ, ਕੂੜ ਹੈ, ਨਿੰਦਨੀ ਹੈ। ਪਿਆਰ ਨਿਸ਼ਕਾਮ ਹੋਣਾ ਚਾਹੀਦਾ ਹੈ; ਰੱਬ ਨਾਲ ਜਾਂ ਰੱਬ ਦੇ ਬੰਦਿਆਂ ਨਾਲ ਹੋਣਾ ਚਾਹੀਦਾ ਹੈ। ਪਿਆਰ ਦਾ ਇਹ ਆਦਰਸ਼ ਧਰਮ ਦੀ ਦੇਣ ਹੈ।

ਰੱਬ ਦੇ ਬੰਦੇ ਕੌਣ ਹਨ ? ਜਿਹੜੇ ਰੱਬ ਦੇ ਘੱਲੇ ਹੋਏ ਰਹਿਬਰ ਉੱਤੇ ਵਿਸ਼ਵਾਸ ਰੱਖਦੇ ਹਨ। ਉਹ ਰਹਿਬਰ ਕੌਣ ਹੈ ? ਜਿਸ ਨੂੰ ਤੁਸਾਂ ਰਹਿਬਰ ਮੰਨ ਲਿਆ ਹੈ। ਇਉਂ ਕਈ ਸੱਚੇ

ਰਹਿਬਰ ਹਨ ਅਤੇ ਕਈ ਸੱਚੇ ਧਰਮ ਹਨ। ਹਰ ਮਨੁੱਖ ਆਪਣੇ ਰਹਿਬਰ ਨੂੰ ਮੰਨਣ ਵਾਲੇ ਲੋਕਾਂ ਨੂੰ ਰੱਬ ਦੇ ਬੰਦੇ ਸਮਝ ਕੇ ਉਨ੍ਹਾਂ ਨਾਲ ਪਿਆਰ (?) ਕਰਦਾ ਹੈ; ਬਾਕੀਆਂ ਨੂੰ ਕਾਫ਼ਰ ਕਹਿ ਕੇ ਦੁਰਕਾਰਦਾ ਹੈ। ਧਰਮ ਨੇ ਪਿਆਰ ਦੇ ਨਾਂ ਉੱਤੇ ਜਿਹੜੀ ਨਫ਼ਰਤ ਫੈਲਾਈ ਹੈ, ਉਸ ਦਾ ਕੋਈ ਸਬੂਤ ਦੱਸਣ ਦੀ ਮੰਗ ਕਰਨੀ ਆਪਣੇ ਹੱਥ ਵਿੱਚ ਪਕੜੇ ਹੋਏ ਕੰਙਣ ਨੂੰ ਸ਼ੀਸ਼ੇ ਦੀ ਸਹਾਇਤਾ ਨਾਲ ਵੇਖਣ ਦਾ ਜਤਨ ਕਰਨਾ ਹੈ।

ਅਸੀਂ ਇਹ ਵੀ ਸਮਝਦੇ ਹਾਂ ਕਿ ਬੇ-ਬਸੀ, ਲਾਚਾਰੀ ਅਤੇ ਨਾ-ਉਮੀਦੀ ਦੀ ਹਾਲਤ ਵਿੱਚ ਧਰਮ ਮਨੁੱਖੀ ਮਨ ਨੂੰ ਧਰਵਾਸ ਦਿੰਦਾ ਹੈ। ਮੈਂ ਇਸ ਤੋਂ ਇਨਕਾਰ ਵੀ ਨਹੀਂ ਕਰਦਾ ਅਤੇ ਇਸ ਦਾ ਵਿਸਥਾਰ ਵੀ ਨਹੀਂ ਕਰਨਾ ਚਾਹੁੰਦਾ। ਧਰਮ ਦੀ ਇਸ ਦੇਣ ਨੂੰ ਸਮਾਜ ਦੀ ਅਫ਼ੀਮ (opium of the masses) ਕਹਿ ਕੇ ਸਵੀਕਾਰਿਆ ਅਤੇ ਵਿਸਥਾਰਿਆ ਜਾ ਚੁੱਕਾ ਹੈ। ਇਉਂ ਕਰਨ ਵਾਲੇ ਲੋਕ ਮੇਰੇ ਨਾਲੋਂ ਸਿਆਣੇ ਹਨ।

ਨਿਸ਼ਕਾਮ ਪਿਆਰ ਦੇ ਅਲੌਕਿਕ ਆਦਰਸ਼ ਤੋਂ ਇਲਾਵਾ ਇੱਕ ਹੋਰ ਆਦਰਸ਼ ਵੀ ਧਰਮ ਦੀ ਦੇਣ ਹੈ। ਉਹ ਆਦਰਸ਼ ਹੈ ਆਤਮਾ ਦਾ। ਧਰਮ ਅਨੁਸਾਰ ਮਨੁੱਖ ਤਿੰਨ ਵਸਤੂਆਂ ਦੇ ਸੰਜੋਗ ਤੋਂ ਬਣਿਆ ਹੈ। ਉਹ ਤਿੰਨ ਵਸਤੂਆਂ ਹਨ—ਸਰੀਰ, ਮਨ ਅਤੇ ਆਤਮਾ। ਬੁੱਧ ਅਤੇ ਜੈਨ ਆਤਮਾ ਤੋਂ ਇਨਕਾਰੀ ਹਨ। ਜਿਹੜੇ ਧਰਮ ਇਸ ਦੀ ਹੋਂਦ ਮੰਨਦੇ ਹਨ, ਉਹ ਇਸ ਦੇ ਗਿਆਨ ਨੂੰ ਅਸੰਭਵ ਮੰਨਦੇ ਹਨ। ਉਹ ਇਹ ਵੀ ਮੰਨਦੇ ਹਨ ਕਿ ਇਹ ਜੀਵਨ ਨਾਲ ਕੋਈ ਸੰਬੰਧ ਨਹੀਂ ਰੱਖਦੀ, ਕਿਉਂਜੁ ਇਹ ਅਹਿਸਾਸਣ, ਇੱਛਣ ਅਤੇ ਸੋਚਣ ਤੋਂ ਪਰੇ ਹੈ। ਇਹ ਕੇਵਲ ਦ੍ਰਿਸ਼ਟਾ ਹੈ; ਜੀਵਨ ਲੀਲ੍ਹਾ ਨੂੰ ਵੇਖਦੀ ਹੈ; ਪਰ ਉਸ ਨੂੰ ਵੇਖ ਕੇ ਪ੍ਰਭਾਵਿਤ ਨਹੀਂ ਹੁੰਦੀ; ਕਿਉਂਜੁ ਆਤਮਾ ਨੂੰ ਕੁਝ ਵੀ ਪ੍ਰਭਾਵਿਤ ਨਹੀਂ ਕਰਦਾ। ਇਉਂ ਹੋਣ ਉੱਤੇ ਵੀ ਇਹ ਮਹੱਤਵਪੂਰਣ ਹੈ; ਬਿਨਾਂ ਮਤਲਬ ਵੇਖਣ ਵਿੱਚ ਨਿਸਚੇ ਹੀ ਕੋਈ ਮਹੱਤਵ ਹੋਵੇਗਾ। ਪਰੰਤੂ ਜੋ ਚੀਜ਼ ਮਹੱਤਵਪੂਰਣ ਹੈ, ਉਸ ਬਾਰੇ ਇਹ ਨਹੀਂ ਆਖਿਆ ਜਾ ਸਕਦਾ ਕਿ ਉਹ ਕਿਸੇ ਨੂੰ ਪ੍ਰਭਾਵਿਤ ਨਹੀਂ ਕਰਦੀ ਅਤੇ ਜੋ ਪ੍ਰਭਾਵਿਤ ਕਰਦਾ ਹੈ ਉਹ ਪ੍ਰਭਾਵਿਤ ਹੁੰਦਾ ਵੀ ਹੈ।

ਆਤਮਾ ਦਾ ਸਿਧਾਂਤ ਅਤਾਰਕਿਕ ਹੈ। ਇਸ ਨੇ ਮਨੁੱਖ ਨੂੰ ਤਰਕਹੀਣ (ਅਤਾਰਕਿਕ) ਸਿਧਾਂਤਾਂ ਉੱਤੇ ਵਿਸ਼ਵਾਸ ਕਰਨ ਦੀ ਪ੍ਰੇਰਣਾ ਦਿੱਤੀ ਹੈ। ਇਸ ਨੇ ਮਨੁੱਖ ਨੂੰ ਅੰਧ-ਵਿਸ਼ਵਾਸੀ ਬਣਾਇਆ ਹੈ। ਨਿਸ਼ਕਾਮਤਾ ਤੋਂ ਪਿੱਛੋਂ ਅੰਧ-ਵਿਸ਼ਵਾਸ ਧਰਮ ਦੀ ਜੀਵਨ ਨੂੰ ਵੱਡੀ ਦੇਣ ਹੈ। ਅੰਧ-ਵਿਸ਼ਵਾਸ ਅਗਿਆਨ ਹੈ ਅਤੇ ਮੁਕਤੀ ਦੀ ਕਾਮਨਾ ਕਰਨ ਵਾਲੇ ਦੀ ਨਿਸ਼ਕਾਮਤਾ ਭੁਲੇਖਾ ਹੈ।

•

# ਮਨੁੱਖ ਦਾ ਅਧਿਆਤਮਿਕ ਵਿਰਸਾ—2

ਮਨੁੱਖ ਵਿੱਚਲੀ ਪਰਵਿਰਤੀ, ਭਾਵੁਕਤਾ ਅਤੇ ਬੌਧਿਕਤਾ; ਉਸ ਦੇ ਵਿਵਹਾਰ ਵਿੱਚਲੀ ਤਾਮਸਿਕਤਾ, ਰਾਜਸਿਕਤਾ ਅਤੇ ਸਾਤਵਿਕਤਾ; ਉਸ ਦੇ ਸਹਿਮ, ਸ਼ੰਸੇ ਅਤੇ ਸੁਪਨੇ; ਉਸ ਵਿੱਚਲੀ ਅਹਿਸਾਸਣ, ਇੱਛਣ ਅਤੇ ਵਿਉਂਤਣ ਦੀ ਯੋਗਤਾ; ਉਸ ਵਿੱਚ ਪਾਪ-ਪੁੰਨ ਦਾ ਵਿਵੇਕ, ਸਾਥ-ਸਹਿਯੋਗ ਦੀ ਲੋੜ—ਪਿਆਰ, ਨਿਸ਼ਕਪਟਤਾ, ਤਿਆਗ, ਸਵਾਰਥ, ਹਿੰਸਾ, ਹੱਤਿਆ ਅਤੇ ਹੇਰਾਫੇਰੀ; ਉਸ ਦੇ ਪੰਜ ਸ਼ਤ੍ਰੂ—ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ; ਉਸ ਵਿੱਚਲੇ ਰਾਗ, ਦ੍ਵੈਸ਼ ਅਤੇ ਜਗਿਆਸਾ ਆਦਿਕ ਵਿੱਚੋਂ ਕੁਝ ਵੀ ਧਰਮ ਦਾ ਉਪਜਾਇਆ ਹੋਇਆ ਨਹੀਂ। ਇਹ ਸਭ ਕੁਝ ਜੀਵਨ ਦੇ ਵਿਕਾਸ ਵਿੱਚੋਂ, ਜੀਵਨ ਦੀਆਂ ਲੋੜਾਂ ਵਿੱਚੋਂ ਉਪਜਿਆ ਹੋਇਆ ਹੈ, ਠੀਕ ਉਵੇਂ ਹੀ ਜਿਵੇਂ ਧਰਮ।

ਆਪਣੇ ਨਿਬੰਧ 'ਮਨੁੱਖ ਦਾ ਅਧਿਆਤਮਿਕ ਵਿਰਸਾ—1' ਵਿੱਚ ਉਪਰੋਕਤ ਵਿਚਾਰ ਦੀ ਕੁਝ ਵਿਆਖਿਆ ਕਰ ਕੇ, ਮੈਂ ਇਹ ਕਹਿਣ ਦਾ ਜਤਨ ਕੀਤਾ ਸੀ ਕਿ ਜੀਵਨ ਦੇ ਵਿਕਾਸ ਵਿੱਚੋਂ ਉਪਜੇ ਹੋਏ ਭਾਵਾਂ ਪਰਵਿਰਤੀਆਂ, ਵਿਚਾਰਾਂ ਅਤੇ ਵਿਵਹਾਰਾਂ ਨੂੰ ਆਪਣੀ ਲੋੜ ਅਨੁਸਾਰ ਵਰਤ ਕੇ ਅਤੇ ਵਿਉਂਤ-ਬੱਧ ਕਰ ਕੇ, ਧਰਮ ਨੇ ਜੀਵਨ ਨੂੰ ਆਤਮਾ, ਪਰਮਾਤਮਾ (ਇੱਕ ਈਸ਼ਵਰ), ਨਿਸ਼ਕਾਮਤਾ, ਨਿਰਲੇਪਤਾ ਅਤੇ ਅੰਧ-ਵਿਸ਼ਵਾਸ ਵਰਗੀਆਂ ਵਿਚਿੱਤ੍ਰ ਅਤੇ ਵਡਮੁੱਲੀਆਂ ਵਸਤਾਂ ਵਿਰਸੇ ਵਜੋਂ ਦਿੱਤੀਆਂ ਹਨ। ਇਹ ਚੀਜ਼ਾਂ ਉਸ ਦੀ ਪਰਵਿਰਤੀ ਵਿੱਚ ਨਹੀਂ ਸਨ। ਉਸ ਦੀ ਪਰਵਿਰਤੀ ਵਿੱਚ ਜੀਵਨ ਦਾ ਮੋਹ ਅਤੇ ਮੌਤ ਦਾ ਭੈ ਸੀ ਜਿਸ ਕਾਰਨ ਉਸ ਦੇ ਅਜੋਕੇ ਅਧਿਆਤਮਕ ਵਿਰਸੇ ਵਿੱਚ ਮੁਕਤੀ, ਸਮਾਧੀ, ਦਾਨ-ਪੁੰਨ, ਤੀਰਥ ਯਾਤ੍ਰਾ, ਨਰਕ, ਸੁਰਗ, ਇਲਹਾਮ, ਆਕਾਸ਼ਬਾਣੀ,[1] ਆਵਾਗੌਣ, ਅਨੇਕ ਦੇਵੀ-ਦੇਵਤੇ, ਜਿੰਨ-ਭੂਤ, ਕਰਾਮਾਤਾਂ ਅਤੇ ਬਲੀਆਂ ਦੇ ਰੂਪ ਵਿੱਚ ਥੋੜਿਕਾ ਨਿਕ-ਸੁਕ ਸ਼ਾਮਲ ਹੈ। ਮਨੁੱਖ ਦੇ ਇਸ ਅਧਿਆਤਮਕ ਵਿਰਸੇ ਵਿੱਚ ਇੱਕ ਈਸ਼ਵਰ, ਇਲਹਾਮ, ਆਵਾਗੌਣ, ਨਿਰਲੇਪਤਾ, ਅੰਧ-ਵਿਸ਼ਵਾਸ, ਆਤਮਾ ਅਤੇ ਪ੍ਰੋਹਿਤਵਾਦ ਕੁਝ ਕੁ ਅਜਿਹੇ ਅੰਸ਼ ਹਨ ਜਿਨ੍ਹਾਂ ਨੇ ਜੀਵਨ ਨੂੰ ਜਾਂ ਤਾਂ ਕੁਝ ਨਹੀਂ ਦਿੱਤਾ, ਜਾਂ ਨਿਰਾ ਕਲੇਸ਼ ਦਿੱਤਾ ਹੈ। ਮਨੁੱਖ ਦੇ ਅਧਿਆਤਮਕ ਵਿਰਸੇ ਦੇ ਇਨ੍ਹਾਂ ਅੰਸ਼ਾਂ ਵਲੋਂ ਜੀਵਨ ਨਾਲ ਹੋਈ ਅਤੇ ਹੋ ਰਹੀ ਨੇਕੀ ਅਤੇ ਬੁਰਾਈ ਵੱਲ ਮੈਂ, ਆਪਣੀਆਂ ਲਿਖਤਾਂ ਵਿੱਚ ਸੰਕੇਤ ਕਰਦਾ ਰਹਿੰਦਾ ਹਾਂ। ਇਸ ਨਿਬੰਧ ਰਾਹੀਂ ਪ੍ਰੋਹਿਤਵਾਦ ਅਤੇ ਸਮਾਜਿਕ ਜੀਵਨ ਦੇ ਆਪਸੀ ਸੰਬੰਧਾਂ ਵਿੱਚ ਨਿੱਕੀ ਜਹੀ ਝਾਤੀ ਪਾਉਣ ਦਾ ਜਤਨ ਕਰਦਾ ਹਾਂ।

ਪ੍ਰੋਹਿਤਵਾਦ ਨੂੰ ਬ੍ਰਾਹਮਣਵਾਦ ਵੀ ਆਖਿਆ ਜਾਂਦਾ ਹੈ। ਇਹ ਅਧਿਆਤਮਕ ਅਤੇ (ਕੁਝ ਕੁ) ਸਮਾਜਿਕ ਰਸਮਾਂ ਨੂੰ ਨਿਭਾਉਣ ਦੇ ਵਿਧੀ-ਵਿਧਾਨ ਦਾ ਨਾਂ ਹੈ। ਇਹ ਕਿਸੇ ਇੱਕ ਧਰਮ, ਦੇਸ਼ ਜਾਂ ਕਾਲ-ਵਿਸ਼ੇਸ਼ ਨਾਲ ਸੰਬੰਧਤ ਨਹੀਂ, ਸਗੋਂ ਸਰਵ-ਵਿਆਪਕ ਹੈ। ਵੱਖ-ਵੱਖ

1. ਦੇਵ ਬਾਣੀ ਜਾਂ ਆਕਾਸ਼ੋਂ ਆਈ ਬਾਣੀ; ਆਲ ਇੰਡੀਆ ਰੇਡੀਓ ਨਹੀਂ।

ਦੇਸ਼ਾਂ ਅਤੇ ਧਰਮਾਂ ਵਿੱਚ ਇਸ ਨੂੰ ਵੱਖ-ਵੱਖ ਨਾਂ ਦਿੱਤੇ ਗਏ ਹਨ। ਇਸ ਦੀ ਨਿੰਦਾ ਓਨੀ ਹੀ ਆਮ ਹੈ ਜਿੰਨੀ ਇਸ ਦੀ ਪਾਲਣਾ ਅਤੇ ਪਾਬੰਦੀ। ਇਹ ਹਰ ਧਰਮ ਦੀ ਜਿੰਦ-ਜਾਨ ਜਾਂ ਆਤਮਾ ਹੈ। ਇਸ ਬਿਨਾਂ ਕੋਈ ਧਰਮ ਜੀਵਿਤ ਨਹੀਂ ਰਹਿ ਸਕਦਾ। ਸਾਰੇ ਇਤਿਹਾਸਕ ਧਰਮ ਆਪਣੇ ਤੋਂ ਪਹਿਲੇ ਧਰਮਾਂ ਦੀ ਆਲੋਚਨਾ ਵਿੱਚੋਂ ਉਪਜ ਕੇ ਮੁੜ ਓਸੇ ਪ੍ਰੋਹਿਤਵਾਦ ਦੇ ਸਹਾਰੇ ਵਧਦੇ ਫੁੱਲਦੇ ਹਨ ਜਿਸ ਦੀ ਆਲੋਚਨਾ ਵਿੱਚੋਂ ਜਾਂ ਆਲੋਚਨਾ ਦੇ ਆਧਾਰ ਉੱਤੇ ਉਨ੍ਹਾਂ ਦਾ ਜਨਮ ਹੋਇਆ ਜਾਂ ਮੁੱਢ ਬੱਝਾ ਹੁੰਦਾ ਹੈ।

ਇਤਿਹਾਸਕ ਧਰਮ ਉਹ ਹਨ ਜਿਨ੍ਹਾਂ ਦੇ ਸੰਚਾਲਕਾਂ ਦੇ ਜਨਮ, ਜਨਮਸਥਾਨ ਅਤੇ ਜੀਵਨ-ਕਾਲ ਸੰਬੰਧੀ ਸਾਨੂੰ ਭਰੋਸੇ ਨਾਲ ਪਤਾ ਹੈ। ਜੀਵਨ ਦੇ ਵਿਕਾਸ ਨਾਲ ਉਪਜੇ ਹੋਏ ਉਹ ਧਰਮ, ਜਿਨ੍ਹਾਂ ਦੇ ਸੰਚਾਲਕ ਦਾ ਕੋਈ ਥੌਹ ਪਤਾ ਨਹੀਂ, ਕੁਦਰਤੀ ਧਰਮ ਆਖੇ ਜਾ ਸਕਦੇ ਹਨ। ਈਸਾਈ ਮੱਤ ਅਤੇ ਬੁੱਧ ਧਰਮ ਇਤਿਹਾਸਕ ਧਰਮ ਹਨ; ਹਿੰਦੂ ਧਰਮ ਕੁਦਰਤੀ ਧਰਮ ਹੈ। ਰਾਮ, ਕ੍ਰਿਸ਼ਨ, ਰਾਮਾਨੁਜ, ਸ਼ੰਕਰਾਚਾਰੀਆ ਜਾਂ ਕੋਈ ਰਿਸ਼ੀ ਹਿੰਦੂ ਧਰਮ ਦਾ ਸੰਚਾਲਕ ਨਹੀਂ। ਇਹ ਸਾਰੇ ਇਸ ਧਰਮ ਦੇ ਮੰਨਣ ਵਾਲੇ ਸਨ; ਜਨਮ-ਦਾਤਾ ਨਹੀਂ ਸਨ। ਕੁਦਰਤੀ ਅਤੇ ਇਤਿਹਾਸਕ ਸਾਰੇ ਧਰਮਾਂ ਨੂੰ ਪ੍ਰੋਹਿਤਵਾਦ ਦੀ ਇੱਕੋ ਜਿੰਨੀ ਲੋੜ ਹੈ।

ਧਰਮ ਦੀ ਜਿੰਦ-ਜਾਨ ਹੋਣ ਕਰਕੇ, ਪ੍ਰੋਹਿਤਵਾਦ ਧਰਮ ਦੇ ਨਾਲ ਹੀ ਜਨਮਿਆਂ ਸੀ ਅਤੇ ਧਰਮ ਦੀ ਸਮਾਪਤੀ ਨਾਲ ਹੀ ਇਸ ਦੀ ਮੌਤ ਸੰਭਵ ਹੈ। ਮਨੁੱਖ ਦਾ ਮੁੱਢਲਾ ਧਰਮ ਅਗਿਆਨ, ਡਰ ਅਤੇ ਭੈ-ਯੁਕਤ ਆਦਰ ਵਿੱਚੋਂ ਉਪਜਿਆ ਸੀ। ਅਮਿੱਤ੍ਰ ਅਤੇ ਭਿਆਨਕ ਪਰਿਸਥਿਤੀਆਂ ਦੀ ਦੁਰਬੋਧ ਅਸੀਮਤਾ ਮਨੁੱਖੀ ਮਨ ਵਿੱਚ ਡਰ, ਅਚੰਭੇ ਅਤੇ ਆਦਰ ਦੇ ਰਲੇ ਮਿਲੇ ਭਾਵ ਨੂੰ ਜਨਮ ਦਿੰਦੀ ਸੀ। ਅੰਗ੍ਰੇਜ਼ੀ ਭਾਸ਼ਾ ਦਾ ਸ਼ਬਦ ਆੱ (Awe) ਏਸੇ ਭਾਵ ਦਾ ਲਖਾਇਕ ਹੈ। ਸਭਿਅਤਾ ਦੇ ਵਿਕਾਸ ਨਾਲ ਏਹੋ ਭਾਵ ਸ਼ਰਧਾ (ਸ੍ਰਧਾ) ਦਾ ਰੂਪ ਧਾਰ ਗਿਆ ਹੈ। ਜੰਗਲੀ ਸ਼ਿਕਾਰੀ ਮਨੁੱਖ ਦੇ ਮਨ ਵਿੱਚ ਭੈ ਸੀ; ਪਰ ਕਿਸੇ ਸ਼ਕਤੀ ਪ੍ਰਤੀ ਭੈ-ਯੁਕਤ ਆਦਰ ਨਹੀਂ ਸੀ। ਉਸ ਦੁਆਰਾ ਸ਼ਿਕਾਰ ਕੀਤੇ ਜਾਣ ਵਾਲੇ ਪਸ਼ੂ ਕਿਸੇ ਰਹੀਮ, ਰੱਬ ਜਾਂ ਦਿਆਲੂ ਦੇਵਤੇ ਦੀ ਦਇਆ ਦੇ ਪਾਤ੍ਰ ਨਹੀਂ ਸਨ। ਸ਼ਿਕਾਰੀ ਮਨੁੱਖ ਵੀ ਆਪਣੀ ਸਫਲਤਾ ਨੂੰ ਕਿਸੇ ਦਿਆਲੂ ਦੀ ਦਇਆ ਸਮਝਣ ਦੀ ਥਾਂ ਆਪਣੇ ਉੱਦਮ ਦੀ ਉਪਜ ਸਮਝਦਾ ਸੀ। ਇਸ ਲਈ ਉਸ ਦੇ ਮਨ ਵਿੱਚ ਸ਼ਰਧਾ ਨਹੀਂ ਉਪਜੀ। ਸ਼ਰਧਾ ਸਭਿਅਤਾ ਨਾਲ ਉਪਜੀ ਸੀ ਅਤੇ ਸਭਿਅਤਾ ਦਾ ਆਰੰਭ ਖੇਤੀ ਨਾਲ ਹੋਇਆ ਸੀ।

ਮੁੱਢਲੇ ਕਿਸਾਨੇ ਯੁਗ ਦੇ ਮਨੁੱਖ ਨੂੰ ਕੁਦਰਤ ਵਿੱਚਲੀਆਂ ਮਿੱਤ੍ਰ ਸ਼ਕਤੀਆਂ ਨੂੰ ਰੀਝਾਉਣ ਅਤੇ ਅਮਿੱਤ੍ਰ ਸ਼ਕਤੀਆਂ ਨੂੰ ਪਤਿਆਉਣ ਦੀ 'ਲੋੜ' ਸੀ; ਇਸ ਲੋੜ ਨੂੰ ਮਹਿਸੂਸ ਕਰਨ ਵਾਲੇ ਮਨੁੱਖ ਨੂੰ ਇਨ੍ਹਾਂ ਸ਼ਕਤੀਆਂ ਬਾਰੇ ਬਹੁਤਾ 'ਪਤਾ ਨਹੀਂ' ਸੀ; ਅਤੇ ਇਨ੍ਹਾਂ ਸ਼ਕਤੀਆਂ ਦੇ ਟਾਕਰੇ ਵਿੱਚ ਆਪਣੀ ਸੰਪੂਰਣ ਲਾਚਾਰੀ ਦਾ ਪੂਰਾ ਪੂਰਾ 'ਅਹਿਸਾਸ' ਸੀ। ਇਸ 'ਲੋੜ' ਅਤੇ 'ਸੰਪੂਰਣ ਲਾਚਾਰੀ ਦੇ ਅਹਿਸਾਸ' ਅਤੇ 'ਪਤਾ ਨਾ ਹੋਣ' ਦੇ ਸੰਜੋਗ ਵਿੱਚੋਂ ਪ੍ਰੋਹਿਤਵਾਦ ਦਾ ਜਨਮ ਹੋਇਆ ਹੈ। ਉਸ ਸਮੇਂ ਦੇ ਮਨੁੱਖ ਲਈ ਇਹ ਪ੍ਰੋਹਿਤਵਾਦ ਹੀ ਉਸ ਦਾ ਧਰਮ ਸੀ। ਇਸ ਅਤਿਅੰਤ ਜ਼ਰੂਰੀ ਕੰਮ ਲਈ ਵੱਧ ਤੋਂ ਵੱਧ ਯੋਗਤਾ ਵਾਲੇ ਵਿਅਕਤੀਆਂ ਦੀ ਲੋੜ ਮਹਿਸੂਸੀ ਜਾਣੀ ਵੀ ਕੁਦਰਤੀ ਸੀ ਅਤੇ ਵੱਧ ਤੋਂ ਵੱਧ ਯੋਗਤਾ ਵਾਲੇ ਵਿਅਕਤੀਆਂ ਨੂੰ ਵੱਧ ਤੋਂ ਵੱਧ ਆਦਰ ਦਿੱਤਾ ਜਾਣਾ ਵੀ ਜ਼ਰੂਰੀ ਸੀ। ਇਉਂ ਭੈ, ਅਗਿਆਨ ਅਤੇ ਲਾਚਾਰੀ ਦੇ ਭਾਵਾਂ ਦੇ ਰੂਪ ਵਿੱਚ ਧਰਮ ਪਹਿਲਾਂ ਉਪਜਿਆ ਅਤੇ ਮਿੱਤ੍ਰ ਸ਼ਕਤੀਆਂ ਨੂੰ ਰੀਝਾਉਣ ਅਤੇ ਅਮਿੱਤ੍ਰ ਸ਼ਕਤੀਆਂ ਨੂੰ ਪਤਿਆਉਣ ਦੇ ਕਰਮਕਾਂਡੀ ਰੂਪ ਵਿੱਚ ਧਰਮ ਪਿੱਛੋਂ ਪਰਗਟ ਹੋਇਆ। ਆਧੁਨਿਕ ਸਭਿਅ ਮਨੁੱਖ ਦਾ ਧਰਮ

ਕਿੰਨਾ ਵੀ ਵਿਕਸਿਤ ਅਤੇ ਵਿਗਿਆਨਿਕ ਕਿਉਂ ਨਾ ਹੋ ਗਿਆ ਹੋਵੇ, ਇਸ ਦੀ ਇਹ ਪਰਿਭਾਸ਼ਾ ਅਜੇ ਤਕ ਜਿਉਂ ਦੀ ਤਿਉਂ ਕਾਇਮ ਹੈ ਕਿ 'ਇਹ ਮਨੁੱਖੀ ਮਨ ਵਿੱਚਲੇ ਭੈ, ਲਾਚਾਰੀ ਅਤੇ ਅਗਿਆਨ ਦੇ ਭਾਵਾਂ ਦਾ ਕਰਮਕਾਂਡੀ ਜਾਂ ਪ੍ਰੋਹਿਤਵਾਦੀ ਪ੍ਰਗਟਾਵਾ ਹੈ।'

ਜਿੱਥੋਂ ਤਕ ਸਤਿਕਾਰ ਦਾ ਸਵਾਲ ਹੈ, ਪ੍ਰੋਹਿਤਵਾਦ ਨੂੰ ਕੋਈ ਸ਼ਿਕਾਇਤ ਨਹੀਂ ਹੋਣੀ ਚਾਹੀਦੀ। ਪੁਰਾਤਨ ਕਾਲ ਅਤੇ ਮੱਧਕਾਲ ਦੇ ਮਨੁੱਖੀ ਸਮਾਜਾਂ ਨੇ ਇਸ ਨੂੰ ਬਹੁਤ ਸਤਿਕਾਰ ਦਿੱਤਾ ਹੈ। ਯੂਨਾਨੀ ਦਾਰਸ਼ਨਿਕ, ਮਿਸਰੀ ਫ਼ੈਰੋ, ਰੋਮਨ ਸ਼ਹਿਨਸ਼ਾਹ ਅਤੇ ਭਾਰਤੀ ਸਮ੍ਰਾਟ ਇਸ ਨੂੰ ਸਿਰ ਝੁਕਾਉਂਦੇ ਆਏ ਹਨ। ਹਾਂ, ਅਨਾਦਰ ਜਾਂ ਤ੍ਰਿਸਕਾਰ ਦੇ ਸੰਬੰਧ ਵਿੱਚ ਪ੍ਰੋਹਿਤਵਾਦ ਨੂੰ ਬਹੁਤ ਸ਼ਿਕਾਇਤਾਂ ਹੋ ਸਕਦੀਆਂ ਹਨ; ਪਰੰਤੂ ਇਨ੍ਹਾਂ ਲਈ ਪ੍ਰੋਹਿਤਵਾਦ ਖ਼ੁਦ ਜ਼ਿੰਮੇਦਾਰ ਹੈ। ਸਮੇਂ ਦੇ ਬੀਤਣ ਨਾਲ ਮਨੁੱਖੀ ਸੂਝ-ਬੂਝ ਵਿਕਾਸ ਕਰਦੀ ਗਈ ਹੈ; ਮਨੁੱਖ ਦੀਆਂ ਸਮਾਜਿਕ ਪਰਿਸਥਿਤੀਆਂ ਬਦਲਦੀਆਂ ਗਈਆਂ ਹਨ; ਅਤੇ ਮਨੁੱਖ ਦੀਆਂ ਸਭਿਆਚਾਰਕ ਕਦਰਾਂ-ਕੀਮਤਾਂ ਵਿੱਚ ਚਾਹ-ਉਸਾਰ ਹੁੰਦਾ ਰਿਹਾ ਹੈ। ਸੱਤਾ ਅਤੇ ਸਤਿਕਾਰ ਦੀ ਉੱਚੀ ਅਟਾਰੀ ਉੱਤੇ ਬੈਠਾ ਹੋਇਆ ਪ੍ਰੋਹਿਤਵਾਦ ਤਬਦੀਲੀ ਜਾਂ ਵਿਕਾਸ ਨੂੰ ਅਧੋਗਤੀ ਅਤੇ ਵਿਨਾਸ਼ ਸਮਝਣ ਦੀ ਭੁੱਲ ਕਰਦਾ ਆਇਆ ਹੈ। ਹਰ ਤਬਦੀਲੀ ਪੁਰਾਣੇ ਪ੍ਰੋਹਿਤਵਾਦ ਦੀ ਅਵਹੇਲਨਾ ਕਰ ਕੇ ਨਵੇਂ ਪ੍ਰੋਹਿਤਵਾਦ ਦੀ ਪਿੱਠ ਠੋਕਦੀ ਆਈ ਹੈ। ਪ੍ਰੋਹਿਤਵਾਦ, ਪ੍ਰੋਹਿਤਵਾਦ ਨੂੰ ਪਛਾੜਦਾ ਆਇਆ ਹੈ।

ਜੇ ਧਰਮ ਅਤੇ ਪ੍ਰੋਹਿਤਵਾਦ ਇੱਕ ਅਰਥੇ ਜਾਂ ਸਮਾਨ ਅਰਥੇ ਸ਼ਬਦ ਹਨ ਤਾਂ ਕੀ ਨਵੇਂ ਧਰਮਾਂ ਦੇ ਸੰਚਾਲਕਾਂ ਨੂੰ ਪ੍ਰੋਹਿਤ ਆਖਿਆ ਜਾ ਸਕਦਾ ਹੈ?

ਜਦੋਂ ਇਸ ਸ਼ਬਦ ਨਾਲ ਘਿਰਣਾ ਦੀ ਥਾਂ ਆਦਰ-ਭਾਵ ਜੁੜਿਆ ਹੋਇਆ ਸੀ ਤਾਂ ਉਦੋਂ ਧਰਮਾਂ ਦੇ ਸੰਚਾਲਕ ਆਪਣੇ ਆਪ ਨੂੰ ਪ੍ਰੋਹਿਤ ਅਖਵਾ ਕੇ ਪ੍ਰਸੰਨ ਹੁੰਦੇ ਸਨ। ਪਰੰਤੂ ਉਹ ਸਮਾਂ ਬਹੁਤ ਪਿੱਛੇ ਰਹਿ ਗਿਆ ਹੈ। ਅਜੋਕੇ ਉੱਨਤ ਧਰਮਾਂ ਦੇ ਸੰਚਾਲਕਾਂ ਨੂੰ ਪ੍ਰੋਹਿਤ ਕਹਿਣ ਨਾਲ ਕਈ ਪ੍ਰਕਾਰ ਦੀਆਂ ਸਮੱਸਿਆਵਾਂ ਸਿਰ ਚੁੱਕ ਸਕਦੀਆਂ ਹਨ। ਚਾਰ ਕੁ ਹਜ਼ਾਰ ਸਾਲਾਂ ਤੋਂ ਧਰਮਾਂ ਦੇ ਸੰਚਾਲਕਾਂ ਨੂੰ ਰੱਖਿਅਕ (ਸੇਵੀਅਰਜ਼—Saviours), ਪੈਗੰਬਰ, ਸੰਤ, ਸਤਿਗੁਰੂ, ਹਜ਼ੂਰ, ਮਹਾਰਾਜ ਅਤੇ ਬਾਬਾ ਆਦਿਕ ਆਖਿਆ ਜਾਣ ਦਾ ਰਿਵਾਜ ਪੈਂਦਾ ਆਇਆ ਹੈ।

ਪੂਰਵ ਇਤਿਹਾਸਕ ਕਾਲ ਦੇ ਜੰਗਲੀ ਜਾਂ ਅਰਧ ਜੰਗਲੀ, ਅਗਿਆਨੀ, ਭੈ-ਭੀਤ ਅਤੇ ਲਾਚਾਰ 'ਮਨੁੱਖਾਂ' ਅਤੇ ਸ਼ਕਤੀਸ਼ਾਲੀ, ਭਿਆਨਕ ਪਰ ਪਤਿਆਏ ਜਾ ਸਕਣ ਵਾਲੇ ਕਾਲਪਨਿਕ 'ਦੇਵਤਿਆਂ' ਵਿਚਾਲੇ ਸੁਖਾਵੇਂ ਸੰਬੰਧ ਸਥਾਪਿਤ ਕਰਨ ਦਾ ਵਸੀਲਾ ਜਾਂ ਮਾਧਿਅਮ ਹੁੰਦਾ ਸੀ 'ਪ੍ਰੋਹਿਤ'। ਦੇਵਤੇ ਵੀ ਅਨੇਕ ਸਨ ਅਤੇ ਪ੍ਰੋਹਿਤ ਵੀ ਕਈ। ਦੇਵਤੇ ਸ਼ਕਤੀਸ਼ਾਲੀ, ਅਲੌਕਿਕ, ਅਗੋਚਰ (ਸੌਖੇ ਜਾਣੇ ਨਾ ਜਾ ਸਕਣ ਵਾਲੇ) ਅਤੇ ਅੱਥਰੇ ਸਨ। ਉਨ੍ਹਾਂ ਨੂੰ ਪਤਿਆਉਣ ਦਾ ਕੰਮ ਕਿਸੇ ਸਾਧਾਰਣ ਵਿਅਕਤੀ ਦਾ ਨਹੀਂ ਸੀ। ਇਸ ਲਈ ਦੇਵਤਿਆਂ ਅਤੇ ਮਨੁੱਖਾਂ ਵਿੱਚ ਵਿਚੋਲਗੀਰੀ ਕਰਨ ਵਾਲਾ ਪ੍ਰੋਹਿਤ ਵੀ ਸਾਧਾਰਣ ਨਹੀਂ ਸੀ ਮੰਨਿਆ ਜਾ ਸਕਦਾ। ਦੇਵਤਿਆਂ ਨੂੰ ਪਤਿਆਉਣ ਦੀ ਅਸਾਧਾਰਣ ਯੋਗਤਾ ਉਸ ਨੂੰ ਉਚੇਚੇ ਸਤਿਕਾਰ ਅਤੇ ਸਲੂਕ ਦਾ ਅਧਿਕਾਰੀ ਬਣਾਉਂਦੀ ਸੀ। ਆਰੰਭਕ ਅਰਧ ਸਭਿਅ ਕਬੀਲਿਆਂ ਦੇ ਮੁਖੀ ਇਹੋ ਪ੍ਰੋਹਿਤ ਹੀ ਹੁੰਦੇ ਸਨ।

ਜਿਵੇਂ ਜਿਵੇਂ ਗੁੰਝਲਦਾਰ ਸਮਾਜਾਂ ਦਾ ਵਿਕਾਸ ਹੁੰਦਾ ਗਿਆ ਹੈ, ਤਿਵੇਂ ਤਿਵੇਂ ਦੇਵਤਿਆਂ ਦੇ ਨਿਕਟਵਰਤੀ, ਪ੍ਰੋਹਿਤ, ਦੇਵਤਿਆਂ ਦੀ ਮਾਨਸਿਕਤਾ ਦੇ ਭਾਈਵਾਲ ਬਣਦੇ ਗਏ ਹਨ। ਦੇਵਤਿਆਂ ਦੀ ਪ੍ਰਭੁਤਾ ਦਾ ਭੇਤ ਉਨ੍ਹਾਂ ਦੀ ਸ਼ਕਤੀ, ਅੱਥਰੇਪਨ, ਅਲੌਕਿਕਤਾ, ਅਗੋਚਰਤਾ ਅਤੇ ਪਤਿਆਇਤਾ ਵਿੱਚ ਸੀ। ਮਨੁੱਖਾਂ ਵਿੱਚਲਾ ਭੈ, ਅਗਿਆਨ ਅਤੇ ਮਿਹਰ

ਦੀ ਮੰਗ ਉਨ੍ਹਾਂ ਦੀ ਪ੍ਰਭੁਤਾ ਦੇ ਲੌਕਿਕ ਜਾਂ ਦੁਨਿਆਵੀ ਆਧਾਰ ਸਨ। ਦੇਵਤਿਆਂ ਦੀ 'ਪ੍ਰਭੁਤਾ' ਅਤੇ ਮਨੁੱਖਾਂ ਦੀ 'ਅਧੀਨਤਾ' ਇੱਕੋ ਸਿੱਕੇ ਦੇ ਦੋ ਪਾਸੇ ਹਨ। ਭੈ, ਅਗਿਆਨ ਅਤੇ ਮਿਹਰ-ਯਾਚਨਾ ਮਨੁੱਖੀ ਅਧੀਨਤਾ ਦਾ ਆਧਾਰ ਹੋਣ ਕਰਕੇ ਪ੍ਰੋਹਿਤਾਂ ਦੁਆਰਾ ਤਿਆਗੇ ਜਾਣੇ ਜ਼ਰੂਰੀ ਸਨ। ਦੇਵਤਿਆਂ ਦੀ ਅਲੌਕਿਕਤਾ, ਅਗੋਅਤਾ, ਭਿਆਨਕਤਾ, ਅੱਥਰਾਪਨ ਅਤੇ ਪਤਿਆਇਤਾ ਦੀ ਸਦੀਵਤਾ ਦੇ ਨਾਲ ਨਾਲ ਮਨੁੱਖਾਂ ਵਿੱਚ ਭੈ, ਅਗਿਆਨ ਅਤੇ ਮਿਹਰ-ਮੰਗ ਦੀ ਲਗਾਤਾਰਤਾ ਪ੍ਰੋਹਿਤਾਂ ਦੇ ਐਸ਼ਵਰਜ ਅਤੇ ਅਸਾਧਾਰਣਤਾ ਦਾ ਆਧਾਰ ਸੀ।

ਆਰੰਭ ਵਿੱਚ ਪ੍ਰੋਹਿਤ ਵਰਗ ਨੂੰ ਆਪਣੀ ਪ੍ਰਭੁਤਾ ਬਣਾਈ ਰੱਖਣ ਦੀ ਉਚੇਚੀ ਚਿੰਤਾ ਨਹੀਂ ਸੀ। ਡਰ, ਜੀਵਨ ਦਾ ਮੋਹ, ਬੇਬਸੀ ਦਾ ਅਹਿਸਾਸ, ਮਿਹਰ ਦੀ ਮੰਗ ਅਤੇ ਗਿਆਨ ਦੀ ਘਾਟ ਮਨੁੱਖ ਦੀ ਪਰਵਿਰਤੀ ਅਤੇ ਪਰਿਸਥਿਤੀ ਦਾ ਭਾਗ ਸਨ। ਪ੍ਰੋਹਿਤ ਵਰਗ ਨੂੰ ਇਸ ਦਾ ਲਾਭ ਸੁਤੇ-ਸਿੱਧ ਹੀ ਪ੍ਰਾਪਤ ਸੀ। ਸਭਿਅਤਾ ਦੇ ਵਿਕਾਸ ਨਾਲ ਹਾਲਤ ਬਦਲਦੀ ਗਈ ਹੈ। ਇਹ ਠੀਕ ਹੈ ਕਿ ਸਭਿਅ ਸਮਾਜਾਂ ਦੀ ਉਸਾਰੀ ਵਿੱਚ ਰਜੋ ਗੁਣ (ਸ਼ਕਤੀ, ਹਿੰਸਾ, ਹੱਤਿਆ ਅਤੇ ਹੇਰਾਫੇਰੀ) ਨੂੰ ਵਿਸ਼ੇਸ਼ ਥਾਂ ਪ੍ਰਾਪਤ ਰਹੀ ਹੈ ਤਾਂ ਵੀ ਨਿੱਤ ਬਦਲਦੀਆਂ ਪਰਿਸਥਿਤੀਆਂ ਨੇ ਮਨੁੱਖ ਦਾ ਬੌਧਿਕ ਵਿਕਾਸ ਵੀ ਜਾਰੀ ਰੱਖਿਆ ਹੈ। ਇਸ ਵਿਕਾਸ ਨੇ ਪ੍ਰੋਹਿਤ ਵਰਗ ਨੂੰ ਉਚੇਚੀ ਸਾਵਧਾਨੀ ਦਾ ਸੁਨੇਹਾ ਦਿੱਤਾ ਹੈ। ਬ੍ਰਾਹਮਣ ਗ੍ਰੰਥ (ਪ੍ਰੋਹਿਤਵਾਦੀ ਗ੍ਰੰਥ) ਇਸੇ ਸਾਵਧਾਨੀ ਦੀ ਉਪਜ ਹਨ।

ਪਹਿਲਾਂ ਪਹਿਲ ਕਬੀਲਿਆਂ ਦੇ ਮੁਖੀ ਹੀ ਪ੍ਰੋਹਿਤ ਸਨ। ਪੁਰਾਤਨ ਉੱਨਤ ਮਿਸਰੀ ਸਭਿਅਤਾ ਦੇ ਆਰੰਭਕ ਸਮੇਂ ਵਿੱਚ ਮਿਸਰੀ ਰਾਜਾ (ਫ਼ੈਰੋ) ਹੀ ਪ੍ਰਧਾਨ ਪ੍ਰੋਹਿਤ ਹੁੰਦਾ ਸੀ। ਜਿਵੇਂ ਜਿਵੇਂ ਹਕੂਮਤ ਫੈਲਦੀ ਗਈ, ਤਿਵੇਂ ਤਿਵੇਂ ਫ਼ੈਰੋ ਨੂੰ ਵੱਧ ਸ਼ਕਤੀਸ਼ਾਲੀ ਹੋਣ ਦਾ ਅਹਿਸਾਸ ਹੁੰਦਾ ਗਿਆ। ਉਹ ਆਪ ਦੇਵਤਾ ਜਾਂ ਕਿਸੇ ਪ੍ਰਧਾਨ ਦੇਵਤੇ ਦਾ ਪੁੱਤ੍ਰ ਹੋਣ ਦਾ ਦਾਅਵਾ ਕਰਨ ਲੱਗ ਪਿਆ ਅਤੇ ਉਸ ਦੇ ਚੋਣਵੇਂ ਨਿਕਟਵਰਤੀ ਪ੍ਰੋਹਿਤ-ਪਦਵੀ ਪ੍ਰਾਪਤ ਕਰਦੇ ਗਏ ਅਤੇ ਇਹ ਪਦਵੀ ਪਿਤਾ ਪੁਰਖੀ ਵਿੱਚ ਬਦਲਦੀ ਗਈ।

ਜਦੋਂ ਹਾਕਮ ਅਤੇ ਪ੍ਰੋਹਿਤ ਇੱਕ ਨਾ ਰਹਿ ਕੇ ਵੱਖ-ਵੱਖ ਹੋ ਗਏ, ਉਦੋਂ ਦੋਹਾਂ ਵਰਗਾਂ ਨੂੰ ਆਪੋ-ਆਪਣੇ ਕੰਮਾਂ ਵੱਲ ਧਿਆਨ ਦੇਣ ਲਈ ਬਹੁਤਾ ਸਮਾਂ ਮਿਲਣ ਲੱਗ ਪਿਆ। ਹਾਕਮਾਂ ਨੇ ਆਪਣੀ ਸੈਨਿਕ ਸ਼ਕਤੀ ਵਿੱਚ ਵਾਧਾ ਕਰਨ ਵਿੱਚ ਜੋ ਕਮਾਲ ਕੀਤਾ, ਉਹੋ ਕਮਾਲ ਪ੍ਰੋਹਿਤਾਂ ਨੇ ਮਿਥਿਹਾਸ ਦੀ ਰਚਨਾ ਵਿੱਚ ਕੀਤਾ। ਦੇਵਤਿਆਂ ਬਾਰੇ ਕਹਾਣੀਆਂ ਦੀ ਘਾੜਤ ਘੜਨ ਲੱਗਿਆਂ ਇਸ ਗੱਲ ਦਾ ਪੂਰਾ ਪੂਰਾ ਧਿਆਨ ਰੱਖਿਆ ਗਿਆ ਹੈ ਕਿ ਉਨ੍ਹਾਂ ਦੇ ਮੁੱਢਲੇ ਗੁਣ (ਸ਼ਕਤੀ, ਅਲੌਕਿਕਤਾ, ਭਿਆਨਕਤਾ, ਅੱਥਰਾਪਨ ਅਤੇ ਪੱਖਪਾਤ ਜਾਂ ਪਤਿਆਇਤਾ) ਕਾਇਮ ਰੱਖੇ ਜਾਣ। ਮਨੁੱਖ ਦੇ ਸਿਰ ਅਤੇ ਸ਼ੇਰ ਦੇ ਧੜ ਵਾਲੇ ਦੇਵਤੇ, ਕੁੱਤਿਆਂ, ਬਘਿਆੜਾਂ, ਬਾਜਾਂ, ਬਲਦਾਂ ਅਤੇ ਘੋੜਿਆਂ ਦੀ ਸ਼ਕਲ ਦੇ ਦੇਵਤੇ ਚਿਤਵਣ ਚਿਤਰਣ ਅਤੇ ਬੁੱਤਿਆਉਣ ਪਿੱਛੇ ਉਨ੍ਹਾਂ ਦੀ ਅਲੌਕਿਕਤਾ ਨੂੰ ਕਾਇਮ ਰੱਖਣ ਦਾ ਖ਼ਿਆਲ ਕੰਮ ਕਰਦਾ ਸੀ। ਭਾਰਤੀ ਮਿਥਿਹਾਸ (ਜਿਸ ਨੂੰ ਮੈਂ ਮੱਧ ਪੂਰਬੀ ਮਿਥਿਹਾਸਾਂ ਨਾਲੋਂ ਪਿਛਲੇਰੀ ਕਿਰਤ ਮੰਨਦਾ ਹਾਂ) ਵਿੱਚ ਦੇਵਤਿਆਂ ਦੀਆਂ ਸ਼ਕਲਾਂ ਸੂਰਤਾਂ ਭਾਵੇਂ ਮਨੁੱਖੀ ਹੋਣ ਲੱਗ ਪਈਆਂ ਹਨ ਪਰ ਇੱਕ ਤੋਂ ਵੱਧ ਸਿਰਾਂ, ਚਾਰ ਚਾਰ ਬਾਹਵਾਂ, ਸਿਰਾਂ ਦੀ ਬਦਲੀ (ਜਿਹਾ ਕਿ ਗਣੇਸ਼ ਆਦਿਕ ਵਿੱਚ) ਅਤੇ ਦੇਵਤਿਆਂ ਦੀ ਸਵਾਰੀ ਲਈ ਚੁਣੇ ਗਏ ਗਰੁੜ, ਚੂਹਾ ਆਦਿਕ ਵਾਹਨਾਂ ਦੀ ਵਰਤੋਂ ਨਾਲ ਇਨ੍ਹਾਂ ਦੀ ਅਲੌਕਿਕਤਾ ਬਣਾਈ ਰੱਖਣ ਦਾ ਪੂਰਾ ਜਤਨ ਕੀਤਾ ਗਿਆ ਹੈ। ਪਿਛਲੇਰੀ ਕਿਰਤ ਹੋਣ ਕਰ ਕੇ ਭਾਰਤੀ ਮਿਥਿਹਾਸ ਵਿਚਲੇ ਦੇਵਤੇ, ਮਿਸਰੀ, ਯਹੂਦੀ ਅਤੇ ਯੂਨਾਨੀ ਮਿਥਿਹਾਸਾਂ ਵਿੱਚਲੇ

ਦੇਵਤਿਆਂ ਨਾਲੋਂ ਵਧੇਰੇ ਸਭਿਅ ਹਨ। ਭਾਰਤੀ ਮਿਥਿਹਾਸ ਵਿੱਚਲੀ ਕਹਾਣੀ-ਕਲਾ ਵੀ ਕੁਝ ਕੁ ਚੰਗੇਰੀ ਹੈ। ਤਾਂ ਵੀ ਦੇਵਤਿਆਂ ਦੇ ਅੱਥਰੇਪਨ ਵਿੱਚ ਕੋਈ ਘਾਟ ਨਹੀਂ; ਉਨ੍ਹਾਂ ਕੋਲ ਬ੍ਰਹਮ ਅਸਤ੍ਰਾਂ ਅਤੇ ਸੁਦਰਸ਼ਨ ਚੱਕ੍ਰਾਂ ਦੀ ਅਪਾਰ ਸ਼ਕਤੀ ਹੈ; ਉਹ ਨੈਤਿਕ ਕਦਰਾਂ-ਕੀਮਤਾਂ ਦਾ ਸਤਿਕਾਰ ਕਰਨ ਲਈ ਮਜਬੂਰ ਨਹੀਂ ਹਨ। ਉਹ ਖ਼ੁਸ਼ਾਮਦ ਪਸੰਦ ਹਨ, ਪਤਿਆਏ ਜਾਂਦੇ ਹਨ ਅਤੇ ਪੱਖਪਾਤ ਕਰਦੇ ਹਨ; ਉਹ ਭਿਆਨਕਤਾ ਦੀ ਥਾਂ ਸ਼੍ਰਧਾ ਦੇ ਭਾਵ ਨੂੰ ਉਭਾਰਦੇ ਹਨ; ਉਹ ਭੈ ਦੇ ਜੰਗਲੀ ਸਾਧਨ ਦੀ ਥਾਂ ਸ਼੍ਰਧਾ ਦੇ ਸਾਊ ਸਾਧਨ ਰਾਹੀਂ ਈਨ ਮਨਵਾਉਂਦੇ ਹਨ; ਈਨ ਨਾ ਮੰਨਣ ਦੀ ਹਾਲਤ ਵਿੱਚ ਉਨ੍ਹਾਂ ਦੀ ਸ਼ਕਤੀ ਚੰਡੀ ਵਿੱਚ ਬਦਲ ਜਾਂਦੀ ਹੈ।

ਮਿਥਿਹਾਸਕ ਕਾਲ ਵਿੱਚ ਪ੍ਰੋਹਿਤ ਵਰਗ ਆਪਣੀ ਸੱਤਾ ਅਤੇ ਸਰਦਾਰੀ ਦੀ ਸਿਖਰ ਉੱਤੇ ਰਿਹਾ ਹੈ। ਅੱਜ ਤੋਂ ਤਿੰਨ ਕੁ ਹਜ਼ਾਰ ਸਾਲ ਪਹਿਲਾਂ, ਨਿੱਕੇ ਨਿੱਕੇ ਕਈ ਦੇਵਤਿਆਂ ਦੀ ਥਾਂ, ਇੱਕ ਰੱਬ ਦੇ ਰੂਪ ਵਿੱਚ, ਬਹੁਤ ਹੀ ਵੱਡ-ਆਕਾਰੀ ਦੇਵਤੇ ਦੀ ਪ੍ਰਭੁਤਾ ਦਾ ਸਮਾਂ ਸ਼ੁਰੂ ਹੋ ਗਿਆ ਸੀ। ਇੱਕ ਰੱਬ ਦਾ ਖ਼ਿਆਲ ਇਸ ਤੋਂ ਚੋਖਾ ਪੁਰਾਣਾ ਹੈ, ਪਰੰਤੂ ਮਨੁੱਖ ਦੇ ਸਭਿਅ-ਸਮਾਜਿਕ ਜੀਵਨ ਵਿੱਚ ਇਸ ਦੀ ਦਖ਼ਲ-ਅੰਦਾਜ਼ੀ ਅਤੇ ਅਭਿਵਿਅੰਜਨਾ ਦਾ ਇਤਿਹਾਸ ਇਸ ਦੇ ਖ਼ਿਆਲ ਜਿੰਨਾ ਪੁਰਾਣਾ ਨਹੀਂ। ਇੱਕ ਰੱਬ ਦੇ ਖ਼ਿਆਲ ਦੀ ਭਰਪੂਰ ਅਭਿਵਿਅੰਜਨਾ ਸ਼ਾਹਾਂ, ਸ਼ਹਿਨਸ਼ਾਹਾਂ ਅਤੇ ਸਮਰਾਟਾਂ ਦੇ ਸਮੇਂ ਸੰਭਵ ਹੋਈ ਹੈ। ਉਸ ਸਮੇਂ ਤੱਕ ਮਨੁੱਖੀ ਸਮਾਜ ਚੋਖੀ ਉੱਨਤੀ ਕਰ ਚੁੱਕੇ ਸਨ। ਭਿੰਨ ਭਿੰਨ ਸਭਿਅਤਾਵਾਂ ਦੇ ਮਿਸ਼ਰਣ ਅਤੇ ਕਬੀਲਿਆਂ ਦੀ ਭੰਨ ਤੋੜ ਨੇ ਪ੍ਰੋਹਿਤਵਾਦ ਦੀ ਪੁਰਾਤਨ ਰੂਪ-ਰੇਖਾ ਨੂੰ ਬਦਲ ਦਿੱਤਾ ਸੀ। ਸਿਕੰਦਰ ਤੋਂ ਪਿੱਛੋਂ ਦੇ ਦੋ ਢਾਈ ਸੌ ਸਾਲਾਂ ਲਈ ਯੋਰਪ ਅਤੇ ਮੱਧ ਪੂਰਬੀ ਦੇਸ਼ਾਂ ਦਾ ਹੈਲਨੀਕਰਣ[1] ਹੁੰਦਾ ਰਿਹਾ। ਯੂਨਾਨੀ ਸਭਿਆਚਾਰ ਅਤੇ ਵਿਚਾਰ ਦੇ ਇਸ ਫੈਲਾਊ ਨੇ ਉੱਚ ਵਰਗ ਦੀ ਸੋਚ ਨੂੰ ਪ੍ਰਭਾਵਿਤ ਕੀਤਾ ਅਤੇ ਯੂਨਾਨੀ ਰਾਜ-ਪ੍ਰਬੰਧ ਅਧੀਨ ਇਕੱਠੀਆਂ ਹੋਈਆਂ ਸਭਿਆਤਾਵਾਂ ਦੇ ਜਨਸਾਧਾਰਣ ਨੂੰ ਵੱਖ-ਵੱਖ ਦੇਸ਼ਾਂ ਦੇ ਮਿਥਿਹਾਸ ਨੂੰ ਮਿਸ਼ਰਿਤ ਹੁੰਦੇ ਵੇਖਣ ਦਾ ਮੌਕਾ ਮਿਲਿਆ। ਉਸ ਸਮੇਂ ਯਹੂਦੀ ਮਿਥਿਹਾਸ ਬਾਕੀਆਂ ਨਾਲੋਂ ਵੱਧ ਨਵੀਨ ਵੀ ਸੀ ਅਤੇ ਇਤਿਹਾਸਕ ਹੋਣ ਦਾ ਭੁਲੇਖਾ ਪਾਉਣ ਵਿੱਚ ਸਫ਼ਲ ਵੀ ਸੀ। ਯੂਨਾਨੀ ਦਾਰਸ਼ਨਿਕਤਾ, ਯਹੂਦੀ ਮਿਥਿਹਾਸ ਅਤੇ ਸ਼ਕਤੀਸ਼ਾਲੀ ਵਿਸ਼ਾਲ ਰਾਜ-ਪ੍ਰਬੰਧ ਦੀ ਸਥਾਪਨਾ ਨੇ ਇੱਕ ਰੱਬ ਦੇ ਖ਼ਿਆਲ ਨੂੰ ਬਹੁ-ਦੇਵ-ਵਿਸ਼ਵਾਸ ਦੇ ਟਾਕਰੇ ਵਿੱਚ, ਵਧੇਰੇ ਮੰਨਣਯੋਗ ਬਣਾਉਣ ਵਿੱਚ ਸਹਾਇਤਾ ਕੀਤੀ।

ਦੇਵਤਿਆਂ ਦੀ ਥਾਂ ਇੱਕ ਰੱਬ ਨੂੰ ਮੰਨਣ ਵਿੱਚ ਸੌਖ ਇਸ ਲਈ ਵੀ ਪ੍ਰਤੀਤ ਕੀਤੀ ਜਾਂਦੀ ਸੀ ਕਿ ਉਹ ਦੇਵਤਿਆਂ ਨਾਲੋਂ ਕਿਤੇ ਵੱਧ ਅਲੌਕਿਕ ਸੀ। ਦੇਵਤਿਆਂ ਦੀਆਂ ਕਈ ਸੂਰਤਾਂ-ਮੂਰਤਾਂ ਸਨ ਜਿਹੜੀਆਂ ਉਦੋਂ ਤੱਕ ਕੁਝ ਕੁ ਵਿਕਸਿਤ ਹੋ ਚੁੱਕੀ ਮਨੁੱਖੀ ਬੌਧਿਕਤਾ ਨੂੰ ਮੰਨਣਯੋਗ ਨਹੀਂ ਸਨ ਲੱਗਦੀਆਂ। ਰੱਬ ਦੀ ਕੋਈ ਸੂਰਤ ਨਾ ਹੋਣ ਕਰਕੇ ਉਹ ਦੇਵਤਿਆਂ ਨਾਲੋਂ ਵਧੇਰੇ ਅਲੌਕਿਕ ਵੀ ਸੀ ਅਤੇ ਵਧੇਰੇ ਮੰਨਣਯੋਗ ਵੀ ਸੀ।

ਪਾਠਕ ਸੋਚ ਸਕਦੇ ਹਨ ਕਿ ਜਿਸ ਰੱਬ ਦੀ ਕੋਈ ਸੂਰਤ, ਸ਼ਕਲ ਜਾਂ ਮੂਰਤੀ ਨਹੀਂ, ਉਸ ਦੀ ਪੂਜਾ ਨਹੀਂ ਹੋ ਸਕਦੀ ਅਤੇ ਜੇ ਪੂਜਾ ਨਹੀਂ ਹੋ ਸਕਦੀ ਤਾਂ ਪੁਜਾਰੀ ਵਰਗ ਜਾਂ ਪ੍ਰੋਹਿਤ ਦੀ ਲੋੜ ਵੀ ਨਹੀਂ ਹੋਵੇਗੀ। ਸ਼ਾਇਦ ਅਸੀਂ ਭੁੱਲ ਗਏ ਹਾਂ ਕਿ ਪ੍ਰੋਹਿਤਵਾਦ ਦਾ ਆਧਾਰ ਪੂਜਾ ਜਾਂ ਨਿਰੋਲ ਪੂਜਾ ਨਹੀਂ ਸਗੋਂ ਦੇਵਤਿਆਂ ਦੀ ਅਲੌਕਿਕਤਾ, ਭਿਆਨਕਤਾ, ਅਗੋਚਤਾ, ਸ਼ਕਤੀ, ਅੱਥਰੇਪਨ ਅਤੇ ਪਤਿਆਇਤਾ ਵਿੱਚ ਹੈ; ਅਤੇ ਮਨੁੱਖ ਦੇ ਅਗਿਆਨ, ਲਾਚਾਰੀ, ਭੈ ਅਤੇ ਮਿਹਰ ਦੀ ਮੰਗ ਵਿੱਚ ਹੈ।

1. ਯੂਨਾਨੀ ਸਭਿਅਤਾ ਦਾ ਪਾਸਾਰ।

ਦੇਵਤਿਆਂ ਵਿੱਚਲੇ ਸਾਰੇ ਖ਼ਾਸੇ (ਵਿਸ਼ੇਸ਼ ਗੁਣ) ਰੱਬ ਵਿੱਚ ਕਾਇਮ ਰੱਖੇ ਗਏ ਹਨ। ਸਾਰੇ ਦੇਵਤਿਆਂ ਦਾ ਖ਼ਾਸਾ ਉਸ ਵਿੱਚ ਕੇਂਦਰਿਤ ਹੋ ਗਿਆ ਸੀ। ਉਸ ਦੇ ਆਕਾਰ ਦੀ ਕੋਈ ਸੀਮਾ ਨਹੀਂ ਸੀ; ਉਸ ਦੀ ਸ਼ਕਤੀ ਦੀ ਕੋਈ ਹੱਦ ਨਹੀਂ ਸੀ; ਉਸ ਦੀ ਭਿਆਨਕਤਾ ਦਾ ਮੇਚ-ਬੰਨਾ ਨਹੀਂ ਸੀ। ਉਸ ਨੇ ਨਰਕਾਂ ਦਾ ਨਿਰਮਾਣ ਕਰ ਰੱਖਿਆ ਸੀ। ਉਸ ਦੇ ਨਰਕਾਂ ਵਿੱਚ ਇਸਤ੍ਰੀ ਪੁਰਸ਼ਾਂ ਨੂੰ ਅਨੰਤ ਕਾਲ ਤੱਕ ਜਲਾਇਆ ਜਾਂਦਾ ਸੀ। ਉਸ ਨੇ ਚੁਰਾਸੀ ਲੱਖ ਜੂਨਾਂ ਦਾ ਵਿਧਾਨ ਬਣਾ ਰੱਖਿਆ ਸੀ। ਉਸ ਦੇ ਨੇਮ ਬਹੁਤ ਕਠੋਰ ਸਨ, ਪਰੰਤੂ ਉਹ ਪਤਿਆਇਆ ਜਾ ਸਕਦਾ ਸੀ। ਉਹ ਪੱਖਪਾਤੀ ਸੀ; ਚਾਹਵੇ ਤਾਂ ਕਿਸੇ ਗਨਿਕਾ ਜਾਂ ਗਾਬਿਆ ਉੱਤੇ ਰੀਝ ਜਾਂਦਾ ਸੀ; ਚਾਹਵੇ ਤਾਂ ਉਮਰਾਂ ਦੀ ਬੰਦਗੀ ਉੱਤੇ ਪਾਣੀ ਫੇਰ ਦਿੰਦਾ ਸੀ। ਉਸ ਨੂੰ ਜਾਣਨ ਦੀ ਇੱਛਾ ਵੱਡਾ ਅਣਜਾਣਪੁਣਾ ਸੀ; ਪਰ ਆਪਣੀ ਮਰਜ਼ੀ ਨਾਲ ਉਹ ਪੈਗ਼ੰਬਰਾਂ, ਸੰਤਾਂ, ਫ਼ਕੀਰਾਂ, ਸਤਿਗੁਰੂਆਂ ਅਤੇ ਅਵਤਾਰਾਂ ਰਾਹੀਂ ਆਪਣੇ ਆਪ ਨੂੰ ਮਨੁੱਖੀ ਜਾਣਕਾਰੀ ਦੀ ਵਸਤੂ ਬਣਾ ਲੈਂਦਾ ਸੀ। ਉਸ ਵਿੱਚ ਦੇਵਤਿਆਂ ਵਾਲੇ ਸਾਰੇ ਲੱਛਣ ਸਨ। ਉਹ ਦੇਵਤਿਆਂ ਨਾਲੋਂ ਵੱਖਰਾ ਸੀ ਕੇਵਲ ਅਸੀਮਤਾ ਕਰਕੇ, ਆਕਾਰ ਕਰਕੇ; ਅਸਲੋਂ ਵਜੋਂ ਉਹ ਕਿਸੇ ਦੇਵਤੇ ਨਾਲੋਂ ਵਧੀਆ ਨਹੀਂ ਸੀ।

ਲੋਕ ਮਾਨਸਿਕਤਾ ਨੂੰ ਪ੍ਰੋਹਿਤਵਾਦ ਦੀ ਪਰਵਾਨਗੀ ਦੇ ਯੋਗ ਬਣਾਈ ਰੱਖਣ ਲਈ ਭੈ-ਭੀਤ ਰੱਖਣ ਦੇ ਸਾਧਨ ਵੀ ਵਿਕਾਸ ਕਰ ਗਏ ਸਨ। ਮਨੁੱਖ ਨੂੰ ਮੌਤ ਕੋਲੋਂ ਡਰ ਲੱਗਦਾ ਸੀ। ਹੁਣ ਮੌਤ ਤੋਂ ਪਿੱਛੋਂ ਦਾ ਸਦੀਵੀ ਡਰ, ਦੋਜ਼ਖ਼, ਉਸਾਰ ਲਿਆ ਗਿਆ ਸੀ ਜਿਸ ਵਿੱਚ ਮਨੁੱਖ ਦੀ ਇੱਕ ਚਮੜੀ ਸੜ ਜਾਣ ਤੋਂ ਪਿੱਛੋਂ ਉਸ ਨੂੰ ਦੂਜੀ ਚਮੜੀ ਦਿੱਤੀ ਜਾਣੀ ਸੀ ਅਤੇ ਦੂਜੀ ਤੋਂ ਪਿੱਛੋਂ ਤੀਜੀ ਅਤੇ ਇਹ ਸਿਲਸਿਲਾ ਅਨੰਤਕਾਲ ਤੱਕ ਜਾਰੀ ਰਹਿਣਾ ਸੀ। ਮਨੁੱਖ ਦੀ ਬੋਧਕਤਾ ਵਿੱਚ ਵਿਕਾਸ ਹੋਇਆ ਸੀ, ਪਰ ਉਸ ਨੂੰ ਇਹ ਆਖਿਆ ਗਿਆ ਸੀ ਕਿ ਤੇਰੀ ਬੋਧਕਤਾ ਸ਼ੈਤਾਨੀ ਚੀਜ਼ ਹੈ। ਨਰਕ ਅਤੇ ਆਵਾਗੌਣ ਤੋਂ ਬਚਣ ਲਈ ਤੈਨੂੰ ਵਿਸ਼ਵਾਸ (Faith) ਦੀ ਲੋੜ ਹੈ। ਰੱਬੀ ਹੁਕਮ ਸਾਹਮਣੇ ਬੋਧਕਤਾ ਦਾ ਸਹਾਰਾ ਲਵੇਂਗਾ ਤਾਂ ਵੈਤਰਣੀ ਤਰਨ ਲੱਗਿਆਂ ਪਤਲੇ ਪੁਲ ਤੋਂ ਡਿੱਗ ਕੇ ਸਦਾ ਲਈ ਲਹੂ-ਪਾਕ ਦੀ ਨਦੀ ਵਿੱਚ ਗ਼ੋਤੇ ਖਾਂਦਾ ਰਹੇਂਗਾ। ਤੇਰੀ ਭਲਾਈ ਤੇਰੀ ਕਿਸੇ ਨੇਕੀ ਵਿੱਚ ਨਹੀਂ, ਸਗੋਂ ਰੱਬ ਦੀ ਮਿਹਰ ਵਿੱਚ ਹੈ। ਦੁਨਿਆਵੀ ਤੌਰ ਉੱਤੇ ਕੁਝ ਕੁ ਸੁਰੱਖਿਅਤ ਹੋ ਗਏ ਮਨੁੱਖ ਨੂੰ ਮੌਤੋਂ ਮਗਰਲੇ ਡਰਾਵਿਆਂ ਹੇਠ ਦੱਬ ਦਿੱਤਾ ਗਿਆ। ਪ੍ਰੋਹਿਤਵਾਦ ਨੇ ਕਿੱਥੇ ਜਾਣਾ ਸੀ ?

ਰੱਬ ਦੇ ਪੁੱਤ੍ਰ, ਪੈਗ਼ੰਬਰ, ਰੱਖਿਅਕ ਅਤੇ ਅਵਤਾਰ ਆਦਿਕ ਦੇ ਰੂਪ ਵਿੱਚ 'ਪ੍ਰੋਹਿਤ' ਸਾਡੀ ਦੁਨੀਆ ਵਿੱਚ ਜਿਉਂ ਦਾ ਤਿਉਂ ਕਾਇਮ ਹੈ। ਇਨ੍ਹਾਂ ਪ੍ਰਧਾਨ ਪ੍ਰੋਹਿਤਾਂ ਦੇ ਵੱਡੇ ਵੱਡੇ ਮਹਿਕਮੇ ਬਣ ਗਏ ਹਨ। ਮਜੌਰਾਂ, ਮੁਲਾਣਿਆਂ, ਪੁਜਾਰੀਆਂ, ਗ੍ਰੰਥੀਆਂ, ਰਾਗੀਆਂ, ਪਰਚਾਰਕਾਂ, ਸੰਤਾਂ, ਮਹੰਤਾਂ, ਸੇਵਾਦਾਰਾਂ, ਗੜਵਈਆਂ, ਪਾਦਰੀਆਂ, ਪੋਪਾਂ, ਪਾਠੀਆਂ ਅਤੇ ਨਾ ਜਾਣੇ ਹੋਰ ਕਿੰਨੇ ਰੂਪਾਂ ਵਿੱਚ ਮਨੁੱਖਤਾ ਦਾ ਇੱਕ ਵੱਡਾ ਭਾਗ ਉਵੇਂ ਹੀ ਮਨੁੱਖੀ ਗੌਰਵ ਤੋਂ ਹੀਣਾ ਜੀਵਨ ਜੀਣ ਲਈ ਮਜਬੂਰ ਹੋ ਗਿਆ ਹੈ ਜਿਵੇਂ ਮਨੂੰ ਦੀ ਵਰਣ-ਵੰਡ ਨਾਲ ਭਾਰਤੀ ਜਨ-ਸਾਧਾਰਣ ਦਾ ਚੌਥਾ ਹਿੱਸਾ ਅਛੂਤ ਹੋ ਗਿਆ ਸੀ। ਮਨੁੱਖਤਾ ਦਾ ਇਹ ਗੌਰਵਹੀਣ ਅਤੇ ਸ਼ਰਮਸਾਰ ਹਿੱਸਾ ਆਪਣੇ ਵਿੱਚਲੇ 'ਪਾਖੰਡ' ਅਤੇ ਜਨਸਾਧਾਰਣ ਵਿੱਚਲੇ 'ਡਰ ਅਤੇ ਅਗਿਆਨ' ਦੇ ਸਹਾਰੇ ਜੀ ਰਿਹਾ ਹੈ। ਹਿੰਸਾ, ਹੱਤਿਆ ਅਤੇ ਆਤੰਕਵਾਦ ਦੀ ਸ਼ਰਣ ਪੈ ਕੇ ਕੋਈ ਕੋਈ ਪ੍ਰੋਹਿਤ ਸ਼ਹੀਦ ਦੀ ਪਦਵੀ ਵੀ ਪ੍ਰਾਪਤ ਕਰ ਲੈਂਦਾ ਹੈ।

ਕਈ ਸਿਆਣਿਆਂ ਦਾ ਵਿਚਾਰ ਹੈ ਕਿ ਧਾਰਮਿਕ ਵਿਸ਼ਵਾਸਾਂ ਦੀ ਤਰਕਪੂਰਣ ਜਾਂ ਵਿਚਾਰਸ਼ੀਲ ਵਿਆਖਿਆ ਪ੍ਰੋਹਿਤਵਾਦ ਜਾਂ ਬ੍ਰਾਹਮਣਵਾਦ ਦੇ ਪ੍ਰਭਾਵ ਨੂੰ ਮੰਦ ਕਰ ਸਕਦੀ

ਹੈ। ਇਹ ਖ਼ਾਮ-ਖ਼ਿਆਲੀ ਹੈ। ਕਿਸੇ ਵੀ ਅਲੌਕਿਕਤਾ ਦੀ ਵਿਵੇਕੀ ਵਿਆਖਿਆ ਉਸ ਦੀ ਉਮਰ ਲੰਮੀ ਕਰੇਗੀ। ਵਿਵੇਕਾਨੰਦ ਨਾਲੋਂ ਵੱਡਾ ਵਿਵੇਕੀ ਅਤੇ ਦਇਆਨੰਦ ਨਾਲੋਂ ਵੱਡਾ ਤਰਕਪੂਰਣ ਵਿਆਖਿਆਕਾਰ ਪੈਦਾ ਕਰਨਾ ਔਖਾ ਹੈ; ਪਰੰਤੂ ਇਨ੍ਹਾਂ ਦੋਹਾਂ ਦੇ ਚਲਾਏ ਹੋਏ ਸੰਗਠਨਾਂ ਵਿੱਚ ਪ੍ਰੋਹਿਤਵਾਦ ਦੀ ਪ੍ਰਭੁਤਾ ਵੇਖੀ ਜਾਣੀ ਬਹੁਤ ਸੌਖੀ ਹੈ।

ਪ੍ਰੋਹਿਤਵਾਦ ਦਾ ਅੰਤ ਮਨੁੱਖੀ ਗਿਆਨ ਦੇ ਵਾਧੇ ਅਤੇ ਪਰਲੋਕਵਾਦ ਦੇ ਤਿਆਗ ਵਿੱਚ ਹੈ; ਪਰੰਤੂ ਗਿਆਨ ਦੇ ਵਾਧੇ ਅਤੇ ਪਰਲੋਕਵਾਦ ਦੇ ਅੰਤ ਨਾਲ ਮਨੁੱਖ ਦੇ ਸਾਰੇ ਧਰਮ ਆਪਣੇ ਅੰਤ ਨੂੰ ਪ੍ਰਾਪਤ ਹੋ ਜਾਣਗੇ। ਇਹ ਪਰਲੋਕਵਾਦੀ ਅੰਧਕਾਰ (ਰਹੱਸ) ਦੀ ਉਪਜ ਹਨ। ਪਦਾਰਥਵਾਦੀ ਵਿਗਿਆਨਕ ਸੋਚ ਦੀ ਦਵਾਈ ਇਨ੍ਹਾਂ ਲਈ ਸੁਖਾਵੀਂ ਨਹੀਂ। ਇਹ ਦਵਾਈ ਹੈ ਵੀ ਦੁਰਲੱਭ। ਇਸ ਲਈ ਸਾਡੇ ਸਮਾਜਿਕ ਜੀਵਨ ਵਿੱਚ ਪ੍ਰੋਹਿਤਵਾਦ ਦੇਰ ਤੱਕ ਜੀਊਂਦਾ ਰਹੇਗਾ ਅਤੇ ਅਸੀਂ ਵਿਆਹਾਂ, ਵਿਹਾਰਾਂ, ਖ਼ੁਸ਼ੀਆਂ, ਗ਼ਮੀਆਂ, ਤਿਉਹਾਰਾਂ ਅਤੇ ਪੁਰਬਾਂ ਦੇ ਮੌਕਿਆਂ ਉੱਤੇ ਉਨ੍ਹਾਂ ਹੀ ਪ੍ਰੋਹਿਤਾਂ, ਭਾਈਆਂ ਅਤੇ ਮੁਲਾਣਿਆਂ ਨੂੰ ਸਤਿਕਾਰ ਦੇਣ ਦਾ 'ਪਾਖੰਡ' ਕਰਦੇ ਰਹਾਂਗੇ ਜਿਨ੍ਹਾਂ ਨੂੰ ਸਾਧਾਰਣ ਸਮਾਜਿਕ ਜੀਵਨ ਦੀ ਦ੍ਰਿਸ਼ਟੀ ਤੋਂ ਅਸੀਂ ਅਤਿਅੰਤ ਬੇ-ਲੋੜੇ, ਘਟੀਆ ਅਤੇ ਘਿਰਣਤ ਸਮਝਦੇ ਹਾਂ। ਅਧਿਆਤਮਿਕ ਵਿਰਸੇ ਵਿੱਚ ਮਿਲੀ ਹੋਈ ਇਹ ਨੀਚਤਾ ਸਾਨੂੰ ਸਾਂਭ ਕੇ ਰੱਖਣੀ ਪਵੇਗੀ, ਕਾਫ਼ੀ ਦੇਰ ਤੱਕ।

•

SIKHBOOKCLUB.COM

# ਸਭਿਆਚਾਰ ਅਤੇ ਸਦਭਾਵਨਾ

'ਕਲਚਰ' ਸ਼ਬਦ ਦੇ ਅਰਥ ਤਾਂ ਹੋਰ ਵੀ ਹਨ; ਪਰ, ਇਸ ਲੇਖ ਵਿੱਚ ਮੇਰਾ ਮਨੋਰਥ ਉਸ ਕਲਚਰ ਤੋਂ ਹੈ, ਜਿਸ ਦੇ ਅਰਥ ਹਨ—ਸਭਿਆਚਾਰ ਅਤੇ ਸੰਸਕ੍ਰਿਤੀ। ਜੰਗਲੀ-ਸ਼ਿਕਾਰੀ-ਖ਼ਾਨਾਬਦੋਸ਼ (ਟੱਪਰੀਵਾਸ) ਲੋਕਾਂ ਨੂੰ ਸਭਿਅ (Civilised) ਨਹੀਂ ਮੰਨਿਆ ਜਾਂਦਾ। ਸਭਿਅਤਾ ਦਾ ਆਰੰਭ ਵਾਹੀ (ਖੇਤੀ) ਅਤੇ ਸਥਾਈ ਵਾਸ ਨਾਲ ਮੰਨਿਆ ਜਾਂਦਾ ਹੈ। ਸਭਿਅਤਾ ਦੇ ਆਰੰਭ ਵਿੱਚ ਮਨੁੱਖ ਨੇ ਧਰਤੀ ਨੂੰ ਸੋਧ, ਸੰਵਾਰ ਕੇ ਖੇਤੀ (Agriculture) ਦੇ ਯੋਗ ਬਣਾਇਆ ਸੀ। ਇਹ ਕੰਮ ਉਸ ਨੇ ਆਪਣੀਆਂ ਲੋੜਾਂ ਦੀ ਪੂਰਤੀ ਦੀ ਇੱਛਾ ਵਿੱਚੋਂ ਉਪਜੀ ਹੋਈ ਅੰਦਰਲੀ ਪ੍ਰੇਰਣਾ ਨਾਲ ਆਰੰਭਿਆ ਸੀ। ਇੱਕ ਵੇਰ ਆਰੰਭਿਆ ਜਾ ਕੇ ਇਹ ਕੰਮ ਏਨਾ ਜ਼ਰੂਰੀ ਅਤੇ ਪ੍ਰਭਾਵਸ਼ਾਲੀ ਹੋ ਗਿਆ ਕਿ ਇਸ ਨੇ ਮਨੁੱਖ ਨੂੰ ਆਪਣੀਆਂ ਲੋੜਾਂ ਅਨੁਸਾਰ ਢਾਲਣਾ ਅਤੇ ਵਿਕਸਾਉਣਾ ਸ਼ੁਰੂ ਕਰ ਦਿੱਤਾ। ਸਭਿਅਤਾ ਦੀਆਂ ਲੋੜਾਂ ਜਾਂ ਸਭਿਅਤਾ ਦੇ ਪ੍ਰਭਾਵ ਵਿੱਚੋਂ ਉਪਜੇ ਹੋਏ ਮਨੁੱਖੀ ਵਿਵਹਾਰ ਜਾਂ ਵਤੀਰੇ ਨੂੰ ਸਭਿਆਚਾਰ ਆਖਿਆ ਜਾਂਦਾ ਹੈ, ਕਿਉਂਜੁ ਇਹ ਸਭਿਅਤਾ ਦਾ ਦਿੱਤਾ ਹੋਇਆ ਆਚਾਰ ਜਾਂ ਵਤੀਰਾ ਹੈ।

ਪਿਛਲੇ ਵੀਹ ਜਾਂ ਪੰਝੀ ਹਜ਼ਾਰ ਸਾਲਾਂ ਤੋਂ ਸਭਿਅਤਾ ਮਨੁੱਖ ਦੇ ਆਚਾਰ ਨੂੰ ਪ੍ਰਭਾਵਿਤ ਕਰਦੀ (ਬਦਲਦੀ, ਢਾਲਦੀ ਅਤੇ ਵਿਕਸਾਉਂਦੀ) ਆ ਰਹੀ ਹੈ। ਅੰਦਰਲੀ ਪ੍ਰੇਰਣਾ ਅਤੇ ਬਾਹਰਲੇ ਪ੍ਰਭਾਵਾਂ ਵਿੱਚ ਦਵੰਦ ਜਾਂ ਕਸ਼ਮਕਸ਼ ਵੀ ਹੁੰਦੀ ਆਈ ਹੈ। ਮਨੁੱਖ ਦੀਆਂ ਪ੍ਰਬਲ ਪਰਵਿਰਤੀਆਂ ਸਭਿਆਚਾਰ ਨੂੰ ਵੰਗਾਰਦੀਆਂ, ਤ੍ਰਿਸਕਾਰਦੀਆਂ, ਤੋੜਦੀਆਂ, ਮਰੋੜਦੀਆਂ ਅਤੇ ਨਵੇਂ ਰੂਪ ਧਾਰਨ ਕਰਨ ਲਈ ਮਜਬੂਰ ਕਰਦੀਆਂ ਆਈਆਂ ਹਨ। ਅੰਤਰ-ਪ੍ਰੇਰਣਾ ਅਤੇ ਬਾਹਰੀ ਪ੍ਰਭਾਵਾਂ ਦੇ ਲੰਮੇ ਸੰਘਰਸ਼ ਵਿੱਚੋਂ ਨੈਤਿਕਤਾ ਦੇ ਨੇਮਾਂ ਅਤੇ ਸਮਾਜਕ ਮੁੱਲਾਂ (Values—ਕੀਮਤਾਂ, ਨੇਮਾਂ) ਨੇ ਜਨਮ ਲਿਆ ਹੈ। ਸਭਿਅਤਾ ਅਜਿਹੇ ਪ੍ਰਬੰਧਾਂ, ਪ੍ਰਣਾਲੀਆਂ ਅਤੇ ਵਿਧਾਨਾਂ ਦਾ ਵਿਕਾਸ ਕਰਦੀ ਆਈ ਹੈ, ਜਿਨ੍ਹਾਂ ਦੀ ਸਹਾਇਤਾ ਨਾਲ ਅੰਤਰ-ਪ੍ਰੇਰਣਾ ਅਤੇ ਬਾਹਰੀ ਪ੍ਰਭਾਵਾਂ ਵਿੱਚਲਾ ਵਿਰੋਧ ਘਟੇ ਅਤੇ ਦੋਵੇਂ ਇੱਕ ਦੂਜੇ ਦੇ ਪੂਰਕ ਅਤੇ ਸਹਾਇਕ ਬਣ ਕੇ ਜੀਵਨ ਦੇ ਸੁਖ ਅਤੇ ਸੌਂਦਰਯ ਵਿੱਚ ਵਾਧਾ ਕਰ ਸਕਣ। ਜਿਸ ਆਚਾਰ ਜਾਂ ਵਿਵਹਾਰ ਵਿੱਚ ਅੰਤਰ-ਪ੍ਰੇਰਣਾ ਅਤੇ ਸਭਿਆਚਾਰ ਇੱਕ ਦੂਜੇ ਦੇ ਪੂਰਕ, ਸਹਾਇਕ ਅਤੇ ਮਿੱਤਰ ਹੋਣ, ਉਸ ਵਤੀਰੇ ਜਾਂ ਆਚਾਰ ਨੂੰ ਸਦਾਚਾਰ ਆਖਿਆ ਜਾ ਸਕਦਾ ਹੈ। ਸਦਾਚਾਰ ਦਾ ਭਾਵ ਹੈ—ਸਤੋਗੁਣੀ ਵਤੀਰਾ, ਉਹ ਵਿਵਹਾਰ ਜਾਂ ਆਚਾਰ ਜਿਸ ਪਿੱਛੇ ਮਨ ਦੇ ਕਿਸੇ ਕਠੋਰ ਜਾਂ ਕੋਝੇ ਭਾਵ ਦੀ ਪ੍ਰੇਰਣਾ ਨਾ ਹੋਵੇ। ਘਿਰਣਾ, ਕ੍ਰੋਧ, ਈਰਖਾ, ਬਦਲਾ ਅਤੇ ਹੰਕਾਰ ਜਾਂ ਸ੍ਰੇਸ਼ਟਤਾ ਦਾ ਵਿਸ਼ਵਾਸ ਸਾਰੇ ਕਠੋਰ ਭਾਵ ਹਨ। ਭੈ ਅਤੇ ਲੋਭ ਕੋਝੇ ਭਾਵ ਹਨ। ਇਨ੍ਹਾਂ ਤੋਂ ਉਤਪੰਨ ਵਤੀਰਾ ਸਦਾਚਾਰ ਨਹੀਂ ਕਿਹਾ ਜਾਣਾ ਚਾਹੀਦਾ, ਨਾ ਹੀ ਸਦਾਚਾਰ ਦਾ ਭਾਵ ਸੱਚਾ ਆਚਾਰ ਜਾਂ ਸੱਚ ਉੱਤੇ ਆਧਾਰਿਤ ਆਚਾਰ ਹੀ ਸਮਝਿਆ ਜਾਣਾ ਚਾਹੀਦਾ ਹੈ। ਸੱਚ ਨੂੰ ਆਪਣੇ

ਆਚਾਰ ਦਾ ਆਧਾਰ ਸਵਾਰਥ, ਭੈ ਅਤੇ ਹੰਕਾਰ ਕਰਕੇ ਵੀ ਬਣਾਇਆ ਜਾ ਸਕਦਾ ਹੈ। ਸਦਾਚਾਰ ਕੋਮਲ ਭਾਵੁਕਤਾ ਦੀ ਉਪਜ ਹੈ। ਇਸ ਵਿੱਚ ਸੱਚ-ਝੂਠ ਦਾ ਵਿਵੇਕ ਨਹੀਂ, ਸਗੋਂ ਸਦਭਾਵਨਾ ਪ੍ਰਧਾਨ ਹੈ ਅਤੇ ਸਦਭਾਵਨਾ ਦਾ ਅਰਥ ਸੱਚੀ ਭਾਵਨਾ ਨਹੀਂ, ਸਤੋਗੁਣੀ ਭਾਵਨਾ ਹੈ। ਸਾਡੀ ਭਾਵਨਾ ਦਾ ਸਾਤਵਿਕ ਜਾਂ ਸਤੋਗੁਣੀ ਹੋਣਾ ਸਾਨੂੰ ਚੰਗੇ ਮਨੁੱਖ ਬਣਾਉਂਦਾ ਹੈ। ਭਾਵਨਾ ਦਾ ਸੱਚੀ ਹੋਣਾ, ਇਸ ਸਬੰਧ ਵਿੱਚ ਬਹੁਤਾ ਮਹੱਤਵ ਨਹੀਂ ਰੱਖਦਾ। ਈਰਖਾ, ਘਿਰਣਾ ਅਤੇ ਬਦਲੇ ਆਦਿਕ ਦੀ ਭਾਵਨਾ ਵੀ ਸੱਚੀ ਹੁੰਦੀ ਹੈ, ਪਰ ਸਦਭਾਵਨਾ ਨਹੀਂ ਹੁੰਦੀ।

ਜਿਸ ਤਰ੍ਹਾਂ ਧਰਤੀ ਦੇ ਸੋਧਣ-ਸੰਵਾਰਨ ਤੋਂ ਸਭਿਅਤਾ ਦਾ ਆਰੰਭ ਹੋਇਆ ਹੈ ਅਤੇ ਸਭਿਅਤਾ ਨੇ ਸਭਿਆਚਾਰ ਪੈਦਾ ਕੀਤਾ ਹੈ, ਉਸੇ ਤਰ੍ਹਾਂ ਮਨੁੱਖੀ ਮਨ ਨੂੰ ਸਾਧਣ-ਸੋਧਣ ਨਾਲ ਸਦਭਾਵਨਾ ਉਪਜੀ ਹੈ ਅਤੇ ਸਦਭਾਵਨਾ ਵਿੱਚੋਂ ਸਦਾਚਾਰ ਨੇ ਜਨਮ ਲਿਆ ਹੈ। ਸਦਾਚਾਰ ਸਦਭਾਵਨਾ ਅਤੇ ਸਭਿਆਚਾਰ ਦੇ ਸੁਮੇਲ ਦਾ ਸਿੱਟਾ ਹੈ। ਸਭਿਅਤਾ ਅਤੇ ਸਭਿਆਚਾਰ ਅੰਤਰ-ਪ੍ਰੇਰਣਾ ਅਤੇ ਬਾਹਰੀ ਪ੍ਰਭਾਵਾਂ (ਜਾਂ ਪਰਿਸਥਿਤੀਆਂ) ਵਿੱਚਲੀ ਕਸ਼ਮਕਸ਼ (ਜਾਂ ਸੰਘਰਸ਼) ਦੀ ਉਪਜ ਹਨ। ਸਦਾਚਾਰ, ਸਹਿਨਸ਼ੀਲਤਾ, ਸਹਿਯੋਗ, ਸੰਤੋਖ, ਸਹਿਜ, ਸਹਾਨੁਭੂਤੀ, ਸਹਾਇਤਾ, ਖ਼ਿਮਾ, ਨਿਮਰਤਾ, ਦਇਆ, ਅਹਿੰਸਾ ਅਤੇ ਅਪਣੱਤ ਵਰਗੇ ਸਤੋਗੁਣੀ ਭਾਵਾਂ ਦਾ ਵਤੀਰਾ ਹੈ।

ਉਤਲੀ ਸਾਰੀ ਵਿਚਾਰ ਵਿੱਚ ਮੈਂ ਸਭਿਆਚਾਰ ਅਤੇ ਸਦਾਚਾਰ ਵਿਚਲੇ ਸੂਖ਼ਮ ਜਹੇ ਅੰਤਰ ਦੀ ਵਿਆਖਿਆ ਕਰਨ ਦਾ ਨਿਮਾਣਾ ਜਿਹਾ ਜਤਨ ਕੀਤਾ ਹੈ।

ਸਭਿਅਤਾ ਸਦ-ਵਿਕਾਸੀ ਹੈ। ਸਦਾ ਵਿਕਸਦੀ ਰਹਿਣ ਵਾਲੀ ਸਭਿਅਤਾ ਵਿੱਚੋਂ ਉਪਜਣ ਵਾਲਾ ਸਭਿਆਚਾਰ ਵੀ ਸਦਾ ਵਿਕਸਦਾ ਅਤੇ ਬਦਲਦਾ ਆਇਆ ਹੈ। ਕੋਈ ਸਮਾਂ ਸੀ, ਜਦੋਂ ਭਾਰਤੀ ਲੋਕ ਅਸ਼ਵਮੇਧ ਅਤੇ ਗੋਮੇਧ ਆਦਿਕ ਯੱਗ ਕਰਦੇ ਹੁੰਦੇ ਸਨ। ਇਨ੍ਹਾਂ ਯੱਗਾਂ ਵਿੱਚ ਘੋੜਿਆਂ ਅਤੇ ਗਊਆਂ ਦੀਆਂ ਬਲੀਆਂ ਦਿੱਤੀਆਂ ਜਾਂਦੀਆਂ ਸਨ ਅਤੇ ਇਸ ਕਿਸਮ ਦੇ ਵਿਵਹਾਰ ਨੂੰ ਅਸਭਿਆਚਾਰ ਨਹੀਂ ਸੀ ਆਖਿਆ ਜਾਂਦਾ। ਇਹ ਉਸ ਸਮੇਂ ਦੇ ਸਭਿਅ ਮਨੁੱਖ ਦਾ ਸਭਿਆਚਾਰ ਮੰਨਿਆ ਜਾਂਦਾ ਸੀ। ਅੱਜ ਵੀ ਚੰਡੀ ਦੇ ਮੰਦਰ ਵਿੱਚ ਦਿੱਤੀਆਂ ਜਾਣ ਵਾਲੀਆਂ ਬਲੀਆਂ ਅਤੇ ਹੱਜ ਦੇ ਮੌਕੇ ਉੱਤੇ ਹਜ਼ਾਰਾਂ ਪਸ਼ੂਆਂ ਦਾ ਮਾਰਿਆ ਜਾਣਾ ਮਨੁੱਖਤਾ ਦੇ ਇੱਕ ਵੱਡੇ ਹਿੱਸੇ ਨੂੰ ਸਭਿਆਚਾਰ ਪ੍ਰਤੀਤ ਹੁੰਦਾ ਹੈ, ਜਦ ਕਿ ਅੱਜ ਤੋਂ ਢਾਈ ਹਜ਼ਾਰ ਸਾਲ ਪਹਿਲਾਂ ਜੈਨ ਤੀਰਥੰਕਰ, ਮਹਾਂਬੀਰ ਅਤੇ ਸ਼ਾਕਿਅ ਮੁਨੀ, ਸਿਧਾਰਥ ਨੂੰ ਇਸ ਪ੍ਰਕਾਰ ਦੀਆਂ ਕਿਰਿਆਵਾਂ ਅੱਤਿਆਚਾਰ ਅਤੇ ਦੁਰਾਚਾਰ ਦਿੱਸਦੀਆਂ ਸਨ। ਜੈਨ ਅਤੇ ਬੁੱਧ ਦੀ ਸੋਚ ਉਸ ਸਮੇਂ ਦੀ ਸਭਿਆਚਾਰਕ ਸੋਚ ਨਾਲੋਂ ਵੱਖਰੀ ਸੀ। ਦੋਹਾਂ ਸੋਚਾਂ ਵਿੱਚਲਾ ਫ਼ਰਕ ਕਿਸੇ ਸਭਿਆਚਾਰਕ ਵਖੇਵੇਂ ਦੀ ਉਪਜ ਨਹੀਂ ਸੀ। ਇਹ ਫ਼ਰਕ ਸਦਭਾਵਨਾ ਵਿੱਚੋਂ ਉਪਜਿਆ ਹੋਇਆ ਸੀ।

ਜੀਵਨ ਤਿੰਨ ਗੁਣਾਂ (ਤਮੋ, ਰਜੋ, ਸਤੋ) ਦੀ ਅਦਭੁੱਤ ਖੇਡ ਹੈ। ਹਰੇਕ ਚੇਤਨਾ ਵਿੱਚ ਇਨ੍ਹਾਂ ਤਿੰਨਾਂ ਦਾ ਮਿਸ਼ਰਣ ਮੌਜੂਦ ਹੈ। ਹਿੰਸਕ ਪਸ਼ੂਆਂ ਵਿੱਚ ਵੀ ਸਦਭਾਵਨਾ ਮੌਜੂਦ ਹੁੰਦੀ ਹੈ, ਪਰ ਉਸ ਦਾ ਘੇਰਾ ਆਪਣੇ ਪਰਿਵਾਰ ਤੱਕ ਸੀਮਿਤ ਹੁੰਦਾ ਹੈ। ਮਨੁੱਖ ਵਿੱਚ ਸਦਭਾਵਨਾ ਦਾ ਘੇਰਾ ਬਹੁਤ ਵਿਸ਼ਾਲ ਹੋ ਸਕਦਾ ਹੈ; ਇਹ ਅਸੀਮ ਜਾਂ ਅਪਾਰ ਵੀ ਹੋ ਸਕਦਾ ਹੈ। ਸਦਭਾਵਨਾ ਦੀ ਵਿਸ਼ਾਲਤਾ ਸੋਚ ਦੀ ਸ਼ੁੱਧਤਾ ਅਤੇ ਸੁਤੰਤਰਤਾ ਉੱਤੇ ਨਿਰਭਰ ਕਰਦੀ ਹੈ। ਸੋਚ ਦੀ ਸ਼ੁੱਧਤਾ ਤੇ ਸੁਤੰਤਰਤਾ ਸਦਭਾਵਨਾ ਅਤੇ ਸਭਿਆਚਾਰ ਦੇ ਸੁਮੇਲ ਵਿੱਚੋਂ ਵਿਕਸਦੀ ਹੈ। ਕਦੇ ਕਦੇ ਕਿਸੇ ਸਦਭਾਵੀ ਬੁੱਧ ਦੀ ਸੋਚ ਕਿਸੇ ਸਭਿਆਚਾਰਕ ਅਨੁਭਵ ਦੀ ਮੁਥਾਜੀ

ਕੀਤੇ ਬਿਨਾਂ ਹੀ ਸ਼ੁੱਧਤਾ ਅਤੇ ਸੁਤੰਤਰਤਾ ਨੂੰ ਪ੍ਰਾਪਤ ਕਰ ਲੈਂਦੀ ਹੈ। ਤਾਂ ਵੀ ਸਦਭਾਵਨਾ ਦਾ ਵਿਕਾਸ ਇੱਕ ਕੁਦਰਤੀ ਵਰਤਾਰਾ ਹੈ। ਸ੍ਰਿਸ਼ਟੀ ਦੇ ਵਿਕਾਸ ਵੱਲ ਵੇਖਿਆਂ ਇਉਂ ਪ੍ਰਤੀਤ ਹੁੰਦਾ ਹੈ ਕਿ ਜੀਵਨ ਸਦਭਾਵਨਾ ਵੱਲ ਤੁਰਿਆ ਜਾ ਰਿਹਾ ਹੈ। ਸਾਡੀ ਧਰਤੀ ਉਤਲੀ ਜੀਵਨ-ਖੇਡ ਇਸ ਗੱਲ ਦੀ ਗਵਾਹੀ ਭਰਦੀ ਹੈ। ਨਿਤਾਣੇ ਸ਼ਾਕਾਹਾਰੀ ਪਸ਼ੂਆਂ ਦੇ ਸ਼ਿਕਾਰ ਲਈ ਦਇਆਹੀਣ ਹਿੰਸਕ ਪਸ਼ੂਆਂ ਦੀ ਉਤਪਤੀ ਨਾਲ ਵਿਕਾਸ ਦੀ ਸਮਾਪਤੀ ਨਹੀਂ ਹੋਈ। ਮਨੁੱਖ ਦੀ ਉਤਪਤੀ ਨਾਲ ਮਮਤਾ, ਮਿੱਤ੍ਰਤਾ ਅਤੇ ਮਿਲਵਰਤਣ ਦੀ ਚੇਤਨ ਕਿਰਿਆ ਵੀ ਹੋਂਦ ਵਿੱਚ ਆਈ ਅਤੇ ਇਸ ਖੇਡ ਨੇ ਸ਼ਕਤੀ ਦੇ ਸਹਾਰੇ ਵੱਡੀਆਂ ਵੱਡੀਆਂ ਸ਼ਹਿਨਸ਼ਾਹੀਆਂ ਵੀ ਸਥਾਪਤ ਕੀਤੀਆਂ। ਵਿਕਾਸ ਏਥੇ ਵੀ ਨਾ ਰੁਕਿਆ। ਸਾਇੰਸ ਨੇ ਵਿਕਾਸ ਦੀ ਖੇਡ ਨੂੰ ਬਾਰੀਕੀ ਨਾਲ ਵੇਖਣ ਅਤੇ ਪੂਰੀ ਤਰ੍ਹਾਂ ਜਾਣਨ ਦਾ ਜਤਨ ਜਾਰੀ ਕੀਤਾ। ਮਸ਼ੀਨ, ਸਨਅਤ, ਉਪਜ ਅਤੇ ਵਿਤਰਣ (ਵੰਡ) ਦੇ ਨਵੇਂ ਤਰੀਕਿਆਂ ਨੇ ਸ਼ਕਤੀ ਦੀ ਥਾਂ ਲੋਕ-ਰਾਏ ਨੂੰ ਮਹੱਤਵ ਦੇ ਕੇ ਪਰਜਾਤੰਤਰਾਂ ਦੀ ਨੀਂਹ ਰੱਖ ਦਿੱਤੀ। ਵਿਕਾਸ ਏਥੇ ਵੀ ਨਹੀਂ ਰੁਕੇਗਾ। ਰਾਜ, ਸਾਮਰਾਜ ਅਤੇ ਪਰਜਾਤੰਤਰ ਸਾਂਝੀਵਾਲਤਾ ਦੀ ਕੁਠਾਲੀ ਵਿੱਚ ਪੈ ਕੇ ਵਿਸ਼ਵ-ਕਲਿਆਣ-ਰਾਜ ਵਿੱਚ ਢਲ ਜਾਣ ਦੀਆਂ ਯੋਜਨਾਵਾਂ ਬਣਾ ਰਹੇ ਹਨ। ਅਜੋਕੀ ਮਨੁੱਖੀ ਚੇਤਨਾ ਨੂੰ ਇਹ ਸਵਾਲ ਓਪਰਾ ਨਹੀਂ ਲੱਗਦਾ ਕਿ 'ਅਫ਼ਰੀਕਾ ਵਿੱਚ ਫੈਲੀ ਹੋਈ ਭੁੱਖਮਰੀ ਦੇ ਸਨਮੁੱਖ ਖੜੇ ਹੋ ਕੇ ਪੱਛਮੀ ਯੋਰਪ ਦੇ ਲੋਕਾਂ ਨੂੰ ਅੱਯਾਸ਼ੀ ਦਾ ਕੀ ਹੱਕ ਹੈ।' ਅੱਜ ਪੱਛਮੀ ਸ਼ਕਤੀਸ਼ਾਲੀ ਦੇਸ਼ਾਂ ਦੇ ਲੋਕ ਆਪਣੀਆਂ ਸਰਕਾਰਾਂ ਨੂੰ ਖ਼ਬਰਦਾਰ ਕਰਨਾ ਆਪਣਾ ਫ਼ਰਜ਼ ਸਮਝਦੇ ਹਨ ਕਿ ਇਰਾਕ ਉੱਤੇ ਹਮਲਾ ਕਰਨ ਤੋਂ ਪਹਿਲਾਂ ਇਹ ਸੋਚ ਲਵੋ ਕਿ ਤੁਸੀਂ ਕਿੰਨੇ ਨਿਰਦੋਸ਼ਾਂ ਦੀਆਂ ਜਾਨਾਂ ਲੈਣ ਜਾ ਰਹੇ ਹੋ; ਕਿੰਨੀਆਂ ਮਾਵਾਂ ਨੂੰ ਨਿਪੁੱਤੀਆਂ ਕਰਨ ਜਾ ਰਹੇ ਹੋ; ਕਿੰਨੇ ਬੱਚਿਆਂ ਨੂੰ ਯਤੀਮ ਬਣਾਉਣ ਜਾ ਰਹੇ ਹੋ; ਅਤੇ ਹਿਸਾਬ ਲਾ ਲਵੋ ਕਿ ਤੁਹਾਡੀਆਂ ਪ੍ਰਾਪਤੀਆਂ ਦਾ ਏਨਾ ਵੱਡਾ ਮੁੱਲ ਤਾਰਿਆ ਜਾਣਾ ਮਾਨਵਤਾ ਨੂੰ ਕਿੱਥੋਂ ਤਕ ਮਨਜ਼ੂਰ ਹੋਵੇਗਾ।

ਇਹ ਸੋਚ ਸਦਭਾਵਨਾ ਦੀ ਉਪਜ ਹੈ ਅਤੇ ਇਹ ਸਦਭਾਵਨਾ ਕਿਸੇ ਕਲਚਰ ਜਾਂ ਸਭਿਆਚਾਰ ਦੀ ਦੇਣ ਨਹੀਂ; ਇਹ ਕੁਦਰਤੀ ਵਰਤਾਰਾ ਹੈ; ਇਹ ਮਨੁੱਖੀ ਮਨ ਦੀ ਕਿਸੇ ਅਵਿਅਕਤ ਯੋਗਤਾ (latent faculty) ਦਾ ਅਨੁਕੂਲ ਪਰਿਸਥਿਤੀਆਂ ਨੂੰ ਪ੍ਰਾਪਤ ਹੋ ਕੇ ਆਪਣੇ ਆਪ ਵਿਅਕਤ (ਪ੍ਰਗਟ) ਹੋਣ ਦਾ ਕ੍ਰਿਸ਼ਮਾ ਹੈ। ਮਨੁੱਖ ਦੇ ਕਲਚਰ ਅਤੇ ਸਭਿਆਚਾਰ ਇਸ ਕੁਦਰਤੀ ਕ੍ਰਿਸ਼ਮੇ ਦਾ ਰਾਹ ਰੋਕਣ ਦੀ ਭੁੱਲ ਅਤੇ ਜ਼ਿਦ ਕਰਦੇ ਹਨ। ਇਹ ਕ੍ਰਿਸ਼ਮਾ ਸਦਾ-ਵਿਕਾਸ ਦੇ ਵਿਸ਼ਵਾਸੀ ਮਨਾਂ ਵਿੱਚ ਵਾਪਰਦਾ ਹੈ। ਕਲਚਰ ਜਾਂ ਸਭਿਆਚਾਰ ਵਿਕਾਸਹੀਣ ਵਿਸ਼ਵਾਸਾਂ ਰਸਮਾਂ, ਰਿਵਾਜਾਂ, ਰਵਾਇਤਾਂ ਅਤੇ ਸਮਾਜਕ-ਇਤਿਹਾਸਕ-ਰਾਜਨੀਤਕ-ਧਾਰਮਕ ਪਰੰਪਰਾਵਾਂ ਦਾ ਮੋਹ ਹੈ। ਇਹ ਮੋਹ ਜਿਸ ਮਨ ਵਿੱਚ ਜਿੰਨਾ ਬਹੁਤਾ ਹੁੰਦਾ ਹੈ, ਉਸ ਮਨ ਵਿੱਚ ਵਿਕਾਸ ਦੀਆਂ ਸੰਭਾਵਨਾਵਾਂ ਓਨੀਆਂ ਹੀ ਘੱਟ ਜਾਂਦੀਆਂ ਹਨ। ਜੇ ਮਨੁੱਖ ਦੇ ਕਲਚਰ ਵਿੱਚ ਕੁਝ ਸੋਹਣਾ ਅਤੇ ਸੁਖਾਵਾਂ ਹੈ ਤਾਂ ਉਸ ਦਾ ਸਤਿਕਾਰ ਕਰਨ ਵਿੱਚ ਕੋਈ ਹਰਜ ਨਹੀਂ; ਪਰੰਤੂ ਮੋਹ ਉਸ ਦਾ ਵੀ ਮਾੜਾ ਹੈ। ਸਤਿਕਾਰ ਵਾਲਾ ਮਨ ਆਪਣੇ ਦੁਆਰਾ ਸਤਿਕਾਰੀਆਂ ਹੋਈਆਂ ਸੁੰਦਰਤਾਵਾਂ ਤੋਂ ਅਗੇਰੇ ਹੋਰ ਵਧੇਰੇ ਸੁੰਦਰ ਸੁਪਨਿਆਂ ਦੀ ਰਚਨਾ ਕਰੇਗਾ; ਮੋਹ-ਗ੍ਰਸਤ ਮਨ ਵਿਕਾਸਹੀਣ ਹੋ ਜਾਵੇਗਾ ਅਤੇ ਸਦਭਾਵਨਾ ਨਾਲੋਂ ਨਾਤਾ ਤੋੜ ਲਵੇਗਾ, ਕਿਉਂਜੁ ਉਸ ਨੇ ਆਪਣੇ ਵਿਕਾਸ ਨੂੰ ਸੀਮਾਬੱਧ ਕਰਨ ਦੀ ਭੁੱਲ ਕਰ ਲਈ ਹੈ।

ਕਿਸੇ ਜਨ ਸਮੂਹ ਨੂੰ ਆਪਣੇ ਪੁਰਵਜਾਂ ਕੋਲੋਂ ਮਿਲੀ ਹੋਈ ਜੀਵਨ-ਜਾਚ ਰਾਹੀਂ ਪ੍ਰਾਪਤ

ਹੋਣ ਵਾਲੇ ਵਿਵਹਾਰਾਂ, ਵਿਚਾਰਾਂ, ਧਾਰਮਕ ਵਿਸ਼ਵਾਸਾਂ, ਰਾਜਸਿਕ-ਆਰਥਕ ਪ੍ਰਬੰਧਾਂ, ਮਨੋਰੰਜਨ ਦੇ ਸਰੋਤਾਂ ਅਤੇ ਉਤਪਾਦਨ ਦੇ ਸਾਧਨਾਂ ਦੇ ਕੁੱਲ-ਜੋੜ ਨੂੰ ਉਸ ਜਨ-ਸਮੂਹ ਦਾ ਕਲਚਰ ਆਖਿਆ ਜਾਂਦਾ ਹੈ। ਧਿਆਨ ਨਾਲ ਵੇਖੀਏ ਤਾਂ ਆਧੁਨਿਕ ਮਨੁੱਖ ਦੇ ਵਿਵਹਾਰ, ਵਿਚਾਰ, ਵਿਸ਼ਵਾਸ, ਪ੍ਰਬੰਧ, ਸਰੋਤ ਅਤੇ ਸਾਧਨ ਬਿਲਕੁਲ ਬਦਲ ਚੁੱਕੇ ਹਨ; ਜੋ ਨਹੀਂ ਬਦਲੇ ਤਾਂ ਬਦਲਣ ਲਈ ਤਿਆਰ ਹਨ। ਇਨ੍ਹਾਂ ਨੂੰ ਕਲਚਰ ਜਾਂ ਹੋਰ ਕੋਈ ਵੀ ਸਤਿਕਾਰਯੋਗ ਨਾਂ ਦੇ ਕੇ ਇਨ੍ਹਾਂ ਦੀ ਉਮਰ ਲੰਮੀ ਨਹੀਂ ਕੀਤੀ ਜਾ ਸਕਦੀ। ਸਪੇਨ ਦੀ ਬੁੱਲ ਫ਼ਾਇਟ (Bull Fight) ਅਤੇ ਇੰਗਲਿਸਤਾਨ ਦੀ ਰਈਸ ਸ਼੍ਰੇਣੀ ਦੇ ਫ਼ੌਕਸ ਹੰਟਿੰਗ (Fox Hunting) ਦੀ ਉਮਰ ਲੰਮੀ ਕਰਨ ਵਿੱਚ ਕੋਈ ਗੌਰਵ ਵੀ ਨਹੀਂ। ਕੋਈ ਸਮਾਂ ਸੀ, ਜਦੋਂ ਯੋਰਪ ਵਿੱਚ ਧਰਮ-ਅਦਾਲਤਾਂ ਲੱਗਦੀਆਂ ਸਨ, ਜਿਨ੍ਹਾਂ ਵਿੱਚ ਕਾਫ਼ਰਾਂ ਅਤੇ ਅਧਰਮੀਆਂ ਉੱਤੇ ਮੁਕੱਦਮੇ ਚਲਾਏ ਜਾਂਦੇ ਸਨ ਅਤੇ ਉਨ੍ਹਾਂ ਨੂੰ ਜੀਉਂਦੇ ਜਲਾਏ ਜਾਣ ਦੀ ਸਜ਼ਾ ਦਿੱਤੀ ਜਾਂਦੀ ਸੀ। ਜਿਨ੍ਹਾਂ ਔਰਤਾਂ ਉੱਤੇ ਚੁੜੇਲਾਂ (Witches) ਜਾਂ ਜਾਦੂਗਰਨੀਆਂ ਹੋਣ ਦਾ ਦੋਸ਼ ਲਾਇਆ ਜਾਂਦਾ ਸੀ, ਉਨ੍ਹਾਂ ਨੂੰ ਵੀ ਜੀਉਂਦਾ ਜਲਾਇਆ ਜਾਂਦਾ ਸੀ। ਇੰਗਲੈਂਡ ਵਿੱਚ ਆਖ਼ਰੀ ਚੁੜੇਲ 1664 ਵਿੱਚ ਅਤੇ ਸਕਾਟਲੈਂਡ ਵਿੱਚ 1722 ਵਿੱਚ ਜਲਾਈ ਗਈ ਸੀ।

ਕਾਫ਼ਰਾਂ ਨੂੰ ਜੀਉਂਦਾ ਜਲਾਇਆ ਜਾਂਦਾ ਵੇਖਣ ਲਈ ਲੋਕ ਹਜ਼ਾਰਾਂ ਦੀ ਗਿਣਤੀ ਵਿੱਚ ਇਕੱਠੇ ਹੁੰਦੇ ਸਨ। ਪੂਰੇ ਸਰਕਾਰੀ ਪ੍ਰਬੰਧ ਨਾਲ ਇਹ ਕਾਰਜ ਸਿਰੇ ਚਾੜ੍ਹਿਆ ਜਾਂਦਾ ਸੀ। ਜੇ ਕੋਈ ਭੁੱਲੜ ਜਾਂ ਕਾਫ਼ਰ ਆਪਣੀ ਭੁੱਲ ਮੰਨ ਲੈਂਦਾ ਸੀ ਤਾਂ ਉਸ ਨਾਲ ਰਿਆਇਤ ਕੀਤੀ ਜਾਂਦੀ ਸੀ। ਉਸ ਨੂੰ ਜੀਉਂਦਾ ਨਹੀਂ ਸੀ ਜਲਾਇਆ ਜਾਂਦਾ, ਸਗੋਂ ਜਲਾਉਣ ਤੋਂ ਪਹਿਲਾਂ ਫਾਂਸੀ ਦੇ ਕੇ ਅੱਧ-ਮੋਇਆ ਕਰ ਲਿਆ ਜਾਂਦਾ ਸੀ। ਇਸ ਤਰ੍ਹਾਂ ਉਹ ਸੜਨ ਦੇ ਦੁੱਖ ਦੀ ਪ੍ਰਤੀਤੀ ਤੋਂ ਕੁਝ ਕੁ ਬਚ ਜਾਂਦਾ ਸੀ। ਸਾੜੇ ਜਾਣ ਵਾਲੇ ਦੀ ਪੀੜ ਤਾਂ ਕੁਝ ਘੱਟ ਜਾਂਦੀ ਹੋਵੇਗੀ, ਪਰੰਤੂ ਸਰਕਾਰੀ ਕਰਮਚਾਰੀਆਂ ਦੀ ਮੁਸੀਬਤ ਵੱਧ ਜਾਂਦੀ ਸੀ। ਇੱਕ ਕਾਫ਼ਰ ਜਾਂ ਮੁਨਕਰ ਨੂੰ ਤੜਪ ਤੜਪ ਮਰਦਾ ਵੇਖ ਕੇ ਆਨੰਦ ਮਾਣਨ ਦੇ ਖ਼ਿਆਲ ਨਾਲ ਆਏ ਹਜ਼ਾਰਾਂ ਲੋਕ ਆਪਣੇ ਮਨੋਰੰਜਨ ਵਿੱਚ ਪੈਣ ਵਾਲੇ ਘਾਟੇ ਨੂੰ ਬਰਦਾਸ਼ਤ ਨਹੀਂ ਸਨ ਕਰ ਸਕਦੇ। ਉਹ ਕਾਫ਼ਰ ਨੂੰ ਫਾਂਸੀ ਚਾੜ੍ਹ ਕੇ ਮਾਰਨ ਜਾਂ ਅੱਧ-ਮੋਇਆ ਕਰਨ ਦਾ ਵਿਰੋਧ ਕਰਦੇ ਸਨ। ਉਨ੍ਹਾਂ ਨੂੰ ਕਾਬੂ ਵਿੱਚ ਰੱਖਣਾ ਔਖਾ ਹੋ ਜਾਂਦਾ ਸੀ। ਬਹੁਤੀ ਵੇਰ ਉਹ ਦੋਸ਼ੀ ਨੂੰ ਕਾਬੂ ਕਰ ਕੇ ਆਪ ਜੀਉਂਦਾ ਜਲਾਉਂਦੇ ਸਨ ਅਤੇ ਸਰਕਾਰੀ ਕਰਮਚਾਰੀਆਂ ਨੂੰ ਪਰੇ ਖੜੇ ਹੋ ਕੇ ਤਮਾਸ਼ਾ ਵੇਖਣਾ ਪੈਂਦਾ ਸੀ। ਮੈਨੂੰ ਇਹ ਮੰਨਣਾ ਔਖਾ ਨਹੀਂ ਲੱਗਦਾ ਕਿ ਸਤੀ ਦੀ ਰਸਮ ਵੀ ਭਾਰਤੀ ਦਰਸ਼ਕਾਂ ਲਈ ਮਨੋਰੰਜਨ ਦਾ ਇੱਕ ਸਾਧਨ ਸੀ। ਮੈਨੂੰ ਆਪਣੇ ਬਚਪਨ ਦੀ ਇਹ ਗੱਲ ਯਾਦ ਹੈ ਕਿ ਲੋਹੜੀ ਵਾਲੇ ਦਿਨ ਬੱਕਰਾ ਝਟਕਾਇਆ ਜਾਂਦਾ ਵੇਖਣ ਲਈ ਇਕੱਠੇ ਹੋਏ ਆਦਮੀਆਂ ਵਿੱਚ ਅੱਠ-ਦਸ ਬੱਚੇ ਵੀ ਹੁੰਦੇ ਸਨ।

ਸ਼ੁਕਰ ਹੈ ਸਨਅਤੀ ਉੱਨਤੀ ਨੇ ਸਿਨੇਮਾ, ਰੇਡੀਓ, ਟੈਲੀ ਆਦਿਕ ਦੇ ਮਨਪ੍ਰਚਾਵੇ ਪੈਦਾ ਕਰ ਦਿੱਤੇ ਹਨ; ਨਹੀਂ ਤਾਂ ਸੰਭਵ ਹੈ, ਮੁਨਕਰਾਂ ਨੂੰ ਜੀਉਂਦੇ ਜਲਾਇਆ ਜਾਣਾ ਯੋਰਪੀ ਕਲਚਰ ਦਾ ਉਵੇਂ ਹੀ ਸਤਿਕਾਰਯੋਗ ਹਿੱਸਾ ਬਣਿਆ ਰਹਿੰਦਾ, ਜਿਵੇਂ ਬੁੱਲ ਫ਼ਾਇਟ (Bull Fight) ਸਪੇਨ ਦੇ ਕਲਚਰ ਦਾ ਹੈ ਜਾਂ ਸ਼ਰੇਆਮ ਮੌਤ ਦੀ ਸਜ਼ਾ ਭੁਗਤਾਉਣੀ ਅਰਬੀ ਕਲਚਰ ਦਾ ਹੈ।

ਵਲੈਤ ਵਿੱਚ ਵੱਸੇ ਹੋਏ ਹਬਸ਼ੀ ਨਸਲ ਦੇ ਜਮਾਏਕਨ ਲੋਕ ਆਪਣੇ ਕਲਚਰ ਤੋਂ ਪ੍ਰੇਰਿਤ ਹੋ ਕੇ ਹਰ ਸਾਲ ਵੱਡਾ ਜਲੂਸ ਕੱਢਦੇ ਹਨ। ਫ਼ਸਾਦ ਹੁੰਦੇ ਹਨ, ਕਤਲ ਹੁੰਦੇ ਹਨ ਅਤੇ ਵੱਡਾ ਮਾਲੀ ਨੁਕਸਾਨ ਹੁੰਦਾ ਹੈ। ਉਸ ਜਲੂਸ ਵਿੱਚ ਕੁਝ ਵੀ ਅਜਿਹਾ ਨਹੀਂ ਹੁੰਦਾ, ਜਿਸ ਦਾ ਅਜੋਕੇ

ਸਭਿਅ-ਸਮਾਜਕ ਅਤੇ ਸਨਅਤੀ ਜੀਵਨ ਦੀ ਖ਼ੁਸ਼ੀ ਅਤੇ ਖ਼ੂਬਸੂਰਤੀ ਨਾਲ ਕੋਈ ਸੰਬੰਧ ਹੋਵੇ। ਹਾਂ, ਉਹ ਕਿਸੇ ਕਲਚਰ ਦੀ ਦੇਣ ਦੱਸਿਆ ਜਾਂਦਾ ਹੈ। ਆਧੁਨਿਕ ਪੰਜਾਬੀ ਜੀਵਨ ਦਾ, ਢੋਲ ਢਮੱਕੇ ਅਤੇ ਕਬਾਇਲੀ ਜਹੇ ਨਾਚ, ਭੰਗੜੇ ਨਾਲ ਵੀ ਕੋਈ ਲੈਣ ਦੇਣ ਨਹੀਂ। ਚੀਨੀਆਂ ਦੇ ਡ੍ਰੈਗਨ ਅਤੇ ਦਸਹਿਰੇ ਦੀਆਂ ਝਾਕੀਆਂ ਵੀ ਅਜੋਕੇ ਜੀਵਨ ਦਾ ਹਿੱਸਾ ਨਹੀਂ ਹਨ। ਰਾਵਣ ਉੱਤੇ ਰਾਮ ਦੀ ਜਿੱਤ, ਬਦੀ ਉੱਤੇ ਨੇਕੀ ਦੀ ਜਿੱਤ ਦਾ ਪ੍ਰਤੀਕ ਦੱਸੀ ਜਾਂਦੀ ਹੈ। ਹੋਵੇਗੀ; ਪਰੰਤੂ ਅਜੋਕੇ ਭਾਰਤੀ ਜੀਵਨ ਨਾਲ ਇਸ ਪ੍ਰਤੀਕ ਦੀ ਕੋਈ ਸਾਂਝ ਲੱਭਣੀ ਜ਼ਰਾ ਓਪਰੀ ਜਹੀ ਗੱਲ ਹੈ। ਨੀਲੇ ਬਾਣਿਆਂ ਵਿੱਚ ਨੇਜ਼ੇ ਬਰਛੇ ਚੁੱਕੀ ਫਿਰਦੇ ਨਿਹੰਗ ਆਧੁਨਿਕ ਜੀਵਨ ਦੀ ਸਤਿਕਾਰਯੋਗ ਝਾਕੀ ਨਹੀਂ ਆਖੇ ਜਾ ਸਕਦੇ; ਤਾਂ ਵੀ ਕਲਚਰ ਦੇ ਸਿਰਲੇਖ ਥੱਲੇ ਲਿਖਿਆ ਜਾ ਕੇ ਇਹ ਲੇਖ ਹਨੂੰਮਾਨੀ ਸ਼ਰਧਾ ਨਾਲ ਪੜ੍ਹਿਆ ਜਾਣ ਦੇ ਯੋਗ ਹੋ ਜਾਂਦਾ ਹੈ।

ਜੀਵਨ ਦੇ ਸਫ਼ਰ ਵਿੱਚ ਪਿੱਛੇ ਰਹਿ ਚੁੱਕੇ ਹਾਸੋ-ਹੀਣੇ ਜਹੇ ਸਵਾਂਗਾਂ ਅਤੇ ਅਮਲ ਵਿਹੂਣੇ ਵਿਸ਼ਵਾਸਾਂ ਪ੍ਰਤੀ ਮਨੁੱਖੀ ਮਨ ਵਿੱਚ ਵੱਸੀ ਹੋਈ ਅੰਨ੍ਹੀ (ਸ਼ਰਧਾ) ਸਦਭਾਵਨਾ ਦੇ ਵਿਕਾਸ ਦੀ ਕਿੰਨੀ ਕੁ ਹਾਨੀ ਕਰਦੀ ਹੈ—ਇਸ ਨੂੰ ਸਮਝ ਸਕਣਾ ਜ਼ਰਾ ਕੁ ਸੂਖ਼ਮ ਜਹੀ ਕਿਰਿਆ ਹੈ; ਪਰ ਇਹ ਵੇਖ ਸਕਣਾ ਖਰਾ ਸੌਖਾ ਹੈ ਕਿ ਦੁਨੀਆ ਵਿੱਚ ਵਾਪਰਨ ਵਾਲੀ ਹਰ ਤਬਦੀਲੀ ਨੂੰ ਨਿੰਦਣ, ਵਿਰੋਧਣ ਅਤੇ ਕੋਸਣ ਲਈ ਸਭਿਆਚਾਰ ਜਾਂ ਕਲਚਰ ਦੀ ਦਲੀਲ ਬਹੁਤ ਕਾਰਗਰ ਸਾਬਤ ਹੁੰਦੀ ਹੈ। ਅੱਜ ਕੱਲ ਵਿਸ਼ਵੀਕਰਣ ਜਾਂ ਗਲੋਬਲਾਈਜ਼ੇਸ਼ਨ ਦੀ ਚਰਚਾ ਬਹੁਤ ਆਮ ਹੈ। ਇਸ ਪ੍ਰਕਿਰਿਆ ਦਾ ਵਿਰੋਧ ਕੀਤਾ ਜਾਣਾ ਬਹੁਤੀ ਓਪਰੀ ਗੱਲ ਨਹੀਂ; ਬਹੁਤ ਸਾਰੇ ਲੋਕ ਕਰਦੇ ਹਨ। ਵਪਾਰੀ ਆਪਣੀ ਦ੍ਰਿਸ਼ਟੀ ਤੋਂ ਅਤੇ ਨੀਤੀਵੇਤਾ ਆਪਣੀ ਸੂਝ ਅਨੁਸਾਰ ਇਸ ਦਾ (ਗਲੋਬਲਾਈਜ਼ੇਸ਼ਨ ਦਾ) ਸਮਰਥਨ ਜਾਂ ਵਿਰੋਧ ਕਰਦੇ ਹਨ। ਹਰ ਕਿਸੇ ਦੀ ਗੱਲ ਪਿੱਛੇ ਸੱਚ ਖਲੋਤਾ ਹੁੰਦਾ ਹੈ। ਪਰੰਤੂ ਜਦੋਂ ਕੋਈ ਵਿਦਵਾਨ ਇਹ ਕਹਿ ਕੇ ਖ਼ਤਰੇ ਦੀ ਘੰਟੀ ਵਜਾਉਂਦਾ ਹੈ ਕਿ 'ਗਲੋਬਲਾਈਜ਼ੇਸ਼ਨ ਸਾਡੇ ਕਲਚਰ ਦੀ ਹਾਨੀ ਕਰੇਗੀ' ਉਦੋਂ ਕੁਝ ਹੈਰਾਨੀ ਹੁੰਦੀ ਹੈ। ਵਿਸ਼ਵੀਕਰਣ ਤੋਂ ਜੇ ਕਿਸੇ ਕਲਚਰ ਨੂੰ ਖ਼ਤਰਾ ਹੈ ਤਾਂ ਅਫ਼ਰੀਕਾ ਦੇ ਜੰਗਲੀ ਕਬੀਲਿਆਂ ਦੇ ਜੰਗਲੀ ਕਲਚਰ ਨੂੰ ਹੈ। ਸਵੇਰ ਤੋਂ ਲੈ ਕੇ ਸ਼ਾਮ ਤਕ, ਜਨਮ ਤੋਂ ਲੈ ਕੇ ਮੌਤ ਤਕ ਅਤੇ ਸਿਰ ਤੋਂ ਲੈ ਕੇ ਪੈਰਾਂ ਤਕ ਪੱਛਮੀ ਮਸ਼ੀਨੀ ਸਭਿਅਤਾ ਦੇ ਰੰਗ ਵਿੱਚ ਰੰਗੇ ਹੋਏ ਅਤੇ ਇਸ ਰੰਗ ਨੂੰ ਹੋਰ ਗੂੜ੍ਹਾ ਕਰਨ ਦੇ ਸਿਰਤੋੜ ਜਤਨ ਕਰਨ ਵਾਲੇ ਕਿਸੇ ਮਨੁੱਖ ਮੂੰਹੋਂ ਕਲਚਰ ਦੀ ਹਾਨੀ ਦਾ ਰੌਲਾ-ਰੱਪਾ ਸ਼ੋਭਾ ਨਹੀਂ ਦਿੰਦਾ। ਦੁਨੀਆ ਦੇ ਸਾਰੇ ਦੇਸ਼ਾਂ ਵਿੱਚ ਵੱਸਣ ਵਾਲੇ ਸੂਝਵਾਨ ਅਤੇ ਸਭਿਅ ਆਖੇ ਜਾਂਦੇ ਲੋਕ ਪੱਛਮੀ ਯੋਰਪ ਦੀ ਜੀਵਨ ਜਾਚ ਨੂੰ ਆਪਣੇ ਲਈ ਸੁਖ, ਸਤਿਕਾਰ, ਸੁੰਦਰਤਾ ਅਤੇ ਸ਼ੋਭਾ ਵਾਲੀ ਵਸਤੂ ਸਮਝਦੇ ਹਨ। ਕਿਸੇ ਵੀ ਸਭਿਅ ਸਾਊ ਮਨੁੱਖ ਨੂੰ ਪੱਛਮੀ ਜੀਵਨ ਜਾਚ ਦਾ ਧਾਰਨੀ ਹੋਣ ਵਿੱਚ ਕਦੇ ਕੋਈ ਸ਼ਰਮਿੰਦਗੀ ਮਹਿਸੂਸ ਨਹੀਂ ਹੋਈ, ਸਿਵਾਏ ਅਸਭਿਅ ਜੰਗਲੀ ਲੋਕਾਂ ਦੇ।

ਫਿਰ ਵੀ ਅਸੀਂ ਕਲਚਰ ਨਾਂ ਦੇ ਉਹ ਟੁੱਟੇ-ਭੱਜੇ-ਥੋੜੇ ਬਰਤਨ ਸਾਂਭ ਸਾਂਭ ਰੱਖਣ ਦੀ ਜ਼ਿਦ ਕਰਦੇ ਹਾਂ, ਜਿਨ੍ਹਾਂ ਦੀ ਥਾਂ ਜੀਵਨ ਰੂਪੀ 'ਕਿਚਨ' ਵਿੱਚ ਨਹੀਂ, ਸਗੋਂ ਅਜਾਇਬਘਰ ਰੂਪੀ 'ਖੋਲੇ' ਵਿੱਚ ਹੋਣੀ ਚਾਹੀਦੀ ਹੈ। ਜੀਵਨ 'ਕੋਝਾਂ ਕਲੇਸ਼ਾਂ ਦਾ ਅਜਾਇਬਘਰ' ਨਹੀਂ, 'ਪ੍ਰੀਤਾਂ ਦੀ ਪ੍ਰਯੋਗਸ਼ਾਲਾ' ਹੈ।

ਇਸ ਪ੍ਰਯੋਗਸ਼ਾਲਾ ਵਿੱਚ ਸਭਿਆਚਾਰਕ ਪ੍ਰਯੋਗ ਹੁੰਦੇ ਆ ਰਹੇ ਹਨ। ਸਭਿਅਤਾ ਮਨੁੱਖੀ ਸਮਾਜਾਂ ਨੂੰ ਸੰਕੀਰਣ ਸਵਾਰਥ ਅਤੇ ਹਿੰਸਾ-ਹੱਤਿਆ ਦੇ ਪਸ਼ੂਪੁਣੇ ਵਿੱਚੋਂ ਕੱਢ ਕੇ ਸਦਭਾਵਨਾ ਦੇ ਮਾਨਵਤੱਵ ਵੱਲ ਲਿਆਉਂਦੀ ਆ ਰਹੀ ਹੈ। ਜਿਸ ਕਿਸੇ ਸਭਿਆਚਾਰ ਦਾ ਜਿਹੜਾ ਹਿੱਸਾ

WWW.SIKHBOOKCLUB.COM

ਸਦਭਾਵਨਾ ਦੇ ਵਿਕਾਸ ਵਿੱਚ ਸਹਾਈ ਸਿੱਧ ਹੁੰਦਾ ਗਿਆ ਹੈ, ਉਹ ਇਸ ਪ੍ਰਯੋਗਸ਼ਾਲਾ (ਜੀਵਨ) ਦਾ ਅਟੁੱਟ ਅੰਗ ਬਣਦਾ ਗਿਆ ਹੈ। ਦੂਜੇ ਢੰਗ ਨਾਲ ਆਖਿਆਂ ਸਭਿਆਚਾਰ ਦਾ ਜਿਹੜਾ ਹਿੱਸਾ ਜੀਵਨ ਦਾ ਸਦੀਵੀ ਭਾਗ ਬਣ ਗਿਆ ਹੈ, ਉਹ ਸਦਭਾਵਨਾ ਦਾ ਸਹਿਯੋਗੀ ਹੈ। ਬਾਕੀ ਸਭ ਕੁਝ ਵਿਦਵਾਨਾਂ ਦੇ ਦਿਮਾਗ਼ਾਂ ਵਿੱਚ ਪਿਆ ਰਹਿਣ ਵਾਲਾ ਵਾਧੂ ਜਿਹਾ ਵਿਚਾਰ ਜਾਂ ਕਿਸੇ ਪੁਸਤਕ-ਰਸਾਲੇ ਵਿੱਚ ਛਪਿਆ ਹੋਇਆ ਨਿਬੰਧ ਜਾਂ ਮਨੁੱਖਤਾ ਵਿੱਚ ਵੰਡੀਆਂ ਪਾਉਣ ਵਾਲਾ ਸਿਆਸੀ ਸੰਦ ਜਾਂ ਮਨੁੱਖੀ ਹਉਮੈ ਦੇ ਪਸ਼ੂ ਨੂੰ ਪਾਇਆ ਜਾਣ ਵਾਲਾ ਸਬਜ਼ ਚਾਰਾ ਹੈ; ਇਸ ਤੋਂ ਵੱਧ ਜੇ ਕੁਝ ਹੈ ਤਾਂ ਖੋਜੀਆਂ ਦੀ ਦਿਮਾਗੀ ਕਸਰਤ ਅਤੇ ਜਨ-ਸਾਧਾਰਣ ਲਈ ਸਾਂਭ ਦੀ ਥਾਂ, ਵਾਧੂ ਜ਼ਿੰਮੇਦਾਰੀ। ਦੈਨਿਕ ਜੀਵਨ ਵਿੱਚ ਕੰਮ ਨਾ ਆ ਕੇ ਸਾਲ-ਛਿਮਾਹੀਂ ਪਿੱਛੋਂ ਜੀਵਨ ਵਿੱਚ ਉਥਲ-ਪੁਥਲ ਪੈਦਾ ਕਰਨ ਵਾਲਾ ਕਲਚਰ ਉਵੇਂ ਹੀ ਹੈ, ਜਿਵੇਂ ਸਾਡੇ ਘਰ ਵਿੱਚ ਚੱਲ ਰਹੀ ਟੈਲੀਵਿਯਨ ਦਾ ਉਹ ਵੱਡਾ ਸਾਰਾ ਸੁਹਣਾ ਜਿਹਾ ਗੱਤੇ ਦਾ ਡੱਬਾ, ਜਿਸ ਵਿੱਚ ਪੈਕ ਹੋ ਕੇ ਉਹ ਸਾਡੇ ਘਰ ਆਈ ਸੀ। ਅਸਾਂ ਉਸ ਡੱਬੇ ਨੂੰ ਇਸ ਲਈ ਸੰਭਾਲ ਕੇ ਰੱਖ ਲਿਆ ਹੈ ਕਿ ਸ਼ਾਇਦ ਕਦੇ ਕਿਸੇ ਕੰਮ ਆ ਜਾਵੇ; ਭਵਿੱਖ ਵਿੱਚ ਕੰਮ ਆਉਣ ਬਾਰੇ ਕੁਝ ਕਿਹਾ ਨਹੀਂ ਜਾ ਸਕਦਾ; ਹੁਣ ਦਾ ਸੱਚ ਇਹ ਹੈ ਕਿ ਉਸ ਨੇ ਸਾਡੇ ਘਰ ਵਿੱਚ ਕੁਝ ਥਾਂ ਮੱਲੀ ਹੋਈ ਹੈ; ਅਤੇ ਜਦੋਂ ਵੀ ਅਸੀਂ ਆਪਣੇ ਸਟੋਰ ਵਿੱਚੋਂ ਕੋਈ ਚੀਜ਼ ਲੱਭਣੀ ਚਾਹੁੰਦੇ ਹਾਂ, ਉਦੋਂ ਉਸ ਡੱਬੇ ਨੂੰ ਏਧਰ ਓਧਰ ਕਰਨ ਦੀ ਖੇਚਲ ਸਾਨੂੰ ਜ਼ਰੂਰ ਕਰਨੀ ਪੈਂਦੀ ਹੈ।

ਵਰਤਮਾਨ ਵਿੱਚ ਭਰਪੂਰਤਾ ਨਾਲ ਜੀਊ ਰਹੇ ਮਾਨਵ ਨੂੰ ਨਾ ਤਾਂ ਕਲਚਰਾਂ ਦੇ ਭੂਤ ਹੀ ਚੰਬੜਦੇ ਹਨ ਅਤੇ ਨਾ ਭਵਿੱਖ ਦੀ ਅਨਿਸਚਿਤਤਾ ਦੀ ਚਿੰਤਾ ਸਤਾਉਂਦੀ ਹੈ। ਉਸ ਦੀ ਸਦਭਾਵਨਾ ਨੂੰ ਯਕੀਨ ਹੈ ਕਿ ਜਿਸ ਤਰ੍ਹਾਂ ਭੂਤਕਾਲ ਦੇ ਸਹਿਯੋਗੀ ਅੰਸ਼ ਵਿੱਚੋਂ ਸੁਖਾਵਾਂ ਵਰਤਮਾਨ ਉਪਜਿਆ ਹੈ, ਉਸੇ ਤਰ੍ਹਾਂ ਵਰਤਮਾਨ ਦੇ ਮਿਲਵਰਤਣ ਵਿੱਚੋਂ ਸੁਰੱਖਿਅਤ ਅਤੇ ਸੁੰਦਰ ਭਵਿੱਖ ਉਪਜੇਗਾ। ਜਿਹੜੇ ਸ਼ਕਤੀਸ਼ਾਲੀ ਅਤੇ ਅਸਾਧਾਰਣ ਲੋਕ ਵਰਤਮਾਨ ਤੋਂ ਅਸੰਤੁਸ਼ਟ ਹੁੰਦੇ ਹਨ ਅਤੇ ਆਪਣੀ ਪਸੰਦ ਦਾ ਭਵਿੱਖ ਪੈਦਾ ਕਰਨਾ ਚਾਹੁੰਦੇ ਹਨ, ਉਹ ਮਾਓ ਵਾਂਗ, ਗ੍ਰੇਟ ਪ੍ਰੋਲੇਟੇਰੀਅਨ ਕਲਚਰਲ ਰੈਵੋਲੂਸ਼ਨ ਦੀ ਯੱਗ ਵੇਦੀ ਉੱਤੇ ਹਜ਼ਾਰਾਂ ਨਹੀਂ ਲੱਖਾਂ ਲੋਕਾਂ ਦਾ ਲਹੂ ਵੀਟਣੋਂ ਨਹੀਂ ਟਲਦੇ।

ਕਲਚਰ ਨੂੰ ਉਪੱਦਰਾਂ ਅਤੇ ਕਲੇਸ਼ਾਂ ਦੇ ਕੇਂਦਰ ਵਿੱਚ ਬਿਰਾਜਮਾਨ ਕਰਨ ਦਾ ਖ਼ਿਆਲ ਹੋ ਸਕਦਾ ਹੈ ਬਹੁਤ ਪੁਰਾਣਾ ਹੋਵੇ, ਪਰੰਤੂ ਇਸ ਦੇ ਇਸ ਪ੍ਰਕਾਰ ਦੇ ਕੇਂਦਰੀ ਸਥਾਨ ਨੂੰ ਸਤਿਕਾਰਯੋਗ ਬਣਾਉਣ ਦਾ ਕੰਮ ਹੀਗਲ ਦੇ ਇੱਕ ਸ਼ਰਧਾਲੂ ਬੁਰਕਹਾਰਟ ਨੇ ਉੱਨੀਵੀਂ ਸਦੀ ਵਿੱਚ ਆਰੰਭਿਆ ਸੀ। ਹੀਗਲ ਦਾ ਇਹ ਖ਼ਿਆਲ ਸੀ ਕਿ ਮਾਨਵ ਜਾਤੀ ਦੇ ਰਾਜਨੀਤਕ ਇਤਿਹਾਸ ਦੀ ਰੂਪ-ਰੇਖਾ ਨਿਸਚਿਤ ਕਰਨ ਅਤੇ ਉਲੀਕਣ ਦਾ ਕੰਮ ਸਪਿਰਿਟ ਨਾਂ ਦੀ ਕਿਸੇ ਚੇਤਨ ਹੋਂਦ ਦੁਆਰਾ ਕੀਤਾ ਜਾਂਦਾ ਹੈ ਅਤੇ ਮਾਨਵ ਜਾਤੀ ਆਪਣੀ ਇਸ ਹੋਣੀ ਸਾਹਮਣੇ ਬੇਬੱਸ ਹੈ। ਕਾਰਲ ਮਾਰਕਸ ਅਤੇ ਬੁਰਕਹਾਰਟ ਨੇ ਆਪੋ-ਆਪਣੇ ਢੰਗ ਨਾਲ ਇਸ ਸਿਧਾਂਤ ਦੀ ਵਰਤੋਂ ਕੀਤੀ ਹੈ। ਮਾਰਕਸ ਦਾ ਖ਼ਿਆਲ ਸੀ ਕਿ ਮਾਨਵ ਦੇ ਸਮਾਜਕ-ਰਾਜਨੀਤਕ ਇਤਿਹਾਸ ਦੀ ਰੂਪ-ਰੇਖਾ ਨਿਸਚਿਤ ਕਰਨ ਦਾ ਕੰਮ ਕਿਸੇ 'ਸਪਿਰਿਟ' (ਜਾਂ ਇਸ ਦੁਨੀਆ ਦੇ ਬਾਹਰਲੀ ਕਿਸੇ ਪਰਾ-ਸਰੀਰਕ ਹੋਂਦ) ਦੁਆਰਾ ਨਹੀਂ ਕੀਤਾ ਜਾਂਦਾ, ਸਗੋਂ 'ਆਰਥਕਤਾ' ਦੁਆਰਾ ਕੀਤਾ ਜਾਂਦਾ ਹੈ। ਬੁਰਕਹਾਰਟ ਦਾ ਖ਼ਿਆਲ ਸੀ ਕਿ ਜਿਸ ਨੂੰ ਹੀਗਲ ਨੇ 'ਸਪਿਰਿਟ' ਆਖਿਆ ਹੈ, ਉਸ ਸੱਤਾ ਦਾ ਨਾਂ 'ਕਲਚਰ' ਹੈ ਅਤੇ ਦੁਨੀਆ ਦੇ ਵੱਖ-ਵੱਖ ਥਾਵਾਂ ਉੱਤੇ ਵੱਸਣ ਵਾਲੇ ਲੋਕ ਕਲਚਰਲ ਵਿਕਾਸ ਦੀ ਪੌੜੀ ਦੇ ਵੱਖ-ਵੱਖ ਡੰਡਿਆਂ ਉੱਤੇ ਖੜੇ ਹਨ।

ਹਰ ਕੌਮ ਨੂੰ ਇਸ ਪੌੜੀ ਦੇ ਡੰਡੇ ਚੜ੍ਹਨੇ ਪੈਣਗੇ। ਮਾਨਵ ਜਾਤੀ ਇਸ ਹੋਣੀ ਸਾਹਮਣੇ ਬੇਬੱਸ ਹੈ। ਸਮਾਜਕ-ਰਾਜਨੀਤਕ ਇਤਿਹਾਸ ਦੇ ਸੰਬੰਧ ਵਿੱਚ ਮਾਰਕਸ ਦੀ ਗੱਲ ਵਧੇਰੇ ਪ੍ਰਮਾਣੀਕ ਮੰਨੀ ਜਾਣ ਕਾਰਨ ਬੁਰਕਹਾਰਟ ਨੇ 'ਕਲਚਰ' ਨੂੰ ਮਾਨਵ ਦੇ ਬੌਧਕ, ਕਲਾਤਮਕ ਅਤੇ ਵਿਗਿਆਨਕ ਵਿਕਾਸ ਦੇ ਕੇਂਦਰ ਵਿੱਚ ਸਥਾਪਤ ਕਰਨ ਦਾ ਕੰਮ ਸ਼ੁਰੂ ਕਰ ਦਿੱਤਾ, ਜਿਸ ਵਿੱਚ ਉਹ ਬਹੁਤ ਸਫ਼ਲ ਰਿਹਾ ਹੈ। ਚੀਨੀ ਇਨਕਲਾਬ ਨੂੰ ਸੁਧਾਰਵਾਦੀ ਲਹਿਰ ਵਿੱਚ ਪਤਿਤ ਹੋ ਜਾਣ ਤੋਂ ਬਚਾਉਣ ਲਈ ਚੇਅਰਮੈਨ ਮਾਓ ਨੇ ਗ੍ਰੇਟ ਪ੍ਰੋਲੇਟੇਰੀਅਨ ਕਲਚਰਲ ਰੈਵੋਲੂਸ਼ਨ ਦੀ ਨੀਂਹ ਰੱਖੀ ਸੀ। ਰੈਵੋਲੂਸ਼ਨ ਭਾਵੇਂ ਸਭਿਆਚਾਰਕ ਹੋਵੇ, ਭਾਵੇਂ ਹਥਿਆਰਬੰਦ-ਰਾਜਨੀਤਕ, ਨਤੀਜਾ ਇੱਕ ਹੀ ਹੁੰਦਾ ਹੈ, ਸਦਭਾਵਨਾ ਦੀ ਹਾਨੀ।

ਮਨੁੱਖ ਦੇ ਰੋਜ਼ਾਨਾ ਜੀਵਨ ਤੋਂ ਵੱਖਰਾ ਹਰ ਉਚੇਚ ਉਸ ਵਿੱਚਲੀ ਸਦਭਾਵਨਾ ਦੀ ਹਾਨੀ ਕਰਦਾ ਹੈ; ਚਾਹੇ ਉਹ ਸਭਿਆਚਾਰ ਹੋਵੇ ਚਾਹੇ ਅਧਿਆਤਮਿਕ। ਕੰਬੋਡੀਆ ਦੇ ਪਾਲ ਪਾਟ ਦੇ ਕਲਚਰਲ ਝੱਲ ਦੇ ਨਤੀਜੇ ਤੋਂ ਮਨੁੱਖਤਾ ਜਾਣੂੰ ਹੈ।

•

SIKHBOOKCLUB.COM

# ਵਿਚਾਰ ਅਤੇ ਵਿਕਾਸ

ਜੀਵਨ ਵਿੱਚਲੀ ਚੇਤਨਾ ਦੀਆਂ ਤਿੰਨ ਮੂਲ ਵੰਡਾਂ ਕੀਤੀਆਂ ਜਾ ਸਕਦੀਆਂ ਹਨ; ਇਹ ਹਨ—ਪਰਵਿਰਤੀ, ਭਾਵ ਅਤੇ ਬੁੱਧੀ। ਇਨ੍ਹਾਂ ਦੀ ਸਮੁੱਚਤਾ ਨੂੰ 'ਮਨ' ਆਖਿਆ ਜਾ ਸਕਦਾ ਹੈ। ਪਰਵਿਰਤੀਆਂ ਵੀ ਅਨੇਕ ਹਨ ਅਤੇ ਭਾਵਾਂ ਦੀ ਗਿਣਤੀ ਵਿੱਚ ਵੀ ਵਾਧਾ ਹੁੰਦਾ ਰਹਿੰਦਾ ਹੈ। ਚੇਤਾ-ਸ਼ਕਤੀ, ਕਲਪਨਾ, ਵਿਸ਼ਵਾਸ, ਤਰਕ, ਅਨੁਮਾਨ, ਅੰਧ-ਵਿਸ਼ਵਾਸ ਸੰਦੇਹ (ਸ਼ੱਕ) ਅਤੇ ਵਿਚਾਰ ਆਦਿਕ ਸਾਡੀ ਬੋਧਕਤਾ ਦੇ ਵੱਖ-ਵੱਖ ਰੂਪ ਹਨ। ਪਰਵਿਰਤੀ ਨੂੰ ਮਨ ਰੂਪੀ ਝੀਲ ਦਾ ਹੇਠਲਾ ਤਲ, ਭਾਵੁਕਤਾ ਨੂੰ ਵਿਚਕਾਰਲਾ ਤਲ ਅਤੇ ਬੁੱਧੀ ਨੂੰ ਉਪਰਲਾ ਤਲ ਮੰਨਿਆ ਜਾਣ ਨਾਲ ਇਸ ਸਾਰੇ ਵਰਤਾਰੇ ਨੂੰ ਸਮਝਣ ਵਿੱਚ ਸਹੂਲਤ ਹੋ ਸਕਦੀ ਹੈ; ਉਂਵ ਇਹ ਸਭ ਕੁਝ ਏਨਾ ਘੁਲਿਆ ਮਿਲਿਆ ਹੈ ਕਿ ਸਾਧਾਰਣ ਹਾਲਤ ਵਿੱਚ ਹਰ ਇੱਕ ਮਨੁੱਖੀ ਕਿਰਿਆ ਪਰਵਿਰਤੀ, ਭਾਵ ਅਤੇ ਬੁੱਧੀ ਦੀ ਰਲੀ-ਮਿਲੀ ਖੇਡ ਹੁੰਦੀ ਹੈ।

ਮਨੋ-ਵਿਗਿਆਨ ਦੀਆਂ ਨਵੀਆਂ ਲੱਭਤਾਂ ਦੇ ਸਹਾਰੇ, ਮਨੁੱਖ ਇਹ ਮੰਨਣ ਲੱਗ ਪਿਆ ਹੈ ਕਿ ਉਸ ਦੀ ਸਮੁੱਚੀ ਮਾਨਸਿਕਤਾ ਪਸ਼ੂਆਂ ਨਾਲ (ਬਹੁਤ ਹੱਦ ਤਕ) ਸਾਂਝੀ ਹੈ। ਹੋ ਸਕਦਾ ਹੈ ਕਲਪਨਾ, ਸੰਦੇਹ ਅਤੇ ਅੰਧ-ਵਿਸ਼ਵਾਸ ਦੇ ਸੰਬੰਧ ਵਿੱਚ ਇਹ ਗੱਲ ਸੱਚੀ ਨਾ ਹੋਵੇ। ਅਨੁਮਾਨ ਅਤੇ ਕਲਪਨਾ ਵਿੱਚ ਥੋੜਾ ਜਿਹਾ ਫ਼ਰਕ ਹੁੰਦਾ ਹੈ। ਵਰਤਮਾਨ ਦੀ ਕਿਸੇ ਵਾਸਤਵਿਕਤਾ ਦੇ ਆਧਾਰ ਉੱਤੇ ਭਵਿੱਖ ਵਿੱਚ ਕਿਸੇ ਸੰਭਾਵਨਾ ਦਾ 'ਖ਼ਿਆਲ' ਅਨੁਮਾਨ ਹੈ। ਮਨੁੱਖੀ ਜੀਵਨ ਵਿੱਚ ਅਨੁਮਾਨ ਦੀ ਵਿਸ਼ੇਸ਼ ਥਾਂ ਰਹੀ ਹੈ ਅਤੇ ਹੁਣ ਵੀ ਹੈ। ਕੰਪਿਊਟਰ ਆਦਿਕ ਦੀ ਆਧੁਨਿਕ ਟੈਕਨਾਲੋਜੀ ਦੀ ਵਰਤੋਂ ਨਾਲ, ਮਨੁੱਖ ਅਨੁਮਾਨ ਅਤੇ ਭਰੋਸੇ (ਜਾਂ ਵਿਸ਼ਵਾਸ) ਵਿਚਲੇ ਫ਼ਰਕ ਨੂੰ ਘਟਾਉਂਦਾ ਜਾ ਰਿਹਾ ਹੈ। ਕੀੜੇ-ਮਕੌੜਿਆਂ ਅਤੇ ਪਸ਼ੂ-ਪੰਛੀਆਂ ਦੁਆਰਾ ਲਾਏ ਗਏ ਅਨੁਮਾਨ ਭਰੋਸੇ ਨਾਲੋਂ ਬਹੁਤੇ ਵੱਖਰੇ ਨਹੀਂ ਹੁੰਦੇ।

ਪਹਿਲਾਂ ਵੇਖੀ-ਸੁਣੀ ਕਿਸੇ ਚੀਜ਼ ਜਾਂ ਗੱਲ ਨੂੰ ਆਪਣੇ ਮਨ ਵਿੱਚ ਮੁੜ ਉਜਾਗਰ ਕਰਨ ਨੂੰ ਕਲਪਨਾ ਕਰਨਾ ਆਖਿਆ ਜਾਂਦਾ ਹੈ। ਆਪਣੇ ਕਿਸੇ ਅਨੁਭਵ ਦੇ ਸਹਾਰੇ ਅਸੀਂ ਕਿਸੇ ਅਣਹੋਈ ਅਤੇ ਅਣਹੋਣੀ ਕਿਰਿਆ ਦੀ ਕਲਪਨਾ ਵੀ ਕਰ ਸਕਦੇ ਹਾਂ। ਪੰਛੀਆਂ ਨੂੰ ਉੱਡਦੇ ਵੇਖ ਕੇ ਸਾਡੇ ਮਨ ਵਿੱਚ ਉੱਡਣ ਦੀ ਰੀਝ ਪੈਦਾ ਹੋ ਸਕਦੀ ਹੈ ਅਤੇ ਅਸੀਂ 'ਸੁਪਨੇ ਵਿੱਚ' ਜਾਂ 'ਜਾਗਦਿਆਂ ਹੋਇਆਂ ਆਪਣੇ ਆਪ ਵਿੱਚ ਗੁਆਚ ਕੇ' ਪੰਛੀਆਂ ਵਾਂਗ ਉੱਡਦੇ ਹੋਣ ਦੀ ਕਲਪਨਾ ਕਰ ਸਕਦੇ ਹਾਂ। ਕਿਸੇ ਨਾਵਲ ਨਾਟਕ ਜਾਂ ਕਹਾਣੀ ਨੂੰ ਪੜ੍ਹਦਿਆਂ ਹੋਇਆਂ ਉਸ ਵਿਚਲੇ ਕਿਸੇ ਪਾਤਰ ਨਾਲ ਤਦਾਤਮ (ਮਾਨਸਕ ਸਾਂਝ) ਸਥਾਪਨ ਕਰ ਕੇ ਅਸੀਂ ਉਸ ਪਾਤਰ ਦੇ ਦੁਖ-ਸੁਖ ਵਿੱਚ ਦੁਖੀ ਜਾਂ ਸੁਖੀ ਹੁੰਦੇ ਹਾਂ ਜਦ ਕਿ ਉਸ ਦੁਖ-ਸੁਖ ਦੀ ਸਾਡੇ ਜੀਵਨ ਵਿੱਚ, ਉਸ ਸਮੇਂ, ਕੋਈ ਹੋਂਦ-ਹਾਜ਼ਰੀ ਨਹੀਂ ਹੁੰਦੀ। ਇਹ ਕ੍ਰਿਸ਼ਮਾ ਵੀ ਕਲਪਨਾ ਦਾ ਹੈ। ਭਰੋਸੇ ਨਾਲ ਇਹ ਨਹੀਂ ਆਖਿਆ ਜਾ ਸਕਦਾ ਕਿ ਮਨੁੱਖ ਦੀ ਇਹ ਮਾਨਸਿਕ ਕਿਰਿਆ (ਕਲਪਨਾ)

ਵੀ ਪਸ਼ੂ-ਪੰਛੀਆਂ ਨਾਲ ਸਾਂਝੀ ਹੈ। ਖੋਜੀ ਮਨੁੱਖ ਇਸ ਗੱਲ ਦਾ ਨਿਰਣਾ ਜ਼ਰੂਰ ਕਰੇਗਾ। ਅੰਧ-ਵਿਸ਼ਵਾਸ ਅਤੇ ਸੰਦੇਹ ਪਸ਼ੂ-ਮਾਨਸਿਕਤਾ ਦਾ ਹਿੱਸਾ ਨਹੀਂ ਹਨ; ਮੇਰਾ ਅਨੁਮਾਨ ਹੈ।

ਬੁੱਧੀ ਸਾਡੀ ਮਾਨਸਿਕਤਾ ਦਾ ਉਪਰਲਾ ਤਲ ਹੈ। ਸਾਡੇ ਮਾਨਸਿਕ ਵਿਕਾਸ ਦੀਆਂ ਬਹੁਤੀਆਂ ਸੰਭਾਵਨਾਵਾਂ (ਸ਼ਾਇਦ ਸਾਰੀਆਂ ਹੀ) ਇਸੇ ਉਪਰਲੇ ਤਲ [illegible] ਵੱਸਦੀਆਂ ਹਨ। ਸਾਡੀ ਮਾਨਸਿਕਤਾ ਦੇ ਉਪਰਲੇ ਤਲ (ਬੁੱਧੀ) ਦਾ ਜਿਹੜਾ ਹਿੱਸਾ [illegible]ਪੱਕ ਅਤੇ ਪਰੀਪੂਰਣ ਹੋ ਕੇ ਸਾਡੀ ਮਾਨਸਿਕਤਾ ਦੇ ਵਿਚਕਾਰਲੇ ਜਾਂ ਹੇਠਲੇ ਤਲ (ਭਾਵੁਕਤਾ ਜਾਂ ਪਰਵਿਰਤੀ) ਵਿੱਚ ਚਲਾ ਜਾਂਦਾ ਹੈ, ਉਸ ਦੇ ਵਿਕਾਸ ਦੀਆਂ ਸੰਭਾਵਨਾਵਾਂ ਲਗਪਗ ਮੁੱਕ ਜਾਂਦੀਆਂ ਹਨ ਜਾਂ ਬਹੁਤ ਘੱਟ ਹੋ ਜਾਂਦੀਆਂ ਹਨ। ਮਨੁੱਖ ਵਿੱਚ ਆਤਮ-ਰੱਖਿਆ, ਕਾਮ ਅਤੇ ਪ੍ਰਜਨਨ (ਸੰਤਾਨ ਉਤਪਤੀ) ਆਦਿਕ ਦੀਆਂ ਪਰਵਿਰਤੀਆਂ ਹਨ। ਇਹ ਪਰੀਪੂਰਣ ਅਤੇ ਪਰਪੱਕ ਹਨ। ਇਨ੍ਹਾਂ ਦੀ ਅਣਹੋਂਦ ਵਾਲਾ ਆਦਮੀ ਅਧੂਰਾ ਆਖਿਆ ਜਾਵੇਗਾ। ਏਹੋ ਹਾਲ ਸਾਡੀ ਭਾਵੁਕਤਾ ਦਾ ਹੈ। ਉਹ ਵੀ ਸਾਡੀ ਹੋਂਦ ਦਾ ਅਟੁੱਟ, ਅਨਿੱਖੜ ਅੰਗ ਬਣ ਚੁੱਕੀ ਹੈ। ਉੱਪਰ ਲਿਖੀਆਂ ਪਰਵਿਰਤੀਆਂ ਭੈ, ਕ੍ਰੋਧ, ਪਿਆਰ ਅਤੇ ਵਾਤਸਲ (ਮਮਤਾ) ਆਦਿਕ ਭਾਵਾਂ ਰਾਹੀਂ ਕਾਰਜਸ਼ੀਲਤਾ ਨੂੰ ਪ੍ਰਾਪਤ ਹੋ ਕੇ ਜੀਵਨ ਦੇ ਵੱਖ-ਵੱਖ ਮਨੋਰਥਾਂ ਦੀ ਪੂਰਤੀ ਕਰਦੀਆਂ ਹਨ।

ਜੰਗਲੀ ਜੀਵਨ ਕੁਦਰਤੀ ਵਿਧਾਨ ਅਨੁਸਾਰ ਜੀਵਿਆ ਜਾਂਦਾ ਹੈ ਜਦ ਕਿ ਮਨੁੱਖ ਦੇ ਸਮਾਜਕ ਜੀਵਨ ਲਈ ਸੋਚੇ ਸਮਝੇ ਸਮਾਜਕ ਵਿਧਾਨ ਦੀ ਲੋੜ ਹੈ। ਸਾਡਾ ਸਮਾਜਕ ਵਿਧਾਨ ਭਾਵਾਂ ਅਤੇ ਪਰਵਿਰਤੀਆਂ ਦੇ ਸੋਧਣ, ਸ਼ੁੱਧੀਕਰਣ ਜਾਂ ਉਚਿਆਉਣ ਦੀ ਮੰਗ ਕਰਦਾ ਹੈ। ਭਾਵਾਂ ਅਤੇ ਪਰਵਿਰਤੀਆਂ ਦਾ ਕਾਬੂ-ਕੰਟਰੋਲ ਜਿਸ ਬਿਨਾਂ ਸਮਾਜਕ ਜੀਵਨ ਸੰਭਵ ਨਹੀਂ ਮਨੁੱਖ ਦੇ ਬੌਧਕ ਤਲ ਉੱਤੇ ਕੀਤਾ ਜਾਂਦਾ ਹੈ।

ਜੀਵਨ ਦਾ ਮਨੋਰਥ ਭਾਵੇਂ ਅਲੌਕਿਕ ਹੋਵੇ ਭਾਵੇਂ ਲੌਕਿਕ, ਮੁਕਤੀ, ਸਮਾਧੀ ਜਾਂ ਬ੍ਰਹਮਗਿਆਨ ਹੋਵੇ ਭਾਵੇਂ ਖ਼ੁਸ਼ਹਾਲ, ਖ਼ੁਸ਼ ਅਤੇ ਖ਼ੂਬਸੂਰਤ ਸੰਸਾਰਕ ਜੀਵਨ, ਭਾਵਾਂ ਅਤੇ ਪਰਵਿਰਤੀਆਂ, ਨਿਯੰਤ੍ਰਣ ਜਾਂ ਉਦਾਤੀਕਰਣ ਉਸ ਦੀ ਬੁਨਿਆਦੀ ਸ਼ਰਤ ਹੈ। ਇਸੇ ਲਈ ਪੁਰਾਤਨ ਭਾਰਤੀ ਗ੍ਰੰਥਾਂ ਵਿੱਚ ਸਰੀਰ ਨੂੰ ਇੱਕ ਰਥ ਨਾਲ ਤੁਲਨਾ ਦਿੱਤੀ ਗਈ ਹੈ। ਇਸ ਰਥ ਅੱਗੇ ਗਿਆਨ-ਇੰਦ੍ਰੀਆਂ ਅਤੇ ਕਰਮ-ਇੰਦ੍ਰੀਆਂ ਦੇ ਘੋੜੇ ਜੁੱਪੇ ਹੋਏ ਹਨ। ਇਨ੍ਹਾਂ ਘੋੜਿਆਂ ਦੇ ਮੂੰਹ ਵਿੱਚ ਬੁੱਧੀ ਰੂਪੀ ਲਗਾਮ ਹੈ। ਮਨ ਇਸ ਰਥ ਦਾ ਰਥਵਾਨ ਹੈ; ਅਤੇ ਆਤਮਾ ਇਸ ਰਥ ਦਾ ਸਵਾਰ ਹੈ ਜਿਸ ਨੂੰ ਮੁਕਤੀ ਦੀ ਮੰਜ਼ਲ ਤਕ ਲੈ ਜਾਣਾ ਇਸ ਰਥ ਦਾ ਮਨੋਰਥ ਹੈ। ਜੇ ਲਗਾਮ ਢਿੱਲੀ ਹੋ ਜਾਵੇਗੀ ਤਾਂ ਆਪਹੁਦਰੇ ਘੋੜੇ ਰਥ ਨੂੰ ਔਝੜ ਪਾ ਦੇਣਗੇ। ਇਸ ਪ੍ਰਕਾਰ ਦੇ ਦ੍ਰਿਸ਼ਟਾਂਤਾਂ ਰਾਹੀਂ ਜਿਸ ਬੁੱਧੀ ਦੇ ਮਹੱਤਵ ਨੂੰ ਪਰਵਾਨ ਅਤੇ ਪਰਗਟ ਕੀਤਾ ਜਾਂਦਾ ਰਿਹਾ ਹੈ, ਉਸ ਦਾ ਵਿਕਾਸ ਹੀ ਮਾਨਸਿਕ ਵਿਕਾਸ ਹੈ।

ਮਨੁੱਖੀ ਮਾਨਸਿਕਤਾ ਜਾਂ ਚੇਤਨਾ ਦੇ ਇਸ ਮਹੱਤਵਪੂਰਣ ਅੰਗ (ਬੁੱਧੀ) ਦਾ ਸਾਂਸਕ੍ਰਿਤਿਕ ਵਿਕਾਸ ਇਸ ਦੀ ਹੋਂਦ ਨਾਲੋਂ ਵੀ ਵੱਧ ਜ਼ਰੂਰੀ ਹੈ। ਅਵਿਕਸਿਤ ਜਾਂ ਵਿਚਲਿਤ ਬੁੱਧੀ ਮਨੁੱਖੀ ਸਮਾਜਾਂ ਲਈ ਕਸ਼ਟ ਅਤੇ ਕਲੇਸ਼ ਦਾ ਕਾਰਣ ਬਣ ਜਾਂਦੀ ਹੈ। ਚੇਤਨਾ ਦੇ ਇਸ ਹਿੱਸੇ ਨੂੰ ਅਸਾਂ ਆਪਣੀ ਮਾਨਸਿਕਤਾ ਦਾ ਉਪਰਲਾ ਤਲ ਆਖਿਆ ਹੈ। ਚੇਤਾ, ਕਲਪਨਾ, ਵਿਸ਼ਵਾਸ, ਤਰਕ, ਅਨੁਮਾਨ, ਅੰਧ-ਵਿਸ਼ਵਾਸ, ਸ਼ੱਕ ਅਤੇ ਵਿਚਾਰ ਆਦਿਕ ਇਸ ਦੇ ਵੱਖ-ਵੱਖ ਹਿੱਸੇ ਹਨ ਜਿਨ੍ਹਾਂ ਵਿੱਚੋਂ 'ਵਿਚਾਰ' ਸਭ ਤੋਂ ਵੱਧ ਸਮਝਿਆ, ਵਰਤਿਆ ਅਤੇ ਵਿਕਸਾਇਆ ਜਾ ਸਕਣ ਵਾਲਾ ਹਿੱਸਾ ਹੈ। ਚੇਤਾ, ਕਲਪਨਾ, ਤਰਕ, ਸ਼ੱਕ ਅਤੇ ਅਨੁਮਾਨ ਆਦਿਕ ਦੀ ਆਪੋ-ਆਪਣੀ ਵੱਖਰੀ ਥਾਂ ਹੋਣ ਦੇ ਨਾਲ ਨਾਲ 'ਵਿਚਾਰ' ਦੀ ਵਰਤੋਂ ਵਿੱਚ

ਸਹਾਈ ਹੋਣਾ ਵੀ ਇਨ੍ਹਾਂ ਦਾ ਕੰਮ ਹੈ। ਵਿਸ਼ਵਾਸ ਸਾਡੇ ਵਿਚਾਰਾਂ ਦਾ ਉਹ ਹਿੱਸਾ ਹੈ ਜਿਹੜਾ ਕਿਰਿਆ (ਅਮਲ) ਦੀ ਕਸੌਟੀ ਉੱਤੇ ਬਾਰ ਬਾਰ ਪੂਰਾ ਉਤਰਨ ਕਾਰਨ ਸ਼ੱਕ ਅਤੇ ਪਰਖ ਦੇ ਅਖ਼ਤਿਆਰ (ਅਧਿਕਾਰ-ਖੇਤਰ) ਵਿੱਚੋਂ ਬਾਹਰ ਚਲਾ ਗਿਆ ਹੈ। ਵਿਸ਼ਵਾਸਾਂ ਦਾ ਰੂਪ ਧਾਰ ਚੁੱਕੇ ਵਿਚਾਰ ਸਾਡੀ ਰੋਜ਼ਾਨਾ ਜ਼ਿੰਦਗੀ ਦੇ ਅਮਲਾਂ ਦਾ ਆਧਾਰ ਬਣ ਜਾਂਦੇ ਹਨ। ਇਹ ਆਧਾਰ ਜਿੰਨਾ ਵੱਡਾ ਅਤੇ ਮਜ਼ਬੂਤ ਹੋਵੇ, ਜੀਵਨ ਓਨਾ ਹੀ ਸੁਖਾਵਾਂ ਅਤੇ ਸੁਭਾਵਕ ਹੋ ਜਾਂਦਾ ਹੈ। ਗਿੱਲੇ ਫ਼ਰਸ਼ ਉੱਤੋਂ ਤਿਲਕ ਕੇ ਬੱਚੇ ਨੂੰ ਵਿਸ਼ਵਾਸ ਹੋ ਜਾਂਦਾ ਹੈ ਕਿ ਗਿੱਲਾ ਫ਼ਰਸ਼ ਤਿਲਕਣਾ ਹੁੰਦਾ ਹੈ। ਆਪਣੇ ਵਿਸ਼ਵਾਸ ਅਨੁਸਾਰ ਅਮਲ ਕਰਦਾ ਹੋਇਆ ਬੱਚਾ ਗਿੱਲੇ ਫ਼ਰਸ਼ ਉੱਤੇ ਸੰਭਲ ਕੇ ਤੁਰਦਾ ਹੈ ਅਤੇ ਲੱਤ ਗੋਡਾ ਭਨਾਉਣ ਤੋਂ ਬਚਿਆ ਰਹਿੰਦਾ ਹੈ।

ਮਨੁੱਖੀ ਮਾਨਸਿਕਤਾ ਦੇ ਉਤਲੇ ਤਲ ਦੇ ਵਸਨੀਕ ਹੁੰਦੇ ਹੋਏ ਵੀ ਸਾਡੇ ਵਿਸ਼ਵਾਸ ਵਿਕਸਦੇ ਨਹੀਂ ਜਾਂ ਬਹੁਤ ਔਖੇ ਵਿਕਸਦੇ ਹਨ ਕਿਉਂਜੋ ਇਨ੍ਹਾਂ ਦੇ ਸੱਚੇ ਅਤੇ ਉਪਯੋਗੀ ਹੋਣ ਦਾ ਭਰੋਸਾ ਹੋ ਗਿਆ ਹੁੰਦਾ ਹੈ। ਕਿਸੇ ਗੱਲ, ਵਿਚਾਰ ਜਾਂ ਮਨੌਤ ਨੂੰ, ਕਹਿਣ ਜਾਂ ਦੱਸਣ ਵਾਲੇ ਦੇ ਦਬਦਬੇ, ਰੋਹਬ, ਪ੍ਰਭਾਵ ਜਾਂ ਭੈ ਅਧੀਨ, ਤਰਕ ਜਾਂ ਅਮਲ ਦੀ ਕਸੌਟੀ ਉੱਤੇ ਪਰਖੇ ਬਿਨਾਂ ਸੱਚੀ ਮੰਨ ਲੈਣ ਦੀ ਕਿਰਿਆ ਨੂੰ ਅੰਧ-ਵਿਸ਼ਵਾਸ ਆਖਿਆ ਜਾਵੇਗਾ। ਅੰਧ-ਵਿਸ਼ਵਾਸ ਝੂਠਾ ਵੀ ਹੋ ਸਕਦਾ ਹੈ ਅਤੇ ਸੱਚਾ ਵੀ। ਇਸ ਨੂੰ ਅੰਧ-ਵਿਸ਼ਵਾਸ ਇਸ ਲਈ ਆਖਿਆ ਜਾਂਦਾ ਹੈ ਕਿ ਇਸ ਦੀ ਤਸਦੀਕ ਨਹੀਂ ਕੀਤੀ ਜਾਂਦੀ ਜਾਂ ਨਹੀਂ ਕੀਤੀ ਜਾ ਸਕਦੀ; ਇਨ੍ਹਾਂ ਨੂੰ ਪੜਤਾਲਹੀਣ ਹੋਣ ਕਰਕੇ ਅੰਧ-ਵਿਸ਼ਵਾਸ ਆਖਿਆ ਜਾਂਦਾ ਹੈ। ਇਹ ਵਿਚਾਰ ਦੇ ਵਿਕਾਸ ਦਾ ਵੱਡਾ ਵਿਰੋਧੀ ਹੈ। ਹਰ ਵਿਕਾਸ-ਵਿਰੋਧੀ ਸੰਸਥਾ ਅਤੇ ਸਿਧਾਂਤ ਲਈ ਅੰਧ-ਵਿਸ਼ਵਾਸ ਦਾ ਸਹਾਰਾ ਲੈਣਾ ਜ਼ਰੂਰੀ ਹੁੰਦਾ ਹੈ। ਧਰਮ ਇਸ ਦਾ ਸਭ ਤੋਂ ਵੱਡਾ ਲੋੜਵੰਦ ਹੈ।

ਸਾਡੀ ਬੌਧਕਤਾ ਦੇ ਸਾਰੇ ਅੰਗਾਂ (ਚੇਤਾ, ਕਲਪਨਾ, ਤਰਕ, ਵਿਸ਼ਵਾਸ, ਵਿਚਾਰ ਆਦਿਕ) ਵਿੱਚੋਂ ਵਿਚਾਰ ਹੀ ਇੱਕ ਅਜੇਹਾ ਅੰਗ ਹੈ ਜਿਸ ਦਾ ਵਿਕਾਸ ਸੌਖਾ ਹੈ। ਅਸਲ ਵਿੱਚ ਸਾਡੇ ਬੌਧਕ ਵਿਕਾਸ ਦੀ ਕਿਰਿਆ ਦਾ ਆਰੰਭ ਹੀ ਵਿਚਾਰਾਂ ਦੇ ਵਿਕਾਸ ਨਾਲ ਹੁੰਦਾ ਹੈ। ਜੇ ਮੈਂ ਗ਼ਲਤ ਨਹੀਂ ਤਾਂ ਸਾਧਾਰਣ ਮਨੁੱਖ ਦੇ ਮਾਨਸਿਕ ਵਿਕਾਸ ਦਾ ਅੰਤ ਵੀ ਵਿਚਾਰਾਂ ਦਾ ਵਿਕਾਸ ਹੀ ਹੈ। ਚੇਤਾ-ਸ਼ਕਤੀ, ਕਲਪਨਾ ਅਤੇ ਤਰਕ ਆਦਿਕ ਦਾ ਵੀ ਵਿਕਾਸ ਸੰਭਵ ਹੈ; ਪਰ, ਇਹ ਜ਼ਰਾ ਗੁੰਝਲਦਾਰ ਅਤੇ ਲੰਮੇਰੀ ਸਾਧਨਾ ਹੈ। ਵਿਚਾਰਾਂ ਦਾ ਵਿਕਾਸ, ਇਨ੍ਹਾਂ ਦੀ ਭੱਜ-ਟੁੱਟ ਅਤੇ ਤਬਦੀਲੀ, ਸਾਧਾਰਣ ਜੀਵਨ ਦਾ ਸਾਧਾਰਣ ਹਿੱਸਾ ਹੈ ਅਤੇ ਇਸ ਨੂੰ ਇਉਂ ਹੀ ਰੱਖਣਾ ਚਾਹੀਦਾ ਹੈ। ਜਿਹੜੇ ਆਦਮੀ ਪੁਸਤਕਾਂ ਵਿੱਚੋਂ ਪੜ੍ਹੇ ਹੋਏ ਜਾਂ ਪਰਬੀਣ ਵਕਤਿਆਂ ਦੁਆਰਾ ਦੱਸੇ ਹੋਏ ਵਿਚਾਰਾਂ ਨੂੰ ਲਿਖਣ ਵਾਲਿਆਂ ਦੀ ਸੁੰਦਰ ਸ਼ੈਲੀ, ਦੱਸਣ ਵਾਲਿਆਂ ਦੇ ਪ੍ਰਭਾਵਸ਼ਾਲੀ ਢੰਗ ਅਤੇ ਆਪਣੇ ਮਨ ਦੇ ਕਿਸੇ ਵਕਤੀ ਉਲਾਰ ਅਧੀਨ ਸਦੀਵੀ ਸੱਚ ਦੇ ਰੂਪ ਵਿੱਚ ਅਪਣਾਅ ਲੈਂਦੇ ਹਨ, ਉਨ੍ਹਾਂ ਨੂੰ ਕੋਮਲ ਜਾਂ ਸੁਹਿਰਦ ਪ੍ਰਕਾਰ ਦੇ ਅੰਧ-ਵਿਸ਼ਵਾਸੀ ਆਖਿਆ ਜਾ ਸਕਦਾ ਹੈ। ਇਸ ਪ੍ਰਕਾਰ ਦਾ ਅੰਧ-ਵਿਸ਼ਵਾਸ ਸਾਡੇ ਬੌਧਕ ਵਿਕਾਸ ਨੂੰ ਮੱਧਮ ਜਾਂ ਸੁਸਤ ਕਰਦਾ ਹੈ। ਕਿਸੇ ਕਿਸੇ ਹਾਲਤ ਵਿੱਚ ਇਹ ਅੰਧ-ਵਿਸ਼ਵਾਸ ਸਾਡੇ ਬੌਧਕ ਵਿਕਾਸ ਨੂੰ ਖ਼ਤਮ ਵੀ ਕਰ ਸਕਦਾ ਹੈ। ਪੁਰਾਣੇ ਧਰਮਾਂ ਦੀ ਨਵੀਂ, ਤਰਕਪੂਰਣ ਅਤੇ ਵਕਤ ਅਨੁਕੂਲ ਵਿਆਖਿਆ ਦੇ ਸਹਾਰੇ ਪੈਦਾ ਹੋਣ ਵਾਲੇ ਨਵੇਂ ਸੰਗਠਨ (Cults) ਇਸੇ ਪ੍ਰਕਾਰ ਦੇ ਅੰਧ-ਵਿਸ਼ਵਾਸ ਦੇ ਸਹਾਰੇ ਦੋ ਚਾਰ ਦਹਾਕਿਆਂ ਦਾ ਜੀਵਨ ਭੋਗਣ ਦੇ ਕਾਬਲ ਬਣਦੇ ਹਨ। ਇਹ ਅੰਧ-ਵਿਸ਼ਵਾਸ ਨੌਜਵਾਨਾਂ ਨੂੰ ਬਹੁਤਾ ਆਕਰਸ਼ਿਤ ਕਰਦਾ ਹੈ।

ਇਸ ਮਨਮੋਹਣੇ ਅੰਧ-ਵਿਸ਼ਵਾਸ ਤੋਂ ਬਚਣ ਦਾ ਤਰੀਕਾ ਇਹ ਹੈ ਕਿ ਨਵੇਂ ਵਿਚਾਰਾਂ

ਨੂੰ ਸਹਿਜੇ ਸਹਿਜੇ ਅਪਣਾਇਆ ਜਾਵੇ। ਉਨ੍ਹਾਂ ਦੀ ਪਰਖ-ਪੜਚੋਲ ਕੀਤੀ ਜਾਵੇ। ਜੇ ਉਹ ਵਿਗਿਆਨਕ, ਤਰਕ-ਸੰਗਤ ਅਤੇ ਜੀਵਨ-ਸੇਵੀ ਸਾਬਤ ਹੋਣ ਤਾਂ ਹੀ ਉਨ੍ਹਾਂ ਵਿੱਚ ਕਿਸੇ ਸੱਚ ਅਤੇ ਸੌਂਦਰਯ ਦਾ ਵਾਸਾ ਮੰਨਿਆ ਜਾਵੇ। ਅਜੇਹਾ ਹੋਣ ਉੱਤੇ ਵੀ ਇਹ ਚੇਤਾ ਰੱਖਿਆ ਜਾਵੇ ਕਿ ਸਦਾ ਵਿਕਸਦੇ ਬਦਲਦੇ ਜੀਵਨ ਨੇ ਅਗੇਰੇ ਚੱਲ ਕੇ ਨਵੇਂ ਵਿਚਾਰ ਅਪਣਾਉਣ ਵਿੱਚ ਹੇਠੀ ਮਹਿਸੂਸ ਨਹੀਂ ਕਰਨੀ। ਹਰ ਨਵੇਂ-ਪੁਰਾਣੇ ਵਿਚਾਰ ਦੀ ਆਲੋਚਨਾ ਨੂੰ 'ਜੀਉ-ਆਇਆਂ' ਆਖਿਆ ਜਾਵੇ। ਅਜੇਹੇ ਆਦਮੀ ਬਹੁਤ ਘੱਟ ਹਨ ਜਿਹੜੇ ਆਪਣੇ ਵਿਚਾਰਾਂ ਦੀ ਆਪ ਆਲੋਚਨਾ ਕਰ ਸਕਦੇ ਹੋਣ। ਇਸ ਲਈ ਹਰ ਕਿਸੇ ਨੂੰ ਈਮਾਨਦਾਰ ਆਲੋਚਕਾਂ ਦੀ ਲੋੜ ਹੁੰਦੀ ਹੈ।

ਕੁਝ ਵਿਚਾਰ ਅਜੇਹੇ ਹਾਲਾਤ ਵਿੱਚ ਉਪਜਦੇ ਹਨ ਕਿ ਉਨ੍ਹਾਂ ਦੀ ਆਲੋਚਨਾ ਇੱਕ ਪ੍ਰਕਾਰ ਦੀ ਅਨੈਤਕਤਾ ਜਾਂ ਬੇ-ਇਨਸਾਫ਼ੀ ਜਾਪਦੀ ਹੈ; ਪਰ ਸਮਾਂ ਪਾ ਕੇ ਇਹ ਖ਼ਿਆਲ ਗ਼ਲਤ ਸਿੱਧ ਹੋ ਜਾਂਦਾ ਹੈ। ਰੂਸੋ ਦੀ ਜਗਤ ਪ੍ਰਸਿੱਧ ਪੁਸਤਕ 'ਸੋਸ਼ਲ ਕਾਨਟ੍ਰੈਕਟ' ਦਾ ਪਹਿਲਾ ਵਾਕ ਹੈ 'ਆਦਮੀ ਜਨਮ ਤੋਂ ਸੁਤੰਤਰ ਹੈ, ਪਰ ਜੀਵਨ ਵਿੱਚ ਉਹ ਹਰ ਥਾਂ ਜ਼ੰਜੀਰਾਂ ਵਿੱਚ ਜਕੜਿਆ ਹੋਇਆ ਹੈ।' ਰੂਸੋ ਦੇ ਸਮੇਂ ਦਾ ਯੌਰਪ ਬਾਦਸ਼ਾਹਾਂ ਦੇ ਕਬਜ਼ੇ ਵਿੱਚ ਸੀ। ਰਿਨੇਸਾਂਸ ਅਤੇ ਮਸ਼ੀਨੀ ਕ੍ਰਾਂਤੀ ਲੋਕਾਂ ਵਿੱਚ ਆਜ਼ਾਦੀ, ਬਰਾਬਰੀ ਅਤੇ ਭ੍ਰਾਤਰੀ ਦੇ ਭਾਵ ਪੈਦਾ ਕਰ ਰਹੀ ਸੀ। ਉਸ ਦੇ ਇਸ ਵਾਕ ਦੀ ਆਲੋਚਨਾ ਇਉਂ ਕੀਤੀ ਗਈ ਕਿ 'ਇਹ ਕਿਸੇ ਸੂਝਵਾਨ ਦਵਾਰਾ ਬੋਲਿਆ ਹੋਇਆ ਸਭ ਤੋਂ ਵੱਡਾ ਝੂਠ ਹੈ', ਕਿਉਂਕਿ ਆਦਮੀ ਸੁਤੰਤਰ ਕਦੇ ਨਹੀਂ ਹੁੰਦਾ ਅਤੇ ਜਨਮ ਸਮੇਂ ਉਸ ਦੀ ਲਾਚਾਰੀ ਅਤੇ ਮੁਥਾਜੀ ਦੀ ਕੋਈ ਸੀਮਾ ਨਹੀਂ ਹੁੰਦੀ। ਉਸ ਸਮੇਂ ਦੇ ਹਾਲਾਤ ਨੇ ਇਸ ਆਲੋਚਨਾ ਨੂੰ ਪਰਵਾਨਗੀ ਪ੍ਰਾਪਤ ਨਹੀਂ ਹੋਣ ਦਿੱਤੀ।

ਇਵੇਂ ਹੀ ਮਾਰਕਸ ਦਾ ਖ਼ਿਆਲ ਸੀ ਕਿ 'ਸੰਸਾਰ ਦੀ ਸਿਆਸਤ ਦਾ ਅਗਲਾ ਪੜਾਅ ਪ੍ਰੋਲੇਤੇਰੀਅਤ-ਡਿਕਟੇਟਰਸ਼ਿਪ ਹੈ।' ਇਸ ਵਿਚਾਰ ਨਾਲ ਮਜ਼ਦੂਰ ਜਮਾਤ ਦੀ ਹਮਦਰਦੀ ਸੰਬੰਧਤ ਹੋਣ ਕਰਕੇ ਇਸ ਦੀ ਆਲੋਚਨਾ ਦਾ ਹੀਆ ਨਹੀਂ ਕੀਤਾ ਗਿਆ ਵਰਨਾ 'ਡਿਕਟੇਟਰਸ਼ਿਪ' ਨੂੰ ਵਿਕਾਸ ਦਾ ਅਗਲਾ ਪੜਾਅ ਆਖਣਾ ਅਣਜਾਣਪੁਣਾ ਹੈ; ਇਹ ਪਿੱਛੇ ਵੱਲ ਪੁੱਟਿਆ ਗਿਆ ਕਦਮ ਹੈ ਜਿਸ ਦੀ ਸੋਧ ਦੀ ਸਦਾ ਲੋੜ ਪੈਂਦੀ ਹੈ। ਇਸੇ ਤਰ੍ਹਾਂ ਭਾਰਤ ਦੀਆਂ ਪੱਛੜੀਆਂ ਜਾਤੀਆਂ ਦੇ ਕਲਿਆਣ ਹਿੱਤ ਆਰਕਸ਼ਣ ਜਾਂ ਰੀਜ਼ਰਵੇਸ਼ਨ ਦੇ ਖ਼ਿਆਲ ਨੂੰ ਕਲਿਆਣਕਾਰੀ ਮੰਨਿਆ ਜਾਣ ਕਰਕੇ ਇਸ ਦੀ ਡੂੰਘੀ ਪੜਤਾਲ ਜਾਂ ਆਲੋਚਨਾ ਕਰਨ ਵੱਲ ਧਿਆਨ ਨਹੀਂ ਗਿਆ। ਅੱਜ ਕੱਲ ਆਰਕਸ਼ਣ ਦਾ ਮਸਲਾ ਭਾਰਤੀ ਜਨ ਜੀਵਨ ਵਿੱਚ ਕਲਿਆਣ ਦੀ ਥਾਂ ਕਲੇਸ਼ ਉਤਪੰਨ ਕਰ ਰਿਹਾ ਹੈ, ਕਿਉਂਕਿ ਇਹ ਸੋਸ਼ਲ ਰੀਫ਼ਾਰਮ ਦੀ ਥਾਂ ਸਿਆਸੀ ਪੈਂਤਰਾ ਬਣਾ ਲਿਆ ਗਿਆ ਹੈ।

ਹਰ ਪ੍ਰਕਾਰ ਦੇ ਖ਼ਿਆਲ ਦੀ ਸਿਆਣੀ ਸਿਹਤਮੰਦ ਆਲੋਚਨਾ ਉਸ ਖ਼ਿਆਲ ਨੂੰ ਜੀਉਂਦਾ ਰੱਖਦੀ ਹੈ ਅਤੇ ਸਾਡੀ ਬੌਧਕਤਾ ਦਾ ਹਿੱਸਾ ਬਣਾਈ ਰੱਖਦੀ ਹੈ। ਜੀਉਂਦੇ ਜਾਗਦੇ ਨਵੇਂ ਖ਼ਿਆਲ ਸਾਡੀ ਬੌਧਕਤਾ ਨੂੰ ਸਾਵਧਾਨ, ਸਿਹਤਮੰਦ ਅਤੇ ਕਾਰਜਸ਼ੀਲ ਰੱਖਦੇ ਹਨ। ਸਾਵਧਾਨ, ਸਿਹਤਮੰਦ ਅਤੇ ਕਾਰਜਸ਼ੀਲ ਬੌਧਕਤਾ ਸਾਡੇ ਭਾਵਾਂ ਅਤੇ ਸਾਡੀਆਂ ਪਰਵਿਰਤੀਆਂ ਨੂੰ ਕਾਬੂ ਵਿੱਚ ਰੱਖਣ ਦੇ ਸਮਰਥ ਹੁੰਦੀ ਹੈ।

ਕਿਸੇ ਵਿਚਾਰ ਨੂੰ ਵਿਅਕਤੀ, ਵਕਤ ਅਤੇ ਵਰਤਾਰੇ ਦੇ ਪ੍ਰਭਾਵ ਅਧੀਨ ਸ੍ਰੇਸ਼ਟ ਮੰਨਣਾ ਭੁੱਲ ਹੈ। ਵਿਚਾਰ ਨੂੰ ਇਨ੍ਹਾਂ ਪ੍ਰਭਾਵਾਂ ਤੋਂ ਪਰੇ ਕਰਨ ਦੀ ਸਮਰਥਾ ਨਾ ਭਾਵਾਂ ਵਿੱਚ ਹੈ ਨਾ ਪਰਵਿਰਤੀਆਂ ਵਿੱਚ। ਇਹ ਸਮਰਥਾ ਕੇਵਲ ਬੌਧਕਤਾ ਵਿੱਚ ਹੈ; ਕਲਪਨਾ, ਸੰਦੇਹ ਅਤੇ ਤਰਕ

WWW.SIKHBOOKCLUB.COM 

ਵਿੱਚ ਹੈ; ਪਰ ਉਦੋਂ ਜਦੋਂ ਕਲਪਨਾ, ਸੰਦੇਹ ਅਤੇ ਤਰਕ ਨੂੰ ਵਿਚਾਰ ਦੀ ਪਰਖ ਦਾ ਸਾਧਨ ਮੰਨਿਆ ਜਾਵੇ; ਆਪਣੀ ਸੋਚ ਦਾ ਮਨੋਰਥ ਨਾ ਮੰਨਿਆ ਜਾਵੇ।

ਬੁੱਧੀ ਨੂੰ ਨਿਰਮਲ ਅਤੇ ਵਿਚਾਰਾਂ ਨੂੰ ਕੋਮਲ ਰੱਖਣ ਲਈ ਉਪਰੋਕਤ ਸਾਵਧਾਨੀਆਂ ਵਰਤਣ ਦੀ ਲੋੜ ਹੈ; ਪ੍ਰੰਤੂ ਜਿਸ ਤਰੀਕੇ ਦਾ ਵਰਣਨ ਹੇਠਾਂ ਕਰਨ ਲੱਗਾ ਹਾਂ, ਉਹ ਆਰੰਭਕ ਸਾਵਧਾਨੀ ਤੋਂ ਛੁੱਟ ਹੋਰ ਸਾਰੀਆਂ ਸਾਵਧਾਨੀਆਂ ਤੋਂ ਪਰੇ ਹੈ। ਉਹ ਤਰੀਕਾ ਹੈ ਸ੍ਰੇਸ਼ਟ ਸਾਹਿਤ ਪੜ੍ਹਨ ਦਾ ਤਰੀਕਾ ਅਤੇ ਇਸ ਦੀ ਵਰਤੋਂ ਵਿੱਚ ਵਰਤੀ ਜਾਣ ਵਾਲੀ ਸਾਵਧਾਨੀ ਇਹ ਹੈ ਕਿ ਉਹ ਸਾਹਿਤ ਸ੍ਰੇਸ਼ਟ ਹੋਵੇ। ਵਿਚਾਰ ਵਿਕਾਸ ਦੇ ਨੁਕਤੇ ਤੋਂ ਸ੍ਰੇਸ਼ਟ ਸਾਹਿਤ ਦੀ ਪਹਿਲੀ ਸ਼ਰਤ ਇਹ ਹੈ ਕਿ ਉਹ ਮਨੋਰੰਜਨ ਦੇ ਮਨੋਰਥ ਨਾਲ ਲਿਖਿਆ ਗਿਆ ਹੋਵੇ। ਮਨੋਰੰਜਨ ਤੋਂ ਵੱਖਰੇ ਕਿਸੇ ਵਾਦ, ਧਰਮ ਜਾਂ ਸਿਧਾਂਤ ਦੀ ਸੇਵਾ ਲਈ ਲਿਖਿਆ ਗਿਆ ਸਾਹਿਤ ਸਾਡੇ ਵਿਚਾਰਾਂ ਦਾ ਵਿਕਾਸ ਨਹੀਂ ਕਰ ਸਕਦਾ। ਸੁਧਾਰਾਂ, ਪਰਚਾਰਾਂ ਦੇ ਮਨੋਰਥ ਨਾਲ ਲਿਖੇ ਗਏ ਸਾਹਿਤ ਵਿਚਾਰ ਨੂੰ ਸੁਤੰਤਰ ਨਹੀਂ ਰਹਿਣ ਦਿੰਦੇ; ਸਗੋਂ ਬੋਧਕ ਸੰਕੀਰਣਤਾ ਪੈਦਾ ਕਰਦੇ ਹਨ। ਅਸ਼ਲੀਲਤਾ, ਕਾਮੁਕਤਾ ਅਤੇ ਉਤੇਜਨਾ ਨੂੰ ਮਨੋਰੰਜਨ ਮੰਨਣ ਵਾਲੇ ਸਾਹਿਤਕਾਰ ਅਸਲ ਵਿੱਚ ਮਾਨਸਿਕ ਰੋਗੀ ਹੁੰਦੇ ਹਨ। ਅਜੇਹਾ ਸਾਹਿਤ ਮਾਨਸਿਕ ਰੋਗੀਆਂ ਦੁਆਰਾ ਹੀ ਪੜ੍ਹਿਆ ਜਾਂਦਾ ਹੈ।

ਮਨੋਰੰਜਨ ਲਈ ਲਿਖੇ ਗਏ ਸਾਹਿਤ ਨੂੰ ਮਨੋਰੰਜਨ ਦੇ ਮਨੋਰਥ ਨਾਲ ਹੀ ਪੜ੍ਹਿਆ ਜਾਣਾ ਚਾਹੀਦਾ ਹੈ; ਦੂਜੇ ਸ਼ਬਦਾਂ ਵਿੱਚ ਇਹ ਕਹਿ ਸਕਦੇ ਹਾਂ ਕਿ ਰਸਿਕ ਬਣ ਕੇ ਪੜ੍ਹਿਆ ਜਾਣਾ ਚਾਹੀਦਾ ਹੈ। ਰਸ-ਮਗਨਤਾ ਇੱਕ ਪ੍ਰਕਾਰ ਦੀ ਸਮਾਧੀ ਹੈ ਜਿਹੜੀ ਸਥੂਲ ਜਗਤ ਦੇ ਸੰਬੰਧਾਂ ਦੀ ਸਹਾਇਤਾ ਨਾਲ ਸਾਨੂੰ ਮਾਨਸਿਕ ਸੂਖ਼ਮਤਾ ਵਿੱਚ ਲੈ ਜਾਂਦੀ ਹੈ। ਮਾਨਸਿਕ ਸੂਖ਼ਮਤਾ ਵਿੱਚ ਸਮੁੱਚੇ ਮਨੋਵਿਕਾਸ ਦਾ ਭੇਤ ਹੈ। ਜਿਹੜਾ ਸਾਹਿਤ ਸਾਨੂੰ ਮਾਨਸਿਕ ਸੂਖ਼ਮਤਾ ਵਿੱਚ ਨਹੀਂ ਲੈ ਜਾ ਸਕਦਾ, ਉਹ ਸ੍ਰੇਸ਼ਟ ਨਹੀਂ। ਜਿਹੜਾ ਪਾਠਕ ਰਸਿਕ ਨਹੀਂ, ਉਸ ਲਈ ਸੂਖ਼ਮਤਾ ਵਿੱਚ ਪਰਵੇਸ਼ ਸੰਭਵ ਨਹੀਂ; ਉਹ ਸਥੂਲ ਦੇ ਮੋਹ ਵਿੱਚ ਹੈ।

ਹਰੇਕ ਮਨ ਇੱਕੋ ਜਿਹਾ ਵਿਕਸਿਤ ਨਹੀਂ; ਪ੍ਰੰਤੂ ਹਰੇਕ ਮਨ ਲਈ ਵਿਕਾਸ ਦੀ ਸਿਖਰ ਤਕ ਪੁੱਜਣਾ ਸੰਭਵ ਹੈ।

ਉਪਰਲੀ ਵਿਚਾਰ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਆਰੰਭ ਵਿੱਚ ਵਰਤੀ ਜਾਣ ਵਾਲੀ ਸਾਵਧਾਨੀ ਇਹ ਹੈ ਕਿ ਕੁਝ ਇੱਕ ਅਜੇਹੇ ਸਾਹਿਤਕਾਰਾਂ ਦੀਆਂ ਕਿਰਤਾਂ ਨਾਲ ਨਾਤਾ ਜੋੜਿਆ ਜਾਵੇ, ਜਿਹੜੇ ਸਾਡੀ ਕਸਵੱਟੀ ਉੱਤੇ ਪੂਰੇ ਉਤਰਦੇ ਹੋਣ। ਹਿੰਦੀ, ਉਰਦੂ, ਅੰਗਰੇਜ਼ੀ, ਪੰਜਾਬੀ, ਬੰਗਲਾ, ਤੇਲਗੂ ਆਦਿਕ ਸਾਰੀਆਂ ਬੋਲੀਆਂ ਵਿੱਚ ਸ੍ਰੇਸ਼ਟ ਸਾਹਿਤ ਮੌਜੂਦ ਹੈ। ਥੋੜੀ ਜਹੀ ਖੋਜ ਦੀ ਲੋੜ ਹੈ।

ਮੈਂ ਸਮਾਜਕ ਜੀਵਨ ਦੀਆਂ ਸਮੱਸਿਆਵਾਂ ਨਾਲ ਸੰਬੰਧਤ ਸਾਹਿਤ ਨੂੰ ਪੜ੍ਹਨ ਦੀ ਮਨਾਹੀ ਨਹੀਂ ਕਰ ਰਿਹਾ; ਮੈਂ ਤਾਂ ਵਿਚਾਰ ਦੇ ਵਿਕਾਸ ਦੀ ਗੱਲ ਕਰ ਰਿਹਾ ਹਾਂ।

•

# ਕੰਮ

"ਮੈਂ ਲੋੜ-ਥੋੜ ਤੋਂ ਪਰ੍ਹੇ ਹੁੰਦਾ ਹੋਇਆ ਵੀ ਨਿਰੰਤਰ ਕੰਮ ਕਰਦਾ ਹਾਂ।" ਛੇ ਦਿਨਾਂ ਵਿੱਚ ਸ੍ਰਿਸ਼ਟੀ-ਰਚਨਾ ਕਰ ਲੈਣ ਪਿੱਛੋਂ ਸੱਤਵਾਂ ਦਿਨ ਯਹੂਦੀਆਂ ਲਈ ਤਾਂ ਛੁੱਟੀ ਦਾ ਦਿਨ ਬਣਾ ਦਿੱਤਾ ਗਿਆ, ਪਰ ਰੱਬ ਦੇ ਰੁਝੇਵੇਂ ਘੱਟ ਨਾ ਹੋਏ। ਉਸ ਲਈ ਛੁੱਟੀ ਦਾ ਦਿਨ ਕਦੇ ਵੀ ਨਾ ਆਇਆ। ਉਸ ਨੂੰ ਆਪਣੀ ਕਾਇਨਾਤ ਦੇ ਗੁਨਾਹਾਂ ਦਾ ਹਿਸਾਬ ਕਿਤਾਬ ਰੱਖਣ ਤੋਂ ਵਿਹਲ ਨਾ ਮਿਲ ਸਕੀ; ਅਤੇ ਜਦੋਂ ਇਹ ਗੁਨਾਹ ਹੱਦੋਂ ਵੱਧ ਗਏ ਉਦੋਂ ਇੱਕ ਵੱਡੇ ਤੂਫ਼ਾਨ ਨਾਲ ਧਰਤੀ ਦੇ ਤਲ ਉਤਲੇ ਜੀਵਨ ਦਾ ਅੰਤ ਕਰਨ ਦੀ ਵੱਡੀ ਜ਼ਹਿਮਤ ਦੇ ਨਾਲ ਨਾਲ ਹਜ਼ਰਤ ਨੂਹ ਨੂੰ ਕਹਿ ਕੇ ਜੀਵਨ ਦੇ ਨਵ-ਨਿਰਮਾਣ ਦਾ ਪ੍ਰਬੰਧ ਵੀ ਕਰਵਾਉਣਾ ਪਿਆ। ਇਹ ਪ੍ਰਬੰਧ ਵੀ ਹੋ ਗਿਆ; ਪਰ, ਆਪਣੇ ਚੋਣਵੇਂ ਚਹੇਤੇ ਯਹੂਦੀਆਂ ਨਾਲ ਰੱਬ ਦਾ ਮੋਹ ਨਿੱਤ ਨਵੀਂ ਮੁਸੀਬਤ ਦਾ ਮੁੱਢ ਬੰਨ੍ਹਦਾ ਆਇਆ ਹੈ। ਹਜ਼ਰਤ ਮੂਸਾ ਅਤੇ ਮਿਸਰ ਦੇ ਫ਼ੈਰੋ ਵਿਚਾਲੇ ਲੜੀ ਜਾਣ ਵਾਲੀ ਲੜਾਈ ਡੱਡੂਆਂ, ਮੱਖੀਆਂ ਅਤੇ ਮੌਤਾਂ ਦੇ ਕਈ ਕੁਰੂਪ ਅਤੇ ਕਰਾਮਾਤੀ ਰੱਬੀ-ਰੁਝੇਵਿਆਂ ਚਾ ਕਾਰਣ ਬਣੀ ਰਹੀ ਹੈ। ਉਂਞ ਤਾਂ ਇਨ੍ਹਾਂ ਰੁਝੇਵਿਆਂ ਵਿੱਚ ਰੁੱਝਾ ਹੋਇਆ ਰੱਬ ਵੀ ਵਿਹਲਾ ਨਹੀਂ ਆਖਿਆ ਜਾਣਾ ਚਾਹੀਦਾ, ਪਰ ਇਸ ਲੇਖ ਦੇ ਆਰੰਭ ਵਿੱਚ ਜਿਸ ਰੱਬੀ ਰੁਝੇਵੇਂ ਵੱਲ ਸੰਕੇਤ ਕੀਤਾ ਗਿਆ ਹੈ, ਉਹ ਕੋਈ ਅਜਿਹਾ ਪਸ਼ੂ-ਪੁਣਾ ਨਹੀਂ, ਜੋ ਮਨੁੱਖ ਦੀ ਪਹੁੰਚੋਂ ਪਰ੍ਹੇ ਹੋਣ ਕਰਕੇ ਰੱਬ ਨੂੰ ਕਰਨਾ ਪੈਂਦਾ ਹੋਵੇ। ਵਿਗਿਆਨ ਦੀ ਕ੍ਰਿਪਾ ਨਾਲ, ਅਜੋਕਾ ਮਨੁੱਖ, ਉਹ ਸਭ ਕੁਝ ਕਰਨ ਦੇ ਕਾਬਲ ਹੋ ਗਿਆ ਹੈ ਜੋ ਰੱਬੀ ਰਹਿਮਤ ਜਾਂ ਰੱਬੀ ਕਹਿਰ ਦੀ ਕਰਾਮਾਤ ਬਿਨਾਂ ਸੰਭਵ ਨਹੀਂ ਸੀ। ਇਸ ਲਈ ਰੱਬ ਨੂੰ ਕਰਾਮਾਤਾਂ ਵੱਲੋਂ ਕੁਝ ਵਿਹਲ ਬੇ-ਸ਼ੱਕ ਮਿਲ ਗਈ ਹੈ, ਪਰ ਜਿਸ ਨਿਰੰਤਰ ਕੰਮ ਦੀ ਗੱਲ ਗੀਤਾ ਵਿੱਚ ਕੀਤੀ ਗਈ ਹੈ, ਉਹ ਅਣੂੰਆਂ-ਪਰਮਾਣੂੰਆਂ ਵਿਚਲੀ ਹਰਕਤ ਦੀ ਗੱਲ ਹੋਣ ਕਰਕੇ, ਉਹ ਪਦਾਰਥ ਵਿਚਲੀ ਸਦੀਵੀ ਰਸਾਇਣਿਕ ਕਿਰਿਆ ਦੀ ਗੱਲ ਹੋਣ ਕਰਕੇ, ਉਹ ਖੰਡਾਂ-ਬ੍ਰਹਮੰਡਾਂ, ਚੰਨਾਂ-ਸੂਰਜਾਂ ਅਤੇ ਗ੍ਰਹਿਆਂ-ਉਪਗ੍ਰਹਿਆਂ ਵਿੱਚ ਵਿਚਰਨ ਵਾਲੇ ਭੌਤਿਕ ਵਿਗਿਆਨ ਦੇ ਨੇਮਾਂ ਦੀ ਗੱਲ ਹੋਣ ਕਰਕੇ, ਉਸ ਕੰਮ ਦੀ ਗੱਲ ਨਹੀਂ ਹੈ, ਜਿਸ ਨੂੰ ਸਾਧਾਰਣ ਆਦਮੀਆਂ ਦੀ ਸਾਧਾਰਣ ਭਾਸ਼ਾ ਵਿੱਚ ਕੰਮ ਆਖਿਆ ਜਾਂਦਾ ਹੈ।

ਭਾਵੇਂ ਮਨੁੱਖ ਦੁਆਰਾ ਕੀਤੇ ਜਾਣ ਵਾਲੇ ਸਾਰੇ ਕੰਮ ਸੌਖੇ ਅਤੇ ਸਰਲ ਨਹੀਂ ਹਨ ਤਾਂ ਵੀ 'ਕੰਮ' ਇੱਕ ਸਰਲ ਜਿਹਾ ਸ਼ਬਦ ਹੈ, ਜਿਸ ਵਿੱਚ ਸਮਾਈ ਹੋਈ ਜਟਲਤਾ ਦਾ ਅਨੁਮਾਨ ਲਾ ਸਕਣਾ, ਸਾਧਾਰਣ ਮਨੁੱਖ ਲਈ ਸੰਭਵ ਨਹੀਂ। ਭਾਰਤੀ ਵਿਚਾਰ-ਵਿਧੀ ਅਨੁਸਾਰ ਮਨ, ਬਚਨ ਅਤੇ ਕਰਮ (ਜਾਂ ਸਰੀਰਕ ਚੇਸ਼ਟਾ) ਕੰਮ ਦੇ ਤਿੰਨ ਖੇਤਰ ਜਾਂ ਸਥਾਨ ਹਨ। ਹਰ ਕੰਮ ਜੋ ਸਾਨੂੰ ਸਰਲ ਜਿਹੀ ਸਰੀਰਕ ਚੇਸ਼ਟਾ ਜਾਂ ਹਰਕਤ ਮਾਲੂਮ ਹੁੰਦਾ ਹੈ, ਅਸਲ ਵਿੱਚ ਅਤਿਅੰਤ ਗੁੰਝਲਦਾਰ ਮਾਨਸਿਕ ਕਿਰਿਆ ਵਿੱਚੋਂ ਉਪਜਦਾ ਹੈ। ਕਿਸੇ ਪ੍ਰਵਿਰਤੀ ਭਾਵ ਜਾਂ ਵਿਚਾਰ ਨੇ ਮਨ ਦੇ ਕਿਸੇ ਭਾਗ ਵਿੱਚੋਂ ਜਨਮ ਲੈ ਕੇ ਸਰੀਰ ਦੇ ਕਿਸੇ ਭਾਗ ਨੂੰ ਕੁਝ ਕਰਨ ਲਈ

ਆਖਿਆ ਹੈ ਅਤੇ ਸਰੀਰ ਨੇ ਮਨ ਦੀ ਆਗਿਆ ਮੰਨਦਿਆਂ ਹੋਇਆਂ ਕੋਈ ਅਜਿਹੀ ਹਰਕਤ ਕੀਤੀ ਹੈ, ਜਿਸ ਨਾਲ ਮਨ ਦੁਆਰਾ ਚਾਹੀ ਗਈ ਕਿਰਿਆ ਹੋਂਦ ਵਿੱਚ ਆ ਜਾਣ ਕਾਰਨ ਕਿਸੇ ਮਨੋਰਥ ਦੀ ਸਿੱਧੀ ਦੀ ਆਸ ਕੀਤੀ ਗਈ ਹੈ। ਸਾਡੇ ਘਰ ਦੀ ਕੰਧ ਉੱਤੇ ਇੱਕ ਨਿੱਕਾ ਜਿਹਾ ਪੰਛੀ ਬੈਠਾ ਹੋਇਆ ਸੀ। ਪਤਾ ਨਹੀਂ ਕੁਦਰਤ ਦਾ ਇਹ ਸੰਗੀਤਕਾਰ ਕਿਸੇ ਰੱਬੀ ਰਾਗ ਦੀ ਸੁਰ ਅਲਾਪਣ ਆਇਆ ਸੀ ਜਾਂ ਭੁੱਖ ਦੇ ਦੁੱਖ ਦਾ ਸਤਾਇਆ ਹੋਇਆ ਚੁੰਝ ਭਰ ਚੋਗੇ ਦੀ ਆਸ ਲਾਈ ਬੈਠਾ ਸੀ। ਅਸੀਂ ਘਰੋਂ ਬਾਹਰ ਨਿਕਲੇ, ਸਾਡੇ ਪੈਰਾਂ ਦੀ ਆਵਾਜ਼ ਸੁਣ ਕੇ ਇਹ ਪੰਛੀ ਉੱਡ ਗਿਆ। ਸਾਡੇ ਨੇੜ ਨੂੰ ਉਸ ਨੇ ਆਪਣੀ ਹੋਂਦ ਲਈ ਇੱਕ ਖ਼ਤਰਾ ਜਾਣਿਆ; ਸ੍ਵੈ-ਰੱਖਿਆ ਦੀ ਪ੍ਰਵਿਰਤੀ ਨੇ ਭੈ ਦੇ ਭਾਵ ਨੂੰ ਜਗਾਇਆ; ਭੈ ਦੇ ਭਾਵ ਨੇ ਖੰਭਾਂ ਨੂੰ ਹੁਕਮ ਦਿੱਤਾ ਕਿ ਉਹ ਉਸ ਨੂੰ ਲੈ ਕੇ ਉੱਡ ਜਾਣ; ਖੰਭਾਂ ਨੇ ਹੁਕਮ ਮੰਨਿਆ ਅਤੇ ਉੱਡਣ ਲਈ ਖੁੱਲ੍ਹੇ; ਇਸ ਕੰਮ ਵਿੱਚ ਫਿਰ ਉਸ ਦੇ ਮਨ ਨੇ ਨਰਵ-ਤੰਤੂਆਂ ਰਾਹੀਂ ਉਸ ਦੀ ਸਹਾਇਤਾ ਕੀਤੀ ਅਤੇ ਉੱਡ ਜਾਣ ਦੀ ਕਿਰਿਆ ਹੋਂਦ ਵਿੱਚ ਆਉਣ ਕਾਰਨ ਸ੍ਵੈ-ਰੱਖਿਆ ਦਾ ਮਨੋਰਥ ਸਿਰੇ ਚੜ੍ਹਿਆ।

ਪ੍ਰਵਿਰਤੀਆਂ, ਭਾਵ, ਵਿਸ਼ਵਾਸ ਅਤੇ ਵਿਚਾਰ ਆਦਿਕ, ਸਭ ਕੁਝ ਮਨ ਦਾ ਰੂਪ-ਸਰੂਪ ਹੈ; ਇਹ ਮਨ ਦੀ ਘਾੜਤ ਹਨ। ਮਨ ਦਾ ਇਹ ਸਰੂਪ ਜਾਂ ਮਨ ਦੀ ਇਹ ਘਾੜਤ ਸਰੀਰ ਦੀ ਘੜੀ ਹੋਈ ਹੈ। ਸਰੀਰ ਅਤੇ ਮਨ ਵਿੱਚ ਮੋਹ ਦਾ ਰਿਸ਼ਤਾ ਹੈ। ਇਹ ਦੋਵੇਂ ਆਪਸੀ ਸੰਜੋਗ ਨੂੰ ਸਦੀਵੀ ਬਣਾਈ ਰੱਖਣਾ ਚਾਹੁੰਦੇ ਹਨ। ਵਿਛੋੜੇ ਨੂੰ ਇਹ ਮੌਤ ਮੰਨਦੇ ਹਨ। ਮਨ ਅਤੇ ਸਰੀਰ ਦੇ ਸੰਜੋਗ ਦੀ ਸਦੀਵਤਾ ਦੀ ਇੱਛਾ ਜਿਨ੍ਹਾਂ ਸਰੀਰਕ ਯਤਨਾਂ ਨੂੰ ਜਨਮ ਦਿੰਦੀ ਹੈ ਉਹ ਬਾਰ-ਬਾਰ ਦੁਹਰਾਏ ਜਾਣ ਉੱਤੇ ਮਨ ਦਾ ਸੁਭਾ ਜਾਂ ਪ੍ਰਵਿਰਤੀ ਬਣ ਜਾਂਦੇ ਹਨ। ਇਉਂ ਸਰੀਰ ਦੀਆਂ ਲੋੜਾਂ ਮਨ ਦੀ ਘਾੜਤ ਘੜਦੀਆਂ ਹਨ ਅਤੇ ਮਨ ਦੀ ਘਾੜਤ ਸਰੀਰ ਦਾ ਵਿਕਾਸ ਕਰਦੀ ਹੈ। ਵਿਕਸਿਤ ਸਰੀਰਕ ਘਾੜਤ ਮਨ ਅਤੇ ਸਰੀਰ ਦੇ ਸੰਜੋਗ (ਜਾਂ ਜੀਵਨ ਦੀ ਰੱਖਿਆ) ਲਈ ਵਧੇਰੇ ਯੋਗ ਯਤਨਾਂ ਦੀ ਸੰਭਾਵਨਾ ਪੈਦਾ ਕਰ ਕੇ ਮਨ ਵਿੱਚ ਉਨ੍ਹਾਂ ਯਤਨਾਂ ਦੀ ਇੱਛਾ ਪੈਦਾ ਕਰਦੀ ਹੈ। ਮਾਨਸਿਕ ਇੱਛਾ ਅਤੇ ਸਰੀਰਕ ਯਤਨਾਂ ਦੇ ਆਪਸੀ ਸੰਜੋਗ ਵਿੱਚੋਂ ਨਵੀਆਂ ਸਰੀਰਕ ਹਰਕਤਾਂ ਦੇ ਰੂਪ ਵਿੱਚ ਨਵੇਂ ਕੰਮ ਜਨਮ ਲੈਂਦੇ ਹਨ। ਮੈਂ ਸ਼ਾਇਦ ਇਹ ਕਹਿ ਗਿਆ ਹਾਂ ਕਿ "ਕੰਮ ਮਨ ਅਤੇ ਸਰੀਰ ਦੀ ਘਾੜਤ ਘੜਦਾ ਹੈ।" ਇਸੇ ਨੂੰ ਵਿਕਾਸ ਵੀ ਆਖਿਆ ਜਾਂਦਾ ਹੈ। ਮਨ ਦਾ ਪ੍ਰਵਿਰਤੀਆਂ, ਭਾਵਾਂ, ਵਿਚਾਰਾਂ, ਵਿਕਾਰਾਂ ਅਤੇ ਵਿਸ਼ਵਾਸਾਂ ਨਾਲ ਭਰਪੂਰ ਹੁੰਦੇ ਜਾਣਾ ਅਤੇ ਸਰੀਰ ਦਾ ਬਦਲ ਕੇ, ਵਿਕਸ ਕੇ, ਪਸ਼ੂ ਤੋਂ ਮਨੁੱਖ ਬਣਨਾ ਅਤੇ ਮਨ ਦੀਆਂ ਸਾਰੀਆਂ ਸੰਭਾਵਨਾਵਾਂ ਨੂੰ ਸਾਕਾਰ ਕਰਨ ਦੇ ਯੋਗ ਹੋਣਾ ਹੀ ਵਿਕਾਸ ਹੈ। ਹੁਣ ਮੈਂ ਸ਼ਾਇਦ ਇਹ ਕਹਿ ਰਿਹਾ ਹਾਂ ਕਿ "ਕੰਮ ਵਿਕਾਸ ਦਾ ਸਾਧਨ ਹੈ।"

ਸ੍ਵੈ-ਰੱਖਿਆ ਦੀ ਇੱਛਾ ਵਿਕਾਸ ਦੀ ਪ੍ਰੇਰਕ ਹੈ, ਕੰਮ ਵਿਕਾਸ ਦਾ ਸਾਧਨ ਹੈ ਅਤੇ ਇਸ ਸਾਧਨ ਦੀ ਵਰਤੋਂ ਮਨ, ਬਚਨ ਅਤੇ ਸਰੀਰ ਦੇ ਤਿੰਨ ਯੰਤਰਾਂ ਰਾਹੀਂ ਕੀਤੀ ਜਾਂਦੀ ਹੈ। ਬਚਨ ਜਾਂ ਬੋਲੀ ਵੀ ਸਰੀਰਕ ਕਿਰਿਆ ਹੈ, ਇਸ ਲਈ ਕੰਮ ਅਸਲ ਵਿੱਚ ਦੋ ਹੀ ਪ੍ਰਕਾਰ ਦਾ ਹੈ; ਇੱਕ ਮਾਨਸਿਕ ਅਤੇ ਦੂਜਾ ਸਰੀਰਕ। ਮਾਨਸਿਕ ਕਿਰਿਆ ਬਚਨ ਜਾਂ ਬੋਲੀ ਦਾ ਰੂਪ ਧਾਰਨ ਕੀਤੇ ਬਿਨਾਂ ਵੀ ਸਰੀਰਕ ਕਾਰਜ ਵਿੱਚ ਉਲਥਾਈ ਜਾ ਸਕਦੀ ਹੈ, ਪਰ ਜੀਵਨ ਦੇ ਕਈ ਰੂਪਾਂ ਵਿੱਚ, ਵਿਸ਼ੇਸ਼ ਕਰਕੇ ਮਨੁੱਖੀ ਜੀਵਨ ਵਿੱਚ ਕੰਮ ਦੇ ਸੂਖ਼ਮ ਮਾਨਸਿਕ ਰੂਪ ਅਤੇ ਸਥੂਲ ਸਰੀਰਕ ਰੂਪ ਦੇ ਵਿਚਕਾਰ ਕੰਮ ਦਾ ਇੱਕ ਤੀਜਾ ਭਾਸ਼ਾਈ ਰੂਪ ਵੀ ਪ੍ਰਗਟ ਹੋ ਪਿਆ ਹੈ, ਜਿਹੜਾ ਏਨਾ ਸੂਖ਼ਮ ਨਹੀਂ ਕਿ ਇੱਕ ਮਨ ਵਿੱਚੋਂ ਚੁੱਕ ਕੇ ਦੂਜੇ ਵਿੱਚ ਨਾ ਰੱਖਿਆ

ਜਾ ਸਕੇ ਅਤੇ ਏਨਾ ਸਥੂਲ ਵੀ ਨਹੀਂ ਕਿ ਸਰੀਰਕ ਕੰਮ ਵਾਂਗੂੰ, ਉਸ ਦੀ ਸਰੀਰ ਤੋਂ ਵੱਖਰੀ ਹੋਂਦ ਸਥਾਪਤ ਹੋ ਜਾਵੇ। ਇਉਂ ਕੰਮ ਦੇ ਤਿੰਨ ਰੂਪ ਹਨ—ਸੂਖ਼ਮ, ਸਥੂਲ ਅਤੇ ਨਾ-ਸੂਖ਼ਮ, ਨਾ-ਸਥੂਲ। ਇਨ੍ਹਾਂ ਤਿੰਨਾਂ ਰੂਪਾਂ ਦੇ ਤਿੰਨ ਵੱਖ-ਵੱਖ ਟਿਕਾਣੇ ਹਨ—ਮਨ, ਸਰੀਰ ਅਤੇ ਬਚਨ। ਇਨ੍ਹਾਂ ਨੂੰ ਇਨ੍ਹਾਂ ਦੇ ਰੂਪ ਅਨੁਸਾਰ ਤਰਤੀਬ ਦੇ ਕੇ ਮਨ, ਬਚਨ ਅਤੇ ਕਰਮ ਆਖ ਲਿਆ ਗਿਆ ਹੈ। ਭਾਰਤੀ ਵਿਚਾਰ-ਵਿਧੀ ਅਨੁਸਾਰ ਇਹ ਆਖਿਆ ਜਾਂਦਾ ਹੈ ਕਿ ਕੰਮ ਦੇ ਤਿੰਨ ਰੂਪ ਜਾਂ ਟਿਕਾਣੇ ਹਨ—ਮਨ, ਬਚਨ ਅਤੇ ਕਰਮ। ਪੱਛਮੀ ਵਿਚਾਰਵਾਨਾਂ ਨੂੰ ਵੀ ਵਿਚਾਰ, ਵਾਣੀ ਅਤੇ ਕਾਰਜ (thought, word and action) ਦੇ ਰੂਪ ਵਿੱਚ ਕੀਤੀ ਗਈ ਉਪਰੋਕਤ ਵੰਡ ਓਪਰੀ ਨਹੀਂ ਲੱਗਣੀ ਚਾਹੀਦੀ।

ਮਨ ਅਤੇ ਬਚਨ (ਬੋਲੀ) ਨਾਲ ਕੰਮ ਦਾ ਰਿਸ਼ਤਾ ਕਰ (ਹੱਥ) ਨਾਲੋਂ ਕਿਸੇ ਤਰ੍ਹਾਂ ਵੀ ਘੱਟ ਮਹੱਤਵਪੂਰਨ ਨਹੀਂ ਤਾਂ ਵੀ ਹੱਥਾਂ ਨਾਲ ਕੰਮ ਦਾ ਸੰਬੰਧ ਏਨਾ ਕੁਦਰਤੀ ਅਤੇ ਪ੍ਰਗਟ ਹੈ ਕਿ ਜਿਸ ਕਿਰਿਆ ਵਿੱਚ ਹੱਥਾਂ ਨੂੰ ਪ੍ਰਧਾਨਤਾ ਪ੍ਰਾਪਤ ਨਹੀਂ, ਉਸ ਕਿਰਿਆ ਨੂੰ ਕੰਮ ਕਹਿਣਾ ਜ਼ਰਾ ਓਪਰਾ ਲੱਗਦਾ ਹੈ। ਇਉਂ ਮੰਨਿਆ ਜਾਂਦਾ ਹੈ ਕਿ ਪਸ਼ੂਆਂ ਦੇ ਹੱਥ ਨਹੀਂ ਹੁੰਦੇ। ਉਨ੍ਹਾਂ ਕੋਲ ਚਾਰ ਪੈਰ ਹੀ ਹੁੰਦੇ ਹਨ ਅਤੇ ਇਸ ਕਰਕੇ ਉਨ੍ਹਾਂ ਨੂੰ ਚੌਪਾਏ ਭਾਵ ਚਹੁੰ ਪੈਰਾਂ ਵਾਲੇ ਆਖਿਆ ਜਾਂਦਾ ਹੈ। ਚੌਪਾਇਆਂ ਦੁਆਰਾ ਕੀਤੀ ਜਾਣ ਵਾਲੀ ਕਿਰਿਆ ਨੂੰ ਵੀ ਓਨਾ ਚਿਰ ਕੰਮ ਨਹੀਂ ਮੰਨਿਆ ਜਾਂਦਾ, ਜਿੰਨਾ ਚਿਰ ਉਹ ਕਿਰਿਆ ਮਨੁੱਖ ਦੀ ਸਹਾਇਤਾ ਨਾਲ ਅਤੇ ਉਸ ਦੀ ਅਗਵਾਈ ਵਿੱਚ ਨਾ ਕੀਤੀ ਗਈ ਹੋਵੇ। ਬਨਮਾਣਸ ਅਤੇ ਗੁਰੀਲੇ ਆਪਣੇ ਹੱਥਾਂ ਦੀ ਵਿਸ਼ੇਸ਼ ਵਰਤੋਂ ਕਰਨ ਦੇ ਯੋਗ ਹੋ ਗਏ ਹੁੰਦੇ ਹਨ ਜਿਸ ਕਰਕੇ ਉਨ੍ਹਾਂ ਦੁਆਰਾ ਕੰਮ ਦਾ ਕੀਤਾ ਜਾਣਾ ਸੰਭਵ ਹੈ। ਕੰਮ ਉੱਤੇ 'ਹੱਥ' ਅਤੇ ਆਪਣੇ ਹੱਥਾਂ ਦੀ ਵਿਸ਼ੇਸ਼ ਬਨਾਵਟ ਕਰਕੇ 'ਮਨੁੱਖ' ਦਾ ਅਧਿਕਾਰ ਪਰਵਾਨ ਕਰ ਲਿਆ ਗਿਆ ਹੈ ਅਤੇ ਜਦੋਂ ਵੀ ਕੰਮ ਦੇ 'ਕਰਨ ਵਾਲੇ' ਦੀ ਕਲਪਨਾ ਕੀਤੀ ਜਾਂਦੀ ਹੈ, ਉਹ ਮਨੁੱਖੀ ਆਕਾਰ ਦੀ ਕਲਪਨਾ ਹੁੰਦੀ ਹੈ; ਕਿਸੇ ਪਸ਼ੂ ਜਾਂ ਮਸ਼ੀਨ ਦੀ ਨਹੀਂ।

ਮਨੁੱਖ ਦੇ ਸਾਰੇ ਸਮਾਜਕ ਵਿਕਾਸ ਅਤੇ ਅਰਥ ਅਤੇ ਅਰਥ ਦੀ ਉਤਪਤੀ ਲਈ ਕੀਤੇ ਜਾਣ ਵਾਲੇ ਕੰਮ ਦਾ ਉਚੇਚਾ ਮਹੱਤਵ ਹੈ। ਸਮੇਂ ਦੇ ਬੀਤਣ ਨਾਲ ਸਮਾਜਕ ਢਾਂਚਾ ਵਧੇਰੇ ਗੁੰਝਲਦਾਰ ਹੁੰਦਾ ਗਿਆ ਹੈ ਅਤੇ ਗੁੰਝਲਦਾਰ ਸਮਾਜਕ ਪ੍ਰਬੰਧ ਨੂੰ ਚਲਾਉਣ ਲਈ ਅਨੇਕਾਂ ਪ੍ਰਕਾਰ ਦੇ ਕੰਮਾਂ ਅਤੇ ਕਿੱਤਿਆਂ ਦੀ ਨੁਹਾਰ ਉਘੜਦੀ ਗਈ ਹੈ। ਕਿਸੇ ਵੀ ਕੰਮ ਨੂੰ ਪੂਰੀ ਨਿਪੁੰਨਤਾ ਨਾਲ ਕਰਨ ਦੇ ਯੋਗ ਹੋਣ ਲਈ ਸਿਖਲਾਈ ਦੀ ਲੋੜ ਹੈ। ਮੱਧਕਾਲ ਵਿੱਚ ਕੰਮਾਂ ਦੀ ਸਿਖਲਾਈ ਲਈ ਉਚੇਚੇ ਸਿੱਖਿਆ ਕੇਂਦਰ ਜਾਂ ਸਕੂਲ ਨਹੀਂ ਸਨ ਬਣਾਏ ਗਏ। ਕਿੱਤਿਆਂ ਦੀ ਸਿਖਲਾਈ ਦਾ ਕੰਮ ਪਰਿਵਾਰਾਂ ਵਿੱਚ ਵਡੇਰਿਆਂ ਰਾਹੀਂ ਕੀਤਾ ਜਾਂਦਾ ਹੋਣ ਕਰਕੇ ਕੰਮਾਂ ਦੇ ਆਧਾਰ ਉੱਤੇ ਸਮਾਜਾਂ ਵਿੱਚ ਸ਼੍ਰੇਣੀਆਂ ਜਾਂ ਬਰਾਦਰੀਆਂ ਉਪਜੀਆਂ ਹਨ। ਸਮਾਜ ਵਿਚਲੀ ਸ਼੍ਰੇਣੀ-ਵੰਡ ਦਾ ਆਧਾਰ ਵੀ ਕੰਮ ਹੀ ਹੈ। ਹੁਣ ਮਸ਼ੀਨ ਦੀ ਮਿਹਰਬਾਨੀ ਨਾਲ ਕੰਮਾਂ ਦੀ ਰੂਪ-ਰੇਖਾ ਅਤਿਅੰਤ ਗੁੰਝਲਦਾਰ ਹੋ ਗਈ ਹੈ। ਹਰ ਇੱਕ ਕੰਮ ਵਿੱਦਿਆ ਅਤੇ ਸਿਖਲਾਈ ਦੀ ਮੰਗ ਕਰਦਾ ਹੈ। ਅਜੋਕੇ ਕੰਮਾਂ ਦੀ ਸਿਖਲਾਈ ਦਾ ਕੰਮ ਪਰਿਵਾਰਾਂ ਵਿੱਚ ਕੀਤਾ ਜਾਣਾ ਸੰਭਵ ਨਹੀਂ। ਹੁਣ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ, ਸਿਖਲਾਈ ਕੇਂਦਰਾਂ ਅਤੇ ਲਿਬਾਰੇਟ੍ਰੀਆਂ ਦੀ ਲੋੜ ਹੈ। ਇਸ ਲਈ ਮਸ਼ੀਨੀ ਸਮਾਜਾਂ ਦੀ ਸ਼੍ਰੇਣੀ-ਵੰਡ ਜਨਮ-ਆਧਾਰਿਤ ਨਹੀਂ ਰਹੀ, ਸਗੋਂ ਕੇਵਲ ਕੰਮ ਉੱਤੇ ਆਧਾਰਿਤ ਹੈ। ਇਹ ਸ਼੍ਰੇਣੀ-ਵੰਡ ਏਨੀ ਸੂਖ਼ਮ ਅਤੇ ਪੇਚਦਾਰ ਹੋ ਚੁੱਕੀ ਹੈ ਕਿ 'ਦਰਦ ਦੇ ਹੱਦੋਂ ਵਧ ਕੇ ਦਵਾ ਹੋ ਜਾਣ' ਵਾਂਗ ਆਪ ਹੀ ਆਪਣੀ ਸਮਾਪਤੀ ਦਾ ਕਾਰਣ ਬਣਦੀ ਜਾ ਰਹੀ ਹੈ।

ਇਹ ਠੀਕ ਹੈ ਕਿ ਮੱਧਕਾਲ ਜਾਂ ਪੁਰਾਤਨ ਕਾਲ ਵਿੱਚ ਬਰਾਦਰੀਆਂ ਜਾਂ ਜ਼ਾਤਾਂ ਵਿੱਚ ਕੀਤੀ ਗਈ ਸ਼੍ਰੇਣੀ-ਵੰਡ ਅਜੋਕੇ ਮਸ਼ੀਨੀ ਸਮਾਜਾਂ ਲਈ ਨਾ ਸਤਿਕਾਰਯੋਗ ਹੈ, ਨਾ ਸੁੰਦਰ। ਪਰ ਇਹ ਵੀ ਸੱਚ ਹੈ ਕਿ ਬਰਾਦਰੀਆਂ ਵਿੱਚ ਵੰਡੇ ਹੋਏ ਸਮਾਜਾਂ ਦੇ ਵਿਅਕਤੀ ਆਪਣੇ ਆਪੇ ਤੋਂ ਏਨੇ ਬੇ-ਪਛਾਣ ਨਹੀਂ ਸਨ ਹੁੰਦੇ, ਜਿੰਨੇ ਅਜੋਕੇ ਮਸ਼ੀਨੀ ਸਮਾਜਾਂ ਦੇ ਵਿਅਕਤੀ, ਅੱਜ ਹਨ। ਉਦੋਂ ਹਰ ਕਿਸੇ ਨੂੰ ਭਰੋਸੇ ਨਾਲ ਇਹ ਪਤਾ ਹੁੰਦਾ ਸੀ ਕਿ ਸਮਾਜ ਵਿੱਚ ਮੇਰੀ ਥਾਂ ਕੀ ਹੈ, ਮੈਂ ਕੌਣ ਹਾਂ; ਅਤੇ ਮੇਰਾ ਵਾਹ ਕਿਨ੍ਹਾਂ ਨਾਲ ਹੈ। ਉਹ ਜਨਮ ਤੋਂ ਹੀ ਅਜਿਹੇ ਵਾਤਾਵਰਣ ਵਿੱਚ ਵਿਚਰਨਾ ਆਰੰਭ ਕਰ ਦਿੰਦਾ ਸੀ ਜਿਸ ਨੇ ਅੰਤ ਤਕ ਉਸ ਦਾ ਸਾਥ ਦੇਣਾ ਹੁੰਦਾ ਸੀ। ਉਸ ਦੇ ਵਿਚਾਰ, ਵਿਸ਼ਵਾਸ, ਸਨੇਹ, ਸੰਬੰਧ, ਸੁਹਜ ਅਤੇ ਸੁਆਦ ਸਾਰੇ ਦੇ ਸਾਰੇ ਸਦੀਵੀ ਹੁੰਦੇ ਸਨ। ਉਸ ਦਾ ਪਰਿਵਾਰ ਅਤੇ ਉਸ ਦੀ ਬਰਾਦਰੀ ਉਸ ਦੀ ਰੱਖਿਆ ਦੇ ਜ਼ਾਮਨ ਸਨ। ਉਹ ਪਲ ਪਲ ਟੁੱਟਣ ਅਤੇ ਬਣਨ ਦੇ ਤੌਖਲੇ ਵਿੱਚ ਨਹੀਂ ਸੀ ਹੁੰਦਾ। ਉਸ ਦੇ ਕਿੱਤੇ ਦੀ ਸਿਖਲਾਈ ਅਤੇ ਉਸ ਦਾ ਰੋਜ਼ਗਾਰ ਉਸ ਲਈ ਹਵਾ ਅਤੇ ਪਾਣੀ ਵਾਂਗ ਰੱਬੀ ਰਹਿਮਤ ਦੇ ਰੂਪ ਵਿੱਚ ਉਸ ਦੇ ਆਸ-ਪਾਸ ਪੱਸਰੇ ਹੋਏ ਹੁੰਦੇ ਸਨ। ਉਸ ਦੁਆਰਾ ਕੀਤਾ ਜਾਣ ਵਾਲਾ ਕੰਮ ਉਸ ਦੇ ਆਚਰਣ, ਉਸ ਦੇ ਸੁਭਾ, ਉਸ ਦੀ ਹੋਂਦ ਦਾ ਹਿੱਸਾ ਹੁੰਦਾ ਸੀ। ਉਹ ਤਨਖ਼ਾਹ ਦੇ ਪੈਸਿਆਂ ਲਈ ਆਪਣੀ ਵਿੱਦਿਆ, ਆਪਣੀ ਸਿਖਲਾਈ ਅਤੇ ਆਪਣੇ ਸਮੇਂ ਦਾ ਸੌਦਾ ਨਹੀਂ ਸੀ ਕਰਦਾ। ਮਸ਼ੀਨੀ ਸਮਾਜ ਦੇ ਕਾਮੇ ਬਾਰੇ ਆਖੀ ਹੋਈ ਕਾਰਲ ਮਾਰਕਸ ਦੀ ਹੇਠ ਲਿਖੀ ਗੱਲ ਉਸ ਉੱਤੇ ਲਾਗੂ ਨਹੀਂ ਹੁੰਦੀ :

"ਇੱਕ ਕਾਮਾ ਜਦੋਂ ਕੰਮ ਕਰ ਰਿਹਾ ਹੁੰਦਾ ਹੈ ਉਦੋਂ ਨਿਰ-ਉਚੇਚ ਅਤੇ ਨਿਸਚਿੰਤ ਨਹੀਂ ਮਹਿਸੂਸ ਕਰਦਾ। ਉਸ ਦੇ ਆਪੇ ਅਤੇ ਉਸ ਦੇ ਕੰਮ ਵਿਚਕਾਰ ਇੱਕ ਓਪਰਾਪਨ ਸਦਾ ਮੌਜੂਦ ਰਹਿੰਦਾ ਹੈ। ਉਹ ਆਪਣੇ ਆਪੇ ਵਿੱਚ ਅਤੇ ਸੁਖੀ ਓਦੋਂ ਹੁੰਦਾ ਹੈ ਜਦੋਂ ਕੰਮ ਨਾ ਕਰ ਰਿਹਾ ਹੋਵੇ। ਉਹ ਆਪਣੀ ਇੱਛਾ ਅਤੇ ਖ਼ੁਸ਼ੀ ਨਾਲ ਕੰਮ ਨਹੀਂ ਕਰਦਾ, ਸਗੋਂ ਉਸ ਕੋਲੋਂ ਜ਼ਬਰਦਸਤੀ ਕੰਮ ਕਰਵਾਇਆ ਜਾਂਦਾ ਹੈ। ਇਸ ਲਈ ਕੰਮ ਉਸ ਲਈ ਕਿਸੇ ਮਾਨਸਿਕ ਤਸੱਲੀ ਦਾ ਸੋਮਾ ਨਹੀਂ, ਸਗੋਂ ਸੰਸਾਰਕ ਲੋੜਾਂ ਦੀ ਪੂਰਤੀ ਦਾ ਸਾਧਨ ਮਾਤ੍ਰ ਹੈ।"[1]

ਕਿਸੇ ਸਭਿਅ ਸਮਾਜ ਦੇ ਵਿਅਕਤੀ ਲਈ ਇਹ ਸੰਭਵ ਨਹੀਂ ਕਿ ਉਸ ਦਾ ਸਾਰਾ ਕੰਮ ਨਿਰੋਲ ਆਪਣੇ ਲਈ ਕੀਤਾ ਗਿਆ ਹੋਵੇ। ਕੇਵਲ ਪਸ਼ੂ-ਪੱਧਰ ਉੱਤੇ ਜੀਵੇ ਜਾਣ ਵਾਲੇ ਜੰਗਲੀ ਜੀਵਨ ਵਿੱਚ ਹੀ ਅਜਿਹਾ ਹੋ ਸਕਣਾ ਸੰਭਵ ਹੈ। ਸਭਿਅ ਸਮਾਜ ਦਾ ਹਿੱਸਾ ਬਣ ਜਾਣ ਉੱਤੇ ਪਸ਼ੂ ਵੀ ਆਪਣੇ ਲਈ ਕੰਮ ਨਹੀਂ ਕਰਦੇ, ਸਗੋਂ ਦੂਜਿਆਂ ਲਈ ਕਰਦੇ ਹਨ। ਇੱਕ ਕਿਸਾਨ ਦਾ ਬਲਦ ਤੇਲੀ ਦੇ ਉਸ ਬਲਦ ਲਈ ਭੋਜਨ ਪੈਦਾ ਕਰਨ ਵਿੱਚ ਸਹਾਈ ਹੋ ਰਿਹਾ ਹੁੰਦਾ ਹੈ, ਜਿਹੜਾ ਤਿਲਾਂ ਵਿੱਚੋਂ ਉਹ ਤੇਲ ਕੱਢਣ ਵਿੱਚ ਸਹਾਈ ਹੋ ਰਿਹਾ ਹੈ, ਜਿਹੜਾ ਆਉਂਦੇ ਸਿਆਲ ਕਿਸਾਨ ਨੇ ਆਪਣੇ ਬਲਦ ਨੂੰ ਚਾਰਨਾ ਹੁੰਦਾ ਹੈ। ਮਨੁੱਖੀ ਸਮਾਜ ਸਰਲਤਾ ਵੱਲੋਂ ਜਟਲਤਾ ਵੱਲ ਵਿਕਾਸ ਕਰਦੇ ਗਏ ਹਨ। ਜੰਗਲੀ ਮਨੁੱਖ ਦਾ ਕੰਮ ਜਾਂ ਲਗਭਗ ਸਾਰਾ ਕੰਮ ਆਪਣੇ ਲਈ ਜਾਂ ਆਪਣੇ ਬੱਚਿਆਂ ਲਈ ਹੁੰਦਾ ਸੀ। ਪੁਰਾਤਨ ਸਰਲ ਸਮਾਜਾਂ ਵਿੱਚ

1. The worker feels himself at home only outside his work and feels absent from himself in his work. He feels at home when he is not working and not at home when he is working. His work is not freely consented to, but is a constrained, forced labour. Work is thus not a satisfaction of a need, but only a means to satisfy needs outside work. *—Marx*

ਵਿਅਕਤੀ ਦੇ ਕੰਮ ਦਾ ਚੋਖਾ ਭਾਗ ਆਪਣੇ ਲਈ ਹੁੰਦਾ ਸੀ। ਜਿਵੇਂ-ਜਿਵੇਂ ਸਮਾਜਕ ਵਿਕਾਸ ਹੁੰਦਾ ਗਿਆ ਹੈ, ਤਿਵੇਂ-ਤਿਵੇਂ ਵਿਅਕਤੀ ਦੇ ਕੰਮ ਵਿੱਚੋਂ ਉਸ ਦਾ ਆਪਣਾ ਹਿੱਸਾ ਘਟਦਾ ਗਿਆ ਹੈ। ਅਜੋਕੇ ਗੁੰਜਲਦਾਰ ਮਸ਼ੀਨੀ ਸਮਾਜਾਂ ਦਾ ਵਿਅਕਤੀ ਆਪਣੇ ਲਈ ਕੁਝ ਨਹੀਂ ਕਰਦਾ। ਹਰ ਕੋਈ ਆਪਣੇ ਕੰਮ ਨਾਲ ਦੂਜਿਆਂ ਦੀ ਲੋੜ ਦੀ ਚੀਜ਼ ਉਪਜਾਉਂਦਾ ਹੈ। ਆਪਣੇ ਲਈ ਜਾਂ ਆਪਣੇ ਬੱਚਿਆਂ ਲਈ ਉਹ ਦੂਜਿਆਂ ਦੁਆਰਾ ਬਣਾਈਆਂ ਹੋਈਆਂ ਚੀਜ਼ਾਂ ਦੀ ਖ਼ਰੀਦਾਰੀ (shopping) ਕਰਦਾ ਹੈ। ਕੇਵਲ ਸ਼ਾਪਿੰਗ ਹੀ ਇੱਕ ਅਜਿਹਾ ਕੰਮ ਹੈ, ਜਿਹੜਾ ਮਸ਼ੀਨੀ ਸਮਾਜਾਂ ਦੇ ਵਿਅਕਤੀ ਆਪਣੇ ਲਈ ਕਰਦੇ ਹਨ। ਜਿਹੜੇ ਇਸ ਕੰਮ ਵਿੱਚ ਦਿਲਚਸਪੀ ਨਹੀਂ ਲੈਂਦੇ, ਉਹ ਜੀਵਨ ਨਾਲ ਰੁੱਸੇ ਹੋਏ, ਹੰਕਾਰੀ ਸਮਝੇ ਜਾਣੇ ਚਾਹੀਦੇ ਹਨ।

ਹੰਕਾਰ ਦਾ ਕੰਮ ਨਾਲ ਨਜ਼ਦੀਕੀ ਰਿਸ਼ਤਾ ਹੈ; ਇਸ ਲਈ ਇਸ ਬਾਰੇ ਇੱਥੇ ਕੁਝ ਆਖਿਆ ਜਾਣਾ ਓਪਰਾ ਨਹੀਂ ਹੋਵੇਗਾ। ਹੰਕਾਰ ਜਾਂ ਅਹੰਕਾਰ 'ਅਹਮ' ਅਤੇ 'ਕਾਰ' ਦੋ ਸ਼ਬਦਾਂ ਦਾ ਯੋਗ ਭਾਸਦਾ ਹੈ। 'ਅਹਮ' ਜਾਂ 'ਅਹੰ' ਦਾ ਭਾਵ ਹੈ—ਕਿਸੇ ਜੀਵ ਦਾ 'ਆਪਾ'; ਅਤੇ 'ਕਾਰ' ਕਹਿੰਦੇ ਹਨ 'ਲਕੀਰ' ਨੂੰ। ਇਸ ਲਈ ਅਹੰਕਾਰ ਜਾਂ ਹੰਕਾਰ ਦਾ ਭਾਵ ਹੈ—ਆਪਣੇ ਆਪੇ ਦੇ ਆਲੇ-ਦੁਆਲੇ ਖਿੱਚੀ ਹੋਈ ਲਕੀਰ। ਹੰਕਾਰੀ ਉਹ ਹੈ ਜਿਸ ਨੇ ਆਪਣੇ ਆਪੇ ਦੇ ਉਦਾਲੇ ਲਕੀਰ ਖਿੱਚ ਕੇ ਉਸ ਨੂੰ ਹੋਰਾਂ ਨਾਲੋਂ ਨਿਵੇਕਲਾ ਕਰ ਲਿਆ ਹੈ। ਆਪਣੀ ਵੱਖਰੀ ਹੋਂਦ ਦੀ ਚੇਤਨਾ ਹਰ ਜੀਵਧਾਰੀ ਵਿੱਚ ਹੈ ਅਤੇ ਇਸ ਚੇਤਨਾ ਨੂੰ ਹਉਮੈ ਆਖਿਆ ਜਾਂਦਾ ਹੈ। ਇਸ ਸੂਖਮ ਚੇਤਨਾ ਦਾ ਸਥੂਲ ਪ੍ਰਗਟਾਵਾ 'ਹੰਕਾਰ' ਹੈ। ਹਰ ਜੀਵਧਾਰੀ ਦਾ ਹਰ ਕੰਮ ਆਪਣੀ ਹੋਂਦ ਦੀ ਸੂਖਮ ਚੇਤਨਾ ਜਾਂ 'ਹਉਮੈ' ਵਿੱਚੋਂ ਉਪਜਦਾ ਹੈ। ਪਰ ਇਹ ਸਭ ਕੁਝ ਸਹਿਜ-ਸੁਭਾ ਹੁੰਦਾ ਹੈ। ਇੱਕ ਸ਼੍ਰੇਣੀ ਦੇ ਸਾਰੇ ਜੀਵਾਂ ਵਿੱਚ ਹਉਮੈ ਦੀ ਇੱਕੋ ਜਿਹੀ ਚੇਤਨਾ ਜਾਂ ਲਗਭਗ ਇੱਕੋ ਜਿਹੀ ਚੇਤਨਾ, ਇੱਕੋ ਜਿਹੇ ਵਤੀਰੇ ਜਾਂ ਲਗਭਗ ਇੱਕੋ ਜਿਹੇ ਵਤੀਰੇ ਰਾਹੀਂ ਵਿਅਕਤ ਹੁੰਦੀ ਹੈ ਅਤੇ ਹਉਮੈ ਦਾ ਇਹ ਪ੍ਰਗਟਾਵਾ ਅਹੰਕਾਰ ਜਾਂ ਹੰਕਾਰ ਨਹੀਂ ਆਖਿਆ ਜਾਂਦਾ। ਜਦੋਂ ਕਿਸੇ ਜੀਵ ਦੀ ਹਉਮੈ ਉਸ ਦੀ ਸ਼੍ਰੇਣੀ ਦੇ ਬਾਕੀ ਜੀਵਾਂ ਦੀ ਹਉਮੈ ਨਾਲੋਂ ਵੱਖਰੇ ਅਤੇ ਵਡੇਰੇ ਰੂਪ ਵਿੱਚ ਵਿਅਕਤ ਹੋਣ ਦਾ ਯਤਨ ਕਰਦੀ ਹੈ, ਉਦੋਂ ਉਸ ਜੀਵ ਨੂੰ ਹੰਕਾਰੀ ਆਖਿਆ ਜਾਂਦਾ ਹੈ। ਇਉਂ ਕੇਵਲ ਮਨੁੱਖਾਂ ਵਿੱਚ ਹੀ 'ਹੁੰਦਾ' ਅਤੇ 'ਹੋ ਸਕਦਾ ਹੈ'। ਇਸ ਲਈ ਹੰਕਾਰੀ ਹੋਣਾ ਕੇਵਲ ਮਨੁੱਖ ਦੇ ਹਿੱਸੇ ਆਇਆ ਹੈ।

ਸਭਿਅ ਸਮਾਜਾਂ ਦੇ ਵਿਅਕਤੀ ਵਿੱਦਿਆ, ਵਸਤਰ, ਵਡਿਆਈ, ਧਨ, ਖ਼ਾਨਦਾਨ, ਰੁਤਬੇ, ਰੂਪ, ਰਿਹਾਇਸ਼, ਗੁਣ, ਸ਼ਕਤੀ ਅਤੇ ਅਧਿਕਾਰ ਆਦਿਕ ਕਈ ਪ੍ਰਕਾਰ ਦੀਆਂ ਲਕੀਰਾਂ ਖਿੱਚ ਕੇ ਆਪਣੇ ਅਹੰ ਨੂੰ ਹੰਕਾਰ ਦਾ ਰੂਪ (ਜਾਂ ਕੁਰੂਪ) ਦੇ ਲੈਂਦੇ ਹਨ ਪਰ ਸਭਿਅਤਾ ਦੇ ਆਰੰਭ ਵਿੱਚ ਕੰਮ ਤੋਂ ਸਿਵਾ ਕੁਝ ਵੀ ਅਜਿਹਾ ਨਹੀਂ ਸੀ ਜਿਹੜਾ ਮਨੁੱਖ ਦੇ ਅਹੰਮ ਦੁਆਲੇ ਕਾਰ (ਜਾਂ ਲਕੀਰ) ਬਣ ਕੇ ਉਸ ਨੂੰ ਹੰਕਾਰੀ ਹੋਣ ਦਾ ਮਾਣ ਦੇ ਸਕੇ। ਇਸ ਲਈ ਕੰਮ ਦੀ ਕਾਰ ਖਿੱਚ ਕੇ ਮਨੁੱਖ ਨੇ ਆਪਣੇ ਆਪ ਨੂੰ, ਆਪਣੀ ਵੱਖਰੀ ਹੋਂਦ ਦੀ ਚੇਤਨਾ ਨੂੰ, ਦੂਜੇ ਜੀਵਾਂ ਨਾਲੋਂ ਵੱਖਰੇ ਰੂਪ ਵਿੱਚ ਵਿਅਕਤ ਕੀਤਾ। ਮਨੁੱਖੀ ਹੰਕਾਰ ਦਾ ਪਹਿਲਾ ਵਾਰ ਉਨ੍ਹਾਂ ਪਸ਼ੂਆਂ ਉੱਤੇ ਹੋਇਆ, ਜਿਨ੍ਹਾਂ ਨੂੰ ਉਹ ਕਿਸਾਨੇ ਕੰਮ ਵਿੱਚ ਵਰਤ ਸਕਦਾ ਸੀ। ਉਸ ਸਮੇਂ ਮਨੁੱਖ ਦੀ ਸ਼ਕਤੀ ਸੀਮਿਤ ਸੀ ਅਤੇ ਆਪਣੀ ਨਿਰਬਲਤਾ ਦਾ ਅਹਿਸਾਸ ਉੱਕਾ ਅਲੋਪ ਨਹੀਂ ਸੀ ਹੋਇਆ, ਜਿਸ ਕਰਕੇ ਮਨੁੱਖੀ ਹੰਕਾਰ ਏਨਾ ਕੁਰੂਪ ਨਹੀਂ ਸੀ ਕਿ ਪਸ਼ੂਆਂ ਅਤੇ ਮਨੁੱਖਾਂ ਵਿਚਕਾਰ ਸੁੰਦਰ ਸੰਬੰਧ ਨਾ ਸਥਾਪਤ ਹੁੰਦੇ। ਧਰਤੀ ਉੱਤੇ ਕਈ ਥਾਈਂ ਪਸ਼ੂ ਅਤੇ ਮਨੁੱਖ ਦੀ ਮਿੱਤ੍ਰਤਾ ਪੂਜਾ ਅਤੇ ਭਗਤੀ ਤਕ ਵੀ ਪੁੱਜੀ ਹੈ।

ਸਾਡੀ ਧਰਤੀ ਉੱਤੇ ਅਜਿਹੇ ਮਨੁੱਖ ਅਤੇ ਮਨੁੱਖੀ ਸਮਾਜ ਵੀ ਹੋਏ ਹਨ, ਜਿਨ੍ਹਾਂ ਦੇ ਹੰਕਾਰ ਨੇ ਪਸ਼ੂਆਂ ਨਾਲ ਰਲ-ਮਿਲ ਕੇ ਕੰਮ ਕਰਨ ਨੂੰ ਆਪਣੇ ਲਈ ਨਿਰਾਦਰ ਦੀ ਗੱਲ ਮੰਨਿਆ ਹੈ। ਇਹ ਉਦੋਂ ਸ਼ੁਰੂ ਹੋਇਆ ਸੀ ਜਦੋਂ ਸਭਿਅਤਾ ਦੀ ਸੇਧੇ ਤੁਰਦਾ ਹੋਇਆ ਮਨੁੱਖ ਰਾਜਾਂ-ਸਮਾਜਾਂ ਦੇ ਪੜਾਅ ਉੱਤੇ ਪੁੱਜ ਗਿਆ ਸੀ। ਉਦੋਂ ਮਨੁੱਖ ਸੁਹਣੇ ਘਰਾਂ ਦੀ ਉਸਾਰੀ ਕਰਨ ਲੱਗ ਪਿਆ ਸੀ; ਸੁਹਣੇ ਵਸਤਰ ਉਣਨੇ ਉਸ ਨੂੰ ਆ ਗਏ ਸਨ; ਦੂਰ-ਦੁਰਾਡੇ ਦੇਸ਼ਾਂ ਨਾਲ ਵਪਾਰਕ ਸੰਬੰਧ ਵੀ ਜੁੜ ਗਏ ਸਨ; ਜਹਾਜ਼ਾਂ ਦੀ ਸਹਾਇਤਾ ਨਾਲ ਸਮੁੰਦਰਾਂ ਨੂੰ ਪਾਰ ਕਰ ਲੈਣ ਦੀ ਸਮਰੱਥਾ ਵੀ ਪੈਦਾ ਹੋ ਗਈ ਸੀ; ਵਿਸ਼ਾਲ ਸੈਨਾਵਾਂ ਨਾਲ ਭਿਆਨਕ ਯੁੱਧਾਂ ਦੁਆਰਾ ਦੇਸ਼ਾਂ ਨੂੰ ਜਿੱਤ ਕੇ ਉੱਥੋਂ ਦੇ ਵਸਨੀਕਾਂ ਨੂੰ ਆਪਣੀ ਈਨ ਮੰਨਣ ਲਈ ਮਜਬੂਰ ਕਰਨ ਵਿੱਚ ਅਲੌਕਿਕ ਖ਼ੁਸ਼ੀ ਮਹਿਸੂਸ ਹੋਣ ਲੱਗ ਪਈ ਸੀ। ਆਪਣੇ ਵਰਗੇ ਮਨੁੱਖਾਂ ਨੂੰ ਜਿੱਤ ਕੇ, ਝੁਕਾ ਕੇ ਸ਼ਰਮਸਾਰ ਕਰ ਕੇ ਖ਼ੁਸ਼ ਹੋਣ ਵਾਲੇ ਮਨੁੱਖਾਂ ਨੂੰ ਇਹ ਕਿਵੇਂ ਮਨਜ਼ੂਰ ਹੋ ਸਕਦਾ ਸੀ ਕਿ ਉਹ ਪਸ਼ੂਆਂ ਨਾਲ, ਪਸ਼ੂਆਂ ਵਾਂਗ, ਕੰਮ ਵੀ ਕਰਨ। ਯੂਨਾਨ ਦੇ ਨਗਰ ਰਾਜਾਂ ਦੇ ਨਾਗਰਿਕ ਯੁੱਧ ਵਿੱਚੋਂ ਭੱਜਣ ਅਤੇ ਜੀਵਨ ਦੇ ਨਿਰਬਾਹ ਲਈ ਕੋਈ ਕਾਰੋਬਾਰ ਕਰਨ ਨੂੰ ਵੱਡੀ ਨਮੋਸ਼ੀ ਵਾਲੀ ਗੱਲ ਸਮਝਦੇ ਸਨ। ਯੂਨਾਨੀਆਂ ਤੋਂ ਪਿੱਛੋਂ ਰੋਮਨ ਵੀ ਇਸੇ ਰਸਤੇ ਤੁਰੇ ਰਹੇ ਹਨ। ਇਨ੍ਹਾਂ ਦੇ ਸਾਰੇ ਕੰਮ ਗ਼ੁਲਾਮਾਂ ਦੁਆਰਾ ਕੀਤੇ ਜਾਂਦੇ ਸਨ। ਇਹ ਭਲੇ ਲੋਕ ਯੁੱਧ, ਟੂਰਨਾਮੈਂਟ ਅਤੇ ਰਾਜ-ਪ੍ਰਬੰਧ ਤੋਂ ਸਿਵਾ ਹੋਰ ਕਿਸੇ ਕੰਮ ਨੂੰ ਹੱਥ ਨਹੀਂ ਸਨ ਲਾਉਂਦੇ। ਇਨ੍ਹਾਂ ਦੇ ਦਾਰਸ਼ਨਿਕ ਇਹੋ ਦੱਸਦੇ ਰਹੇ ਹਨ ਕਿ ਦਾਸਾਂ ਤੋਂ ਬਿਨਾਂ ਕੋਈ ਸਭਿਅ ਸਮਾਜ ਸੰਭਵ ਹੀ ਨਹੀਂ। ਰੋਮਨਾਂ ਅਤੇ ਯੂਨਾਨੀਆਂ ਦੀ ਮਿਹਰਬਾਨੀ ਨਾਲ ਕੰਮ ਨੂੰ ਦਾਸਤਾ (ਗ਼ੁਲਾਮੀ) ਦਾ ਦਰਜਾ ਦਿੱਤਾ ਗਿਆ ਹੈ। ਰੋਮਨ ਨਾਗਰਿਕਾਂ ਨੂੰ ਅਪਰਾਧ ਦੀ ਸਜ਼ਾ ਵਜੋਂ ਉਵੇਂ ਹੀ ਕੁਝ ਸਮੇਂ ਲਈ ਕਿਸੇ ਸ਼ਹਿਰ ਵਿੱਚ ਵੱਸਣ ਜਾਂ ਕੰਮ ਕਰਨ ਨੂੰ ਆਖਿਆ ਜਾਂਦਾ ਸੀ ਜਿਵੇਂ ਅੱਜ ਕੱਲ੍ਹ ਅਪਰਾਧੀਆਂ ਨੂੰ ਜੇਲ੍ਹਾਂ ਵਿੱਚ ਰੱਖਿਆ ਅਤੇ ਕੰਮ ਕਰਵਾਇਆ ਜਾਂਦਾ ਹੈ ਜਾਂ ਕਾਲੇ ਪਾਣੀ ਅਤੇ ਆਸਟ੍ਰੇਲੀਆ ਆਦਿਕ ਦੇਸ਼ਾਂ ਨੂੰ ਆਬਾਦ ਕਰਨ ਲਈ ਮੁਲਕੋਂ ਬਾਹਰ ਘੱਲਿਆ ਜਾਂਦਾ ਰਿਹਾ ਹੈ।

ਦੂਰ-ਪੂਰਬ ਅਤੇ ਭਾਰਤ ਵਿੱਚ ਕੰਮ ਨੂੰ ਸਤਿਕਾਰ ਅਤੇ ਸ਼ਰਧਾ ਪ੍ਰਾਪਤ ਰਹੇ ਹਨ। ਭਾਰਤੀ ਮਿਥਿਹਾਸ ਵਿੱਚ ਅਤੇ ਇਤਿਹਾਸ ਵਿੱਚ ਵੀ ਦੇਵਤਿਆਂ ਅਤੇ ਰਾਜਿਆਂ ਦੁਆਰਾ ਕੰਮ ਕਰਨ ਅਤੇ ਹਲ ਚਲਾਏ ਜਾਣ ਦੀਆਂ ਕਥਾਵਾਂ ਮਿਲਦੀਆਂ ਹਨ। ਗੁਰੂਕੁਲਾਂ ਵਿੱਚ ਸਾਰੇ ਵਿਦਿਆਰਥੀ ਕਰੜੀ ਮਿਹਨਤ ਕਰਦੇ ਸਨ। ਭਾਰਤੀ ਗੁਰੂਕੁਲ ਆਤਮ ਨਿਰਭਰ ਹੁੰਦੇ ਸਨ। ਬੋਧੀਆਂ ਦੇ ਸਮੇਂ ਵਿੱਚ ਗੁਰੂਕੁਲਾਂ ਨੂੰ ਸਰਕਾਰੀ ਸਹਾਇਤਾ ਮਿਲਣੀ ਆਰੰਭ ਹੋਈ ਲੱਗਦੀ ਹੈ। ਉਂਞ ਬੋਧੀ ਕੰਮ ਨੂੰ ਨਿਰਵਾਣ ਦਾ ਸਾਧਨ ਮੰਨਦੇ ਸਨ। ਇੱਥੋਂ ਤਕ ਕਿ ਭਿਕਸ਼ੂਆਂ ਲਈ ਵੀ ਕੰਮ ਕਰਨਾ ਜ਼ਰੂਰੀ ਹੁੰਦਾ ਸੀ। ਭਿਕਸ਼ਾ ਮੰਗਣੀ ਉਨ੍ਹਾਂ ਦੇ ਦੈਨਿਕ ਕੰਮ ਦਾ ਨਿੱਕਾ ਜਿਹਾ ਹਿੱਸਾ ਹੁੰਦਾ ਸੀ। ਭਾਰਤੀ ਉੱਚ ਵਰਗ ਨੇ ਨਿਕੰਮੇ ਹੋਣ ਦੀ ਸਿੱਖਿਆ ਤੁਰਕਾਂ ਕੋਲੋਂ ਲਈ ਸੀ ਅਤੇ ਤੁਰਕਾਂ ਨੂੰ ਇਹ ਰੋਗ ਯੂਨਾਨੀਆਂ ਅਤੇ ਰੋਮਨਾਂ ਕੋਲੋਂ ਲੱਗਾ ਸੀ ਅਤੇ ਯੂਨਾਨੀ ਇਹੋ ਦੋਸ਼ ਮਿਸਰੀਆਂ ਨੂੰ ਦੇ ਸਕਦੇ ਹਨ। ਮਿਸਰੀ ਵੀ ਆਪਣੇ ਭਾਰੇ ਕੰਮ ਗ਼ੁਲਾਮਾਂ ਕੋਲੋਂ ਕਰਵਾਉਂਦੇ ਰਹੇ ਹਨ।

ਸਭਿਅ ਕਿਸਾਨੇ ਸਮਾਜਾਂ ਦੇ ਕਾਮੇ ਵਾਂਗ ਮਸ਼ੀਨੀ ਸਮਾਜਾਂ ਦਾ ਕਾਮਾ ਵੀ ਦੂਜਿਆਂ ਲਈ ਕੰਮ ਕਰਦਾ ਹੈ, ਪਰ ਇਨ੍ਹਾਂ ਵਿੱਚ ਪਹਿਲਾ ਫ਼ਰਕ ਇਹ ਹੈ ਕਿ ਮਸ਼ੀਨੀ ਸਮਾਜ ਦਾ ਕਾਮਾ ਕਿਸੇ ਵਸਤੂ ਨੂੰ ਆਦਿ ਤੋਂ ਅੰਤ ਤਕ ਪੂਰਾ-ਪੂਰਾ ਨਹੀਂ ਬਣਾਉਂਦਾ, ਸਗੋਂ ਇੱਕ ਚੀਜ਼

ਦੇ ਅਨੇਕ ਨਿੱਕੇ ਨਿੱਕੇ ਹਿੱਸਿਆਂ ਵਿੱਚੋਂ ਕਿਸੇ ਇੱਕ ਹਿੱਸੇ ਨੂੰ ਬਣਾਈ ਜਾਂਦਾ ਹੈ। ਇਹ ਹੋ ਸਕਦਾ ਹੈ ਕਿ ਉਸ ਚੀਜ਼ ਦਾ ਦੂਜਾ ਹਿੱਸਾ ਕਿਸੇ ਹੋਰ ਫ਼ੈਕਟਰੀ ਵਿੱਚ ਜਾਂ ਕਿਸੇ ਹੋਰ ਸ਼ਹਿਰ ਵਿੱਚ ਜਾਂ ਕਿਸੇ ਹੋਰ ਦੇਸ਼ ਵਿੱਚ ਬਣਾਇਆ ਜਾ ਰਿਹਾ ਹੋਵੇ। ਇਹ ਵੀ ਹੋ ਸਕਦਾ ਹੈ ਕਿ ਕਾਮਿਆਂ ਨੂੰ ਇਹ ਵੀ ਪਤਾ ਨਾ ਹੋਵੇ ਕਿ ਸਾਡੇ ਦੁਆਰਾ ਬਣਾਇਆ ਜਾ ਰਿਹਾ ਇਹ ਨਿੱਕ-ਸੁੱਕ ਕਿਸ ਕੰਮ ਆਉਣਾ ਹੈ। ਇਸ ਲਈ ਮਸ਼ੀਨੀ ਸਮਾਜਾਂ ਵਿੱਚ ਕੰਮ ਅਤੇ ਕਾਮੇ ਵਿਚਕਾਰ ਮਿੱਤ੍ਰਤਾ ਦਾ ਸੰਬੰਧ ਨਹੀਂ, ਸਗੋਂ ਮਜਬੂਰੀ ਦਾ ਰਿਸ਼ਤਾ ਹੈ। ਉਸ ਨੂੰ ਕੰਮ ਕਰਦਿਆਂ ਹੋਇਆਂ ਕਿਸੇ ਖ਼ੁਸ਼ੀ ਦਾ ਅਹਿਸਾਸ ਨਹੀਂ ਹੁੰਦਾ। ਕੰਮ ਵਿੱਚ ਉਸ ਦੀ ਓਨੀ ਦਿਲਚਸਪੀ ਨਹੀਂ, ਜਿੰਨੀ ਕੰਮ ਦੇ ਬਦਲੇ ਵਿੱਚ ਮਿਲਣ ਵਾਲੇ ਪੈਸਿਆਂ ਵਿੱਚ ਹੈ। ਜੇ ਕਿਸੇ ਦੂਜੇ ਕਾਰਖ਼ਾਨੇ ਵਿੱਚ ਕਿਸੇ ਦੂਜੀ ਪ੍ਰਕਾਰ ਦੀ ਮਸ਼ੀਨ ਚਲਾ ਕੇ, ਕਿਸੇ ਦੂਜੀ ਪ੍ਰਕਾਰ ਦਾ ਪੁਰਜ਼ਾ ਬਣਾਉਣ ਨਾਲ ਉਸ ਨੂੰ ਜ਼ਿਆਦਾ ਮਜ਼ਦੂਰੀ ਮਿਲ ਸਕਦੀ ਹੋਵੇ ਤਾਂ ਉਹ ਆਪਣੇ ਪਹਿਲੇ ਕੰਮ ਨੂੰ ਛੱਡਣ ਲੱਗਿਆਂ ਦੋ ਵੇਰ ਨਹੀਂ ਸੋਚਦਾ।

ਕੰਮ ਨੂੰ ਉਸ ਦੇ ਬਦਲੇ ਵਿੱਚ ਮਿਲਣ ਵਾਲੀ ਤਨਖ਼ਾਹ ਦੇ ਦ੍ਰਿਸ਼ਟੀਕੋਣ ਤੋਂ ਵੇਖਿਆ ਜਾਣ ਕਰਕੇ ਵੀ ਮਨੁੱਖੀ ਮਨ ਦੀ ਤਸੱਲੀ ਅਤੇ ਕੰਮ ਵਿੱਚਲਾ ਰਿਸ਼ਤਾ ਟੁੱਟ ਗਿਆ ਹੈ। ਜਿਸ ਕਿਸੇ ਕੰਮ ਦੀ ਤਨਖ਼ਾਹ ਜ਼ਿਆਦਾ ਹੈ ਅਤੇ ਜਿਸ ਕਿਸੇ ਕੰਮ ਨੂੰ ਕਰਨ ਵਾਲੇ ਆਦਮੀ ਨੂੰ ਸਮਾਜ ਵਿੱਚ ਵੱਧ ਸਤਿਕਾਰ ਮਿਲਦਾ ਹੈ, ਉਸ ਕੰਮ ਵੱਲ ਉਹ ਲੋਕ ਵੀ ਆਕਰਸ਼ਿਤ ਹੋ ਜਾਣਗੇ, ਜਿਨ੍ਹਾਂ ਦੀ ਉਸ ਕੰਮ ਵਿੱਚ ਰੁਚੀ ਨਹੀਂ। ਯੋਗ ਅਯੋਗ ਢੰਗ ਨਾਲ ਲੋੜੀਂਦੇ ਇਮਤਿਹਾਨ ਪਾਸ ਕਰ ਕੇ ਵੱਡੀਆਂ ਤਨਖ਼ਾਹਾਂ ਵਾਲੇ ਕੰਮਾਂ ਉੱਤੇ ਲੱਗੇ ਲੋਕਾਂ ਨੂੰ ਆਪਣੇ ਕੰਮ ਨਾਲ ਪਿਆਰ ਨਹੀਂ ਹੁੰਦਾ। ਉਨ੍ਹਾਂ ਲਈ ਉਨ੍ਹਾਂ ਦਾ ਕੰਮ ਕਿਸੇ ਦੂਜੀ ਪ੍ਰਕਾਰ ਦੀ ਮਜਬੂਰੀ ਬਣ ਗਿਆ ਹੁੰਦਾ ਹੈ। ਅੱਜ ਕੱਲ੍ਹ ਡਾਕਟਰਾਂ ਨੂੰ ਪੈਸੇ ਵੀ ਜ਼ਿਆਦਾ ਮਿਲਦੇ ਹਨ ਅਤੇ ਡਾਕਟਰ ਹੋਣਾ ਇੱਕ ਫ਼ਖ਼ਰ ਵਾਲੀ ਗੱਲ ਵੀ ਹੈ, ਇਸ ਲਈ ਹਰ ਉਹ ਨੌਜੁਆਨ ਕਿਸੇ ਨਾ ਕਿਸੇ ਤਰ੍ਹਾਂ ਡਾਕਟਰ ਬਣਨ ਦੇ ਲੋਰ ਵਿੱਚ ਵੇਖਿਆ ਜਾ ਸਕਦਾ ਹੈ, ਜਿਸ ਦੇ ਮਾਪੇ ਉਸ ਲਈ ਪੈਸੇ ਖ਼ਰਚ ਸਕਦੇ ਹੋਣ। ਮੈਨੂੰ ਲੱਗਦਾ ਹੈ ਜੇ ਇੱਕ ਪੁਲਿਸਮੈਨ ਦੀ ਤਨਖ਼ਾਹ ਇੱਕ ਹਾਊਸ ਸਰਜਨ ਨਾਲੋਂ ਸਵਾਈ ਕਰ ਦਿੱਤੀ ਜਾਵੇ ਤਾਂ ਸਾਡੇ ਅੱਧੇ ਡਾਕਟਰ ਪੁਲਿਸ ਵਿੱਚ ਭਰਤੀ ਹੋ ਜਾਣਗੇ।

ਅਸੀਂ ਜਦੋਂ ਕਿਸੇ ਨਿਰਦਈ ਆਦਮੀ ਨੂੰ ਕਸਾਈ ਕਹਿ ਕੇ ਕੋਸਦੇ ਹਾਂ, ਉਦੋਂ ਅਸੀਂ ਕੰਮ ਅਤੇ ਮਨੁੱਖੀ ਮਨ ਦੇ ਵਿਕਾਸ ਵਿੱਚ ਕਿਸੇ ਸੰਬੰਧ ਨੂੰ ਪਰਵਾਨ ਕਰ ਰਹੇ ਹੁੰਦੇ ਹਾਂ। ਸਾਰੇ ਸੰਸਾਰ ਦੇ ਸਭਿਅ ਸਮਾਜਾਂ ਵਿੱਚ ਸੂਦ-ਖ਼ੋਰਾਂ ਨੂੰ ਲੋਭੀ ਅਤੇ ਕਠੋਰ ਆਦਮੀ ਮੰਨਿਆ ਜਾਂਦਾ ਰਿਹਾ ਹੈ। (ਯੌਰਪ ਦੇ ਬਾਕੀ ਦੇਸ਼ਾਂ ਬਾਰੇ ਮੈਨੂੰ ਬਹੁਤਾ ਪਤਾ ਨਹੀਂ; ਪਰ ਇੰਗਲੈਂਡ ਦੇ ਬੈਂਕਰਾਂ ਨੂੰ ਲੋਭੀ ਅਤੇ ਕਠੋਰ ਕਹਿਣ ਵਿੱਚ ਮੈਨੂੰ ਕੋਈ ਵਧੀਕੀ ਨਹੀਂ ਲੱਗਦੀ। ਇਨ੍ਹਾਂ ਦਾ ਰਵੱਈਆ ਪੁਰਾਣੇ ਸਮਿਆਂ ਦੇ ਸੂਦ-ਖ਼ੋਰਾਂ ਨਾਲੋਂ ਵੱਖਰਾ ਨਹੀਂ। ਜੇ ਤੁਹਾਡੇ ਖ਼ਾਤੇ ਵਿੱਚ ਪੰਜ ਪਾਊਂਡ ਘੱਟ ਹਨ ਤਾਂ ਤੁਹਾਡਾ ਚੈੱਕ ਵਾਪਸ ਹੋ ਜਾਵੇਗਾ ਅਤੇ ਤੁਹਾਨੂੰ ਤੀਹ ਪਾਊਂਡ ਜੁਰਮਾਨਾ ਵੀ ਹੋ ਜਾਵੇਗਾ। ਤੁਹਾਡੇ ਉੱਤੇ ਪੰਜਾਂ ਦਾ ਭਰੋਸਾ ਕਰਨ ਦੀ ਥਾਂ ਤੁਹਾਨੂੰ ਤੀਹਾਂ ਦਾ ਘਾਟਾ ਪਾਉਣਾ ਪਸੰਦ ਕਰਦੇ ਹਨ ਇਹ। ਤੁਹਾਨੂੰ ਘਾਟਾ ਪਾ ਸਕਣ ਦੀ ਖ਼ੁਸ਼ੀ ਲੈਣ ਲਈ ਇਹ ਸ਼ਾਈਲਾਕ ਤੁਹਾਡੇ ਉੱਤੇ ਪੈਂਤੀਆਂ ਦਾ ਭਰੋਸਾ ਕਰ ਸਕਦੇ ਹਨ ਪਰ ਤੁਹਾਡੀ ਸ਼ਰਾਫ਼ਤ ਅਤੇ ਮਿੱਤ੍ਰਤਾ ਉੱਤੇ ਇਨ੍ਹਾਂ ਨੂੰ ਕੋਈ ਭਰੋਸਾ ਨਹੀਂ। ਆਪਣੇ ਪੈਸੇ ਬੈਂਕ ਵਿੱਚ ਰੱਖੋ ਪਰ ਉਨ੍ਹਾਂ ਦਾ ਹਿਸਾਬ ਕਿਤਾਬ ਤੁਹਾਨੂੰ ਆਪਣੇ ਕੋਲ ਰੱਖਣਾ ਪਵੇਗਾ।) ਕੰਮ ਅਤੇ ਮਨ ਦੇ ਸੰਬੰਧ ਨੂੰ ਮੁੱਖ ਰੱਖਦਿਆਂ ਹੋਇਆਂ ਹੀ ਬੋਧੀਆਂ ਨੇ ਕੁਝ ਇੱਕ ਪੇਸ਼ਿਆਂ ਨੂੰ ਨਿਰਵਾਣ ਦੇ ਰਾਹ ਦੇ ਬਾਧਕ ਆਖਿਆ ਹੈ।

ਜਿਸ ਤਰ੍ਹਾਂ ਸਮਾਂ ਦਿਨ ਅਤੇ ਰਾਤ ਵਿੱਚ ਵੰਡਿਆ ਹੋਇਆ ਹੈ, ਜਿਸ ਤਰ੍ਹਾਂ ਸ੍ਰਿਸ਼ਟੀ ਪੁਲਿੰਗ ਅਤੇ ਇਸਤ੍ਰੀ-ਲਿੰਗ ਵਿੱਚ ਵੰਡੀ ਹੋਈ ਹੈ, ਉਸ ਤਰ੍ਹਾਂ ਸਾਡੀ ਦੁਨੀਆ ਘਰ ਅਤੇ ਬਾਹਰ ਵਿੱਚ ਵੰਡੀ ਹੋਈ ਹੈ। ਘਰ ਅਤੇ ਬਾਹਰ ਮਨੁੱਖੀ ਉੱਦਮ ਦੇ ਦੋ ਕੇਂਦਰ ਹਨ। ਮਨੁੱਖ ਦੇ ਮਰਦ-ਰੂਪ ਲਈ 'ਬਾਹਰ' ਕੰਮ ਕਰਨ ਦੀ ਥਾਂ ਹੈ ਅਤੇ ਇਸਤ੍ਰੀ-ਰੂਪ ਲਈ 'ਘਰ' ਉਸ ਦੀ ਕਰਮ-ਭੂਮੀ ਹੈ। ਇਸਤ੍ਰੀ ਮਰਦ ਨਾਲੋਂ ਕੋਮਲ ਵੀ ਹੈ ਅਤੇ ਸਰੀਰਕ ਤੌਰ ਉੱਤੇ ਕਮਜ਼ੋਰ ਵੀ। ਉਹ ਮਮਤਾ ਦੀ ਮੂਰਤੀ 'ਮਾਂ' ਵੀ ਹੈ ਅਤੇ ਸੌਂਦਰਯ ਦੀ ਮੂਰਤੀ 'ਸ਼ੋਭਾ' ਵੀ। ਉਸ ਦੀ ਸੌਂਦਰਯ-ਪ੍ਰਿਯਤਾ ਅਤੇ ਕੋਮਲਤਾ ਲਈ ਘਰ ਇੱਕ ਯੋਗ ਟਿਕਾਣਾ ਹੈ। ਮਨੁੱਖ ਦਾ 'ਘਰ', ਮਨੁੱਖ ਦੇ 'ਬਾਹਰ' ਨਾਲੋਂ ਕਿਸੇ ਤਰ੍ਹਾਂ ਘੱਟ ਜ਼ਰੂਰੀ ਨਹੀਂ। ਘਰ ਵਿਚਲਾ ਕੰਮ ਬਾਹਰ ਵਾਲੇ ਕੰਮ ਨਾਲੋਂ ਕਿਸੇ ਤਰ੍ਹਾਂ ਘੱਟ ਨਹੀਂ। ਪਰ ਮਨੁੱਖੀ ਸਮਾਜਾਂ ਦੇ ਪ੍ਰਬੰਧਕਾਂ ਦੀ ਨਿੱਕੀ ਜਿਹੀ ਭੁੱਲ ਨੇ ਵੱਡੀਆਂ ਮੁਸੀਬਤਾਂ ਦਾ ਮੁੱਢ ਬੰਨ੍ਹ ਦਿੱਤਾ ਹੈ।

ਮੈਂ ਨੀਤਸ਼ੇ (ਨੀਸ਼) ਦੀ ਇਸ ਗੱਲ ਨਾਲ ਸਹਿਮਤ ਹਾਂ ਕਿ ਨੈਤਿਕਤਾ ਨਿਰਬਲਤਾ ਵਿੱਚੋਂ ਉਪਜੀ ਹੈ। ਜਿਥੇ ਉਹ ਨਿਰਬਲਤਾ ਵਿੱਚੋਂ ਉਪਜੀ ਹੋਣ ਕਰਕੇ ਨੈਤਿਕਤਾ ਨੂੰ ਨੀਚਤਾ ਮੰਨਦਾ ਸੀ, ਉੱਥੇ ਮੈਂ ਨੈਤਿਕਤਾ ਦੀ ਜਨਨੀ ਹੋਣ ਕਰਕੇ ਨਿਰਬਲਤਾ ਨੂੰ ਸੁੰਦਰ ਅਤੇ ਸਤਿਕਾਰਯੋਗ ਮੰਨਦਾ ਹਾਂ। ਇਸਤ੍ਰੀ ਕੋਮਲ ਅਤੇ ਨਿਰਬਲ ਹੋਣ ਕਰਕੇ ਮਰਿਆਦਾ ਦੀ ਮਾਂ ਹੈ : ਇਸਤ੍ਰੀ ਮਰਿਆਦਾ-ਮਈ ਹੈ। ਇਹ ਮਨੁੱਖ ਦੀ ਭੁੱਲ ਹੈ ਕਿ ਜਿਸ ਮਾਣ-ਮਰਿਆਦਾ ਲਈ ਉਹ ਮਰ ਮਿਟਣ ਨੂੰ ਤਿਆਰ ਹੈ, ਉਸ ਮਾਣ-ਮਰਿਆਦਾ ਦੀ ਬੁਨਿਆਦ ਵਿੱਚ ਬੈਠੀ ਹੋਈ ਇਸਤ੍ਰੀ ਨੂੰ, ਉਸ ਦੇ ਮਰਿਆਦਾ-ਮਈ ਰੂਪ ਵਿੱਚ ਸਤਿਕਾਰਯੋਗ ਬਣਾਈ ਰੱਖਣ ਦਾ ਯਤਨ ਉਸ ਨੇ ਨਹੀਂ ਕੀਤਾ।

ਜੰਗਾਂ ਦੇ ਰੁਝੇਵਿਆਂ ਵਿੱਚ ਰੁੱਝੇ ਹੋਏ ਪੱਛਮੀ ਯੋਰਪ ਨੇ ਇਸਤ੍ਰੀ ਨੂੰ ਘਰ ਦਾ ਕੰਮ ਛੱਡ ਕੇ ਬਾਹਰ ਦੇ ਕੰਮਾਂ ਵਿੱਚ ਸਹਾਈ ਹੋਣ ਲਈ ਆਖਿਆ ਸੀ। ਵਪਾਰਕ ਮੁਨਾਫ਼ੇ ਦੇ ਮੋਹ ਨੇ ਇਸਤ੍ਰੀ ਨੂੰ ਮੁੜ ਘਰ ਜਾਣ ਦੀ ਇਜਾਜ਼ਤ ਨਾ ਦਿੱਤੀ। ਵਿੱਦਿਆ ਦੇ ਪ੍ਰਸਾਰ ਨੇ ਇਸਤ੍ਰੀ ਅਤੇ ਪੁਰਸ਼ ਵਿੱਚ ਮੁਕਾਬਲੇ ਦਾ ਮੁੱਢ ਬੰਨ੍ਹਿਆ ਅਤੇ ਅੱਜ ਦੇ ਦੋਸ਼ੀ ਪਰ ਕੱਲ੍ਹ ਦੇ ਦਾਰਸ਼ਨਿਕਾਂ ਨੇ ਗ੍ਰਹਿ-ਲਕਸ਼ਮੀ ਨੂੰ ਆਰਥਿਕ ਤੌਰ ਉੱਤੇ ਗ਼ੁਲਾਮ ਕਹਿ ਕੇ ਮਨੁੱਖ ਦੀ ਮਰਿਆਦਾ ਨੂੰ ਮੰਡੀ ਦਾ ਮਾਲ ਬਣਾ ਦਿੱਤਾ; ਘਰ ਦੀ ਸ਼ੋਭਾ ਨੂੰ ਦਫ਼ਤਰਾਂ ਦੀ ਸਜਾਵਟ ਵਜੋਂ ਵਰਤਣਾ ਸ਼ੁਰੂ ਕਰ ਦਿੱਤਾ; ਅਤੇ ਜੀਵਨ ਵਿੱਚਲੀ ਕੋਮਲਤਾ ਨੂੰ ਕਠੋਰ ਹੋਣ ਦੀ ਸਲਾਹ ਦਿੱਤੀ।

ਕੰਮ ਤਾਂ ਘਰ ਵਿੱਚ ਹੀ ਬਹੁਤ ਸੀ ਅਤੇ ਸੀ ਵੀ ਇਸਤ੍ਰੀ ਦੀ ਰੁਚੀ ਦਾ ਕੰਮ, ਪਰ ਬਾਹਰ ਦੇ ਕੰਮ ਅਤੇ ਇਸ ਘਰ ਦੇ ਕੰਮ ਵਿੱਚ ਫ਼ਰਕ ਕੇਵਲ ਇਹ ਸੀ ਕਿ ਬਾਹਰ ਦੇ ਕੰਮ ਦੀ ਮਜ਼ਦੂਰੀ ਮਿਲਦੀ ਸੀ ਅਤੇ ਘਰ ਵਿਚਲੇ ਕੰਮ ਦੀ ਕੋਈ ਮਜ਼ਦੂਰੀ ਨਹੀਂ ਸੀ। ਘਰ ਦੇ ਕੰਮ ਨੂੰ ਪੈਸਿਆਂ ਦੇ ਗਜ਼ਾਂ ਨਾਲ ਨਾਪਣ ਦੀ ਸਿਆਣਪ ਨਹੀਂ ਸੀ ਕੀਤੀ ਜਾਂਦੀ। ਪਰ ਬਦਲੀ ਹੋਈ ਪਰਿਸਥਿਤੀ ਵਿੱਚ ਇਸ ਦੀ ਲੋੜ ਪੈ ਗਈ ਸੀ। ਅੱਜ ਵੀ ਜੇ ਉੱਨਤ ਦੇਸ਼ਾਂ ਵਿੱਚ ਗ੍ਰਹਿ-ਲਕਸ਼ਮੀ ਨੂੰ ਉਸ ਦੇ ਇਸਤ੍ਰੀ-ਰੂਪ ਵਿੱਚ, ਉਸ ਦੇ ਮਰਿਆਦਾ ਰੂਪ ਵਿੱਚ ਸਤਿਕਾਰਯੋਗ ਅਤੇ ਲੋੜੀਂਦਾ ਮੰਨਦਿਆਂ ਹੋਇਆਂ ਉਸ ਦੇ ਘਰੇਲੂ ਕੰਮ ਨੂੰ ਤਨਖ਼ਾਹਦਾਰ ਕੰਮ ਕਰਾਰ ਦੇ ਦਿੱਤਾ ਜਾਵੇ ਤਾਂ ਸਾਡੇ ਘਰ ਮਨੁੱਖੀ ਆਚਰਣ ਦੀ ਉਸਾਰੀ ਦੇ ਕੇਂਦਰ ਵੀ ਬਣ ਜਾਣ ਅਤੇ ਬੇਕਾਰ ਮੁੰਡੇ ਗਲੀਆਂ ਬਜ਼ਾਰਾਂ ਵਿੱਚ ਮਰਿਆਦਾ ਦੇ ਮੂੰਹ ਕਾਲਖ ਮਲਣ ਦੀ ਥਾਂ ਦਫ਼ਤਰਾਂ ਅਤੇ ਫ਼ੈਕਟਰੀਆਂ ਵਿੱਚ ਇਸਤ੍ਰੀਆਂ ਦੇ ਛੱਡੇ ਹੋਏ ਕੰਮਾਂ ਉੱਤੇ ਲੱਗ ਕੇ ਆਪਣੇ ਮਨੁੱਖ ਹੋਣ ਦਾ ਮਾਣ ਕਰਨ ਜੋਗੇ ਵੀ ਹੋ ਜਾਣ। ਸੰਸਾਰ ਦੀ ਇਸਤ੍ਰੀ-ਸੰਖਿਆ ਦਾ ਕੁਝ ਹਿੱਸਾ ਮੇਰੀ ਇਸ

ਸਲਾਹ ਨਾਲ ਸਹਿਮਤ ਨਹੀਂ ਹੋਵੇਗਾ, ਕਿਉਂਕਿ ਉਸ ਹਿੱਸੇ ਨੇ ਮਰਦ ਹੋਣ ਵਿੱਚ ਜਾਂ ਮਰਦ ਵਰਗੇ ਹੋਣ ਵਿੱਚ ਵਡਿਆਈ ਵੇਖਣ ਦੀ ਭੁੱਲ ਕਰ ਲਈ ਹੈ। ਸੰਸਾਰ ਦਾ ਸੁਖ ਇਸ ਗੱਲ ਵਿੱਚ ਹੈ ਕਿ ਇਸਤ੍ਰੀ ਮਰਦ ਦੀ ਥਾਂ ਮੱਲਣ ਦੀ ਕੋਸ਼ਿਸ਼ ਕਰਨ ਦੀ ਥਾਂ, ਆਪਣੀ ਥਾਂ ਪਛਾਣਨ ਅਤੇ ਅਪਣਾਉਣ ਦੇ ਨਾਲ-ਨਾਲ ਉਸ ਨੂੰ ਸਤਿਕਾਰਯੋਗ ਬਣਾਉਣ ਦਾ ਯਤਨ ਕਰੇ। ਜੇ ਇਸਤ੍ਰੀ ਨੇ ਘਰ ਨੂੰ ਆਪਣੀ ਯੋਗ ਥਾਂ ਮੰਨਣ ਤੋਂ ਨਾਂਹ ਕਰ ਕੇ ਆਪਣੀਆਂ ਪ੍ਰਵਿਰਤੀਆਂ ਦਾ ਨਿਰਾਦਰ ਜਾਰੀ ਰੱਖਿਆ ਤਾਂ ਸੰਸਾਰ ਵਿੱਚ ਵਧਦਾ ਹੋਇਆ ਜੁਰਮ ਉਸ ਨੂੰ ਆਪਣੀ ਥਾਂ ਦਾ ਆਦਰ ਕਰਨ ਲਈ ਮਜਬੂਰ ਕਰ ਦੇਵੇਗਾ।

ਮੈਂ ਇਹ ਨਹੀਂ ਕਹਿ ਰਿਹਾ ਕਿ ਇਸਤ੍ਰੀ ਨੂੰ ਘਰੋਂ ਬਾਹਰ ਦਫ਼ਤਰਾਂ, ਫ਼ੈਕਟਰੀਆਂ ਆਦਿਕ ਵਿੱਚ ਕੰਮ ਕਰਨ ਦੀ ਖੁੱਲ੍ਹ ਨਹੀਂ ਹੋਣੀ ਚਾਹੀਦੀ। ਮੈਂ ਇਹ ਕਹਿ ਰਿਹਾ ਹਾਂ ਕਿ ਇਸਤ੍ਰੀ ਦੇ ਯੋਗ ਥਾਂ 'ਘਰ' ਨੂੰ ਇਸਤ੍ਰੀ ਲਈ ਸਤਿਕਾਰਯੋਗ ਬਣਾਇਆ ਜਾਣਾ ਚਾਹੀਦਾ ਹੈ। ਅਜਿਹਾ ਹੋਣ ਦੇ ਬਾਵਜੂਦ ਜੇ ਇਸਤ੍ਰੀ ਘਰ ਨਾਲੋਂ ਬਾਹਰ ਨੂੰ ਸ੍ਰੇਸ਼ਟ ਸਮਝਦੀ ਹੈ ਤਾਂ ਇਹ ਮੰਨਣ ਵਿੱਚ ਕੋਈ ਹਰਜ ਨਹੀਂ ਕਿ ਉਸ ਦਾ ਮਾਨਸਿਕ ਵਿਕਾਸ ਕੁਝ ਉਲਾਰ ਜਾਂ ਅਸਾਧਾਰਣ ਹੈ ਅਤੇ ਉਸ ਨੂੰ ਆਪਣੀ ਮਾਨਸਿਕ ਤਸੱਲੀ ਲਈ ਆਪਣੀ ਥਾਂ ਚੁਣਨ ਦਾ ਪੂਰਾ ਪੂਰਾ ਹੱਕ ਹੈ, ਜੇ ਇਸ ਹੱਕ ਦੀ ਵਰਤੋਂ ਕਰਦਿਆਂ ਹੋਇਆਂ ਉਹ ਦੂਜਿਆਂ ਦਾ ਹਰਜ ਨਾ ਕਰਦੀ ਹੋਵੇ। ਜੇ ਸਮਾਜ ਵਿੱਚ ਨਾ-ਮਰਦਾਂ, ਖੁਸਰਿਆਂ, ਨਾ-ਕ੍ਰੀਮਤਾਂ, ਵੇਸ਼ਿਆਵਾਂ, ਵਿਹਲੜਾਂ ਅਤੇ ਮੁਜਰਿਮਾਂ ਲਈ ਥਾਂ ਹੈ ਤਾਂ ਮੈਨੇਜਰਾਂ, ਮਨਿਸਟਰਾਂ, ਡਾਕਟਰਾਂ ਅਤੇ ਕਲਰਕਾਂ ਦੇ ਭੇਸ ਵਿੱਚ 'ਮਰਦ-ਰੂਪ ਇਸਤ੍ਰੀਆਂ' ਲਈ ਕਿਉਂ ਨਹੀਂ ? ਪਰ ਸ਼ਰਤ ਇਹ ਹੈ ਕਿ ਘਰ ਦੀ ਚਾਰਦੀਵਾਰੀ ਵਿੱਚ ਘਰ ਨੂੰ ਸੰਭਾਲਣ ਵਾਲੀ ਮਰਿਆਦਾ-ਮਈ ਇਸਤ੍ਰੀ ਨਾਲੋਂ ਸ੍ਰੇਸ਼ਟ ਹੋਣ ਦਾ ਮਾਣ ਕਰ ਕੇ, ਉਸ ਵਿੱਚ ਹੀਣਤਾ ਦਾ ਭਾਵ ਇਹ ਪੈਦਾ ਨਾ ਕਰ ਸਕਣ।

ਜਿਸ ਸਮਾਜ ਵਿੱਚ ਮਰਿਆਦਾ-ਮਈ ਮਾਂ ਦਾ ਮੁਰਾਤਬਾ ਉੱਚਾ ਹੋਵੇਗਾ, ਉਸ ਸਮਾਜ ਵਿੱਚ ਘਰੋਂ ਬਾਹਰ ਕੰਮ ਕਰਨ ਕੇਵਲ ਉਹੀ ਇਸਤ੍ਰੀ ਜਾਵੇਗੀ, ਜਿਹੜੀ ਆਪਣੇ ਆਪ ਵਿੱਚ ਇਸਤ੍ਰੀਅਤ ਦੀ ਘਾਟ ਮਹਿਸੂਸ ਕਰਦੀ ਹੋਵੇਗੀ। ਆਪਣੇ ਅਸਲੇ ਦਾ ਨਿਰਾਦਰ ਕਰਵਾ ਕੇ ਕਿਸੇ ਵੱਡੇ ਤੋਂ ਵੱਡੇ ਅਹੁਦੇ ਨੂੰ ਅਪਣਾਉਣਾ ਵੀ ਲਾਹੇਵੰਦਾ ਸੌਦਾ ਨਹੀਂ। ਉੱਚ ਅਕਾਂਕਸ਼ਾ ਆਪਣੇ ਆਪ ਵਿੱਚ ਇੱਕ ਅਸਾਧਾਰਣਤਾ ਹੈ। ਇਹ ਕਿਸੇ ਵੀ ਮਨ ਨੂੰ ਆਕਰਸ਼ਿਤ ਕਰ ਸਕਦੀ ਹੈ ਅਤੇ ਉਹ ਵਿਦਿਆ ਅਤੇ ਸਿਖਲਾਈ ਦੀ ਸਹਾਇਤਾ ਨਾਲ, ਆਪਣੇ ਉਲਾਰ ਦੀ ਤਸੱਲੀ ਲਈ ਅਸਾਧਾਰਣ ਉਚਿਆਈਆਂ ਉੱਤੇ ਜਾ ਬਿਰਾਜਣ ਦੀ ਇੱਛਾ ਨੂੰ ਕਰਮ ਵਿੱਚ ਉਲਥਾਉਣ ਦਾ ਯਤਨ ਕਰ ਸਕਦਾ ਹੈ। ਇਹ ਯਤਨ ਸਦਾ ਹੁੰਦੇ ਰਹੇ ਹਨ ਅਤੇ ਹੁੰਦੇ ਰਹਿਣੇ ਹਨ। ਇਹ ਸਮਾਜ ਦੀ ਸਿਹਤਮੰਦ ਮਾਨਸਿਕਤਾ ਦਾ ਸਾਧਾਰਣ ਹਿੱਸਾ ਨਹੀਂ ਹੁੰਦੇ। ਇਹ ਵਧੇ ਹੋਏ ਹੰਕਾਰ ਅਤੇ ਆਦਰਸ਼ ਦੇ ਪਰਦੇ ਪਿੱਛੇ ਲੁਕਾਏ ਹੋਏ ਸੁਆਰਥ ਦੀ ਅਭਿਵਿਅਕਤੀ ਹੁੰਦੇ ਹਨ। ਲੇਡੀ ਥੈਚਰ, ਬੇਗਮ ਬੇਨਜ਼ੀਰ, ਸ਼੍ਰੀਮਤੀ ਇੰਦਰਾ ਗਾਂਧੀ, ਸ਼੍ਰੀਮਤੀ ਭੰਡਾਰਨਾਇਕੇ ਅਤੇ ਸ਼੍ਰੀਮਤੀ ਗੋਲਡਾਮੀਅਰ ਤੋਂ ਪਹਿਲਾਂ ਵੀ ਰਜ਼ੀਆ ਸੁਲਤਾਨ, ਚਾਂਦ ਬੀਬੀ ਅਤੇ ਜੋਨ ਆਫ਼ ਆਰਕ ਵਰਗੀਆਂ ਇਸਤ੍ਰੀਆਂ ਹੋ ਚੁੱਕੀਆਂ ਹਨ। ਇਨ੍ਹਾਂ ਵਿੱਚੋਂ ਕੋਈ ਵੀ ਕਿਸੇ ਸਮਾਜ ਦਾ 'ਇਸਤ੍ਰੀ-ਆਦਰਸ਼' ਨਹੀਂ ਆਖੀ ਜਾ ਸਕਦੀ। ਇਹ ਸਭ ਅੱਪਵਾਦ ਸਨ ਅਤੇ ਹਨ।

ਇਸ ਪ੍ਰਕਾਰ ਦੇ ਅੱਪਵਾਦ ਆਪਣੀ ਥਾਂ ਆਪ ਬਣਾਉਂਦੇ ਹਨ। ਸਾਧਾਰਣ ਇਸਤ੍ਰੀ-ਮਨ ਵੀ ਵੱਖ-ਵੱਖ ਰੁਚੀਆਂ ਅਤੇ ਵੱਖ-ਵੱਖ ਯੋਗਤਾਵਾਂ ਵਾਲਾ ਹੈ। ਇਸਤ੍ਰੀ ਮਨ ਦੀਆਂ ਯੋਗਤਾਵਾਂ ਦੀ ਸਾਰਥਕਤਾ ਲਈ ਵੀ ਘਰੇਲੂ ਕੰਮ ਕਾਫ਼ੀ ਹੈ। ਇਹ ਵਕਤ ਦਾ ਵਿਅੰਗ ਹੀ

ਨਹੀਂ, ਸਗੋਂ ਇੱਕ ਸਮਾਜਕ ਦੁਖਾਂਤ ਵੀ ਹੈ ਕਿ ਆਪਣੀ ਯੋਗਤਾ ਨੂੰ ਸਮਾਜ ਲਈ ਸਾਰਥਕ ਬਣਾਉਣ ਲਈ ਇਸਤ੍ਰੀ ਨੂੰ ਆਪਣਾ ਆਦਰਯੋਗ ਥਾਂ ਤਿਆਗਣ ਲਈ ਮਜਬੂਰ ਹੋਣਾ ਪਿਆ ਹੈ। ਇਹ ਇਸ ਕਰਕੇ ਹੋਇਆ ਹੈ ਕਿ ਸਨਅਤੀ ਸਮਾਜਾਂ ਨੇ ਆਪਣੇ ਕੰਮਾਂ ਦੇ ਕਿਸੇ ਹਿੱਸੇ ਨੂੰ ਘਰ ਨਾਲ ਸੰਬੰਧਤ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਮੇਰਾ ਖ਼ਿਆਲ ਹੈ ਕਿ ਬੱਚੇ ਦੀ ਮੁੱਢਲੀ ਵਿਦਿਆ ਜਾਂ ਪ੍ਰਾਇਮਰੀ ਐਜੂਕੇਸ਼ਨ ਦੇ ਕੰਮ ਨੂੰ ਘਰ ਨਾਲ ਜੋੜਿਆ ਜਾ ਸਕਦਾ ਹੈ। ਅਜੋਕੀ ਹਾਲਤ ਇਹ ਹੈ ਕਿ ਪ੍ਰਾਇਮਰੀ ਐਜੂਕੇਸ਼ਨ ਤਾਂ ਇੱਕ ਪਾਸੇ, ਨਰਸਰੀ ਵੀ ਘਰ ਨਾਲ ਸੰਬੰਧਤ ਨਹੀਂ।

ਕਿਸਾਨਾ-ਯੁਗ ਸਭਿਅਤਾ ਦੇ ਸਫ਼ਰ ਦਾ ਪਹਿਲਾ ਪੜਾਓ ਸੀ। ਇਸ ਪੜਾ ਉੱਤੇ ਪੁੱਜ ਕੇ ਮਨੁੱਖ ਨੇ ਸਭ ਤੋਂ ਪਹਿਲਾਂ ਕੁਝ ਇੱਕ ਪਸ਼ੂਆਂ ਕੋਲੋਂ ਉਨ੍ਹਾਂ ਦੀ ਆਜ਼ਾਦੀ ਅਤੇ ਵਿਹਲ ਖੋਹ ਕੇ ਉਨ੍ਹਾਂ ਨੂੰ ਹੱਡ-ਭੰਨਵੀਂ ਕਿਰਤ ਅਤੇ ਹਿੰਸਕ ਜੰਗਲੀ ਪਸ਼ੂਆਂ ਤੋਂ ਸੁਰੱਖਿਆ ਦਾਨ ਵਿੱਚ ਦਿੱਤੀ ਸੀ। ਇਸ ਦਾਨ ਦੇ ਬਦਲੇ ਵਿੱਚ ਮਨੁੱਖ ਪਸ਼ੂਆਂ ਦੇ ਜੀਵਨ ਉੱਤੇ ਆਪਣਾ ਸੰਪੂਰਣ ਅਧਿਕਾਰ ਸਮਝਦਾ ਸੀ। ਪਸ਼ੂ ਅਤੇ ਮਨੁੱਖ ਵਿੱਚ ਉਪਜਣ ਵਾਲਾ ਇਹ ਰਿਸ਼ਤਾ ਕੋਝਾ ਜ਼ਰੂਰ ਸੀ ਪਰ ਇਸ ਬਿਨਾਂ ਸਭਿਅਤਾ ਸੰਭਵ ਨਹੀਂ ਸੀ। ਇਸ ਰਿਸ਼ਤੇ ਦੀ ਕੁਰੂਪਤਾ ਵੱਲ ਵੀ ਕੁਝ ਧਿਆਨ ਦਿੱਤਾ ਜਾਂਦਾ ਰਿਹਾ ਹੋਵੇਗਾ, ਪਰ ਇਸ ਦੀ ਉਪਯੋਗਤਾ ਨੂੰ ਮਨੁੱਖ ਨੇ ਕਦੇ ਵੀ ਅੱਖੋਂ ਉਹਲੇ ਨਹੀਂ ਕੀਤਾ। ਕਿਸਾਨੇ ਯੁਗ ਵਿੱਚ ਉਪਜ ਦੇ ਵਸੀਲੇ ਵੀ ਸੀਮਿਤ ਸਨ ਅਤੇ ਰਫ਼ਤਾਰ ਵੀ ਸੁਸਤ ਸੀ। ਅੱਜ ਜਦੋਂ ਮਸ਼ੀਨ ਜਾਦੂ ਜਿੰਨੀ ਤੇਜ਼ੀ ਨਾਲ ਲੋੜ ਦੀਆਂ ਚੀਜ਼ਾਂ ਪੈਦਾ ਕਰ ਕੇ ਧਨ ਦੇ ਢੇਰ ਲਾ ਰਹੀ ਹੈ, ਉਦੋਂ ਵੀ ਉੱਨਤ ਸਮਾਜਾਂ ਦੇ ਕੁਝ ਲੋਕ ਸੜਕਾਂ ਉੱਤੇ ਸੌਣ ਲਈ ਮਜਬੂਰ ਹਨ; ਬੇ-ਘਰ ਹਨ। ਜੇ ਮਸ਼ੀਨੀ ਉੱਨਤੀ ਦੀ ਹੱਦ ਨੂੰ ਹੱਥ ਲਾ ਸਕਣ ਵਾਲੇ ਆਧੁਨਿਕ ਮਸ਼ੀਨੀ ਸਮਾਜ ਭੁੱਖ, ਬੀਮਾਰੀ ਅਤੇ ਮਾਨਾਬਦੋਸ਼ੀ ਨੂੰ ਖ਼ਤਮ ਕਰਨ ਵਿੱਚ ਕਾਮਯਾਬ ਨਹੀਂ ਹੋ ਸਕੇ ਤਾਂ ਪਸ਼ੂਆਂ ਉੱਤੇ ਨਿਰਭਰ ਕਰਨ ਵਾਲੇ ਕਿਸਾਨੇ ਸਮਾਜ, ਜਿਹੜੇ ਕੇਵਲ ਨਿਰਬਾਹ ਜੋਗਾ ਹੀ ਉਪਜਾ ਸਕਦੇ ਸਨ, ਵੱਡੇ ਵੱਡੇ ਕਿਲ੍ਹੇ, ਮਹੱਲ, ਮੰਦਰ, ਮਸੀਤਾਂ, ਮਕਬਰੇ, ਮੀਨਾਰ, ਗਿਰਜੇ ਅਤੇ ਤਖ਼ਤੇ ਤਾਊਸ ਬਣਾਉਣ ਦੇ ਯੋਗ ਕਿਵੇਂ ਹੋ ਗਏ? ਇਸ ਪ੍ਰਸ਼ਨ ਦਾ ਉੱਤਰ ਉਦੋਂ ਹੋਰ ਵੀ ਦੁਰਲੱਭ ਜਾਪਦਾ ਹੈ, ਜਦੋਂ ਅਸੀਂ ਇਹ ਵੇਖਦੇ ਹਾਂ ਕਿ ਸੰਸਾਰ ਦੇ ਬਹੁਤੇ ਅਜੂਬਿਆਂ ਦਾ ਨਿਰਮਾਣ ਕਿਸਾਨੇ ਯੁਗ ਵਿੱਚ ਹੋਇਆ ਹੈ ਅਤੇ ਇਹ ਅਜੂਬੇ ਕਿਸੇ ਕਮਾਈ ਨੂੰ ਮੁੱਖ ਰੱਖ ਕੇ ਨਹੀਂ ਸਨ ਬਣਾਏ ਗਏ। ਅਜੋਕਾ ਮਨੁੱਖ ਵਿਸ਼ਾਲ ਪਾਣੀਆਂ ਉੱਤੇ ਪੱਕੇ ਪੁਲਾਂ ਦੀ ਉਸਾਰੀ ਕਰਦਾ ਹੈ; ਸਾਗਰਾਂ ਦੇ ਅਥਾਹ ਪਾਣੀਆਂ ਦੇ ਹੇਠਲੀ ਧਰਤੀ ਵਿੱਚ ਸੁਰੰਗਾਂ ਪੁੱਟ ਕੇ ਰੇਲਾਂ ਅਤੇ ਸੜਕਾਂ ਬਣਾਉਂਦਾ ਹੈ; ਪਰ ਅਜਿਹਾ ਕਰਨ ਤੋਂ ਪਹਿਲਾਂ ਉਹ ਸਾਰਾ ਹਿਸਾਬ ਲਾ ਲੈਂਦਾ ਹੈ ਕਿ ਕਿੰਨੇ ਟੈਕਸਾਂ ਰਾਹੀਂ, ਕਿੰਨੇ ਸਾਲਾਂ ਵਿੱਚ ਇਹ ਪੁਲ ਅਤੇ ਇਹ ਸੁਰੰਗਾਂ ਆਪਣਾ ਖ਼ਰਚਾ ਪੂਰਾ ਕਰ ਕੇ ਮਾਲਕਾਂ ਨੂੰ ਮੁਨਾਫ਼ਾ ਦੇਣ ਯੋਗ ਹੋ ਜਾਣਗੇ। ਕਿਸਾਨੇ ਯੁਗ ਦੀਆਂ ਉਸਾਰੀਆਂ ਕਿਸੇ ਆਮਦਨ ਜਾਂ ਮੁਨਾਫ਼ੇ ਨੂੰ ਮੁੱਖ ਰੱਖ ਕੇ ਨਹੀਂ ਸਨ ਕੀਤੀਆਂ ਗਈਆਂ। ਹੁਣ, ਅਜੋਕੇ ਮਾਲਕਾਂ ਨੂੰ ਉਨ੍ਹਾਂ ਤੋਂ ਮੁਨਾਫ਼ਾ ਜਾਂ ਆਮਦਨ ਹੁੰਦੀ ਹੋਵੇ ਸ਼ਾਇਦ, ਪਰ ਉਸ ਸਮੇਂ ਉਹ ਨਿਰੋਲ 'ਖ਼ਰਚ' ਸਨ। ਕਿਵੇਂ ਕਰ ਲਏ ਕਿਸਾਨੇ ਸਮਾਜਾਂ ਨੇ ਏਨੇ ਵੱਡੇ ਵੱਡੇ ਖ਼ਰਚੇ?

ਪ੍ਰਸ਼ਨ ਦਾ ਉੱਤਰ ਪਸ਼ੂ ਅਤੇ ਮਨੁੱਖ ਵਿਚਕਾਰ ਬਣੇ ਉਸ ਸੰਬੰਧ ਵਿੱਚ ਹੈ ਜਿਸ ਨੂੰ 'ਗ਼ੁਲਾਮੀ' ਆਖ ਸਕਦੇ ਹਾਂ ਅਤੇ ਜਿਹੜਾ ਵਧਦਾ ਵਿਕਸਦਾ, ਮਾਲਕਾਂ ਅਤੇ ਮੁਜ਼ਾਰਿਆਂ, ਮਾਲਕਾਂ ਅਤੇ ਪਟੇਦਾਰਾਂ, ਮਾਲਕਾਂ ਅਤੇ ਗ਼ੁਲਾਮਾਂ ਵਿੱਚ ਪ੍ਰਵੇਸ਼ ਕਰ ਗਿਆ ਸੀ। ਗਿਣਤੀ

ਦੇ ਕੁਝ ਇੱਕ ਮਾਲਕਾਂ ਨੂੰ ਵਿਸ਼ੇਸ਼ ਅਧਿਕਾਰ ਦੇ ਕੇ ਬਾਕੀ ਸਾਰੇ ਜਨ-ਸਾਧਾਰਣ ਨੂੰ ਕੇਵਲ ਜੀਉਂਦੇ ਰਹਿਣ ਜੋਗਾ ਦੇਣ ਦੀ ਯੋਜਨਾ ਬਣਾਏ ਬਿਨਾਂ ਕ੍ਰਿਸ਼ੀ ਸਮਾਜਾਂ ਲਈ ਉਹ ਕੁਝ ਕਰ ਸਕਣਾ ਸੰਭਵ ਨਹੀਂ ਸੀ, ਜੋ ਉਹ ਕਰ ਸਕੇ ਹਨ। ਰੂਪ ਭਾਵੇਂ ਕੋਈ ਵੀ ਰਿਹਾ ਹੋਵੇ, ਮਾਲਕਾਂ ਅਤੇ ਦਾਸਾਂ ਨੂੰ ਨਾਂ ਭਾਵੇਂ ਕੋਈ ਵੀ ਦਿੱਤੇ ਗਏ ਹੋਣ, ਸਰਵ-ਵਿਆਪਕ ਸੱਚ ਇਹ ਸੀ ਕਿ ਜਨ-ਸਾਧਾਰਣ ਪਸ਼ੂ-ਪੱਧਰ ਉੱਤੇ ਜੀ ਕੇ ਗਿਣਤੀ ਦੇ ਕੁਝ ਪਰਿਵਾਰਾਂ ਨੂੰ ਇੰਦਰ-ਪੁਰੀ ਦੇ ਸੁਰਗੀ ਸੁਖ ਦਿੰਦਾ ਸੀ ਅਤੇ ਇਨ੍ਹਾਂ ਸੁਖਾਂ-ਭੋਗਾਂ ਵਿੱਚੋਂ ਬਚਿਆ ਹੋਇਆ ਧਨ ਸੁਆਮੀਆਂ ਦੀਆਂ ਇੱਛਾਵਾਂ ਅਤੇ ਅਕਾਂਕਸ਼ਾਵਾਂ ਨੂੰ ਉਨ੍ਹਾਂ ਦੇ ਡਰਾਂ, ਵਿਰੋਧਾਂ ਅਤੇ ਵਿਲਾਸਾਂ ਨੂੰ ਕਿਲ੍ਹਿਆਂ, ਮਹੱਲਾਂ, ਮਕਬਰਿਆਂ ਅਤੇ ਮੀਨਾਰਾਂ ਦਾ ਰੂਪ ਦੇਣ ਦੇ ਕੰਮ ਆਉਂਦਾ ਸੀ।

ਮੂਲ ਰੂਪ ਵਿੱਚ ਧਰਮ ਕਿੰਨਾ ਵੀ ਜਨ-ਹਿਤੈਸ਼ੀ ਕਿਉਂ ਨਾ ਹੋਵੇ, ਆਪਣੇ ਵਿਕਸਿਤ, ਜਥੇਬੰਦ ਰੂਪ ਵਿੱਚ ਇੱਕ ਸ਼ਕਤੀ ਹੈ, ਜੋ ਸਦਾ ਹੀ ਸ਼ਕਤੀਸ਼ਾਲੀ ਲੋਕਾਂ ਦੁਆਰਾ ਆਪਣੇ ਹਿੱਤਾਂ ਲਈ ਵਰਤੀ ਜਾਂਦੀ ਰਹੀ ਹੈ ਅਤੇ ਵਰਤੀ ਜਾਂਦੀ ਹੈ। ਵੱਡੇ-ਵੱਡੇ ਮੰਦਰਾਂ, ਗਿਰਜਿਆਂ ਅਤੇ ਆਲੀਸ਼ਾਨ ਮਸੀਤਾਂ ਉੱਤੇ ਲੱਗਾ ਹੋਇਆ ਧਨ (ਆਧੁਨਿਕ ਦ੍ਰਿਸ਼ਟੀ ਤੋਂ ਵੇਖਿਆਂ) ਇੱਕ ਤਰ੍ਹਾਂ ਨਾਲ ਵਪਾਰ ਵਿੱਚ ਲਾਈ ਹੋਈ ਪੂੰਜੀ ਜਾਂ ਇਨਵੈਸਟਮੈਂਟ ਸੀ। ਵਿਲਾਸ ਵਿੱਚੋਂ ਬਚਿਆ ਹੋਇਆ ਧਨ ਹੀ ਇਨ੍ਹਾਂ ਉਸਾਰੀਆਂ ਉੱਤੇ ਖ਼ਰਚ ਹੋਇਆ ਹੈ। ਕਰੜੀ ਮੁਸ਼ੱਕਤ ਕਰਨ ਵਾਲੇ ਜਨ-ਸਾਧਾਰਣ ਨੂੰ ਆਪਣੇ ਵਰਤਮਾਨ ਨਾਲ ਸਮਝੌਤਾ ਕਰਨਾ ਜ਼ਰਾ ਮੁਸ਼ਕਲ ਜਾਪਦਾ ਹੋਵੇਗਾ। ਦਿਲ ਬਹਿਲਾਵੇ ਲਈ ਜਨਤਾ ਦੇ ਖ਼ਿਆਲ ਅਤੇ ਮਰਨ ਪਿੱਛੋਂ ਮਿਲਣ ਵਾਲੀਆਂ ਮੁਕਤੀਆਂ ਇਸ ਮੁਸ਼ਕਲ ਨੂੰ ਕੁਝ ਆਸਾਨ ਕਰਦੀਆਂ ਹੋਣਗੀਆਂ ਅਤੇ ਆਲੀਸ਼ਾਨ ਧਰਮ-ਅਸਥਾਨਾਂ ਦੀ ਉਸਾਰੀ ਇਨ੍ਹਾਂ ਵਿਚਾਰਾਂ ਦੀ ਸੂਖਮਤਾ ਨੂੰ ਸਥੂਲ ਰੂਪ ਦੇ ਕੇ, ਖ਼ਿਆਲੀ ਜਨਤਾ ਨੂੰ ਹਕੀਕਤ ਵਿੱਚ ਵਟਾ ਕੇ, ਮਨੁੱਖ ਦੇ ਵਹਿਮ ਨੂੰ ਵਿਸ਼ਵਾਸ ਬਣਾਉਣ ਵਿੱਚ ਸਹਾਈ ਹੁੰਦੀ ਹੋਵੇਗੀ।

ਜੇ ਦੁਨੀਆ ਦੇ ਅੱਸੀ ਫ਼ੀਸਦੀ ਲੋਕ, ਕਈ ਸਦੀਆਂ ਲਈ, ਗ਼ੁਲਾਮਾਂ ਅਤੇ ਮੁਜ਼ਾਰਿਆਂ ਦੇ ਰੂਪ ਵਿੱਚ ਪਸ਼ੂ-ਪੱਧਰ ਉੱਤੇ ਜੀਉਣ ਤੋਂ ਨਾਂਹ ਕਰ ਦੇਂਦੇ ਤਾਂ ਸਾਡੀ ਦੁਨੀਆ ਅਦਭੁਤ ਅਤੇ ਅਕਥਨੀਅ ਸੁੰਦਰਤਾ ਤੋਂ ਸੱਖਣੀ ਰਹਿ ਜਾਂਦੀ। ਮਨੁੱਖਾਂ ਦਾ ਜਿਹੜਾ ਰਿਸ਼ਤਾ ਸੰਸਾਰ ਦੀ ਅਦਭੁਤ ਸੁੰਦਰਤਾ ਦਾ ਕਾਰਨ ਬਣਿਆ ਹੈ, ਉਹੋ ਰਿਸ਼ਤਾ ਅਫ਼ਰੀਕਾ ਦੇ ਕਾਲੇ ਲੋਕਾਂ ਨਾਲ ਹੋਣ ਵਾਲੇ ਅਦਭੁਤ ਅਤੇ ਅਕਥਨੀਅ ਅਨਿਆਂ ਦੇ ਆਧਾਰ ਵੀ ਬਣਿਆ ਹੈ। ਇਸੇ ਰਿਸ਼ਤੇ ਨੇ ਮਸ਼ੀਨੀ ਕ੍ਰਾਂਤੀ ਦੇ ਆਰੰਭ ਵਿੱਚ ਬਾਲ-ਮਜ਼ਦੂਰੀ ਜਾਂ ਚਾਈਲਡ ਲੇਬਰ ਦੀ ਨਵੀਂ ਕੁਰੂਪਤਾ ਨੂੰ ਜਨਮ ਦੇ ਕੇ ਕਾਲੇ ਹਬਸ਼ੀਆਂ ਅਤੇ ਪਸ਼ੂਆਂ ਨਾਲ ਹੋਏ ਸਾਰੇ ਜ਼ੁਲਮ ਅਤੇ ਅਨਿਆਂ ਨੂੰ ਸਾਧਾਰਣ ਜੀਵਨ-ਜਾਚ ਦਾ ਆਦਰਯੋਗ ਦਰਜਾ ਦੇ ਦਿੱਤਾ ਹੈ। ਪੱਛਮੀ ਯੋਰਪ (ਵਿਸ਼ੇਸ਼ ਕਰਕੇ ਇੰਗਲਿਸਤਾਨ) ਵਿੱਚ ਬੱਚਿਆਂ ਨਾਲ ਕੀਤੀ ਗਈ ਨਿਰਦੈਤਾ ਇੱਕ ਅਜਿਹੀ ਕੋਝੀ ਵਾਸਤਵਿਕਤਾ ਹੈ, ਜਿਸ ਦੇ ਸਾਹਮਣੇ ਹੋਣੋਂ ਟੀ.ਐਸ. ਐਸ਼ਟਨ[1] ਵਰਗੇ ਵਿਦਵਾਨ ਵੀ ਸਹਿਮ ਜਾਂਦੇ ਹਨ, ਜਿਨ੍ਹਾਂ ਦੀਆਂ ਲਿਖਤਾਂ ਦਾ ਮਨੋਰਥ ਮਸ਼ੀਨੀ ਕ੍ਰਾਂਤੀ ਨੂੰ ਮਨੁੱਖੀ ਕਲਿਆਣ ਲਈ ਹੋਣ ਵਾਲਾ ਕ੍ਰਿਸ਼ਮਾ ਸਿੱਧ ਕਰ ਕੇ ਸਾਰੇ ਦੋਸ਼ਾਂ ਤੋਂ ਬਰੀ ਕਰਵਾਉਂਦਾ ਹੈ। ਬਾਲ-ਮਜ਼ਦੂਰੀ ਸਸਤੀ ਸੀ ਅਤੇ ਮੁਨਾਫ਼ੇ ਦਾ ਮੋਹ ਮਹਾਨ ਸੀ। ਇਸ ਕਰਕੇ 1789 ਈਸਵੀ ਵਿੱਚ ਆਰਕਰਾਈਟ

1. T.S. Ashton—ਸੰਸਾਰ ਦੇ ਆਰਥਕ ਵਿਕਾਸ ਦਾ ਇੱਕ ਅੰਗਰੇਜ਼ ਇਤਿਹਾਸਕਾਰ। 'ਮਸ਼ੀਨੀ ਕ੍ਰਾਂਤੀ' ਨਾਂ ਦੀ ਪੁਸਤਕ ਇਸ ਨੇ 1948 ਵਿੱਚ ਛਾਪੀ ਸੀ। ਲੰਡਨ ਵਿਸ਼ਵ ਵਿਦਿਆਲੇ ਵਿੱਚ ਅਧਿਆਪਕ ਸੀ।

ਦੀਆਂ ਤਿੰਨ ਫੈਕਟਰੀਆਂ ਵਿੱਚ ਕੁੱਲ ਗਿਆਰਾਂ ਸੌ ਪੰਜਾਹ ਮਜ਼ਦੂਰ ਕੰਮ ਕਰਦੇ ਸਨ, ਜਿਨ੍ਹਾਂ ਵਿੱਚੋਂ ਲਗਭਗ ਅੱਠ ਸੌ, ਦਸ ਸਾਲ ਦੀ ਉਮਰ ਤੋਂ ਛੋਟੇ ਬੱਚੇ ਸਨ। ਫ਼ੈਕਟਰੀਆਂ ਵਿੱਚ ਕੰਮ ਕਰਨ ਵਾਲੇ ਬੱਚਿਆਂ ਨੂੰ ਹਫ਼ਤੇ ਵਿੱਚ ਛੇ ਦਿਨ ਅਤੇ ਇੱਕ ਦਿਨ ਵਿੱਚ ਸੋਲ੍ਹਾਂ ਘੰਟੇ ਕੰਮ ਕਰਨਾ ਪੈਂਦਾ ਸੀ। ਇਨ੍ਹਾਂ ਵਿੱਚੋਂ ਬਹੁਤ ਘੱਟ ਬੱਚੇ ਬਾਲਗ ਹੁੰਦੇ ਸਨ ਅਤੇ ਇਹ ਗੱਲ ਮਿੱਲ ਮਾਲਕਾਂ ਲਈ ਚੋਖੀ ਚਿੰਤਾ ਦੀ ਗੱਲ ਸੀ, ਕਿਉਂਕਿ ਭਵਿੱਖ ਵਿੱਚ ਕਾਮਿਆਂ ਦਾ ਕਾਲ ਪੈ ਜਾਣ ਦਾ ਡਰ ਸੀ।

ਇਸ 'ਡਰ' ਅਤੇ ਮਸ਼ੀਨਾਂ ਦੀ ਮੁਰੰਮਤ ਲਈ ਥੋੜੇ ਬਹੁਤੇ 'ਅੱਖਰ ਗਿਆਨ' ਦੀ ਲੋੜ ਕਰਕੇ ਬੱਚਿਆਂ ਦੀ ਮਜ਼ਦੂਰੀ ਦੇ ਵਿਰੁੱਧ ਅਤੇ ਵਿੱਦਿਆ ਦੇ ਹੱਕ ਵਿੱਚ ਕਾਨੂੰਨ ਬਣਾਇਆ ਗਿਆ ਸੀ। ਬੱਚਿਆਂ ਦੀ ਕਮਾਈ ਉੱਤੇ ਪਲਣ ਵਾਲੇ ਮਾਪਿਆਂ ਨੇ ਜ਼ਰੂਰੀ ਵਿੱਦਿਆ ਦੇ ਕਾਨੂੰਨ ਦਾ ਬਹੁਤ ਵਿਰੋਧ ਕੀਤਾ ਸੀ। ਇੱਥੋਂ ਤਕ ਕਿ ਇੰਗਲੈਂਡ ਦੀ ਸਰਕਾਰ ਨੂੰ ਸੈਨਾ ਦੀ ਸਹਾਇਤਾ ਨਾਲ ਇਸ ਵਿਰੋਧ ਨੂੰ ਦਬਾਉਣਾ ਪਿਆ ਸੀ। ਫ਼ੈਕਟਰੀ ਵਿੱਚ ਸੋਲ੍ਹਾਂ ਘੰਟਿਆਂ ਦੀ ਮੁਸ਼ੱਕਤ ਦੇ ਮੁਕਾਬਲੇ ਵਿੱਚ ਸਕੂਲ ਦੀ ਚਾਰਦੀਵਾਰੀ ਵਿੱਚ ਬਿਤਾਏ ਜਾਣ ਵਾਲੇ ਅੱਠ-ਦਸ ਘੰਟੇ ਨਿਸ਼ਚੇ ਹੀ ਸੁਖ ਦਾ ਸਮਾਂ ਮੰਨੇ ਜਾਣੇ ਚਾਹੀਦੇ ਹਨ, ਪਰ ਸਕੂਲ ਜਾਣਾ ਅਤੇ ਪੜ੍ਹਨਾ ਵੀ ਇੱਕ ਕੰਮ ਸੀ ਅਤੇ ਅੱਜ ਵੀ ਹੈ। ਬੱਚਿਆਂ ਨੂੰ ਸਕੂਲ ਭੇਜਣਾ ਅਤੇ ਕੁਝ ਕੁ ਅੱਖਰ ਗਿਆਨ ਦੇ ਨਾਲ-ਨਾਲ ਮਸ਼ੀਨ ਦੀ ਸੇਵਾ-ਸੰਭਾਲ ਦੀ ਜਾਚ ਦੱਸਣਾ ਉਸ ਸਮੇਂ ਦੇ ਮਸ਼ੀਨੀ ਸਮਾਜ ਦੀ ਲੋੜ ਸੀ; ਬੱਚਿਆਂ ਦੀ ਨਹੀਂ। ਬੱਚਿਆਂ ਦੀ ਲੋੜ ਵੱਲ ਨਾ ਉਸ ਸਮੇਂ ਦੇ ਸਮਾਜ ਨੇ ਕਦੇ ਧਿਆਨ ਦਿੱਤਾ ਸੀ ਅਤੇ ਨਾ ਹੀ ਅਜੋਕੇ ਸਮਾਜ ਕੋਲ ਅਜਿਹਾ ਕਰ ਸਕਣ ਦੀ ਸਮਰੱਥਾ ਹੈ। ਪੰਜ ਸਾਲ ਦੇ ਮਾਸੂਮ ਮਾਂ ਦੀ ਗੋਦ ਦੇ ਸਵਰਗੀ ਨਿੱਘ ਵਿੱਚੋਂ ਕੱਢ ਕੇ ਅਸੰਤੁਸ਼ਟ, ਤ੍ਰਿਸਕ੍ਰਿਤ ਆਪਣੇ ਆਪ ਨਾਲ ਖਿਝੇ ਹੋਏ, ਆਪਣੀਆਂ ਨਜ਼ਰਾਂ ਵਿੱਚ ਡਿੱਗੇ ਹੋਏ ਅਤੇ ਸਮਾਜ ਦੇ ਸਿਆਸੀ ਸੁਆਮੀਆਂ ਦੁਆਰਾ ਬੇ-ਲੋੜੇ ਸਮਝੇ ਜਾਣ ਵਾਲੇ ਅਧਿਆਪਕਾਂ ਦੀ ਘਿਰਣਾ ਅਤੇ ਕ੍ਰੋਧ ਦੀ ਅਗਨੀ ਦੇ ਸੇਕ ਸਾਹਮਣੇ ਸੁੱਟ ਦਿੱਤੇ ਜਾਂਦੇ ਹਨ।

ਇਹ ਲੋੜ ਬੱਚਿਆਂ ਦੀ ਨਹੀਂ, ਉਸ ਸਮਾਜ ਦੀ ਹੈ ਜਿਸ ਨੂੰ ਆਪਣੀ ਸਮਾਜਕ ਮਸ਼ੀਨ ਚਾਲੂ ਰੱਖਣ ਲਈ, ਆਲਡੂਅਸ ਹਕਸਲੇ ਦੀ 'ਬ੍ਰੇਵ ਨਿਊ ਵਰਲਡ' ਵਿਚਲੇ 'ਗਾਮਾ ਗਰੀਨ' ਚਾਹੀਦੇ ਹਨ। ਕੋਈ ਬੱਚਾ ਪੰਜ ਸਾਲ ਦੀ ਉਮਰ ਵਿੱਚ ਕਾਮਾ ਨਹੀਂ ਬਣਨਾ ਚਾਹੁੰਦਾ। ਮੇਰੇ ਵੱਸ ਵਿੱਚ ਹੋਵੇ ਤਾਂ ਮੈਂ ਮਨੁੱਖ ਦੇ ਬਚਪਨ ਦੀ ਉਮਰ ਲੰਮੇਰੀ ਕਰ ਕੇ ਤੇਰਾਂ-ਚੌਦਾਂ ਸਾਲ ਕਰ ਦਿਆਂ। ਜੇ ਏਨੇ ਲੰਮੇ ਸਮੇਂ ਤਕ ਨਹੀਂ ਤਾਂ ਘੱਟੋ-ਘੱਟ ਗਿਆਰਾਂ ਸਾਲ ਤਕ ਬੱਚੇ ਨੂੰ ਬੱਚਾ ਜਾਣ ਕੇ ਮਾਂ ਦੇ ਸਾਥ ਅਤੇ ਸਨੇਹ ਦਾ ਅਧਿਕਾਰੀ ਸਮਝਿਆ ਜਾਣਾ ਚਾਹੀਦਾ ਹੈ। ਏਨੇ ਸਮੇਂ ਤਕ ਮਾਂ ਦੇ ਪਿਆਰ ਅਤੇ ਜੀਵਨ ਦੇ ਤਜਰਬੇ ਦੀ ਦੌਲਤ ਨਾਲ ਮਾਲਾ-ਮਾਲ ਹੋ ਕੇ ਜਦੋਂ ਬੱਚਾ ਬਾਹਰਲੀ ਦੁਨੀਆ ਵਿੱਚ ਜਾਵੇਗਾ, ਉਦੋਂ ਉਸ ਲਈ ਘਰ ਦੇ ਸੁਖਾਵੇਂ ਵਾਤਾਵਰਣ ਵਿੱਚ ਰੱਖੀਆਂ ਗਈਆਂ ਮਜ਼ਬੂਤ ਨੀਹਾਂ ਉੱਤੇ ਆਪਣੀ ਵਿੱਦਿਆ ਦੀ ਇਮਾਰਤ ਉਸਾਰਨੀ ਸੌਖੀ ਵੀ ਹੋਵੇਗੀ ਅਤੇ ਸੁਆਦਲੀ ਵੀ। ਇਉਂ ਸਾਡੀ ਪ੍ਰਾਇਮਰੀ ਵਿੱਦਿਆ ਦਾ ਕੰਮ ਘਰ ਨਾਲ ਸੰਬੰਧਤ ਹੋ ਕੇ, ਅਧਿਆਪਕਾਂ ਦੀ ਖਿੱਝ ਵਿੱਚੋਂ ਨਿਕਲ ਜਾਵੇਗਾ ਅਤੇ ਮਾਂ ਦੀ ਮਮਤਾ ਵਿੱਚ ਘੁਲ-ਮਿਲ ਜਾਵੇਗਾ।

ਜੇ ਕ੍ਰਿਸ਼ੀ ਨੂੰ ਮਨੁੱਖ ਦੇ ਆਰਥਕ ਰੁਝੇਵਿਆਂ ਦਾ ਪਹਿਲਾ ਮੋੜ ਮੰਨ ਲਿਆ ਜਾਵੇ ਤਾਂ ਮਸ਼ੀਨੀ ਕ੍ਰਾਂਤੀ ਇਸ ਇਤਿਹਾਸ ਦਾ ਦੂਜਾ ਮਹੱਤਵਪੂਰਣ ਮੋੜ ਮੰਨੀ ਜਾ ਸਕਦੀ ਹੈ। ਸਾਧਾਰਣ ਰੂਪ ਵਿੱਚ ਮਸ਼ੀਨ ਅਤੇ ਮਨੁੱਖ ਦੀ ਮਿੱਤ੍ਰਤਾ ਬਹੁਤ ਹੀ ਪੁਰਾਣੀ ਹੈ। ਆਪਣੇ ਕੰਮਾਂ-ਕਾਰਾਂ

ਵਿੱਚ, ਜਿਸ ਵੀ ਚੀਜ਼ ਨੂੰ ਮਨੁੱਖ ਆਪਣੇ ਹੱਥਾਂ ਪੈਰਾਂ ਦੀ ਸਹਾਇਤਾ ਲਈ ਵਰਤਦਾ ਹੈ, ਉਸ ਨੂੰ ਮਸ਼ੀਨ ਆਖਿਆ ਜਾਣਾ ਅਯੋਗ ਨਹੀਂ। ਜੰਗਲੀ ਜੀਵਨ ਵਿੱਚ ਵਰਤੇ ਜਾਣ ਵਾਲੇ ਪੱਥਰ-ਵੱਟੇ ਅਤੇ ਡੰਡੇ-ਸੋਟੇ ਮਸ਼ੀਨ ਦੇ ਮੁੱਢਲੇ ਰੂਪ ਸਨ। ਮਸ਼ੀਨੀ ਕ੍ਰਾਂਤੀ ਦੇ ਸਮੇਂ ਤਕ ਮਸ਼ੀਨ ਵਿੱਚ ਚੋਖਾ ਵਿਕਾਸ ਹੋ ਚੁੱਕਾ ਸੀ ਤਾਂ ਵੀ 'ਮਨੁੱਖ' ਨੂੰ ਆਰਥਕ ਉਸਾਰੀ ਵਿੱਚ ਕੇਂਦਰੀ ਥਾਂ ਪ੍ਰਾਪਤ ਸੀ। ਮਸ਼ੀਨੀ ਕ੍ਰਾਂਤੀ ਨਾਲ ਉਸ ਯੁੱਗ ਦਾ ਆਰੰਭ ਹੁੰਦਾ ਹੈ, ਜਿਸ ਵਿੱਚ ਹਰ ਨਵੀਂ ਕਾਢ 'ਮਨੁੱਖ' ਦਾ ਮਹੱਤਵ ਘਟਾਉਂਦੀ ਅਤੇ 'ਮਸ਼ੀਨ' ਦਾ ਮਹੱਤਵ ਵਧਾਉਂਦੀ ਗਈ ਹੈ। ਮਸ਼ੀਨ ਦੀ ਮੁੱਢਲੀ ਵਰਤੋਂ ਸ਼ਕਤੀ ਜਾਂ ਤਾਕਤ ਦੇ ਖ਼ਿਆਲ ਨਾਲ ਕੀਤੀ ਗਈ ਸੀ। ਹੌਲੀ ਹੌਲੀ ਰਫ਼ਤਾਰ ਜਾਂ ਤੇਜ਼ੀ ਦਾ ਖ਼ਿਆਲ ਵੀ ਨਾਲ ਰਲਦਾ ਗਿਆ। ਤਾਕਤ ਅਤੇ ਰਫ਼ਤਾਰ ਜਾਂ ਤੇਜ਼ੀ ਕੁਦਰਤੀ ਰਿਸ਼ਤਿਆਂ ਨੂੰ ਤੋੜਨ ਵਿੱਚ ਸਮਰੱਥ ਹਨ। ਨਰਮ ਸਿੱਕੇ ਦੀ ਨਿੱਕੀ ਜਿਹੀ ਗੋਲੀ ਵਿੱਚ ਜਦੋਂ ਬਾਰੂਦ ਦੀ ਸਹਾਇਤਾ ਨਾਲ ਰਫ਼ਤਾਰ ਪੈਦਾ ਕਰ ਦਿੱਤੀ ਜਾਂਦੀ ਹੈ ਤਾਂ ਉਹ ਆਪਣੇ ਨਾਲੋਂ ਕਰੜੇ ਲੋਹੇ ਵਿੱਚ ਵੀ ਛੇਕ ਕਰ ਦਿੰਦੀ ਹੈ। ਇੱਕ ਵਿਸ਼ੇਸ਼ ਹੱਦ ਤੋਂ ਵੱਧ ਤੇਜ਼ ਗਤੀ ਧਰਤੀ ਦੀ ਖਿੱਚ ਨੂੰ ਜਿੱਤ ਲੈਂਦੀ ਹੈ।

ਤੇਜ਼ ਰਫ਼ਤਾਰ ਮਸ਼ੀਨ ਨੇ ਆਪਣੇ ਅਤੇ ਮਨੁੱਖ ਦੇ ਸੰਬੰਧ ਨੂੰ ਉੱਕਾ ਬਦਲ ਦਿੱਤਾ ਹੈ ਅਤੇ ਮਨੁੱਖੀ ਸੰਬੰਧਾਂ ਨੂੰ ਕਈ ਢੰਗਾਂ ਨਾਲ ਪ੍ਰਭਾਵਿਤ ਕੀਤਾ ਹੈ। ਪਹਿਲਾਂ ਪਹਿਲ ਮਸ਼ੀਨ ਮਨੁੱਖ ਦੀ 'ਸੇਵਾਦਾਰ' ਬਣ ਕੇ ਆਈ ਸੀ। ਥੋੜੇ ਜਿਹੇ ਵਿਕਾਸ ਪਿੱਛੋਂ ਇਹ ਸਹਾਇਕ ਬਣ ਗਈ। ਸ਼ਕਤੀ ਦਾ ਸੁਭਾ 'ਸਹਾਇਕ' ਹੋਣਾ ਨਹੀਂ, ਸਗੋਂ 'ਸੁਆਮੀ' ਹੋਣਾ ਹੈ। ਜਿਵੇਂ ਜਿਵੇਂ ਮਸ਼ੀਨ ਵਧੇਰੇ ਸ਼ਕਤੀਸ਼ਾਲੀ ਹੁੰਦੀ ਗਈ ਹੈ, ਤਿਵੇਂ ਤਿਵੇਂ ਸਹਾਇਕ ਤੋਂ ਸੁਆਮੀ ਬਣਦੀ ਗਈ ਹੈ। ਤੇਜ਼ੀ ਨੇ ਤਾਕਤ ਦਾ ਸਾਥ ਦੇ ਕੇ ਮਸ਼ੀਨ ਨੂੰ ਮਨੁੱਖ ਦੀ ਮਾਲਕ ਬਣਾਉਣ ਵਿੱਚ ਉਚੇਚਾ ਹਿੱਸਾ ਪਾਇਆ ਹੈ। ਪਰ ਗੱਲ ਤੇਜ਼ੀ ਅਤੇ ਤਾਕਤ ਤਕ ਖ਼ਤਮ ਨਹੀਂ ਹੋਈ। ਆਟੋਮੇਸ਼ਨ ਜਾਂ ਸ੍ਵੈ-ਚਾਲਕਤਾ ਨੇ ਮਨੁੱਖ ਨੂੰ ਬੇ-ਲੋੜਾ ਬਣਾਉਣ ਦਾ ਬੀੜਾ ਚੁੱਕ ਲਿਆ ਹੈ। ਕੰਪਿਊਟਰ ਅਤੇ ਰੋਬੋਟ ਮਿਲ ਕੇ ਮਨੁੱਖ ਨੂੰ ਪਿੜੋਂ ਕੱਢ ਦੇਣ ਦੀ ਸਮਰੱਥਾ ਰੱਖਦੇ ਹਨ। ਮੁਨਾਫ਼ੇ ਦਾ ਮੋਹ ਮਸ਼ੀਨ ਦੇ ਵਿਕਾਸ ਦੀ ਪ੍ਰੇਰਨਾ ਦੇ ਰਿਹਾ ਹੈ। ਇੱਕ ਪਾਸੇ ਮਸ਼ੀਨ ਮਨੁੱਖ ਨੂੰ ਬੇ-ਕਾਰ ਅਤੇ ਬੇ-ਰੋਜ਼ਗਾਰ ਬਣਾ ਰਹੀ ਹੈ ਅਤੇ ਦੂਜੇ ਪਾਸੇ ਵਰਤੋਂ ਦੀਆਂ ਵਸਤਾਂ ਦੇ ਅੰਬਾਰ ਲਾ ਰਹੀ ਹੈ। ਜਦੋਂ ਉਤਪਾਦਨ ਹੱਦੋਂ ਵੱਧ ਜਾਂਦਾ ਹੈ ਉਦੋਂ ਮਸ਼ੀਨ ਬੰਦ ਕਰਨੀ ਪੈਂਦੀ ਹੈ; ਬੇਰੋਜ਼ਗਾਰਾਂ ਦੀ ਗਿਣਤੀ ਵਿੱਚ ਹੋਰ ਵਾਧਾ ਹੋ ਜਾਂਦਾ ਹੈ। ਲੰਮੀ ਬੇ-ਕਾਰੀ ਮਨੁੱਖ ਵਿਚਲੇ ਸਾਊਪੁਣੇ ਨੂੰ ਸੱਟ ਮਾਰਦੀ ਹੈ। ਅਜੋਕੇ ਅਧੋਰੀ ਪਰਿਵਾਰ-ਪ੍ਰਬੰਧ ਵਿੱਚ ਪੈਦਾ ਹੋਣ ਵਾਲੇ ਨੌ-ਜੁਆਨਾਂ ਦਾ ਸਾਊਪੁਣਾ ਬਹੁਤਾ ਮਜ਼ਬੂਤ ਵੀ ਨਹੀਂ ਹੁੰਦਾ। ਇਸ ਲਈ ਹੁੱਲੜ-ਬਾਜ਼ੀ ਅਤੇ ਅਪਰਾਧ ਵਿੱਚ ਵਾਧਾ ਹੋ ਰਿਹਾ ਹੈ। ਜੇ ਮਸ਼ੀਨ ਦੇ ਵਿਕਾਸ ਦੀ ਵਿਗਿਆਨਕ ਵਹਿਸ਼ਤ ਨੂੰ ਨਕੇਲ ਨਾ ਪਾਈ ਗਈ, ਜੇ ਇਸਤ੍ਰੀ ਨੇ ਆਪਣੀ ਥਾਂ ਪਛਾਣਨ ਅਤੇ ਪ੍ਰਵਾਨ ਕਰਨ ਤੋਂ ਨਾਂਹ ਕੀਤੀ ਤਾਂ ਮਨੁੱਖਤਾ ਦਾ ਮਰਦ ਭਾਗ ਸਮਾਜਕ ਜੀਵਨ ਵਿੱਚ ਕੁਰੂਪਤਾ ਪੈਦਾ ਕਰਨ ਦੀ ਨਾ-ਮਰਦੀ ਨੂੰ 'ਕੰਮ' ਸਮਝਣ, ਕਹਿਣ ਅਤੇ ਕਰਨ ਲਈ ਮਜਬੂਰ ਹੋ ਜਾਵੇਗਾ।

•

# ਸਵਾਰਥ

ਸਵਾਰਥ ਦੀ ਭਾਵਨਾ ਮਨੁੱਖੀ ਜੀਵਨ ਦੀ ਖ਼ੁਸ਼ੀ ਅਤੇ ਖ਼ੂਬਸੂਰਤੀ ਨਾਲ ਬਹੁਤ ਹੀ ਨੇੜਲਾ ਅਤੇ ਜ਼ਰੂਰੀ ਰਿਸ਼ਤਾ ਰੱਖਦੀ ਹੈ; ਇਸ ਲਈ ਇਸ ਭਾਵਨਾ ਬਾਰੇ ਗੰਭੀਰਤਾ ਨਾਲ ਵਿਚਾਰ ਕੀਤੀ ਜਾਣੀ ਚਾਹੀਦੀ ਹੈ। ਕਿਸੇ ਨੂੰ ਸਵਾਰਥੀ ਕਹਿਣ ਦਾ ਮਤਲਬ ਹੈ ਉਸ ਨੂੰ ਲਗਭਗ ਸਾਰੀ ਸਦਾਚਾਰਕ ਸੁੰਦਰਤਾ ਤੋਂ ਸੱਖਣਾ ਆਖਣਾ ਜਦ ਕਿ ਸਾਰੀ ਸਦਾਚਾਰਕ ਸੁੰਦਰਤਾ ਸਵਾਰਥ ਦੀ ਦੇਣ ਆਖੀ ਜਾਣੀ ਚਾਹੀਦੀ ਹੈ। ਸਵਾਰਥ ਪ੍ਰਤੀ ਸਾਧਾਰਣ ਮਨੁੱਖੀ ਦ੍ਰਿਸ਼ਟੀਕੋਣ ਅਸਲੀਅਤ ਦੇ ਏਨਾ ਉਲਟ ਕਿਵੇਂ ਅਤੇ ਕਿਉਂ ਹੋ ਗਿਆ ? ਇਹ ਜਾਣਨ ਲਈ ਸਾਨੂੰ ਸਵਾਰਥ ਦੀ ਭਾਵਨਾ ਬਾਰੇ ਵਧੇਰੇ ਚੰਗੀ ਤਰ੍ਹਾਂ ਜਾਣਨ ਦੀ ਲੋੜ ਹੈ।

ਮੁੱਢਲੇ ਰੂਪ ਵਿੱਚ ਨਿੱਜੀ ਜਾਂ ਆਪਣੇ ਹਿੱਤਾਂ ਦੀ ਤੀਬਰ ਚੇਤਨਾ ਨੂੰ ਸਵਾਰਥ ਆਖਿਆ ਜਾਵੇਗਾ ਅਤੇ ਇਸ ਤੀਬਰ ਚੇਤਨਾ ਵਿੱਚੋਂ ਉਪਜਣ ਵਾਲਾ ਵਤੀਰਾ ਸਵਾਰਥ ਦਾ ਵਤੀਰਾ ਮੰਨਿਆ ਜਾਵੇਗਾ। ਹਰ ਜੀਵ ਦਾ ਮੁੱਢਲਾ ਹਿੱਤ ਆਪਣੇ ਜੀਵਨ ਦੀ ਰੱਖਿਆ ਕਰਨਾ ਹੈ ਅਤੇ ਇਸ ਹਿਤ ਦੀ ਤੀਬਰ ਚੇਤਨਾ ਹਰ ਜੀਵ ਵਿੱਚ ਮੌਜੂਦ ਹੈ। ਆਪਣੇ ਜੀਵਨ ਦੀ ਰੱਖਿਆ ਲਈ 'ਦੌੜ ਜਾਣ', 'ਉੱਡ ਜਾਣ', (ਏਥੋਂ ਤਕ ਕਿ) 'ਦੂਜਿਆਂ ਨੂੰ ਮਾਰ ਕੇ ਖਾ ਜਾਣ' ਵਾਲੇ ਪਸ਼ੂਆਂ ਨੂੰ (ਵੀ) ਸਵਾਰਥੀ ਕਹਿਣ ਵਿੱਚ ਬਹੁਤੀ ਸਿਆਣਪ ਨਹੀਂ ਮੰਨੀ ਜਾਵੇਗੀ। ਆਪਣੀ ਰੱਖਿਆ ਦਾ ਮੁੱਢਲਾ ਸਵਾਰਥ ਜੀਵਨ ਜਿੰਨਾ ਹੀ ਜ਼ਰੂਰੀ ਹੈ। ਇਸ ਸਵਾਰਥ ਦੀ ਅਣਹੋਂਦ ਵਿੱਚ ਸਾਡੀ ਮਾਂ, ਧਰਤੀ, ਆਪਣੀ ਸਾਰੀ ਸਮਰਥਾ ਦੇ ਹੁੰਦਿਆਂ ਹੋਇਆਂ ਵੀ ਬਾਂਝ ਹੁੰਦੀ। 'ਯੋਗਿ ਆਤਮ ਦੀ ਜਿੱਤ' (Survival of the Fittest) ਦਾ ਸਿਧਾਂਤ ਜੀਵਨ ਦੇ ਮੁੱਢਲੇ ਸਵਾਰਥ ਦੀ ਕਹਾਣੀ ਹੈ।

ਇਸ ਕਹਾਣੀ ਦਾ ਮੁੱਖ ਪਾਤ੍ਰ, 'ਮਨੁੱਖ' ਸੁਰੱਖਿਆ ਦੀ ਸਿਖਰ ਉੱਤੇ ਬੈਠਾ ਹੈ। ਉਹ ਬਾਕੀ ਸਾਰੇ ਪਾਤ੍ਰਾਂ ਨਾਲੋਂ ਵਧੇਰੇ ਸੁਰੱਖਿਅਤ ਹੋ ਗਿਆ ਹੈ; ਨਿਰਾ ਸੁਰੱਖਿਅਤ ਹੀ ਨਹੀਂ ਹੋ ਗਿਆ, ਉਸ ਨੇ ਆਪਣੇ ਹਾਲਾਤ ਦੀ ਰੋਸ਼ਨੀ ਵਿੱਚ ਸਵਾਰਥ ਦੀ ਨਵੀਂ ਪਰਿਭਾਸ਼ਾ ਵੀ ਬਣਾ ਲਈ ਹੈ। ਉਹ ਜੀਵਨ ਦੇ ਮੁੱਢਲੇ ਸਵਾਰਥ ਨੂੰ ਅਨਿਆਂ, ਹਿੰਸਾ, ਪਾਪ, ਪਸ਼ੂਪਨ ਅਤੇ ਅਗਿਆਨ ਵਰਗੇ ਨਾਵਾਂ ਨਾਲ ਪੁਕਾਰਦਾ ਹੋਇਆ ਇਸ ਦੇ ਅੰਤਲੇ ਸਵਾਰਥ ਨੂੰ ਮੁਕਤੀ, ਨਿਰਵਾਣ ਜਾਂ ਨਿਹਕੇਵਲ ਕਹਿ ਕੇ ਇਸ ਦੀ ਸੁੰਦਰਤਾ ਦੀ ਸੀਮਾ ਅਤੇ ਇਸ ਦਾ ਇੱਕੋ ਇੱਕ ਮਨੋਰਥ ਮੰਨਦਾ ਹੈ। ਉਸ ਦਾ ਵਿਸ਼ਵਾਸ ਹੈ ਕਿ ਮੁਕਤੀ ਦੀ ਇੱਛਾ ਜਾਂ ਭੁੱਖ ਜੀਵ ਵਿੱਚ ਪਰਮਾਤਮਾ ਵੱਲੋਂ ਪਾਈ ਹੋਈ ਹੈ ਅਤੇ ਇਹ ਭੁੱਖ ਸਾਰੀ ਧਰਤੀ ਦੇ ਧਨ ਦੀ ਮਾਲਕੀ ਨਾਲ ਵੀ ਤ੍ਰਿਪਤ ਨਹੀਂ ਹੋ ਸਕਦੀ।

ਜਿਸ ਤਰ੍ਹਾਂ ਪਸ਼ੂ-ਜੀਵਨ ਵਿੱਚਲੀ ਸ੍ਵੈ-ਰੱਖਿਆ ਦੀ ਭਾਵਨਾ ਨੂੰ ਜੀਵਨ ਦੀ ਬੁਨਿਆਦੀ ਲੋੜ ਜਾਣਦਿਆਂ ਹੋਇਆਂ ਸਵਾਰਥ ਆਖਿਆ ਜਾਣਾ ਓਪਰਾ ਲੱਗਦਾ ਹੈ, ਉਵੇਂ ਹੀ ਜੀਵਨ ਦੇ ਮੁਕਤੀ ਰੂਪੀ ਮਨੋਰਥ ਦੁਆਲੇ ਉਸਰੀ ਹੋਈ ਦਾਰਸ਼ਨਿਕਤਾ ਦੇ ਦਬਦਬੇ ਕਾਰਨ ਇਸ ਨੂੰ

ਸਵਾਰਥ ਕਹਿਣ ਦੀ ਦਲੇਰੀ ਨਹੀਂ ਕੀਤੀ ਜਾਂਦੀ। ਉਂਞ ਇਸ ਨੂੰ ਜੀਵਨ ਦਾ ਇੱਕੋ ਇੱਕ ਮਨੋਰਥ, ਜੀਵਨ ਦੀ ਪ੍ਰਬਲ ਤਾਂਘ, ਆਤਮਾ ਦੀ ਸਦੀਵੀ ਤੜਪ ਆਦਿਕ ਆਖਣ ਵਿੱਚ ਕੋਈ ਝਿਜਕ ਨਹੀਂ ਮਹਿਸੂਸ ਕੀਤੀ ਗਈ। ਇਸ ਨੂੰ ਜੀਵਨ ਦਾ ਸਰਵੋਤਮ ਹਿੱਤ ਦੱਸ ਕੇ ਇਸ ਦੀ ਤੀਬਰ ਚੇਤਨਾ ਪੈਦਾ ਕਰਨ ਦਾ ਭਰਪੂਰ ਜਤਨ ਕਰਦੇ ਹਨ ਸਾਡੇ ਸਾਰੇ ਧਰਮ ਗ੍ਰੰਥ। ਪਰ ਇਹ ਕਹਿਣਾ ਜ਼ਰਾ ਓਪਰਾ ਲੱਗਦਾ ਹੈ ਕਿ ਸਾਡੇ ਧਰਮ ਗ੍ਰੰਥ ਸਾਨੂੰ ਸਵਾਰਥੀ ਬਣਾਉਣ ਦਾ ਜਤਨ ਕਰਦੇ ਹਨ। ਸਵਾਰਥ ਦੀ ਮੁੱਢਲੀ ਪਰਿਭਾਸ਼ਾ ਅਸਾਂ ਬਣਾਈ ਸੀ 'ਨਿੱਜ ਹਿਤ-ਤੀਬਰ ਚੇਤਨਾ'। ਇਸ ਪਰਿਭਾਸ਼ਾ ਅਨੁਸਾਰ ਜੀਵਨ ਦਾ ਪਰਮ ਮਨੋਰਥ, ਮੁਕਤੀ ਵੀ ਸਵਾਰਥ ਆਖਿਆ ਜਾ ਸਕਦਾ ਹੈ।

ਜਦੋਂ ਸਾਡੇ ਧਰਮ ਗ੍ਰੰਥ ਅਤੇ ਧਾਰਮਿਕ ਆਗੂ ਇਹ ਕਹਿੰਦੇ ਹਨ ਕਿ ਮੁਕਤੀ ਦੀ ਪ੍ਰਾਪਤੀ ਲਈ ਮਨੁੱਖ ਨੂੰ ਸਮਾਜਕ ਜਾਂ ਗ੍ਰਿਹਸਤ ਜੀਵਨ ਦਾ ਤਿਆਗ ਕਰ ਕੇ ਜੰਗਲੀਂ-ਪਹਾੜੀਂ ਨਹੀਂ ਜਾ ਵੱਸਣਾ ਚਾਹੀਦਾ, ਉਦੋਂ ਉਹ ਸਾਧਕ ਨੂੰ, ਸਵਾਰਥ-ਵੱਸ ਆਪਣੀਆਂ ਸਮਾਜਕ ਜ਼ਿੰਮੇਦਾਰੀਆਂ ਦੇ ਤਿਆਗ ਵੱਲੋਂ ਰੋਕਣ ਦਾ ਜਤਨ ਕਰ ਰਹੇ ਹੁੰਦੇ ਹਨ। ਮਾਨਵ ਦੇ ਜਿਸ ਹਿਤ ਨੂੰ ਉਹ ਏਨਾ ਮਹੱਤਵਪੂਰਨ ਦੱਸਦੇ ਹਨ, ਓਸੇ ਦੀ ਰਖਵਾਲੀ ਅਤੇ ਪ੍ਰਾਪਤੀ ਦਾ ਜਤਨ ਕਰਦਿਆਂ ਹੋਇਆਂ ਮਨੁੱਖ ਕੋਲੋਂ ਆਪਣੇ ਸਮਾਜਕ ਫ਼ਰਜ਼ਾਂ ਨੂੰ ਪਹਿਲ ਦੇਣ ਦੀ ਆਸ ਕਰਨਾ ਗ਼ੈਰ-ਵਾਜਬ ਲੱਗਦਾ ਹੈ; ਇੱਕ ਵਿਸੰਗਤੀ ਭਾਸਦਾ ਹੈ। ਅਧਿਆਤਮਵਾਦ ਵਿੱਚ ਵਿਸੰਗਤੀਆਂ ਨੂੰ ਅਣਹੋਣੀਆਂ ਅਤੇ ਓਪਰੀਆਂ ਨਹੀਂ ਸਮਝਿਆ ਜਾਂਦਾ, ਕਿਉਂਜੁ ਅਧਿਆਤਮਵਾਦ ਮੂਲ ਰੂਪ ਵਿੱਚ ਵਿਚਾਰ ਦਾ ਨਹੀਂ, ਸਗੋਂ ਵਿਸ਼ਵਾਸ ਅਤੇ (ਕਿਸੇ ਹੱਦ ਤਕ) ਅੰਧ-ਵਿਸ਼ਵਾਸ ਦਾ ਵਿਸ਼ਾ ਹੈ, ਜਿਸ ਵਿੱਚ ਵਿਚਾਰ ਇਨ੍ਹਾਂ ਦੀ ਵਕਾਲਤ ਲਈ ਵਰਤੀ ਜਾਂਦੀ ਹੈ।

ਉਪਰੋਕਤ ਵਿਚਾਰ ਦੇ ਆਧਾਰ ਉੱਤੇ ਇਹ ਆਖਿਆ ਜਾ ਸਕਦਾ ਹੈ ਕਿ ਜੀਵਨ ਦੇ ਆਦਿ ਅਤੇ ਅੰਤ ਵਿੱਚ, 'ਲੋੜ' ਅਤੇ 'ਆਦਰਸ਼ਕ ਸੁੰਦਰਤਾ' ਦੇ ਰੂਪ ਵਿੱਚ ਸਵਾਰਥ ਸਦਾ ਸੁਭਾਏਮਾਨ ਰਹਿੰਦਾ ਹੈ ਅਤੇ ਸਵਾਰਥ ਦੇ ਇਨ੍ਹਾਂ ਰੂਪਾਂ ਨੂੰ ਨਿੰਦਨੀਯ ਨਹੀਂ ਸਮਝਿਆ ਜਾਂਦਾ। ਜੀਵਨ-ਜੋਤ ਨੂੰ ਜਗਦੀ ਰੱਖਣ ਦੀ ਇੱਛਾ ਸ੍ਵੈ-ਰੱਖਿਆ ਦੇ ਸੰਘਰਸ਼ ਦਾ ਰੂਪ ਧਾਰ ਕੇ ਜੀਵਨ ਦੇ ਮੁੱਢਲੇ ਸਵਾਰਥ ਨੂੰ ਜਨਮ ਦਿੰਦੀ ਹੈ। ਇਸ ਸੰਘਰਸ਼ ਦੀ ਸਹਾਇਤਾ ਨਾਲ ਜੀਵਨ ਮਨੁੱਖੀ ਰੂਪ ਨੂੰ ਪੁੱਜਦਾ ਹੈ। ਇਸ ਰੂਪ ਨੂੰ ਪ੍ਰਾਪਤ ਕਰਕੇ ਮਨੁੱਖ ਇਹ ਸੋਚਦਾ ਹੈ ਕਿ ਜੀਵਨ-ਜੋਤ ਨੂੰ ਜਗਦੀ ਰੱਖਣ ਦੀ ਰੀਝ ਨੇ ਮੈਨੂੰ ਜਨਮ-ਮਰਨ ਦੇ ਲੰਮੇ ਚੱਕਰ ਵਿੱਚ ਪਾਇਆ ਹੋਇਆ ਹੈ। ਉਹ ਜੀਵਨ-ਜੋਤ ਨੂੰ ਬੁਝਾ ਦੇਣਾ ਲੋਚਦਾ ਹੈ। ਇਸ ਲੋਚਾ ਨੂੰ 'ਨਿਰਵਾਣ' ਆਖਦੇ ਹਨ, ਨਿਰਵਾਣ ਦੇ ਅਰਥ ਹਨ—ਜੋਤੀ ਦਾ ਬੁਝ ਜਾਣਾ। ਜੋਤੀ ਦੇ 'ਜਗਣ' ਤੋਂ ਲੈ ਕੇ ਜੋਤੀ ਦੇ 'ਬੁਝ ਜਾਣ' ਦੇ ਦੋ ਹਿੱਸਿਆਂ ਦੇ ਵਿਚਕਾਰ ਜੀਵ ਦੇ ਸੰਸਾਰਕ ਜੀਵਨ ਦੀ ਖੇਡ ਹੈ। ਮੁਕਤੀ ਨੂੰ ਜੀਵਨ ਦਾ ਮਨੋਰਥ ਦੱਸਣ ਵਾਲੇ ਜੀਵਨ-ਜੋਤ ਦੇ ਬੁਝ ਜਾਣ ਦੀ ਗੱਲ ਨਹੀਂ ਕਰਦੇ। ਉਨ੍ਹਾਂ ਅਨੁਸਾਰ 'ਜੋਤ' ਬੁਝਦੀ ਨਹੀਂ ਸਗੋਂ 'ਜੋਤ' ਵਿੱਚ ਸਮਾ ਜਾਂਦੀ ਹੈ। ਚਲੋ, ਇਉਂ ਕਹਿ ਲੈਂਦੇ ਹਾਂ ਕਿ ਜੋਤ ਦੇ ਜੋਤ ਤੋਂ 'ਵੱਖ ਹੋਣ' ਤੋਂ ਲੈ ਕੇ 'ਜੋਤ ਵਿੱਚ ਸਮਾ ਜਾਣ' ਦੇ ਦੋ ਸਿਰਿਆਂ ਦੇ ਵਿਚਕਾਰ ਸੰਸਾਰਕ ਜੀਵਨ ਦੀ ਲੀਲ੍ਹਾ ਹੈ। ਇਸ ਲੀਲ੍ਹਾ ਵਿੱਚ ਸਵਾਰਥ ਨੂੰ ਕਿਹੜੀ ਥਾਂ ਪ੍ਰਾਪਤ ਹੈ ?—ਕੇਂਦ੍ਰੀ।

ਲੋੜ, ਗਰਜ਼, ਨਿਜ ਹਿੱਤ ਜਾਂ ਸਵਾਰਥ ਤੋਂ ਬਿਨਾਂ ਕੋਈ ਸੰਬੰਧ ਸੰਭਵ ਨਹੀਂ। ਪਰਮਾਤਮਾ ਕਿਸੇ ਦਾ ਸੰਬੰਧੀ ਨਹੀਂ, ਕਿਉਂਜੁ ਉਸ ਨੂੰ ਕੋਈ ਲੋੜ ਨਹੀਂ, ਗ਼ਰਜ਼ ਨਹੀਂ। ਸੰਬੰਧਾਂ

WWW.SIKHBOOKCLUB.COM 

ਵਿੱਚੋਂ ਲੋੜਾਂ ਅਤੇ ਲੋੜਾਂ ਵਿੱਚੋਂ ਸੰਬੰਧ ਉਪਜਦੇ ਹਨ। ਨਿਸ਼ਕਾਮ ਰਿਸ਼ਤੇ ਖ਼ਿਆਲਾਂ, ਆਦਰਸ਼ਾਂ ਅਤੇ ਕਿਤਾਬਾਂ ਵਿੱਚ ਹੀ ਵੇਖੇ ਜਾ ਸਕਦੇ ਹਨ। ਗ਼ਰਜ਼ਾਂ ਸੰਬੰਧਾਂ ਨੂੰ ਜਨਮ ਦਿੰਦੀਆਂ ਹਨ; ਜਿੰਨੀਆਂ ਵੱਡੀਆਂ ਗ਼ਰਜ਼ਾਂ ਓਨੇ ਸੁੰਦਰ ਸੰਬੰਧ; ਜਿੰਨੀਆਂ ਲੰਮੀਆਂ ਲੋੜਾਂ ਓਨੇ ਚਿਰਜੀਵੇ ਰਿਸ਼ਤੇ। ਕੋਈ ਲੋੜ-ਮੁਕਤ, ਨਿਸ਼ਕਾਮ ਜਾਂ ਲਾ-ਗ਼ਰਜ਼ ਆਦਮੀ ਤੁਹਾਡਾ ਸੰਬੰਧੀ, ਸਨੇਹੀ, ਸਹਿਯੋਗੀ ਮਿੱਤ੍ਰ ਨਹੀਂ ਬਣ ਸਕਦਾ। ਸਵਾਰਥਹੀਣ ਜਾਂ ਹਿੱਤ-ਰਹਿਤ ਆਦਮੀ ਕੇਵਲ ਪਰਉਪਕਾਰੀ ਜਾਂ ਮੁਹਸਿਨ ਬਣ ਸਕਦੇ ਹਨ। ਹਰ ਮੁਹਸਿਨ (ਅਹਿਸਾਨ ਕਰਨ ਵਾਲੇ) ਨੂੰ ਕਿਸੇ ਅਹਿਸਾਨਮੰਦ ਦੀ ਲੋੜ ਹੁੰਦੀ ਹੈ। ਇਹ ਸੁਹਣੀ ਲੋੜ ਨਹੀਂ; ਨਾ ਹੀ ਇਹ ਸੁਹਣੇ ਸੰਬੰਧਾਂ ਨੂੰ ਜਨਮ ਦੇ ਸਕਦੀ ਹੈ। ਇਹ ਇੱਛਾ ਕਰਨੀ ਕਿ ਮੇਰੇ ਦੁਆਲੇ ਅਹਿਸਾਨਮੰਦ ਮੁਹਤਾਜਾਂ ਦੀ ਭੀੜ ਲੱਗੀ ਰਹੇ, ਸੁਹਣੇ ਮਨੁੱਖ ਹੋਣ ਦੀ ਦਲੀਲ ਨਹੀਂ। ਸੁਹਣਾ ਮਨੁੱਖ ਹਰ ਕਿਸੇ ਨੂੰ ਆਪਣੇ ਵਰਗਾ ਵੇਖਦਾ ਹੈ।

ਜਦੋਂ ਅਸੀਂ ਖ਼ਿਆਲੀ ਦੁਨੀਆ ਵਿੱਚ ਦਾਖ਼ਲ ਹੋ ਕੇ ਆਪਣੇ ਸੰਬੰਧਾਂ ਨੂੰ ਸਵਾਰਥ ਦੀ ਥਾਂ ਕਿਸੇ ਆਦਰਸ਼ ਉੱਤੇ ਆਧਾਰਿਤ ਸਮਝਣ ਲੱਗ ਪੈਂਦੇ ਹਾਂ, ਉਦੋਂ ਸੰਬੰਧਾਂ ਦੀ ਸੰਸਾਰਕ ਅਤੇ ਸਮਾਜਕ ਸੁੰਦਰਤਾ ਦੀ ਹਾਨੀ ਹੋਣ ਲੱਗ ਪੈਂਦੀ ਹੈ; ਉਹ ਰੂਪੋਂ ਕਰੂਪ ਹੋ ਜਾਂਦੇ ਹਨ। ਮਾਂ-ਪੁੱਤ੍ਰ ਦੇ ਰਿਸ਼ਤੇ ਦੀ ਮਿਸਾਲ ਸਾਡੇ ਸਾਹਮਣੇ ਹੈ। ਇਹ ਰਿਸ਼ਤਾ ਮਮਤਾ ਦਾ ਰਿਸ਼ਤਾ ਹੈ ਅਤੇ ਸੁਰੱਖਿਆ ਦੇ ਸਵਾਰਥ ਉੱਤੇ ਆਧਾਰਿਤ ਹੈ। ਬੱਚੇ ਨੂੰ ਆਪਣੀ ਰੱਖਿਆ ਲਈ ਮਾਪਿਆਂ ਦੀ ਲੋੜ ਹੈ। ਜਦੋਂ ਉਹ ਜਵਾਨ ਹੋ ਜਾਂਦਾ ਹੈ ਉਦੋਂ ਉਸ ਦੇ ਬੁੱਢੇ ਮਾਪਿਆਂ ਨੂੰ ਆਪਣੀ ਸੇਵਾ-ਸੰਭਾਲ ਲਈ ਆਪਣੇ ਜਵਾਨ ਹੋਏ ਬੱਚੇ ਦੀ ਲੋੜ ਹੁੰਦੀ ਹੈ। ਪਸ਼ੂ-ਜੀਵਨ ਵਿੱਚ ਇਹ ਲੋੜ ਇੱਕ-ਪਾਸੀ ਹੈ; ਬੱਚਿਆਂ ਨੂੰ ਪਾਲਣ ਤਕ ਸੀਮਿਤ ਹੈ। ਮਨੁੱਖੀ ਜੀਵਨ ਵਿੱਚ ਇਹ ਲੋੜ ਦੁਪਾਸੀ ਹੈ; ਬੱਚਿਆਂ ਅਤੇ ਬੁੱਢਿਆਂ ਦੀ ਸਾਂਝੀ ਲੋੜ ਹੈ।

ਇਸ ਸਾਂਝੀ ਲੋੜ ਜਾਂ ਸਾਂਝੇ ਸਵਾਰਥ ਨੂੰ ਮਾਪਿਆਂ ਅਤੇ ਬੱਚਿਆਂ ਦੇ ਸੰਬੰਧ ਦਾ ਆਧਾਰ ਮੰਨਦੇ ਰਹਿਣ ਨਾਲ ਇਹ ਸੰਬੰਧ ਸੁਹਣਾ ਬਣਿਆ ਰਹਿ ਸਕਦਾ ਹੈ। ਕੋਈ ਪੀੜ੍ਹੀ—ਪਾੜਾ ਜਾਂ ਜੈਨਰੇਸ਼ਨ ਗੈਪ ਇਸ ਦੀ ਮਿਠਾਸ ਨੂੰ ਕੁੜੱਤਣ ਵਿੱਚ ਨਹੀਂ ਬਦਲ ਸਕਦਾ। ਪਰੰਤੂ ਜਵਾਨੀ ਦੀ ਉਮਰੇ ਬੁਢਾਪੇ ਵਿੱਚ ਵਾਪਰਨ ਵਾਲੀ ਕਮਜ਼ੋਰੀ ਦਾ ਕਿਆਸ ਮਾਪਿਆਂ ਲਈ ਸੰਭਵ ਨਹੀਂ ਹੁੰਦਾ। ਉਹ ਬੱਚੇ ਪ੍ਰਤੀ ਆਪਣੇ ਰਵੱਈਏ ਨੂੰ ਆਪਣੀ ਗ਼ਰਜ਼ ਦੀ ਉਪਜ ਨਹੀਂ ਮੰਨਦੇ। ਆਪਣੇ ਆਪ ਨੂੰ ਬੱਚਿਆਂ ਦੇ ਜਨਮ-ਦਾਤਾ ਜਾਣਦੇ ਹੋਏ ਉਹ ਆਪਣੀ ਮਮਤਾ ਨੂੰ ਦਇਆ ਦਾ ਰੂਪ ਦੇ ਲੈਂਦੇ ਹਨ। ਦਇਆ ਅਤੇ ਦੋਸਤੀ ਵਿੱਚ ਬਹੁਤ ਫ਼ਰਕ ਹੁੰਦਾ ਹੈ। ਬੱਚੇ ਦੇ ਪਾਲਣ-ਪੋਸ਼ਣ ਵਿੱਚ ਆਉਣ ਵਾਲੀਆਂ ਖੇਚਲਾਂ ਨੂੰ ਉਹ ਆਉਣ ਵਾਲੇ ਬੁਢਾਪੇ ਵਿਰੁੱਧ ਕੀਤੀ ਜਾ ਰਹੀ 'ਤਿਆਰੀ' ਨਹੀਂ ਸਮਝਦੇ, ਸਗੋਂ ਬੱਚਿਆਂ ਦੇ ਭਲੇ ਅਤੇ ਭਵਿੱਖ ਲਈ ਕੀਤੀ ਗਈ 'ਕੁਰਬਾਨੀ' ਸਮਝਦੇ ਹਨ। ਮਾਪਿਆਂ (ਵਿਸ਼ੇਸ਼ ਕਰਕੇ ਮਾਵਾਂ) ਦੀ ਕੁਰਬਾਨੀ ਦੀ ਚਰਚਾ ਬਹੁਤ ਆਮ ਹੈ। ਪਿਤਾਵਾਂ ਵੱਲੋਂ ਇਹ ਕਿਹਾ ਜਾਣਾ ਵੀ ਸਾਧਾਰਣ ਜਿਹੀ ਗੱਲ ਹੈ, "ਵੇਖੋ ਜੀ, ਸਭ ਕੁਝ ਔਲਾਦ ਲਈ ਕਰੀਦਾ ਹੈ। ਅਸੀਂ ਏਹੋ ਚਾਹੁੰਦੇ ਹਾਂ ਕਿ ਬੱਚੇ ਕੁਝ ਬਣ ਜਾਣ।"

ਅਸੀਂ ਇਹ ਨਹੀਂ ਜਾਣਦੇ ਕਿ ਆਪਣੇ ਆਪ ਨੂੰ ਕੁਰਬਾਨ ਕਰਨ ਵਾਲੇ ਅਤੇ ਆਪਣੇ ਬੱਚਿਆਂ ਨੂੰ ਦਇਆ ਦੇ ਪਾਤ੍ਰ, ਆਪਣੇ ਰਹਿਮ ਉੱਤੇ ਜੀਣ ਵਾਲੇ, ਆਪਣੇ ਮੁਹਤਾਜ ਮੰਨ ਕੇ ਅਸੀਂ ਕਿੰਨੀ ਵੱਡੀ ਭੁੱਲ ਕਰ ਰਹੇ ਹੁੰਦੇ ਹਾਂ। ਕੁਰਬਾਨੀਆਂ ਜੀਵਨ ਦੀ ਸੁੰਦਰਤਾ ਵਿੱਚ ਵਾਧਾ ਨਹੀਂ ਕਰਦੀਆਂ। ਇਹ ਮਨੁੱਖ ਦੇ ਅਗਿਆਨ ਵਿੱਚੋਂ ਉਪਜੀ ਹੋਈ ਕੁਰੂਪਤਾ ਹਨ; ਕਰੂਪਤਾ ਵਿੱਚ ਵਾਧਾ ਕਰਦੀਆਂ ਹਨ। ਜੰਗਲੀ ਅਣਜਾਣ ਮਨੁੱਖ ਨੂੰ ਇਹ ਭੁਲੇਖਾ ਸੀ ਕਿ

ਕੋਈ ਭਿਆਨਕ ਸ਼ਕਤੀ ਪਸ਼ੂਆਂ ਅਤੇ ਮਨੁੱਖਾਂ ਦੀ ਬਲੀ ਦੇ ਕੇ ਰੀਝਾਈ ਜਾ ਸਕਦੀ ਹੈ। ਸ਼ਕਤੀ ਅਤੇ ਹਿੰਸਾ ਦੀਆਂ ਭਿਆਨਕ ਦੇਵੀਆਂ ਦਾ ਪੁਜਾਰੀ ਸਭਿਅ ਮਨੁੱਖ ਵੀ ਇਹ ਮੰਨਦਾ ਹੈ ਕਿ ਦੇਸ਼, ਧਰਮ, ਸੰਸਕ੍ਰਿਤੀ ਆਦਿਕ ਦੀ ਰੱਖਿਆ ਲਈ ਬਲੀਆਂ ਦਿੱਤੀਆਂ ਜਾਣੀਆਂ ਜ਼ਰੂਰੀ ਹਨ। ਕੁਰਬਾਨੀ ਦੀ ਭਾਵਨਾ ਸਾਡੇ ਰਿਸ਼ਤਿਆਂ ਨੂੰ ਕੁਰੂਪ ਕਰਦੀ ਹੈ। ਬੱਚੇ ਮਹਾਂ ਕਾਲੀ ਦਾ ਰੂਪ ਨਹੀਂ ਹਨ; ਉਹ ਮਾਪਿਆਂ ਕੋਲੋਂ ਕਿਸੇ ਕੁਰਬਾਨੀ ਦੀ ਮੰਗ ਨਹੀਂ ਕਰਦੇ।

ਮਮਤਾ ਨੂੰ ਦਇਆ ਬਣਾਇਆ ਜਾਣਾ ਵੀ ਉੱਚਿਤ ਨਹੀਂ। ਤਕੜੇ ਮਾੜਿਆਂ ਉੱਤੇ, ਅਮੀਰ ਗ਼ਰੀਬਾਂ ਉੱਤੇ, ਸਿਆਣੇ ਮੂਰਖਾਂ ਉੱਤੇ, ਅਫ਼ਸਰ ਮਾਤਹਿਤਾਂ ਉੱਤੇ, ਦਾਨੀ ਭਿਖਾਰੀਆਂ ਉੱਤੇ, ਜੱਜ ਅਪਰਾਧੀਆਂ ਉੱਤੇ ਅਤੇ ਮਾਲਕ ਨੌਕਰਾਂ-ਦਾਸਾਂ ਉੱਤੇ ਦਇਆ ਕਰਦੇ ਹਨ। ਬੱਚੇ ਨਾ ਗ਼ਰੀਬ ਹਨ, ਨਾ ਮੂਰਖ ਹਨ, ਨਾ ਭਿਖਾਰੀ ਹਨ, ਨਾ ਅਪਰਾਧੀ ਹਨ ਅਤੇ ਨਾ ਦਾਸ ਹਨ। ਉਹ ਆਉਣ ਵਾਲੀ ਦੁਨੀਆ ਦੇ ਮਾਲਕ ਹਨ। ਅਸੀਂ ਉਨ੍ਹਾਂ ਦੀ ਦੁਨੀਆ ਦੇ ਦਰਬਾਨ ਹਾਂ। ਨੌਕਰ ਦਾ ਦਰਜਾ ਮਾਪਿਆਂ ਦਾ ਹੈ ਬੱਚਿਆਂ ਦਾ ਨਹੀਂ। ਕੋਈ ਨੌਕਰ ਆਪਣੇ ਮਾਲਕ ਉੱਤੇ ਦਇਆ ਕਰਦਾ ਚੰਗਾ ਨਹੀਂ ਲੱਗਦਾ। ਮਾਪਿਆਂ ਅਤੇ ਬੱਚਿਆਂ ਦਾ ਰਿਸ਼ਤਾ ਮਮਤਾ ਉੱਤੇ ਆਧਾਰਿਤ ਹੈ, ਦਇਆ ਉੱਤੇ ਨਹੀਂ। ਇਸ ਰਿਸ਼ਤੇ ਪਿੱਛੇ ਮਾਪਿਆਂ ਦਾ ਕਿੰਨਾ ਵੱਡਾ ਸਵਾਰਥ ਹੈ, ਇਹ ਜਾਣਨ ਦੀ ਕੋਸ਼ਿਸ਼ ਨਹੀਂ ਕੀਤੀ ਜਾਂਦੀ; ਬੱਚੇ ਆਪਣੇ ਸਵਾਰਥ ਬਾਰੇ ਜਾਣ ਨਹੀਂ ਸਕਦੇ।

ਇਹ ਗੱਲ ਚੇਤੇ ਰੱਖਣ ਵਾਲੀ ਹੈ ਕਿ ਮੈਂ ਦਇਆ ਦੇ ਭਾਵ ਦੀ ਨਿੰਦਾ ਨਹੀਂ ਕਰ ਰਿਹਾ। ਦਇਆ ਨੂੰ ਧਰਮ ਦਾ ਮੂਲ ਮੰਨਿਆ ਗਿਆ ਹੈ। ਆਧੁਨਿਕ ਅਤੇ ਭਵਿੱਖ ਦੀਆਂ ਸਮਾਜਕ ਪਰਿਸਥਿਤੀਆਂ ਵਿੱਚ ਦਇਆ ਨੂੰ ਮਨੁੱਖੀ ਸੰਬੰਧਾਂ ਵਿੱਚ ਮਹੱਤਵਪੂਰਨ ਥਾਂ ਪ੍ਰਾਪਤ ਹੈ ਅਤੇ ਰਹੇਗੀ। ਦਇਆ ਨੂੰ ਧਰਮ ਦਾ ਮੂਲ ਮੰਨਿਆ ਜਾਂਦਾ ਰਹੇਗਾ।

ਨਾ ਹੀ ਮੈਂ ਇਹ ਕਹਿ ਰਿਹਾ ਹਾਂ ਕਿ ਬੱਚਿਆਂ ਅਤੇ ਮਾਪਿਆਂ ਦੇ ਸੰਬੰਧਾਂ ਵਿੱਚ ਦਇਆ ਦਾ ਕੋਈ ਹੱਥ ਨਹੀਂ ਹੁੰਦਾ। ਮੇਰਾ ਮਨੋਰਥ ਮਮਤਾ ਅਤੇ ਦਇਆ ਦੇ ਰਿਸ਼ਤਿਆਂ ਵਿਚਲੇ ਫ਼ਰਕ ਦੀ ਵਿਆਖਿਆ ਕਰ ਕੇ ਇਹ ਦੱਸਣਾ ਹੈ ਕਿ ਮਾਪਿਆਂ ਅਤੇ ਬੱਚਿਆਂ ਦਾ ਰਿਸ਼ਤਾ ਮੂਲ ਰੂਪ ਵਿੱਚ ਮਮਤਾ ਦਾ ਰਿਸ਼ਤਾ ਹੈ ਅਤੇ ਦਇਆ ਇਸ ਵਿੱਚ ਇੱਕ ਸਹਾਇਕ ਦਾ ਕੰਮ ਕਰਦੀ ਹੈ। ਇਸ ਰਿਸ਼ਤੇ ਨੂੰ ਮਮਤਾ ਦਾ ਰਿਸ਼ਤਾ ਬਣਾਇਆਂ ਸਾਡੇ ਘਰੇਲੂ ਅਤੇ ਸਮਾਜਕ ਜੀਵਨ ਵਿੱਚ ਢੇਰ ਸਾਰੀ ਸੁੰਦਰਤਾ ਪੈਦਾ ਕੀਤੀ ਜਾ ਸਕਦੀ ਹੈ।

ਮਮਤਾ ਤਾਮਸਿਕ ਪ੍ਰਵਿਰਤੀ ਹੈ; ਦਇਆ ਸਾਤਵਿਕ.ਹੈ। ਤਮੋ ਅਤੇ ਸਤੋ ਇੱਕ ਦੂਜੇ ਵਿੱਚ ਘੁਲ-ਮਿਲ ਜਾਣ ਦੀ ਯੋਗਤਾ ਰੱਖਦੇ ਹਨ। ਕਈ ਵੇਰ ਇਹ ਦੋਵੇਂ ਇੱਕੋ ਹੋਣ ਦਾ ਭੁਲੇਖਾ ਪਾ ਦਿੰਦੇ ਹਨ। ਕੁਰਬਾਨੀ ਰਜੋਗੁਣੀ ਪ੍ਰਵਿਰਤੀ (ਪ੍ਰਵ੍ਰਿਤੀ) ਹੈ। ਮਾਪਿਆਂ ਅਤੇ ਬੱਚਿਆਂ ਦੇ ਸੰਬੰਧਾਂ ਵਿਚਲੀ ਕੁਰੂਪਤਾ ਦਾ ਵੱਡਾ ਕਾਰਨ ਇਹੋ ਪ੍ਰਵ੍ਰਿਤੀ ਬਣਦੀ ਆਈ ਹੈ। ਕੁਰਬਾਨੀਆਂ ਕਰਨ ਵਾਲੇ ਆਪਣੀਆਂ ਕੁਰਬਾਨੀਆਂ ਦਾ ਅਸਰ ਜਾਂ ਨਤੀਜਾ ਉਡੀਕਦੇ ਰਹਿੰਦੇ ਹਨ ਜਾਂ ਇਉਂ ਆਖੋ ਕਿ ਮੁੱਲ ਵਸੂਲ ਕਰਨ ਦੀ ਕਾਹਲ ਵਿੱਚ ਹੁੰਦੇ ਹਨ। ਇਹ ਸਦਾ ਤੋਂ ਘਾਟੇ ਵਾਲਾ ਵਾਪਾਰ ਸਿੱਧ ਹੁੰਦਾ ਆਇਆ ਹੈ। ਮਾਪਿਆਂ ਅਤੇ ਬੱਚਿਆਂ ਦੇ ਸੰਬੰਧਾਂ ਦੀ ਗੱਲ ਕਿਸੇ ਦੂਜੇ ਲੇਖ ਵਿੱਚ ਵਿਸਥਾਰ ਨਾਲ ਕਰਾਂਗਾ। ਏਥੇ ਗੱਲ ਚੱਲ ਰਹੀ ਹੈ ਸਵਾਰਥ ਦੀ; ਅਤੇ ਮੈਂ ਕਹਿ ਰਿਹਾ ਹਾਂ ਕਿ ਸਵਾਰਥ ਉੱਤੇ ਆਧਾਰਿਤ ਰਿਸ਼ਤੇ ਵਧੇਰੇ ਸੰਸਾਰਕ, ਸਮਾਜਕ, ਸਾਰਥਕ, ਸਥਾਈ ਅਤੇ ਸੁੰਦਰ ਹੁੰਦੇ ਹਨ ਅਤੇ ਹੋ ਸਕਦੇ ਹਨ, ਸਵਾਰਥ ਨੂੰ ਸਤਿਕਾਰਯੋਗ ਮੰਨਿਆਂ।

ਪਸ਼ੂ-ਜੀਵਨ ਵਿੱਚ ਸ੍ਵੈ-ਰੱਖਿਆ ਦੇ ਸਥੂਲ ਸਵਾਰਥ ਨੂੰ ਹਿੰਸਾ, ਹੱਤਿਆ, ਚੋਰੀ, ਚਲਾਕੀ

WWW.SIKHBOOKCLUB.COM

ਅਤੇ ਚਤੁਰਾਈ ਆਦਿਕ ਦੀ ਸਹਾਇਤਾ ਨਾਲ ਸਿੱਧ ਕੀਤਾ ਜਾਂਦਾ ਹੈ। ਸਭਿਅ ਸਮਾਜਕ ਜੀਵਨ ਵਿੱਚ ਮਨੁੱਖੀ ਸਵਾਰਥ, ਮਾਣ, ਮਰਿਆਦਾ, ਸੋਭਾ, ਵਡਿਆਈ, ਧਨ, ਪ੍ਰਭੁਤਾ, ਵਿੱਦਿਆ, ਕਲਾ, ਗਿਆਨ ਅਤੇ ਉੱਨਤੀ ਆਦਿ ਦੇ ਕਈ ਸੂਖ਼ਮ ਰੂਪ ਧਾਰ ਲੈਂਦਾ ਹੈ। ਹਰ ਪ੍ਰਕਾਰ ਦੇ ਸਵਾਰਥ ਦੀ ਸਿੱਧੀ ਲਈ ਯੋਗ ਅਤੇ ਅਯੋਗ, ਚੰਗੇ ਅਤੇ ਬੁਰੇ ਸਾਧਨ ਵੀ ਪੈਦਾ ਹੋ ਜਾਂਦੇ ਹਨ। ਯੋਗ ਸਾਧਨਾਂ ਦੀ ਸਹਾਇਤਾ ਨਾਲ ਸਿੱਧ ਕੀਤਾ ਹੋਇਆ ਸਵਾਰਥ ਜੀਵ ਦੀ ਸਵਾਰਥ ਸਿੱਧੀ ਦੇ ਨਾਲ ਨਾਲ ਜੀਵਨ ਵਿੱਚਲੀ ਸੁੰਦਰਤਾ ਨੂੰ ਵੀ ਵਧਾਉਂਦਾ ਹੈ। ਇਸ ਗੱਲ ਦਾ ਮਨੁੱਖ ਨੂੰ ਪਤਾ ਹੈ ਪਰ ਇਸ ਗੱਲ ਉੱਤੇ ਭਰੋਸਾ ਅਜੇ ਨਹੀਂ ਹੋਇਆ, ਇਸ ਦਾ ਕਾਰਨ ਇਹ ਹੈ ਕਿ ਜੀਵਨ ਦੀ ਵਾਗਡੋਰ ਹੁਣ ਤਕ ਰਾਜ-ਅਧਿਕਾਰੀਆਂ ਦੇ ਹੱਥ ਵਿੱਚ ਰਹੀ ਹੈ ਅਤੇ ਇਹ ਅਧਿਕਾਰੀ ਹਿੰਸਾ-ਹੱਤਿਆ ਦੇ ਸਾਧਨ ਨੂੰ ਸ੍ਰੇਸ਼ਟ ਮੰਨਦੇ ਆਏ ਹਨ।

ਸਭਿਅ ਅਤੇ ਅਸਭਿਅ ਜੀਵਨ ਵਿੱਚ ਅੰਤਲਾ ਅੰਤਰ ਇਹ ਹੁੰਦਾ ਹੈ ਕਿ ਸਭਿਅ ਜੀਵਨ ਨੂੰ ਸੁਰੱਖਿਆ ਅਤੇ ਸਤਿਕਾਰ ਦਾ ਭਰੋਸਾ ਹੁੰਦਾ ਹੈ ਅਤੇ ਅਸਭਿਅ ਜੀਵਨ ਨੂੰ ਬਿਪਤਾ ਅਤੇ ਬੇ-ਪਤੀ ਦਾ ਤੌਖਲਾ। ਹੁਣ ਤਕ ਦੁਨੀਆ ਦੇ ਕੁਝ ਕੁ ਸਮਾਜ ਹੀ ਆਪਣੇ ਨਾਗਰਿਕਾਂ ਲਈ ਸੁਰੱਖਿਆ ਅਤੇ ਸਤਿਕਾਰ ਦੀ 'ਕੁਝ ਕੁ' ਮਾਤ੍ਰਾ ਪੈਦਾ ਕਰ ਸਕੇ ਹਨ। ਬਹੁਤੇ ਦੇਸ ਸਭਿਅ ਸੰਸਾਰ ਦੇ ਅਸਭਿਅ ਵਸਨੀਕ ਹਨ। ਉਨ੍ਹਾਂ ਵਿੱਚ ਸਵਾਰਥ ਸਿੱਧੀ ਲਈ ਅਯੋਗ ਸਾਧਨ ਅਪਣਾਏ ਜਾਣੇ ਓਪਰੀ ਗੱਲ ਨਹੀਂ; ਦੂਜੇ ਦੀ ਹਾਨੀ ਵਿੱਚੋਂ ਆਪਣਾ ਲਾਭ ਲੱਭਣ ਦੀ ਮੂਰਖ਼ਤਾ ਕਰਨ ਵਾਲਿਆਂ ਦਾ ਕੋਈ ਘਾਟਾ ਨਹੀਂ। ਲਾਭ ਜਾਂ ਮੁਨਾਫ਼ਾ ਹਰ ਦੁਕਾਨਦਾਰ ਦਾ ਮਨੋਰਥ ਹੈ ਆਪਣੇ ਇਸ ਸਵਾਰਥ ਦੀ ਸਿੱਧੀ ਲਈ ਉਹ ਚੰਗਾ ਮਾਲ, ਜਾਇਜ਼ ਮੁਨਾਫ਼ੇ ਉੱਤੇ ਸਭਿਅ/ ਸੁਚੱਜੇ ਢੰਗ ਨਾਲ ਵੇਚ ਕੇ ਆਪਣੇ ਵਾਪਾਰ ਦੀ ਉਮਰ ਲੰਮੀ ਕਰ ਸਕਦਾ ਹੈ। ਇਸ ਦੇ ਉਲਟ ਘਟੀਆ ਮਾਲ, ਹੇਰਾ-ਫੇਰੀ ਨਾਲ ਵੇਚ ਕੇ, ਆਪਣੇ ਗਾਹਕਾਂ ਦੇ ਪੈਸੇ ਲੁੱਟ ਕੇ, ਉਨ੍ਹਾਂ ਦੀ ਖ਼ਰੀਦ-ਸ਼ਕਤੀ ਖ਼ਤਮ ਕਰ ਕੇ, ਉਹ ਆਪਣੇ ਵਾਪਾਰ ਦੀ ਨੀਂਹ ਖੋਖਲੀ ਕਰ ਕੇ ਆਪਣੇ ਸਵਾਰਥ ਦਾ ਗਲ ਵੀ ਘੁੱਟ ਸਕਦਾ ਹੈ। ਦੂਜਾ ਤਰੀਕਾ ਵਰਤਣ ਵਾਲਿਆਂ ਨੇ ਦੁਨੀਆ ਦੀ ਹਾਲਤ ਕੁਝ ਇਸ ਤਰ੍ਹਾਂ ਦੀ ਬਣਾ ਦਿੱਤੀ ਹੈ।

ਇੱਕ ਆਦਮੀ ਨੇ ਕਿਸੇ ਮਹਾਤਮਾ ਦੀ ਸੇਵਾ ਕਰ ਕੇ ਉਸ ਦੀ ਪ੍ਰਸੰਨਤਾ ਪ੍ਰਾਪਤ ਕਰ ਲਈ। ਮਹਾਤਮਾ ਨੇ ਕਿਹਾ, "ਤੂੰ ਤਿੰਨ ਵਰ ਮੰਗ ਸਕਦਾ ਹੈਂ ਪਰ ਇਹ ਯਾਦ ਰੱਖੀਂ ਕਿ ਜਿੰਨਾ ਤੈਨੂੰ ਮਿਲੇ ਉਸ ਤੋਂ ਦੂੱਗਣਾ ਤੇਰੇ ਗੁਆਂਢੀ ਨੂੰ ਮਿਲੇਗਾ।" ਉਹ ਆਦਮੀ ਸੋਚੀਂ ਪੈ ਗਿਆ। ਸੋਚ ਸਾਚ ਕੇ ਉਸ ਨੇ ਕਿਹਾ, "ਮੇਰਾ ਘਰ ਇੱਕ ਆਲੀਸ਼ਾਨ ਹਵੇਲੀ ਵਿੱਚ ਤਬਦੀਲ ਹੋ ਜਾਵੇ।" ਹੋ ਗਿਆ। ਉਸ ਦੇ ਗਵਾਂਢੀ ਦਾ ਘਰ ਉਸ ਤੋਂ ਦੂੱਗਣੀ ਵੱਡੀ ਹਵੇਲੀ ਬਣ ਗਿਆ। ਫਿਰ ਉਸ ਨੇ ਦੂਜਾ ਵਰ ਮੰਗਿਆ, "ਮੇਰੇ ਘਰ ਦੇ ਸਾਹਮਣੇ ਇੱਕ ਵੱਡਾ ਖੂਹ ਪੁੱਟਿਆ ਜਾਵੇ।" ਉਸ ਦੇ ਗਵਾਂਢੀ ਦੀ ਹਵੇਲੀ ਸਾਹਮਣੇ ਦੋ ਖੂਹ ਬਣ ਗਏ। ਉਸ ਨੇ ਤੀਜਾ ਵਰ ਮੰਗਿਆ, "ਮੇਰੇ ਟੱਬਰ ਦੇ ਸਭ ਜੀਆਂ ਦੀ ਇੱਕ ਇੱਕ ਲੱਤ ਟੁੱਟ ਜਾਵੇ ਅਤੇ ਇੱਕ ਇੱਕ ਅੱਖ ਅੰਨ੍ਹੀ ਹੋ ਜਾਵੇ।" ਇਵੇਂ ਹੀ ਹੋਇਆ। ਉਸ ਦੇ ਗਵਾਂਢੀ ਪਰਿਵਾਰ ਦੇ ਜੀਅ ਦੋਹਾਂ ਲੱਤਾਂ ਅਤੇ ਦੋਹਾਂ ਅੱਖਾਂ ਤੋਂ ਹੀਣੇ ਹੋ ਕੇ ਘਰ ਸਾਹਮਣੇ ਬਣੇ ਖੂਹਾਂ ਵਿੱਚ ਪੈ ਕੇ ਡੁੱਬ ਮਰੇ।

ਲੋਭ, ਈਰਖਾ ਅਤੇ ਅਗਿਆਨ ਨਾਲ ਮਿਲ ਕੇ ਉਸ ਆਦਮੀ ਦਾ ਸਵਾਰਥ ਕਿੰਨਾ ਘਟੀਆ ਅਤੇ ਘਿਨੌਣਾ ਰੂਪ ਧਾਰਨ ਕਰ ਗਿਆ!!

ਆਓ, ਉਸ ਨੂੰ ਗਲਤ ਆਖਣ ਤੋਂ ਪਹਿਲਾਂ ਇਹ ਸੋਚੀਏ, "ਕਿਧਰੇ ਸਾਡਾ ਸਵਾਰਥ ਵੀ ਲੋਭ, ਈਰਖਾ, ਕਠੋਰਤਾ ਅਤੇ ਕੁਟਿਲਤਾ ਦੇ ਕੁੱਛੜ ਚੜ੍ਹਿਆ ਹੋਇਆ ਤਾਂ ਨਹੀਂ।" ਸਾਡਾ

ਸਵਾਰਥ ਇਨ੍ਹਾਂ ਸਾਰੇ ਭਾਵਾਂ ਦਾ ਸੁਹਥਤੀ ਹੈ, ਪ੍ਰੰਤੂ ਇਸ ਸੱਚ ਨੂੰ ਸਵੀਕਾਰ ਕਰਨੋਂ ਅਸੀਂ ਸੰਕੋਚ ਕਰਾਂਗੇ। ਜੇ ਇਸ ਸੱਚ ਦਾ ਆਕਾਰ ਜ਼ਰਾ ਵਡੇਰਾ ਕਰ ਦਿੱਤਾ ਜਾਵੇ ਤਾਂ ਇਹ ਸਾਫ਼ ਦਿਸ ਪਵੇਗਾ। ਸਾਡੀ ਕਹਾਣੀ ਵਿਚਲੇ ਦੋ ਗੁਆਂਢੀ ਘਰਾਂ ਨੂੰ ਦੋ ਗੁਆਂਢੀ ਦੇਸ਼ ਮੰਨ ਕੇ ਇੱਕ ਦੂਜੇ ਪ੍ਰਤੀ ਦੋਹਾਂ ਦੀਆਂ ਭਾਵਨਾਵਾਂ ਦੀ ਥੋੜ੍ਹੀ ਜਿਹੀ ਜਾਣਕਾਰੀ ਹਾਸਲ ਕਰਨ ਨਾਲ ਅਸੀਂ ਇਸ ਸੱਚ ਤੋਂ ਇਨਕਾਰੀ ਨਹੀਂ ਰਹਾਂਗੇ। ਇੱਕ ਦੂਜੇ ਦੇ ਸਵਾਰਥ ਨੂੰ ਸਤਿਕਾਰਯੋਗ ਸਮਝਦੇ ਹੋਏ ਦੋ ਦੇਸ਼ ਇੱਕ ਦੂਜੇ ਦੀ ਉੱਨਤੀ ਵਿੱਚ ਸਹਾਈ ਹੋ ਸਕਦੇ ਹਨ। ਆਪਣੇ ਆਪ ਨੂੰ ਸਾਊ ਅਤੇ ਦੂਜੇ ਨੂੰ ਸਵਾਰਥੀ ਸਮਝਦੇ ਹੋਏ ਦੋਵੇਂ ਹੀ ਆਪੋ-ਆਪਣੀ ਸੁਰੱਖਿਆ ਲਈ ਐਟਮੀ ਹਥਿਆਰਾਂ ਦੇ ਢੇਰ ਲਾਉਣ ਦੀ ਮੁਜਰਮਾਨਾ ਹਿਮਾਕਤ ਕਰ ਸਕਦੇ ਹਨ। ਇਸ ਭੇਤ ਨੂੰ ਸਮਝਣ ਲਈ ਸਵਾਰਥ ਨੂੰ ਸਾਧਾਰਣ ਜੀਵਨ ਦਾ ਸਤਿਕਾਰਯੋਗ ਅੰਗ ਮੰਨਿਆ ਜਾਣ ਦੇ ਨਾਲ ਨਾਲ ਸਵਾਰਥੀ ਅਤੇ ਸ੍ਵੈ-ਕੇਂਦ੍ਰਿਤ ਜਾਂ ਖ਼ੁਦ-ਪਸੰਦ ਆਦਮੀ ਦਾ ਅੰਤਰ ਪਛਾਣਿਆ ਜਾਣਾ ਵੀ ਜ਼ਰੂਰੀ ਹੈ। ਖ਼ੁਦ-ਪਸੰਦੀ, ਹਉਮੈ, ਈਰਖਾ, ਘਿਰਣਾ ਅਤੇ ਕਠੋਰਤਾ ਰਾਹੀਂ ਪ੍ਰਗਟ ਹੋਣ ਦੀ ਰੁਚੀ ਰੱਖਦੀ ਹੈ ਜਦ ਕਿ ਸਵਾਰਥ ਵਿੱਚ ਸਹਿਯੋਗ ਅਤੇ ਸਦਾਚਾਰ ਦੀਆਂ ਸਾਰੀਆਂ ਸੰਭਾਵਨਾਵਾਂ ਮੌਜੂਦ ਹਨ।

•

SIKHBOOKCLUB.COM

# ਗ਼ੁਲਾਮੀ

ਗ਼ੁਲਾਮੀ ਜਾਂ ਦਾਸਤਾ ਅਜਿਹੇ ਸ਼ਬਦ ਹਨ ਜਿਨ੍ਹਾਂ ਨਾਲ ਬਹੁਤ ਸਾਰੀ ਘਿਰਣਾ ਜੁੜੀ ਹੋਈ ਹੈ। ਉਂਞ ਤਾਂ ਮਨੁੱਖੀ ਸਮਾਜਾਂ ਵਿਚਲੇ ਆਰਥਕ, ਸਮਾਜਕ, ਰਾਜਨੀਤਕ, ਵਪਾਰਕ, ਸੈਨਿਕ ਅਤੇ ਧਾਰਮਕ ਸਾਰੇ ਸੰਬੰਧ ਸੰਪੂਰਨ ਤੌਰ ਉੱਤੇ ਸੁੰਦਰ ਕਦੇ ਵੀ ਨਹੀਂ ਹੋਏ ਤਾਂ ਵੀ ਗ਼ੁਲਾਮੀ ਇੱਕ ਅਜਿਹਾ ਸੰਬੰਧ ਹੈ ਜਿਸ ਵਿੱਚ ਕਿਸੇ ਪ੍ਰਕਾਰ ਦੀ ਸੁੰਦਰਤਾ ਦੀ ਸੰਭਾਵਨਾ ਦਾ ਕਿਆਸ ਮਨੁੱਖੀ ਮਨ ਲਈ, ਆਮ ਹਾਲਤ ਵਿੱਚ, ਜ਼ਰਾ ਓਪਰਾ ਜਿਹਾ ਲੱਗਦਾ ਹੈ। ਕਿਸੇ ਇੱਕ ਰਜ਼ੀਆ ਦਾ ਆਪਣੇ ਗ਼ੁਲਾਮ ਨਾਲ ਮੁਹੱਬਤ ਕਰਨਾ ਜਾਂ ਕਿਸੇ ਇੱਕ ਕੁਤੁਬ-ਉਦ-ਦੀਨ ਐਬਕ ਦਾ ਆਪਣੇ ਦਾਸ ਅਲਤਮਸ਼ ਨੂੰ, ਅਲਤਮਸ਼ ਦਾ ਆਪਣੇ ਗ਼ੁਲਾਮ ਬਲਬਨ ਨੂੰ ਰਾਜ ਗੱਦੀ ਦੇ ਕੇ ਹਿੰਦੁਸਤਾਨ ਦਾ ਤਾਜਦਾਰ ਬਣਾ ਦੇਣਾ ਗ਼ੁਲਾਮੀ ਦੀ ਪ੍ਰਥਾ ਨੂੰ ਸੁੰਦਰ ਅਤੇ ਸਤਿਕਾਰਯੋਗ ਸਿੱਧ ਕਰਨ ਲਈ ਕਾਫ਼ੀ ਨਹੀਂ। ਇਹ ਕੁਝ ਕੁ ਵਰਣਨਯੋਗ ਘਟਨਾਵਾਂ ਹਨ ਜਿਨ੍ਹਾਂ ਰਾਹੀਂ ਵਿਅਕਤੀ-ਵਿਸ਼ੇਸ਼ ਵੱਲੋਂ ਕਿਸੇ ਮਾਨਸਿਕ ਉਲਾਰ ਜਾਂ ਰਾਜਨੀਤਕ ਸੁਯੋਗਤਾ ਦੇ ਧਾਰਨੀ ਹੋਣ ਦਾ ਬੋਧ ਤਾਂ ਹੁੰਦਾ ਹੈ ਪਰ ਦਾਸਤਾ ਦੀ ਪ੍ਰਥਾ ਦੇ ਹੱਕ ਵਿੱਚ ਕੋਈ ਦਲੀਲ ਪ੍ਰਸਤੁਤ ਨਹੀਂ ਹੁੰਦੀ।

ਅਬ੍ਰਾਹਮ ਲਿੰਕਨ ਦੁਆਰਾ, ਅਮਰੀਕਾ ਵਿੱਚ, ਗ਼ੁਲਾਮੀ ਨੂੰ ਗ਼ੈਰ-ਕਾਨੂੰਨੀ ਕਰਾਰ ਦਿੱਤੇ ਜਾਣ ਪਿੱਛੋਂ ਗ਼ੁਲਾਮ ਆਪਣੇ ਸੁਆਮੀਆਂ ਦੀ ਸੁਰੱਖਿਆ ਦੇ ਪਾਤ੍ਰ ਨਾ ਰਹੇ ਅਤੇ ਗਲੀਆਂ ਬਾਜ਼ਾਰਾਂ ਵਿੱਚ ਮਾਰੇ, ਕੁੱਟੇ, ਲੁੱਟੇ ਅਤੇ ਤ੍ਰਿਸਕਾਰੇ ਜਾਣ ਲੱਗ ਪਏ। ਉਸ ਸਮੇਂ ਜਿਸ ਨਸਲੀ ਨਫ਼ਰਤ ਨੇ ਜਨਮ ਲਿਆ, ਉਹ ਹੁਣ ਤਕ ਅਮਰੀਕਾ ਦੇ ਕਾਲੇ ਵਸਨੀਕਾਂ ਦੇ ਜੀਵਨ ਵਿੱਚ ਸਹਿਮ ਅਤੇ ਸੋਗ ਬਣ ਕੇ ਸਮਾਈ ਹੋਈ ਹੈ। ਪਤਾ ਨਹੀਂ ਕਿੰਨੇ ਕੁ ਮਾਰਟਨ ਲੂਥਰ ਕਿੰਗ, ਘਿਰਣਾ ਦੀ ਇਸ 'ਕਾਲਕਾ' ਦੀ ਭੇਟ ਕੀਤੇ ਜਾਣਗੇ; ਪਰ ਇਹ ਗੱਲ ਯਕੀਨੀ ਹੈ ਕਿ ਅਮਰੀਕਾ ਦੀ ਇਸ ਸਮਾਜਕ ਸਮੱਸਿਆ ਦੇ ਸਮਾਧਾਨ ਲਈ ਗ਼ੁਲਾਮੀ ਦੀ ਪ੍ਰਥਾ ਕੋਲੋਂ ਕੋਈ ਸਹਾਇਤਾ ਕਦੇ ਨਹੀਂ ਲਈ ਜਾਵੇਗੀ। ਗ਼ੁਲਾਮੀ ਦੀ ਪ੍ਰਥਾ ਨੂੰ ਸਦਾ ਹੀ ਉਸ ਨੀਚਤਾ, ਨਿਰਦੈਤਾ ਅਤੇ ਨਿਰਲੱਜਤਾ ਦੇ ਲਾਗੇ ਰੱਖ ਕੇ ਵਿਸ਼ਲੇਸ਼ਣਿਆ ਅਤੇ ਬਿਆਨਿਆ ਜਾਵੇਗਾ ਜਿਸ ਨੀਚਤਾ, ਨਿਰਦੈਤਾ ਅਤੇ ਨਿਰਲੱਜਤਾ ਨਾਲ ਇਹ ਯੂਨਾਨ ਦੇ ਸਪਾਰਟਨ ਲੋਕਾਂ ਨੂੰ, ਆਪਣੇ ਦਾਸਾਂ ਦੀ ਗਿਣਤੀ ਨੂੰ ਵਧਣ ਤੋਂ ਰੋਕਣ ਲਈ ਇਹ ਆਗਿਆ ਦੇਂਦੀ ਸੀ ਕਿ ਉਹ ਹਰ ਸਾਲ ਉਚੇਚੇ ਤਿਉਹਾਰ ਦੀ ਯੋਜਨਾ ਬਣਾ ਕੇ, ਉਸ ਤਿਉਹਾਰ ਦੇ ਦਸਾਂ ਦਿਨਾਂ ਵਿੱਚ ਜਿੰਨੇ ਠੀਕ ਸਮਝਣ ਓਨੇ ਦਾਸਾਂ ਨੂੰ ਕਤਲ ਕਰ ਦੇਣ। ਉਸ ਹਿਰਦੇ-ਹੀਣਤਾ ਨੂੰ ਗ਼ੁਲਾਮੀ ਦੀ ਪ੍ਰਥਾ ਨਾਲੋਂ ਨਿਖੇੜਿਆ ਨਹੀਂ ਜਾ ਸਕਦਾ ਜਿਸ ਨਾਲ ਇਹ ਅਫ਼ਰੀਕਾ ਦੇ ਜੰਗਲਾਂ ਵਿੱਚ, ਖੁੱਲ੍ਹੇ ਜੰਗਲੀ ਮਾਹੌਲ ਵਿੱਚ, ਕੁਦਰਤ ਰਾਣੀ ਨਾਲ ਇੱਕ-ਸੁਰਤਾ ਦਾ ਜੀਵਨ ਜੀਊ ਰਹੇ ਹਬਸ਼ੀਆਂ ਨੂੰ, ਉਨ੍ਹਾਂ ਦੀ ਨਿਰਛਲਤਾ ਅਤੇ ਨਿਰਬਲਤਾ ਦੇ ਦੰਡ ਵਜੋਂ, ਜੀਵਨ ਭਰ ਦੀ ਦਾਸਤਾ ਦਾ ਦੁੱਖ ਭੋਗਣ ਲਈ, ਸਭਿਅ ਸੰਸਾਰ ਦੇ ਬਾਜ਼ਾਰਾਂ ਵਿੱਚ ਨੀਲਾਮ ਕਰਦੀ ਰਹੀ ਹੈ। ਗ਼ੁਲਾਮੀ ਦੀ

ਪ੍ਰਥਾ ਨੇ ਮਨੁੱਖਤਾ ਨੂੰ ਜਿਹੜੀ ਪੀੜ ਦਿੱਤੀ ਹੈ ਉਸ ਨਾਲ ਸੁਆਰਥ ਦੀ ਉਸ ਨੀਚ ਭਾਵਨਾ ਦਾ ਵੀ ਨੋੜ ਹੈ, ਜਿਸ ਦੀ ਪ੍ਰੇਰਣਾ ਨਾ ਇਫ਼ਲਾਤੂਨ ਵਰਗੇ ਦਾਨੇ ਆਪਣੀ ਸਾਰੀ ਸਿਆਣਪ ਨੂੰ ਇਹ ਸਿੱਧ ਕਰਨ ਲਈ ਵਰਤਦੇ ਸਨ ਕਿ ਕੋਈ ਸਭਿਅ ਸਮਾਜ ਦਾਸਾਂ ਬਿਨਾਂ ਕਾਇਮ ਹੀ ਨਹੀਂ ਰਹਿ ਸਕਦਾ।

ਰੋਮਨਾਂ ਦੀ ਸਿਆਣਪ ਆਪਣੀ ਨਹੀਂ ਸੀ ਸਗੋਂ ਯੂਨਾਨੀਆਂ ਕੋਲੋਂ ਮਿਲਿਆ ਹੋਇਆ ਮਾਲ-ਏ-ਗ਼ਨੀਮਤ ਸੀ। ਯੂਨਾਨੀ ਨਾਗਰਿਕਾਂ ਵਾਂਗ ਰੋਮਨ ਲੋਕ ਵੀ ਹੱਥੀਂ ਕੰਮ ਕਰਨ ਅਤੇ ਜੰਗ ਦੇ ਅਯੋਗ ਹੋਣ ਨੂੰ ਵੱਡੀ ਨਿਰਲੱਜਤਾ ਅਤੇ ਨਿਪੁੰਨਸਿਕਤਾ ਦੀ ਗੱਲ ਮੰਨਦੇ ਸਨ। ਇਨ੍ਹਾਂ ਵੇਹਲੜ ਸਾਊਆਂ ਦੀ ਜੀਵਨ ਜਾਚ ਨੂੰ, ਕੇਵਲ ਸਾਊਪੁਣੇ ਤਕ ਹੀ ਨਹੀਂ ਸਗੋਂ ਅੱਯਾਸ਼ੀ ਦੀ ਸਿਖਰ ਤਕ ਕਾਇਮ ਰੱਖਣ ਲਈ, ਇਨ੍ਹਾਂ ਦੇ ਆਪਣੇ ਦੇਸ-ਵਾਸੀਆਂ ਦੀ ਵੱਡੀ ਗਿਣਤੀ ਨੂੰ ਦਾਸਾਂ ਜਾਂ ਕੰਮੀਆਂ ਦਾ ਜੀਵਨ ਜੀਊਣਾ ਪੈਂਦਾ ਸੀ।

ਕੇਵਲ ਯੂਨਾਨੀਆਂ ਅਤੇ ਰੋਮਨਾਂ ਨੂੰ ਹੀ ਗ਼ੁਲਾਮੀ ਦੀ ਪ੍ਰਥਾ ਲੋੜੀਂਦੀ ਨਹੀਂ ਸੀ ਲੱਗਦੀ ਸਗੋਂ ਸੰਸਾਰ ਦੇ ਸਾਰੇ ਸਭਿਅ ਸਮਾਜ ਆਪਣੀ ਸਥਿਰਤਾ ਲਈ ਇਸ ਪ੍ਰਥਾ ਦੀ ਸਹਾਇਤਾ ਲੈਣ ਲਈ ਮਜਬੂਰ ਹੁੰਦੇ ਆਏ ਹਨ। ਯੂਨਾਨ ਤੋਂ ਪਹਿਲਾਂ ਮਿਸਰ ਅਤੇ ਈਰਾਨ ਦਾ ਐਸ਼੍ਵਰਜ ਵੀ ਦਾਸਾਂ ਦੀ ਦੀਨਤਾ ਉੱਤੇ ਉਸਾਰਿਆ ਗਿਆ ਸੀ। ਭਾਰਤੀ ਸ਼ੂਦਰਾਂ ਜਾਂ ਕੰਮੀਆਂ ਵਿੱਚ ਅਤੇ ਯੂਨਾਨੀ, ਰੋਮਨੀ, ਜਾਂ ਮਿਸਰੀ ਗ਼ੁਲਾਮਾਂ ਵਿੱਚ ਜੋ ਕੋਈ ਅੰਤਰ ਪ੍ਰਤੀਤ ਹੁੰਦਾ ਹੈ ਤਾਂ ਉਸ ਸਮੇਂ ਅਤੇ ਸਥਾਨ ਦੀਆਂ ਲੋੜਾਂ ਦਾ ਅੰਤਰ ਹੈ। ਗ਼ੁਲਾਮੀ ਦੀ ਪ੍ਰਥਾ ਪਿੱਛੇ ਕੰਮ ਕਰਦੀ ਮਨੁੱਖੀ ਭਾਵਨਾ ਸਦਾ ਇੱਕੋ ਹੈ; ਸਾਰੇ ਅੰਤਰ ਉਸ ਭਾਵਨਾ ਦੀ ਅਭੀਵਿਅੰਜਨਾ ਦੇ ਹਨ। ਅਤੇ ਇਹ ਭਾਵਨਾ ਹੈ ਵਿਹਲ, ਵਿਲਾਸ ਅਤੇ ਵਰਾਸਤ ਨੂੰ ਸਭਿਅਤਾ ਦਾ ਮਾਨਦੰਡ ਮੰਨਣ ਦੀ ਭਾਵਨਾ।

ਸਮੇਂ ਅਤੇ ਸਥਾਨ ਦੇ ਅੰਤਰਾਂ ਨੂੰ ਇੱਕ ਪਾਸੇ ਕਰ ਕੇ ਵੇਖਿਆਂ ਇਹ ਗੱਲ ਮੰਨਣੀ ਸੌਖੀ ਹੋ ਜਾਵੇਗੀ ਕਿ ਦਾਸਤਾ ਦੀ ਦੁਖਦਾਈ ਪ੍ਰਥਾ ਦੇ ਬੀਜ 'ਕੰਮ' ਵਿੱਚ ਲੁਕੇ ਹੋਏ ਹਨ। ਯੂਨਾਨੀ ਅਤੇ ਰੋਮਨ ਨਾਗਰਿਕ ਤਾਂ ਕੰਮ ਨੂੰ ਕਮੀਨਾਪਨ ਸਮਝਦੇ ਸਨ ਅਤੇ ਜੰਗ, ਜੰਗ ਦੇ ਅਭਿਆਸ, ਜੰਗ ਦੀ ਵਕਾਲਤ ਅਤੇ ਵਿਹਲ-ਵਿਲਾਸ (ਜਾਂ ਮਨੋਰੰਜਨ) ਤੋਂ ਛੁੱਟ ਹੋਰ ਕੁਝ ਨਹੀਂ ਸਨ ਕਰਦੇ ਪ੍ਰੰਤੂ ਦੂਜੀਆਂ ਥਾਵਾਂ ਜਾਂ ਸਭਿਅਤਾਵਾਂ ਦੇ ਲੋਕਾਂ ਨੂੰ ਵੀ ਕਈ ਕੰਮ ਔਖੇ ਜਾਂ ਭਾਰੇ ਲੱਗਦੇ ਸਨ ਅਤੇ ਕੁਝ ਇੱਕ ਕੰਮ ਗੰਦੇ ਅਤੇ ਕੋਝੇ ਵੀ ਹੁੰਦੇ ਸਨ। ਇਸਦੇ ਨਾਲ ਨਾਲ ਕਫ਼ਾਇਤ ਸ਼ੁਆਰੀ ਵੀ ਮਨੁੱਖ ਨੂੰ ਗ਼ੁਲਾਮੀ ਦੀ ਲੋੜ ਦਾ ਅਹਿਸਾਸ ਕਰਵਾਉਂਦੀ ਆਈ ਹੈ। ਬਹੁਤ ਖ਼ਰਚੀਲੇ ਕੰਮਾਂ ਨੂੰ ਜ਼ਰਾ ਕੁ ਸਸਤਾ ਕਰਨ ਲਈ ਸਸਤੀ ਮਜ਼ਦੂਰੀ ਦੀ ਲੋੜ ਅੱਜ ਵੀ ਓਨੀ ਹੀ ਹੈ ਜਿੰਨੀ ਅੱਜ ਤੋਂ ਸਦੀਆਂ ਪਹਿਲਾਂ ਹੁੰਦੀ ਸੀ। ਵੱਡੇ ਵੱਡੇ ਮਹੱਲਾਂ, ਮੰਦਰਾਂ, ਮੀਨਾਰਾਂ ਅਤੇ ਮਕਬਰਿਆਂ ਦੀ ਉਸਾਰੀ ਲਈ, ਗੁਆਂਢੀ ਦੇਸ਼ਾਂ ਦੇ ਹਾਰੇ ਹੋਏ ਸੈਨਿਕਾਂ ਅਤੇ ਬੰਨ੍ਹ ਕੇ ਲਿਆਂਦੇ ਹੋਏ ਨਾਗਰਿਕਾਂ ਨੂੰ, ਸਸਤੀ ਮਜ਼ਦੂਰੀ ਲਈ, ਦਾਸ ਬਣਾ ਕੇ ਰੱਖਣ ਦਾ ਰਿਵਾਜ ਆਮ ਰਿਹਾ ਹੈ। ਹਿੰਦੁਸਤਾਨ ਦੀ ਤਾਰੀਖ਼ ਇਸ ਗੱਲ ਦੀ ਗਵਾਹੀ ਭਰਦੀ ਹੈ ਕਿ ਬਾਹਰਲੇ ਹਮਲਾਆਵਰ ਹਜ਼ਾਰਾਂ ਦੀ ਗਿਣਤੀ ਵਿੱਚ ਭਾਰਤੀਆਂ ਨੂੰ ਦਾਸ ਬਣਾ ਕੇ ਆਪਣੇ ਲਈ ਕੰਮ ਕਰਨ ਲਈ ਲੈ ਜਾਂਦੇ ਸਨ। ਇਵੇਂ ਹੀ ਯਹੂਦੀਆਂ ਦਾ ਇਤਿਹਾਸ ਵੀ ਉਨ੍ਹਾਂ ਦੀ ਦਾਸਤਾ ਦੀ ਦਰਦ ਭਰੀ ਦਾਸਤਾਨ ਹੈ।

ਇਸ ਸਿਲਸਿਲੇ ਵਿੱਚ ਅਫ਼ਰੀਕਾ ਦੇ ਹਬਸ਼ੀਆਂ ਦੀ ਜੀਊਂਦੀ ਜਾਗਦੀ ਮਿਸਾਲ ਸੰਸਾਰ ਦੇ ਸਾਹਮਣੇ ਹੈ ਅਤੇ ਉਸ ਤੋਂ ਵੱਧ ਘਿਨਾਉਣੀ ਤਸਵੀਰ ਦੱਖਣੀ ਅਫ਼ਰੀਕਾ ਦੀ ਹੈ ਜਿੱਥੇ

WWW.SIKHBOOKCLUB.COM 

ਦੇ ਹਬਸ਼ੀਆਂ ਨੂੰ ਗ਼ੁਲਾਮ ਨਹੀਂ ਆਖਿਆ ਜਾ ਸਕਦਾ, ਇਸ ਲਈ ਕਿ ਉਨ੍ਹਾਂ ਨੂੰ ਗ਼ੁਲਾਮਾਂ ਦੀ ਮੰਡੀ ਵਿੱਚ ਵੇਚਿਆ ਅਤੇ ਖ਼ਰੀਦਿਆ ਨਹੀਂ ਗਿਆ, ਉਂਞ ਉਨ੍ਹਾਂ ਦੇ ਜੀਵਨ ਦਾ ਮਨੋਰਥ ਵੀ ਉੱਥੋਂ ਦੇ ਸਫ਼ੇਦ ਸਾਊਆਂ ਲਈ ਔਖੇ, ਭਾਰੇ ਅਤੇ ਗੰਦੇ ਕੰਮ ਕਰਨਾ ਹੀ ਸੀ। ਮਸ਼ੀਨੀ ਕ੍ਰਾਂਤੀ ਪਿੱਛੋਂ ਕਾਮਿਆਂ ਦੀ ਲੋੜ ਏਨੀ ਵੱਧ ਗਈ ਸੀ ਕਿ ਯੌਰਪ ਦੇ ਪੱਛੜੇ ਦੇਸ਼ਾਂ ਵਿੱਚੋਂ ਵੀ ਕਾਮਿਆਂ ਨੂੰ ਜਬਰੀ ਫੜ ਕੇ ਜਾਂ ਵਰਗਲਾ ਕੇ ਸਨਅਤੀ ਦੇਸ਼ਾਂ ਵਿੱਚ ਕੰਮ ਕਰਨ ਲਈ ਲਿਆਉਣ ਦਾ ਕਾਰੋਬਾਰ ਆਰੰਭ ਹੋ ਗਿਆ ਸੀ। ਇਸ ਕਾਰੋਬਾਰ ਦੇ ਕਰਨ ਵਾਲਿਆਂ ਨੂੰ ਫਲੈੱਸ਼ ਟ੍ਰੇਡਰਜ਼ (Flesh Traders) ਦੇ ਘਿਰਣਤ ਨਾਂ ਨਾਲ ਨਾਮਿਆ ਗਿਆ ਹੈ। ਅਜੋਕੇ ਗੁੰਝਲਦਾਰ ਆਰਥਕ ਅਤੇ ਵਪਾਰਕ ਪ੍ਰਬੰਧਾਂ ਦੀ ਕਿਰਪਾ ਨਾਲ ਪੱਛੜੀ ਦੁਨੀਆ ਦੇ ਕ੍ਰੋੜਾਂ ਲੋਕ ਉੱਨਤ ਸੰਸਾਰ ਦੇ ਸਾਊਆਂ ਲਈ, (ਆਪੋ-ਆਪਣੇ ਦੇਸ਼ਾਂ ਵਿੱਚ ਬੈਠੇ) ਗ਼ੁਲਾਮਾਂ ਵਾਂਗ ਸਸਤੀ ਮਜ਼ਦੂਰੀ ਕਰ ਕੇ ਜੋ ਕੁਝ ਪ੍ਰਾਪਤ ਕਰਦੇ ਹਨ, ਉਹ ਉਨ੍ਹਾਂ ਨੂੰ ਜੀਉਂਦੇ ਰੱਖਣ ਜੋਗਾ ਹੀ ਹੁੰਦਾ ਹੈ। ਉੱਨਤ ਦੇਸ਼ਾਂ ਦੇ ਲੋਕਾਂ ਲਈ ਚਾਹ, ਕਾਫ਼ੀ, ਕਾਜੂ ਅਤੇ ਕੇਲੇ ਆਦਿਕ ਉਪਜਾਉਣ ਵਾਲੇ ਕਾਮਿਆਂ ਨੂੰ ਅੱਜ ਕੱਲ੍ਹ ਗ਼ੁਲਾਮ ਭਾਵੇਂ ਨਹੀਂ ਆਖਿਆ ਜਾਂਦਾ ਪਰ ਗ਼ੁਲਾਮਾਂ ਨਾਲੋਂ ਚੰਗੇਰਾ ਜੀਵਨ ਵੀ ਉਨ੍ਹਾਂ ਦੇ ਹਿੱਸੇ ਨਹੀਂ ਆਉਂਦਾ। ਉਨ੍ਹਾਂ ਦੀ ਇਸ ਹਾਲਤ ਨੂੰ ਗ਼ੁਲਾਮੀ ਦੀ ਥਾਂ ਗ਼ਰੀਬੀ ਆਖਿਆ ਜਾਂਦਾ ਹੈ; ਅਤੇ ਗ਼ਰੀਬੀ ਗ਼ੁਲਾਮੀ ਨਹੀਂ; ਅਜੋਕੀ, ਆਧੁਨਿਕ ਗ਼ੁਲਾਮੀ ਦੀ ਮਾਂ ਹੈ।

ਪੁਰਾਣੇ ਢੰਗ ਦੀ ਗ਼ੁਲਾਮੀ ਗ਼ਰੀਬੀ ਵਿੱਚੋਂ ਨਹੀਂ ਸੀ ਉਪਜਦੀ; ਇਸ ਦੇ ਉਲਟ ਉਨ੍ਹਾਂ ਸਮਿਆਂ ਵਿੱਚ, ਗ਼ੁਲਾਮੀ ਵਿੱਚੋਂ ਗ਼ਰੀਬੀ ਪੈਦਾ ਹੁੰਦੀ ਸੀ। ਉਦੋਂ ਗ਼ੁਲਾਮ ਉਸ ਨੂੰ ਆਖਿਆ ਜਾਂਦਾ ਸੀ ਜਿਸ ਨੂੰ ਆਪਣੀ ਮਰਜ਼ੀ ਦੇ ਵਿਰੁੱਧ, ਕਿਸੇ ਦੂਜੇ ਆਦਮੀ ਨੂੰ ਆਪਣਾ ਮਾਲਕ ਮੰਨਣ ਅਤੇ ਉਸ ਦੀ ਆਗਿਆ ਅਨੁਸਾਰ ਕੋਈ ਵੀ ਕੰਮ ਕਰਨ ਲਈ ਮਜਬੂਰ ਕੀਤਾ ਜਾ ਸਕਦਾ ਸੀ। ਜਿਸ ਦੇ ਬਦਲੇ ਵਿੱਚ ਦਿੱਤੀ ਜਾਣ ਵਾਲੀ ਗੁੱਲੀ (ਭੋਜਨ), ਜੁੱਲੀ (ਕੱਪੜਾ) ਅਤੇ ਕੁੱਲੀ (ਘਰ) ਉੱਤੇ ਉਸ ਦਾ ਕੋਈ ਅਧਿਕਾਰ ਨਹੀਂ ਸੀ ਮੰਨਿਆ ਜਾਂਦਾ ਅਤੇ ਜਿਸ ਨੂੰ ਮਾਲਕ ਦੀ ਮਰਜ਼ੀ ਅਨੁਸਾਰ ਵੇਚਿਆ ਜਾਂ ਜਾਨੋਂ ਮਾਰਿਆ ਵੀ ਜਾ ਸਕਦਾ ਸੀ।

ਮਨੁੱਖ ਦਾ ਦੂਜੇ ਜੀਵਾਂ ਨਾਲ ਇਸ ਪ੍ਰਕਾਰ ਦਾ ਸੰਬੰਧ ਸਭਿਅਤਾ ਦੀ ਦੇਣ ਹੈ। ਜੰਗਲੀ ਸ਼ਿਕਾਰੀ ਮਨੁੱਖ ਦੂਜੇ ਜੀਵਾਂ ਨੂੰ ਮਾਰ ਕੇ ਖਾਂਦਾ ਜ਼ਰੂਰ ਸੀ, ਪਰ ਉਨ੍ਹਾਂ ਕੋਲੋਂ ਕੰਮ ਲੈਣ ਲਈ ਉਨ੍ਹਾਂ ਨੂੰ ਦਾਸ ਬਣਾ ਕੇ ਨਹੀਂ ਸੀ ਰੱਖਦਾ। ਸਭਿਅਤਾ ਦੀ ਸਵੇਰ ਦਾ ਉਜਾਲਾ ਅੰਨ ਉਗਾਉਣ ਦੀ ਯੋਗਤਾ ਵਿੱਚੋਂ ਉਪਜਿਆ ਸੀ ਅਤੇ ਅੰਨ ਉਪਜਾਉਣ ਲਈ ਧਰਤੀ ਨੂੰ ਸਾਧਣ ਦੀ ਕਿਰਿਆ ਵਿੱਚ ਪਸ਼ੂ ਦਾ ਉਹੋ ਸਥਾਨ ਸੀ ਜਿਹੜਾ ਅਜੋਕੇ ਸਨਅਤੀ ਸਮਾਜਾਂ ਵਿੱਚ ਮਸ਼ੀਨ ਦਾ ਹੈ; ਅੰਤਰ ਕੇਵਲ ਏਨਾ ਹੈ ਕਿ ਪਸ਼ੂ ਨੇ ਮਨੁੱਖ ਦਾ ਮਾਲਕ ਬਣਨ ਦਾ ਜਤਨ ਨਹੀਂ ਕੀਤਾ ਜਦ ਕਿ ਮਸ਼ੀਨ ਦੇ ਹੁਕਮ ਵਿੱਚ ਤੁਰਨ ਲਈ ਮਨੁੱਖ ਮਜਬੂਰ ਹੈ।

ਕੁਦਰਤ ਵਿੱਚ ਜੀਵਨ ਦੀ ਸਦੀਵਤਾ ਦੇ ਸਾਧਨ ਮੌਜੂਦ ਹਨ। ਜੰਗਲੀ ਜੀਵਨ ਇਨ੍ਹਾਂ ਸਾਧਨਾਂ ਨੂੰ ਜਿਉਂ ਦੇ ਤਿਉਂ ਵਰਤਦਾ ਸੀ। ਸਭਿਅਤਾ ਉਨ੍ਹਾਂ ਜਤਨਾਂ ਦੀ ਉਪਜ ਹੈ ਜਿਨ੍ਹਾਂ ਨਾਲ ਕੁਦਰਤੀ ਵਸੀਲਿਆਂ ਨੂੰ ਜੀਵਨ ਆਪਣੀ ਲੋੜ ਅਤੇ ਇੱਛਾ ਅਨੁਸਾਰ, ਢਾਲਦਾ, ਸੰਵਾਰਦਾ ਅਤੇ ਵਿਕਸਾਉਂਦਾ ਆਇਆ ਹੈ। ਜਿੱਥੇ 'ਜੰਗਲੀ' ਮਨੁੱਖ ਕੁਦਰਤ ਦੇ ਵਡੇਰੇ ਹਿੱਸੇ ਨੂੰ ਆਪਣਾ ਵਿਰੋਧੀ ਮੰਨਦਾ ਸੀ ਉੱਥੇ 'ਕਿਸਾਨ' ਮਨੁੱਖ ਲਈ ਕੁਦਰਤ ਦਾ ਵਡੇਰਾ ਭਾਗ ਸਹਿਯੋਗੀ ਮਿੱਤ੍ਰ ਵਿੱਚ ਵਿਕਸਦਾ ਗਿਆ ਹੈ। ਕਿਸਾਨੇ ਕੰਮ ਵਿੱਚ ਕੰਮ ਆਉਣ ਵਾਲੇ ਪਸ਼ੂ ਮਨੁੱਖ ਦੀ ਮਿੱਤ੍ਰਤਾ ਦੇ ਪਹਿਲੇ ਪਾਤ੍ਰ ਬਣੇ ਹਨ ਅਤੇ ਇਹ ਮਿੱਤ੍ਰਤਾ ਪੂਜਾ ਤਕ ਵੀ ਪੁੱਜੀ

ਹੈ। ਨਾ ਹੀ ਧਰਤੀ ਦੇ ਸਾਰੇ ਮਨੁੱਖ ਇੱਕੋ ਸਮੇਂ, ਇੱਕੋ ਵਾਰੀ ਕਿਸਾਨ ਹੀ ਬਣ ਗਏ ਸਨ ਅਤੇ ਨਾ ਹੀ ਸਾਰੇ ਕਿਸਾਨਾਂ ਵਿੱਚੋਂ ਸਾਰੀ ਜਾਂਗਲੀਅਤ ਕਿਧਰੇ ਅਲੋਪ ਹੋ ਗਈ ਸੀ। ਇਸ ਲਈ ਪਸ਼ੂਆਂ ਨੂੰ ਮਾਰ ਕੇ ਖਾਧਾ ਜਾਣਾ ਵੀ ਜਾਰੀ ਰਿਹਾ ਹੈ ਅਤੇ ਸ਼ਿਕਾਰ ਵਿੱਚ ਸਹਾਈ ਹੋਣ ਵਾਲੇ ਪਸ਼ੂਆਂ ਨਾਲ ਮਨੁੱਖੀ ਮਿੱਤ੍ਰਤਾ ਵੀ ਹੁਣ ਤਕ ਕਾਇਮ ਹੈ।

ਇਹ ਗੱਲ ਉਚੇਚਾ ਧਿਆਨ ਦੇਣ ਵਾਲੀ ਹੈ ਕਿ ਮਾਸਾਹਾਰੀ ਹਿੰਸਕ ਪਸ਼ੂਆਂ ਨੂੰ ਮਾਰ ਕੇ ਖਾਣ ਦਾ ਰਿਵਾਜ ਨਾ ਜੰਗਲੀ ਮਨੁੱਖ ਵਿੱਚ ਵਧੇਰੇ ਸੀ ਅਤੇ ਨਾ ਹੀ ਸਭਿਅ ਮਨੁੱਖ ਵਿੱਚ ਹੁਣ ਹੈ। ਮਨੁੱਖ ਨੇ ਉਨ੍ਹਾਂ ਹੀ ਪਸ਼ੂਆਂ ਨੂੰ ਮਾਰ ਕੇ ਖਾਣ ਦੀ ਖੁਨਾਮੀ ਕੀਤੀ ਹੈ ਜਿਹੜੇ ਜੀਊਂਦੇ ਰਹਿ ਕੇ ਉਸ ਲਈ ਚੰਗੇਰਾ ਅਤੇ ਬਹੁਤਾ ਭੋਜਨ ਪੈਦਾ ਕਰ ਸਕਦੇ ਸਨ। ਇਸੇ ਇੱਕ ਮਨੁੱਖੀ ਮੂਰਖਤਾ ਦੇ ਕਾਰਨ ਕਿਸਾਨੇ ਸਮਾਜਾਂ ਦੇ ਮਨੁੱਖਾਂ ਅਤੇ ਘਰੇਲੂ ਪਸ਼ੂਆਂ ਵਿੱਚਲੇ ਰਿਸ਼ਤੇ ਨੂੰ, ਕਈ ਵਿਦਵਾਨਾਂ ਨੇ, ਗ਼ੁਲਾਮੀ ਜਾਂ ਦਾਸਤਾ ਆਖਣ ਦੀ ਦਲੇਰੀ ਕੀਤੀ ਹੈ। ਜੇ ਇਸ ਇੱਕ ਭੁੱਲ ਦੀ ਸੋਧ ਕਰ ਲਈ ਜਾਵੇ ਤਾਂ 'ਪਾਲਤੂ ਪਸ਼ੂ' ਅਤੇ 'ਕਿਸਾਨ ਮਨੁੱਖ' ਦਾ ਰਿਸ਼ਤਾ ਨਿਰੋਲ ਮਿੱਤ੍ਰਤਾ ਦਾ ਰਿਸ਼ਤਾ ਹੈ ਜਿਹੜਾ ਆਰਥਕ ਹੁੰਦਾ ਹੋਇਆ ਵੀ ਕੋਮਲ ਜਜ਼ਬਾਤੀ ਰਿਸ਼ਤਿਆਂ ਦੀ ਸੁੰਦਰਤਾ, ਸੂਖ਼ਮਤਾ ਅਤੇ ਪਵਿੱਤ੍ਰਤਾ ਦਾ ਪ੍ਰਤੀਕ ਬਣ ਸਕਦਾ ਹੈ। ਪਰ ਮਨੁੱਖ ਨੇ ਮਾਰ ਕੇ ਖਾ ਜਾਣ ਦੇ ਅਧਿਕਾਰ ਦਾ ਤਿਆਗ ਕਰਨਾ ਉੱਚਿਤ ਨਹੀਂ ਸਮਝਿਆ। ਉਹ ਪ੍ਰਭੁਤਾ ਨੂੰ ਮਿੱਤ੍ਰਤਾ ਨਾਲੋਂ ਸ੍ਰੇਸ਼ਟ ਮੰਨਦਾ ਆਇਆ ਹੈ। ਉਹ ਪਸ਼ੂਆਂ ਨੂੰ ਮਾਰ ਕੇ ਖਾਂਦਾ ਵੀ ਹੈ ਅਤੇ ਮੰਡੀਆਂ ਲਾ ਕੇ ਵੇਚਦਾ ਵੀ ਹੈ। ਉਹ ਪਸ਼ੂਆਂ ਦਾ ਮਾਲਕ ਹੈ ਅਤੇ ਪਸ਼ੂ ਉਸਦਾ 'ਮਾਲ' ਹਨ। ਇਸ ਪ੍ਰਕਾਰ ਦੇ ਰਿਸ਼ਤੇ ਨੂੰ ਗ਼ੁਲਾਮੀ ਆਖਿਆ ਜਾਣਾ ਅਯੋਗ ਨਹੀਂ।

ਧਰਤੀ ਦੇ ਵਸੀਲਿਆਂ ਨੂੰ ਆਪਣੀ ਇੱਛਾ ਅਨੁਸਾਰ ਮੋੜਦਾ ਹੋਇਆ ਮਨੁੱਖ ਸਭਿਅਤਾ ਦੀ ਸਿਖਰ ਵੱਲ ਵਧਦਾ ਗਿਆ ਹੈ। ਇਸ ਵਿਕਾਸ ਨੇ ਗੁੰਝਲਦਾਰ ਸਮਾਜਕ ਸੰਬੰਧਾਂ ਨੂੰ ਜਨਮ ਦਿੱਤਾ ਹੈ। ਇੱਕ ਮਨੁੱਖਤਾ ਅਨੇਕ ਵੰਡਾਂ ਵਿੱਚ ਵਿਭਾਜਿਤ ਹੁੰਦੀ ਆਈ ਹੈ। 'ਸੱਤਾ ਅਤੇ ਪ੍ਰਭੁਤਾ' ਵਿਰਾਸਤ, ਵਿਹਲ ਅਤੇ ਵਿਲਾਸ ਨੂੰ ਜੀਵਨ ਦੇ ਮਨੋਰਥ ਬਣਾਉਂਦੀ ਆਈ ਹੈ ਅਤੇ ਇਨ੍ਹਾਂ ਮਨੋਰਥਾਂ ਦੀ ਪ੍ਰਾਪਤੀ ਦੇ ਕਈ ਜਤਨਾਂ ਵਿੱਚੋਂ ਗ਼ੁਲਾਮੀ ਵੀ ਇੱਕ ਸੀ।

ਕਿਸਾਨੇ ਯੁੱਗ ਦੇ ਆਰੰਭ ਵਿੱਚ ਮਨੁੱਖ ਨੇ, ਪਸ਼ੂ ਨੂੰ, ਉਸਦੀ ਸ਼ਕਤੀ ਦੇ ਕਾਰਨ ਆਪਣੇ ਔਖੇ-ਭਾਰੇ ਕੰਮਾਂ ਵਿੱਚ ਸਹਿਯੋਗੀ ਬਣਾਇਆ ਸੀ। ਪਸ਼ੂ ਆਪਣੇ ਆਪ ਕੁਝ ਨਹੀਂ ਸੀ ਕਰ ਸਕਦਾ। ਉਸ ਦੀ ਅਗਵਾਈ ਕਰਨ ਲਈ ਮਨੁੱਖ ਨੂੰ ਪਸ਼ੂ ਦੇ ਨਾਲ ਹੋ ਕੇ ਕੰਮ ਕਰਨਾ ਪੈਂਦਾ ਸੀ। ਜਦੋਂ ਕੋਈ ਕੰਮ ਪਸ਼ੂ ਦੇ ਵਿਤੋਂ ਬਾਹਰਾ ਹੋ ਜਾਂਦਾ ਸੀ ਉਦੋਂ ਮਨੁੱਖ ਆਪਣੇ ਪਸ਼ੂ ਦੀ ਸਹਾਇਤਾ ਕਰਦਾ ਸੀ। ਇਸੇ ਨੂੰ ਸ਼ਾਇਦ, ਪਸ਼ੂਆਂ ਨਾਲ ਪਸ਼ੂ ਹੋਣਾ ਆਖਿਆ ਜਾਂਦਾ ਹੈ। ਸ਼੍ਰੇਣੀਆਂ ਵਿੱਚ ਵੰਡੇ ਹੋਏ ਸਭਿਅ ਸਮਾਜ ਲਈ ਆਪਣੀ ਸ਼੍ਰੇਣੀ-ਵੰਡ ਏਨੀ ਸਤਿਕਾਰਯੋਗ ਬਣਦੀ ਗਈ ਹੈ ਕਿ ਪਸ਼ੂਆਂ ਨਾਲ ਪਸ਼ੂ ਹੋਣਾ ਤਾਂ ਇੱਕ ਪਾਸੇ ਰਿਹਾ, ਇੱਕ ਸ਼੍ਰੇਣੀ ਦੇ ਮਨੁੱਖ ਦੂਜੀ ਸ਼੍ਰੇਣੀ ਦੇ ਮਨੁੱਖਾਂ ਨਾਲ ਮਨੁੱਖ ਹੋਣ ਵਿੱਚ ਵੀ ਹੇਠੀ ਸਮਝਦੇ ਆਏ ਹਨ। ਇਸੇ ਸੋਚ ਦੇ ਧਾਰਨੀ ਪ੍ਰਭੂ ਵਰਗ ਨੇ ਪਸ਼ੂਆਂ ਨਾਲ ਪਸ਼ੂ ਹੋਣ ਲਈ ਮਨੁੱਖਤਾ ਵਿੱਚ ਇੱਕ ਹੋਰ ਵਰਗ ਪੈਦਾ ਕਰ ਲਿਆ ਜਿਸ ਵਿਚਲੇ ਮਨੁੱਖਾਂ ਨੂੰ ਗ਼ੁਲਾਮ ਆਖਿਆ ਗਿਆ। ਹੌਲੀ ਹੌਲੀ ਹਾਲਤ ਇੱਥੋਂ ਤਕ ਪੁੱਜ ਗਈ ਕਿ ਜਹਾਜ਼ਾਂ ਦੇ ਜਹਾਜ਼ ਭਰ ਕੇ ਅਫ਼ਰੀਕਾ ਵਿੱਚੋਂ ਗ਼ੁਲਾਮ, ਯੋਰਪ ਅਤੇ ਅਮਰੀਕਾ ਦੀਆਂ ਮੰਡੀਆਂ ਵਿੱਚ ਜਾਣ ਲੱਗ ਪਏ; ਨੀਲਾਮੀਆਂ ਅਤੇ ਬੋਲੀਆਂ ਹੋਣ ਲੱਗ ਪਈਆਂ; ਜੇ ਕਿਸੇ ਗ਼ੁਲਾਮ ਵਿੱਚ ਮਨੁੱਖ ਹੋਣ ਦੇ ਅਹਿਸਾਸ ਨੇ ਸਿਰ ਚੁੱਕਣ ਦਾ ਹੀਆ ਕੀਤਾ ਤਾਂ ਸਿਰ ਕੁਚਲ ਦਿੱਤਾ ਜਾਣ ਲੱਗ ਪਿਆ; ਅਤੇ ਮਨੁੱਖਤਾ ਦੇ ਨਿਰਾਦਰ ਦੀ, ਮਨੁੱਖੀ ਹਿਰਦੇ ਦੀ ਪੀੜ ਦੀ, ਇੱਕ ਹੋਰ ਸੀਮਾ ਨਿਰਧਾਰਤ ਹੋ ਗਈ।

WWW.SIKHBOOKCLUB.COM 

ਗ਼ੁਲਾਮਾਂ ਨੂੰ ਮਾਲਕਾਂ ਨੇ ਪਸ਼ੂਆਂ ਵਾਂਙੂ ਮਾਰ ਕੇ ਭਾਵੇਂ ਨਹੀਂ ਖਾਧਾ, ਪਰ ਉਨ੍ਹਾਂ ਵਿੱਚਲੇ ਮਨੁੱਖ ਦੀ ਮਨੁੱਖਤਾ ਦਾ, ਮਨੁੱਖੀ ਗੌਰਵ ਦਾ, ਉਨ੍ਹਾਂ ਦੀ ਭਾਵੁਕਤਾ ਦਾ, ਉਨ੍ਹਾਂ ਦੇ ਹਿਰਦੇ ਦੀ ਮਾਰਮਿਕਤਾ ਦਾ, ਉਨ੍ਹਾਂ ਦੀ ਮਮਤਾ ਦੀਆਂ ਸੂਖ਼ਮ ਤੰਦਾਂ ਦਾ, ਉਨ੍ਹਾਂ ਦੇ ਪਿਆਰੇ ਸਤਿਕਾਰੇ ਵਿਸ਼ਵਾਸਾਂ ਦਾ, ਉਨ੍ਹਾਂ ਦੀਆਂ ਮਾਸੂਮ ਰਵਾਇਤਾਂ ਦਾ, ਉਨ੍ਹਾਂ ਦੀਆਂ ਨਿਸ਼ਕਾਮ ਸਾਂਝਾਂ ਦਾ ਜਿੰਨਾ ਨਿਰਾਦਰ ਗ਼ੁਲਾਮੀ ਦੀ ਪ੍ਰਥਾ ਨੇ ਕੀਤਾ ਹੈ ਓਨਾ ਜਾਂ ਉਸ ਤੋਂ ਜ਼ਿਆਦਾ ਨਿਰਾਦਰ ਕਰਨ ਲਈ ਸਭਿਅਤਾ ਦੇ ਸੁਆਮੀਆਂ ਨੂੰ ਕਰਮਯੋਗ ਦੇ ਉਪਦੇਸ਼, ਨਿਰਲੇਪਤਾ ਦੇ ਅਭਿਆਸ, ਐਟਮੀ ਅਤੇ ਜ਼ਹਿਰੀਲੇ ਹਥਿਆਰਾਂ ਦੇ ਵਿਕਾਸ ਵੱਲ ਕੁਝ ਕੁ ਮੰਜ਼ਲਾਂ ਹੋਰ ਮਾਰਨੀਆਂ ਪੈਣਗੀਆਂ। ਇਸੇ ਲਈ 'ਗ਼ੁਲਾਮੀ' ਸ਼ਬਦ ਨਾਲ ਆਮ਼ਰਾਂ ਦੀ ਘਿਰਣਾ ਜੁੜੀ ਹੋਈ ਹੈ।

ਗ਼ੁਲਾਮੀ ਦੀ ਪ੍ਰਥਾ ਨਾਲ ਸੰਬੰਧਤ ਘਿਰਣਾ ਦੇ ਭਾਵ ਨੂੰ ਇੱਕ ਜ਼ੋਰਦਾਰ ਹਥਿਆਰ ਵਜੋਂ ਵਰਤਿਆ ਜਾਣਾ ਇੱਕ ਸੁਭਾਵਕ ਜਿਹੀ ਗੱਲ ਹੈ। ਮਨੁੱਖ ਜਾਤੀ ਦੀਆਂ ਭਾਸ਼ਾਵਾਂ ਵਿੱਚ ਜ਼ੁਲਮ, ਕੁਰਬਾਨੀ, ਕੁਫ਼ਰ, ਗ਼ੁਲਾਮੀ, ਗ਼ਦਾਰੀ, ਗ਼ੈਰਤ, ਅਧਿਕਾਰ, ਆਤਮ-ਸੰਮਾਨ, ਆਤਮ-ਰੱਖਿਆ, ਆਜ਼ਾਦੀ ਅਤੇ ਮਾਤ-ਭੂਮੀ ਆਦਿਕ ਕੁਝ ਕੁ ਅਜਿਹੇ ਸ਼ਬਦ ਹਨ ਜਿਨ੍ਹਾਂ ਦੀ ਸਿੱਧੀ-ਪੁੱਠੀ ਵਰਤੋਂ ਨਾਲ ਮਨੁੱਖੀ ਮਨਾਂ ਵਿੱਚ ਕ੍ਰੋਧ, ਘਿਰਣਾ ਅਤੇ ਬਦਲੇ ਦੇ ਕਠੋਰ ਭਾਵਾਂ ਨੂੰ ਉਤੇਜਤ ਕਰਨ ਦਾ ਸਫਲ ਜਤਨ ਕੀਤਾ ਜਾਂਦਾ ਰਿਹਾ ਹੈ ਅਤੇ ਹੁਣ ਵੀ ਕੀਤਾ ਜਾਂਦਾ ਹੈ। ਹਰ ਯੁਗ ਅਜਿਹੇ ਸ਼ਬਦਾਂ ਦੇ ਭੰਡਾਰ ਵਿੱਚ ਵਾਧਾ ਕਰਨ ਨੂੰ ਆਪਣਾ ਫ਼ਰਜ਼ ਸਮਝਦਾ ਹੈ। ਅੱਜ ਕੱਲ੍ਹ ਆਈਡੈਂਟਿਟੀ (Identity) ਜਾਂ 'ਪਛਾਣ' ਨੂੰ ਇਸ ਅਸਲਾਖ਼ਾਨੇ ਵਿੱਚ ਜਮ੍ਹਾਂ ਕਰ ਦਿੱਤਾ ਗਿਆ ਹੈ।

'ਗ਼ੁਲਾਮੀ' ਸ਼ਬਦ ਦੀ ਇਸ ਪ੍ਰਕਾਰ ਦੀ ਵਰਤੋਂ ਨੇ ਇਸ ਦੀ ਪ੍ਰੀਭਾਸ਼ਾ ਨੂੰ ਹੀ ਬਦਲ ਦਿੱਤਾ ਹੈ। ਅੱਜ ਕੱਲ੍ਹ ਅਸੀਂ ਇਉਂ ਕਹਿਣ ਵਿੱਚ ਕਿਸੇ ਪ੍ਰਕਾਰ ਦੀ ਉਕਾਈ ਜਾਂ ਅਸੁਭਾਵੁਕਤਾ ਨਹੀਂ ਮਹਿਸੂਸ ਕਰਦੇ ਕਿ "ਹਿੰਦੁਸਤਾਨ ਦੋ ਸੌ ਸਾਲ ਤਕ ਅੰਗਰੇਜ਼ਾਂ ਦਾ ਗ਼ੁਲਾਮ ਰਿਹਾ ਹੈ।" ਇਸ ਵਾਕ ਵਿੱਚ ਕਿਸੇ ਉਕਾਈ ਦੀ ਪ੍ਰਤੀਤੀ ਤਾਂ ਇੱਕ ਪਾਸੇ ਰਹੀ, ਅੱਜ ਤੋਂ ਪੰਜਾਹ ਕੁ ਸਾਲ ਪਹਿਲਾਂ, ਇਸ ਨੂੰ ਭਾਰਤੀ ਇਤਿਹਾਸ ਦਾ ਪਰਮ ਸੱਤ ਸਮਝ ਕੇ ਉਚਾਰਣ ਵਾਲਾ ਵਿਅਕਤੀ ਇਤਿਹਾਸ ਦਾ ਮਹਾਂ ਪੰਡਿਤ ਮੰਨਿਆ ਜਾਂਦਾ ਸੀ। ਕੁਝ ਲੋਕ ਇਉਂ ਵੀ ਕਹਿੰਦੇ ਸਨ ਕਿ "ਹਿੰਦੁਸਤਾਨ ਪਿਛਲੇ ਹਜ਼ਾਰ ਸਾਲਾਂ ਤੋਂ ਗ਼ੁਲਾਮੀ ਭੋਗ ਰਿਹਾ ਹੈ।" ਉਹ ਹਿੰਦੁਸਤਾਨ ਉੱਤੇ ਮੁਸਲਮਾਨ ਬਾਦਸ਼ਾਹਾਂ ਦੀ ਹਕੂਮਤ ਨੂੰ ਗ਼ੁਲਾਮੀ ਆਖਦੇ ਸਨ ਜਦ ਕਿ ਉਨ੍ਹਾਂ ਤੋਂ ਪਹਿਲਾਂ ਹੋਏ ਭਗਤਾਂ ਨੇ ਅਜਿਹਾ ਕਦੇ ਨਹੀਂ ਸੀ ਆਖਿਆ ਅਤੇ ਇਸ ਸਦੀ ਵਿੱਚ ਚੱਲ ਰਹੇ ਸੁਤੰਤ੍ਰਤਾ ਸੰਗਰਾਮ ਦੀ ਸਫਲਤਾ ਲਈ ਵੀ ਇਹ ਬਿਆਨ ਲਾਹੇਵੰਦਾ ਨਹੀਂ ਸੀ ਕਿਉਂਜੁ ਇਉਂ ਆਖਣ ਨਾਲ ਮੁਸਲਮਾਨਾਂ ਨੂੰ ਸੰਗਰਾਮੀਆਂ ਦਾ ਸਾਥ ਛੱਡਣ ਲਈ ਉਹ ਬਹਾਨਾ ਮਿਲ ਜਾਂਦਾ ਸੀ ਜਿਸ ਦੀ ਉਨ੍ਹਾਂ ਨੂੰ ਭਾਰੀ ਲੋੜ ਸੀ।

ਭਾਰਤੀ ਸੁਤੰਤ੍ਰਤਾ ਸੰਗਰਾਮ ਵਿੱਚ ਭਾਰਤੀ ਜਨ-ਸਾਧਾਰਣ ਦਾ ਸਹਿਯੋਗ ਪ੍ਰਾਪਤ ਕਰਨ ਲਈ ਜਨ-ਸਾਧਾਰਣ ਦੇ ਮਨ ਵਿੱਚ 'ਅੰਗ੍ਰੇਜ਼ੀ ਰਾਜ' ਪ੍ਰਤੀ ਘਿਰਣਾ ਦਾ ਭਾਵ ਪੈਦਾ ਕਰਨ ਦੇ ਮਨੋਰਥ ਨਾਲ ਇਸ ਨੂੰ ਭਾਰਤ ਅਤੇ ਭਾਰਤ-ਵਾਸੀਆਂ ਲਈ 'ਅੰਗਰੇਜ਼ੀ ਗ਼ੁਲਾਮੀ' ਦਾ ਨਾਂ ਦਿੱਤਾ ਗਿਆ ਸੀ। ਉਂਵ ਨਹਿਰੂ ਜੀ ਨੂੰ ਜਾਂ ਮਹਾਤਮਾ ਗਾਂਧੀ ਜੀ ਨੂੰ ਜਾਂ ਭਾਰਤ ਵਿੱਚ ਵੱਸਦੇ ਕਿਸੇ ਵੀ ਹੋਰ ਹਿੰਦੁਸਤਾਨੀ ਨੂੰ ਕਿਸੇ ਅੰਗ੍ਰੇਜ਼ ਨੇ ਕਦੇ ਕਿਸੇ ਮੰਡੀ ਵਿੱਚੋਂ ਮੁੱਲ ਲੈ ਕੇ ਆਪਣੇ ਲਈ ਰੋਟੀ ਕੱਪੜੇ ਉੱਤੇ ਕੰਮ ਕਰਨ ਅਤੇ ਆਪਣੇ ਧਰਮ, ਸਭਿਆਚਾਰ ਅਤੇ ਸਮਾਜਕ ਮਾਨਤਾਵਾਂ ਦਾ ਸਤਿਕਾਰ ਕਰਨ ਦੇ ਹੱਕ ਨੂੰ ਤਿਆਗਣ ਲਈ ਮਜਬੂਰ ਨਹੀਂ ਕੀਤਾ। ਸਮੁੱਚੇ ਅੰਗ੍ਰੇਜ਼ੀ ਰਾਜ ਸਮੇਂ ਇੱਕ ਵੀ ਹਿੰਦੁਸਤਾਨੀ ਉੱਪਰ ਦੱਸੀ ਕਿਸੇ ਮਜਬੂਰੀ ਵਿੱਚ ਕਦੇ

ਨਹੀਂ ਜੀਵਿਆ। ਇਸ ਦੇ ਉਲਟ ਅੱਜ ਇਨ੍ਹਾਂ ਸਮਾਜਕ, ਧਾਰਮਕ ਅਤੇ ਰਾਜਨੀਤਕ ਹੱਕਾਂ ਦੀ ਗੱਲ ਹਿੰਦੁਸਤਾਨ ਦੇ ਵਾਸੀ ਕਰਦੇ ਹਨ ਉਨ੍ਹਾਂ ਦੀ ਮੁੱਢਲੀ ਚੇਤਨਾ ਉਸ ਵਿੱਦਿਆ ਦੀ ਦੇਣ ਹੈ ਜਿਹੜੀ ਪੱਛਮ ਵਿੱਚ ਉਪਜੀ ਅਤੇ ਅੰਗ੍ਰੇਜ਼ਾਂ ਨਾਲ ਹਿੰਦੁਸਤਾਨ ਵਿੱਚ ਗਈ ਅਤੇ ਜਿਹੜੀ ਅੱਜ ਵੀ ਭਾਰਤੀਆਂ ਦਾ ਉਹ ਤੀਜਾ ਨੇਤ੍ਰ ਹੈ ਜਿਸ ਤੋਂ ਵਿਹੂਣੇ ਕਰੋੜਾਂ ਲੋਕ ਅਜੇ ਵੀ ਆਜ਼ਾਦੀ ਅਤੇ ਗ਼ੁਲਾਮੀ ਦੇ ਅੰਤਰ ਤੋਂ ਉੱਕੇ ਅਣਜਾਣ ਹਨ।

ਕਿਸੇ ਇੱਕ ਦੇਸ਼ ਦੇ ਸਿਆਸੀ ਚੌਧਰੀਆਂ ਦਾ ਕਿਸੇ ਦੂਜੇ ਦੇਸ਼ ਦੇ ਸਿਆਸੀ ਚੌਧਰੀਆਂ ਉੱਤੇ ਭਾਰੂ ਹੋ ਜਾਣਾ, ਪਰਾਸਤ ਹੋਏ ਸਿਆਸੀ ਚੌਧਰੀਆਂ ਲਈ ਭਾਵੇਂ ਕਿੰਨੀ ਵੱਡੀ ਹਾਨੀ ਵਾਲੀ ਗੱਲ ਹੋਵੇ, ਸਮੁੱਚੇ ਦੇਸ਼ ਵਾਸੀਆਂ ਲਈ ਕਿਸੇ ਨਮੋਸ਼ੀ ਦੀ ਗੱਲ ਓਨਾ ਚਿਰ ਨਹੀਂ ਬਣਦੀ ਜਿੰਨਾ ਚਿਰ ਅਧਿਕਾਰ, ਆਤਮ-ਸੰਮਾਨ, ਕੌਮੀ ਗ਼ੈਰਤ ਅਤੇ ਸੁਤੰਤ੍ਰਤਾ ਆਦਿਕ, ਉੱਪਰ ਲਿਖੇ ਸ਼ਬਦਾਂ ਦਾ ਜਾਦੂ ਉਨ੍ਹਾਂ ਦੀ ਨਿੱਕੀ-ਨਿਮਾਣੀ ਅਕਲ ਉੱਤੇ ਧੂੜਿਆ ਨਹੀਂ ਜਾਂਦਾ। ਮਨੁੱਖ ਜਾਤੀ ਦੇ ਸਮਾਜਕ ਵਿਕਾਸ ਵੱਲ ਇੱਕ ਮੋੜਵੀਂ ਝਾਤ ਪਾ ਕੇ ਵੇਖੀਏ ਤਾਂ ਰੋਮਨਾਂ ਦੇ ਵਿਸ਼ਾਲ ਰਾਜ-ਪ੍ਰਬੰਧ ਦੀ ਸ਼ਲਾਘਾ ਕਰਨੀ ਪੈਂਦੀ ਹੈ ਜਿਨ੍ਹਾਂ ਨੇ ਅਜਿਹੀਆਂ ਰਾਜਸੀ ਅਤੇ ਕਾਨੂੰਨੀ ਬਣਤਰਾਂ ਬਣਾਈਆਂ ਸਨ ਜਿਹੜੀਆਂ ਅੱਜ ਤਕ ਪੁਰਾਣੀਆਂ ਅਤੇ ਬੇ-ਲੋੜੀਆਂ ਸਿੱਧ ਨਹੀਂ ਹੋਈਆਂ। ਯੋਰਪ, ਮੱਧ ਪੂਰਬ ਅਤੇ ਉੱਤਰੀ ਅਫ਼ਰੀਕਾ ਨੂੰ ਸਭਿਅਤਾ ਦਾ ਪਹਿਲਾ ਸਬਕ ਦੇਣ ਦਾ ਸਿਹਰਾ ਰੋਮਨਾਂ ਦੇ ਸਿਰ ਹੈ। ਰੋਮਨਾਂ ਦੇ ਇਸ ਰਾਜ ਪ੍ਰਬੰਧ ਨੂੰ ਗ਼ੁਲਾਮੀ ਕਹਿਣਾ ਅਕ੍ਰਿਤਘਣਤਾ ਹੋਵੇਗੀ। ਰੋਮਨਾਂ ਦਾ ਦੰਡ ਵਿਧਾਨ ਕਠੋਰ ਸੀ; ਉਨ੍ਹਾਂ ਨੇ ਸਖ਼ਤੀ ਵੀ ਕੀਤੀ; ਪਰ ਉਹ ਕਿਹੜਾ ਰਾਜ ਪ੍ਰਬੰਧ ਹੈ ਜਿਸ ਨੇ ਇਹ ਕੁਝ ਨਹੀਂ ਕੀਤਾ ? ਸਿਆਸਤ ਹੈ ਹੀ ਸੱਤਾ ਅਤੇ ਛਲ-ਯੰਤਰ ਦਾ ਮਿਸ਼ਰਣ।

ਪਰ ਗ਼ੁਲਾਮੀ ਭੋਜਨ ਅਤੇ ਕੰਮ ਜਾਂ ਅਰਥ ਅਤੇ ਵਿਹਲ ਨਾਲ ਸੰਬੰਧ ਰੱਖਣ ਵਾਲਾ ਰਿਸ਼ਤਾ ਹੈ ਅਤੇ ਮਨੁੱਖੀ ਜੀਵਨ ਵਿੱਚ ਇਸਦਾ ਜਨਮ ਸਭਿਅਤਾ ਦੇ ਘੁਸਮੁਸੇ ਵਿੱਚ ਹੋਇਆ ਸੀ। ਕੁਝ ਇੱਕ ਕੀੜੇ ਮਕੌੜਿਆਂ ਵਿੱਚ ਇਹ ਰਿਸ਼ਤਾ ਮਨੁੱਖੀ ਗ਼ੁਲਾਮੀ ਨਾਲੋਂ ਢੇਰ ਪੁਰਾਣਾ ਦੱਸਿਆ ਜਾਂਦਾ ਹੈ। ਪ੍ਰਕ੍ਰਿਤੀ ਵਿਗਿਆਨੀਆਂ ਦੀ ਖੋਜ ਦੱਸਦੀ ਹੈ ਕਿ ਕੀੜੀਆਂ ਵਿੱਚ ਦਾਸ ਕੀੜੀਆਂ ਵੀ ਹੁੰਦੀਆਂ ਹਨ ਜਿਹੜੀਆਂ ਆਪਣੇ ਮਾਲਕਾਂ ਲਈ ਭੋਜਨ ਦਾ ਪ੍ਰਬੰਧ ਕਰਦੀਆਂ ਹਨ। ਕੀੜੀ ਕ੍ਰੋੜਾਂ ਸਾਲਾਂ ਤੋਂ ਸਾਡੀ ਧਰਤੀ ਦੀ ਵਸਨੀਕ ਹੈ। ਇਉਂ ਹੀ ਗ਼ੁਲਾਮੀ ਦੀ ਪ੍ਰਥਾ ਵੀ ਕ੍ਰੋੜਾਂ ਸਾਲ ਪੁਰਾਣੀ ਹੈ, ਪਰ ਕੁਦਰਤੀ ਅਤੇ ਪੁਰਾਤਨ ਹੋਣ ਕਰਕੇ ਇਸ ਨੂੰ ਸੁੰਦਰ ਅਤੇ ਸਤਿਕਾਰਯੋਗ ਨਹੀਂ ਮੰਨਿਆ ਜਾ ਸਕਦਾ। ਕੁਦਰਤ ਵਿੱਚ ਹੋਰ ਕਿੰਨਾ ਕੁਝ ਹੈ ਜਿਹੜਾ ਸਭਿਅ ਜੀਵਨ ਲਈ ਤਿਆਗਣ ਯੋਗ ਹੈ। ਮਨੁੱਖ ਦੇ ਧਾਰਮਿਕ ਸਾਹਿਤ ਵਿੱਚ ਗ਼ੁਲਾਮੀ ਜਾਂ ਗ਼ੁਲਾਮ ਸ਼ਬਦ ਦੀ ਵਰਤੋਂ ਇਸ ਢੰਗ ਨਾਲ ਕੀਤੀ ਗਈ ਹੈ ਕਿ ਇਹ ਘਿਰਣਿਤ ਸ਼ਬਦ ਵੀ ਸੁੰਦਰ ਅਤੇ ਸਤਿਕਾਰਯੋਗ ਭਾਸਣ ਲੱਗ ਪੈਂਦੇ ਹਨ। ਸੂਫ਼ੀ ਫ਼ਕੀਰ, ਈਸਾਈ ਸੰਤ ਅਤੇ ਭਾਰਤੀ ਭਗਤ ਆਪਣੀਆਂ ਲਿਖਤਾਂ ਵਿੱਚ ਰੱਬ ਦੇ, ਰੱਬ ਦੇ ਪ੍ਰੇਮੀਆਂ ਦੇ ਅਤੇ ਆਪਣੇ ਮਾਰਗ ਦਰਸ਼ਕ ਗੁਰੂ ਦੇ ਦਾਸਾਂ ਦੇ ਦਾਸ ਹੋਣ ਵਿੱਚ ਆਤਮਕ ਆਨੰਦ ਅਨੁਭਵ ਕਰਦੇ ਪ੍ਰਤੀਤ ਹੁੰਦੇ ਹਨ। ਪਰ ਇਉਂ ਕਰ ਕੇ ਉਹ ਗ਼ੁਲਾਮੀ ਦੀ ਪ੍ਰਥਾ ਨੂੰ ਸਤਿਕਾਰਯੋਗ ਸਿੱਧ ਨਹੀਂ ਕਰਦੇ ਸਗੋਂ ਮਨੁੱਖੀ ਮਨ ਦੀ ਸਾਧਨਾ ਵਿੱਚ ਨਿਮਰਤਾ ਅਤੇ ਨਿਰਮਾਣਤਾ ਦੇ ਮਹੱਤਵ ਨੂੰ ਪ੍ਰਗਟ ਕਰਦੇ ਹਨ। ਨਿਸ਼ਕਾਮ ਪਿਆਰ ਉਨ੍ਹਾਂ ਦੀ ਮੰਜ਼ਿਲ ਹੈ ਅਤੇ ਹਉਂ ਰਹਿਤ ਹੋਏ ਬਿਨਾਂ ਇਸ ਮੰਜ਼ਿਲ ਦੀ ਪ੍ਰਾਪਤੀ ਸੰਭਵ ਨਹੀਂ। ਇਸੇ ਸੰਬੰਧ ਵਿੱਚ ਹੀ ਉਹ ਗ਼ਰੀਬੀ ਨੂੰ ਵੀ ਸਲਾਹੁੰਦੇ ਹਨ। ਉਨ੍ਹਾਂ ਦੁਆਰਾ ਸਲਾਹੀ ਅਤੇ ਅਪਣਾਈ ਹੋਈ ਗ਼ਰੀਬੀ ਕਿਸੇ ਸਮਾਜ ਦੇ ਆਰਥਕ ਪ੍ਰਬੰਧ ਦੀ

ਅਯੋਗਤਾ ਜਾਂ ਨੀਚਤਾ ਦੇ ਨਤੀਜੇ ਵਜੋਂ ਉਪਜਿਆ ਹੋਇਆ ਸਮਾਜਕ ਕੋਝ ਅਤੇ ਮਨੁੱਖੀ ਨਿਰਾਦਰ ਨਹੀਂ ਸਗੋਂ ਆਪਣੇ ਮਨ ਨੂੰ ਹਉਮੈ ਅਤੇ ਸਰੀਰ ਨੂੰ ਵਿਲਾਸ ਵੱਲੋਂ ਵਰਜ ਕੇ ਰੱਖਣ ਦੀ ਵਿਗਿਆਨਿਕ ਵਿਧੀ ਹੈ।

ਗ਼ੁਲਾਮੀ ਦੀ ਭਾਵਨਾ ਅਤੇ ਗ਼ਰੀਬੀ ਦਾ ਅਭਿਆਸ ਕੁਝ ਇੱਕ ਸੰਤਾਂ, ਭਗਤਾਂ ਅਤੇ ਫ਼ਕੀਰਾਂ ਵਿੱਚ ਸੁਭਾਵਕ, ਸੁੰਦਰ ਅਤੇ ਸੁਖਦਾਇਕ ਹੈ। ਨਿਮਰਤਾ, ਸਾਦਗੀ ਅਤੇ ਸੰਜਮ ਦੇ ਆਧਾਰ ਵਜੋਂ ਸਾਧਾਰਣ ਮਨੁੱਖੀ ਜੀਵਨ ਵਿੱਚ ਵੀ ਇਨ੍ਹਾਂ ਦੀ ਇੱਕ ਵਿਸ਼ੇਸ਼ ਥਾਂ ਹੈ। ਪਰ ਇਹ ਗੱਲ ਸਦਾ ਚੇਤੇ ਰੱਖਣ ਵਾਲੀ ਹੈ ਕਿ ਇਹ ਅਜੇਹੇ ਵਿਸ਼ ਹਨ, ਜਿਹੜੇ ਕਿਸੇ ਵੈਦ ਦੀਆਂ ਬੋਤਲਾਂ ਵਿੱਚ ਪਏ ਹੋਏ ਤਾਂ ਕੁਝ ਵੀ ਵਿਗਾੜ ਨਹੀਂ ਕਰਦੇ, ਪਰ ਕਿਸੇ ਕੁਪੁਰਸ਼ ਦੇ ਕਾਬੂ ਆ ਕੇ ਵੱਡੇ ਕਲੇਸ਼ ਦਾ ਕਾਰਣ ਬਣ ਸਕਦੇ ਹਨ।

ਆਧੁਨਿਕ ਯੁਗ ਵਿੱਚ ਲਗਪਗ ਸਾਰੀ ਮਨੁੱਖਤਾ ਸਿਆਸੀ-ਕੁਪੁਰਸ਼ਾਂ ਦੇ ਕਾਬੂ ਵਿੱਚ ਹੈ। ਪੁਰਾਤਨ ਅਤੇ ਮੱਧਕਾਲ ਵਿੱਚ ਸਿਆਸਤ ਅਤੇ ਧਰਮ, ਸੱਤਾ ਦੇ ਦੋ ਦਾਅਵੇਦਾਰ ਸਨ। ਸਿਆਸੀ ਅੱਤਿਆਚਾਰ ਵੱਧ ਜਾਣ ਉੱਤੇ ਕੋਈ ਨਾ ਕੋਈ ਰੱਖਿਅਕ ਕਿਤੋਂ ਨਾ ਕਿਤੋਂ ਆ ਹੀ ਜਾਂਦਾ ਸੀ। ਸੱਤਾ ਦੇ ਇਹ ਦੋਵੇਂ ਸੁਆਮੀ ਜਿੱਥੇ ਅਤੇ ਜਦੋਂ ਆਪੋ ਵਿੱਚ ਗੱਠ-ਜੋੜ ਕਰ ਲੈਂਦੇ ਸਨ, ਉੱਥੇ ਅਤੇ ਉਦੋਂ ਸਮੁੱਚਾ ਮਾਨਵ ਗ਼ਰੀਬੀ ਅਤੇ ਦਾਸਤਾ ਦੇ ਦੋ ਪੁੜਾਂ ਵਿੱਚ ਦਰੜੀਣ ਲੱਗ ਪੈਂਦਾ ਸੀ। ਪ੍ਰਭੁਤਾ ਦੀ ਦੌੜ ਵਿੱਚ ਵਧ ਚੜ੍ਹ ਕੇ ਹਿੱਸਾ ਲੈਣ ਵਾਲੇ ਸਾਰੇ ਉਮੀਦਵਾਰ ਧਰਮ ਅਤੇ ਸਿਆਸਤ ਨੂੰ ਇੱਕ ਕਰਨ ਦੀ ਕੋਸ਼ਿਸ਼ ਕਰਦੇ ਰਹੇ ਹਨ। ਧਾਰਮਕ ਆਗੂਆਂ ਨੇ ਇਸ ਗੱਠ-ਜੋੜ ਨੂੰ ਸ਼ਕਤੀ ਅਤੇ ਭਗਤੀ ਦਾ ਸੰਜੋਗ ਸਿੱਧ ਕਰਨ ਦੇ ਤਰਕ-ਤਰਲੇ ਲਏ ਹਨ ਅਤੇ ਸਿਆਸੀ ਸੱਤਾ-ਧਾਰੀਆਂ ਨੇ ਦੇਸ਼-ਭਗਤੀ ਜਾਂ ਰਾਸ਼ਟਰਵਾਦ ਦੇ ਰਾਮ-ਬਾਣ ਨਾਲ ਵੱਡੇ ਵੱਡੇ ਧਰਮਾਂ ਦੀ ਅੰਤਰ-ਰਾਸ਼ਟ੍ਰੀਅਤਾ ਨਾਮ ਦੀ ਨਾਭੀ ਨੂੰ ਵਿੰਨ੍ਹਣ ਦਾ ਯਤਨ ਕੀਤਾ ਹੈ। ਅੰਤ ਵਿੱਚ ਜਿੱਤ ਸਿਆਸੀ ਸੱਤਾ-ਧਾਰੀਆਂ ਦੀ ਹੋਈ ਹੈ ਅਤੇ ਹੁਣ ਸੰਸਾਰ ਦੀ ਹਰ ਛੋਟੀ ਵੱਡੀ ਧਾਰਮਕ ਜਥੇਬੰਦੀ ਸਿਆਸਤ ਦੀ ਦਬੇਲ ਜਾਂ ਰਖੇਲ ਹੈ। ਕੋਈ ਵੀ ਜਥੇਬੰਦ ਧਰਮ ਜੇ ਸਿਆਸਤ ਦੀ ਸੇਵਾ ਨਹੀਂ ਕਰਦਾ ਤਾਂ ਜੀਉਣ ਦਾ ਅਧਿਕਾਰ ਉਸ ਕੋਲੋਂ ਖੁਸ ਜਾਂਦਾ ਹੈ।

ਲੋਕਾਂ ਨੂੰ 'ਦੀਨ' ਦਾ ਲਾਰਾ ਲਾ ਕੇ ਆਪ 'ਦੁਨੀਆ' ਦੀ ਪ੍ਰਭੁਤਾ ਦੀ ਦੌੜ ਦੌੜਨ ਵਾਲਿਆਂ ਦੀ ਹਾਰ ਕੋਈ ਅਚੰਭੇ ਵਾਲੀ ਗੱਲ ਨਹੀਂ, ਪਰ ਮਨੁੱਖਤਾ ਨੂੰ ਇਸ ਨਾਲ ਬਹੁਤ ਨੁਕਸਾਨ ਹੋਇਆ ਹੈ। ਧਰਮ ਨੇ ਆਰੰਭ ਤੋਂ ਹੀ ਰੱਬ, ਮੋਕਸ਼, ਨਿਰਵਾਨ, ਜੰਨਤ ਜਾਂ ਆਤਮ ਸਾਖਿਆਤਕਾਰ ਦੀ ਗੱਲ ਕੀਤੀ ਹੈ ਅਤੇ ਸ਼ੁਭ ਕਰਮਾਂ ਨੂੰ ਇਸ ਪ੍ਰਾਪਤੀ ਦੇ ਸਾਧਨ ਆਖਿਆ ਹੈ। ਸੌ ਪਾਖੰਡੀਆਂ ਪਿੱਛੋਂ ਕਦੇ ਕਦਾਈਂ ਜੇ ਇੱਕ ਸੱਚਾ ਆਦਮੀ ਪੈਦਾ ਹੋ ਜਾਂਦਾ ਸੀ ਤਾਂ ਮਨੁੱਖਤਾ ਨੂੰ ਕੁਝ ਧਰਵਾਸ ਹੋ ਜਾਂਦੀ ਸੀ। ਧਰਮ ਦੇ ਪਿੜੋਂ ਨਿਕਲ ਜਾਣ ਨਾਲ ਸਿਆਸਤ ਦੀ ਡਿਕਟੇਟਰਸ਼ਿਪ ਕਾਇਮ ਹੋ ਜਾਂਦੀ ਹੈ ਅਤੇ ਸਿਆਸਤ 'ਸ਼ੁਭ ਕਰਮਾਂ' ਦਾ ਅਭਿਆਸ ਨਹੀਂ ਹੁੰਦੀ ਸਗੋਂ ਛੜ-ਯੰਤਰਾਂ ਦੀ ਦਾਸ ਹੁੰਦੀ ਹੈ। ਇਸ ਲਈ ਆਧੁਨਿਕ ਯੁਗ ਵਿੱਚ ਲਗ ਪਗ ਸਾਰੀ ਮਨੁੱਖਤਾ ਕੁ-ਪੁਰਸ਼ਾਂ ਦੇ ਕਾਬੂ ਵਿੱਚ ਹੈ।

ਮਨੁੱਖੀ ਸਮਾਜਾਂ ਉੱਤੇ ਸਿਆਸਤ ਦੀ ਸਮੁੱਚੀ ਸਿਕਦਾਰੀ ਮਸ਼ੀਨੀ ਕ੍ਰਾਂਤੀ ਪਿੱਛੋਂ ਕਾਇਮ ਹੋਣੀ ਆਰੰਭ ਹੋਈ ਸੀ। ਇਸ ਕ੍ਰਾਂਤੀ ਦੇ ਨਾਲ ਨਾਲ ਯੋਰਪ ਵਿੱਚ ਰਾਸ਼ਟਰਵਾਦ ਦਾ ਵਿਕਾਸ ਵੀ ਹੋਇਆ ਅਤੇ ਨਵਾਂ ਈਸਾਈ ਧਰਮ ਨਿਰੋਲ ਰਾਸ਼ਟਰੀਅਤਾ ਵਿੱਚ ਬਦਲਦਾ ਜਾਣ ਕਰਕੇ ਸਿਆਸਤ ਦੀ ਮਸ਼ੀਨ ਦਾ ਸ਼ਕਤੀਸ਼ਾਲੀ ਪੁਰਜ਼ਾ ਬਣ ਗਿਆ। ਕਿਸਾਨੇ ਸਮਾਜਾਂ ਵਿੱਚ ਪਸ਼ੂਆਂ ਅਤੇ ਪੁਰਸ਼ਾਂ ਦੀ ਗ਼ੁਲਾਮੀ ਦਾ ਰਿਵਾਜ ਪਿਆ ਸੀ। ਮਸ਼ੀਨ ਨੂੰ ਪਸ਼ੂਆਂ ਦੀ ਲੋੜ ਨਹੀਂ ਸੀ;

ਪਰ ਮਨੁੱਖ ਦੀ ਸਹਾਇਤਾ ਬਿਨਾਂ ਉਹ ਬੇਕਾਰ ਸੀ। ਲੋੜ ਦੀਆਂ ਵਸਤਾਂ ਪੈਦਾ ਕਰਨ ਦੀ ਯੋਗਤਾ ਉਸ ਵਿੱਚ ਅਥਾਹ ਸੀ। ਆਪਣੀ ਇਸ ਅਥਾਹ ਸ਼ਕਤੀ ਦੇ ਆਧਾਰ ਉੱਤੇ ਮਸ਼ੀਨ ਨੇ ਸਨਅਤੀ ਸਮਾਜਾਂ ਵਿੱਚ ਇੱਕ ਨਵੀਂ ਪ੍ਰਕਾਰ ਦੀ ਗ਼ੁਲਾਮੀ ਨੂੰ ਜਨਮ ਦਿੱਤਾ ਸੀ ਜਿਸ ਨੂੰ 'ਤਨਖ਼ਾਹ ਦੀ ਗ਼ੁਲਾਮੀ' ਜਾਂ 'Wage Slavery' ਆਖਿਆ ਗਿਆ ਹੈ। ਤਨਖ਼ਾਹਦਾਰ ਦਾਸ ਜਾਂ Wage Slave ਉਹ ਆਦਮੀ ਹੈ ਜਿਸ ਨੂੰ ਆਪਣੇ ਕੰਮ ਦੇ ਬਦਲੇ ਵਿੱਚ ਤਨਖ਼ਾਹ ਦਿੱਤੀ ਜਾਂਦੀ ਹੈ, ਓਨੀ ਜਿੰਨੀ ਨਾਲ ਉਸ ਨੂੰ ਜੀਉਂਦਾ ਰੱਖਿਆ ਜਾ ਸਕੇ। ਸਨਅਤੀ ਸਮਾਜਾਂ ਦੇ ਇਸ ਆਰਥਕ ਰਿਸ਼ਤੇ ਵਿੱਚੋਂ ਬਹੁਤ ਸਾਰਾ ਧਨ ਵੀ ਉਪਜਿਆ ਹੈ ਅਤੇ ਬਹੁਤ ਸਾਰੀ ਕੁਰੂਪਤਾ ਵੀ। ਧਨ ਦੀ ਸਹਾਇਤਾ ਨਾਲ ਸਨਅਤੀ ਸਮਾਜਾਂ ਨੇ ਸਾਮਰਾਜਾਂ ਨੂੰ ਜਨਮ ਦਿੱਤਾ ਸੀ ਅਤੇ ਕੁਰੂਪਤਾ ਨੂੰ ਘਟਾਉਣ ਦੇ ਜਤਨਾਂ ਵਿੱਚੋਂ ਅਜੋਕੇ 'ਜਨ-ਕਲਿਆਣ-ਰਾਜ' (Welfare State) ਦੇ ਖ਼ਿਆਲ ਨੇ ਜਨਮ ਲਿਆ ਹੈ। 'ਜਨ-ਕਲਿਆਣ-ਰਾਜ' ਦੀ ਪਰੀਕਲਪਨਾ ਕਰਨ ਵਾਲੇ ਲੋਕਾਂ ਵਿੱਚ ਧਾਰਮਕ ਰੁਚੀਆਂ ਵਾਲੇ ਲੋਕ ਵੀ ਸਨ ਅਤੇ ਧਰਮ ਨੂੰ ਮਨੁੱਖਤਾ ਉੱਤੇ ਲੱਦਿਆ ਹੋਇਆ ਵਾਧੂ ਭਾਰ ਮੰਨਣ ਵਾਲੇ ਵੀ ਸਨ। ਧਾਰਮਕ ਰੁਚੀਆਂ ਵਾਲੇ ਲੋਕ ਕਿਸੇ ਧਾਰਮਕ ਪ੍ਰਬੰਧ ਜਾਂ ਜਥੇਬੰਦੀ ਦਾ ਹਿੱਸਾ ਨਹੀਂ ਸਨ, ਸਗੋਂ ਸੁਹਿਰਦ ਵਿਅਕਤੀ ਸਨ। ਧਾਰਮਕ ਜਥੇਬੰਦੀਆਂ ਤਾਂ ਸਿਆਸੀ ਸੱਤਾ ਦੀ ਸੇਵਾ ਵਿੱਚ ਲੱਗ ਕੇ ਸਾਮਰਾਜਾਂ ਦੀ ਉਸਾਰੀ ਵਿੱਚ ਸਹਾਇਤਾ ਕਰ ਰਹੀਆਂ ਸਨ। ਜਿਹੜੇ ਲੋਕ ਧਰਮ ਨੂੰ ਬੇ-ਲੋੜਾ ਜਾਣਦੇ ਸਨ, ਉਹ ਵਿਅਕਤੀ ਵਿੱਚਲੀ ਰੂਹਾਨੀਅਤ ਜਾਂ ਚੰਗਿਆਈ ਨੂੰ ਨਹੀਂ ਸਗੋਂ ਉਲਟੇ-ਸਿੱਧੇ ਸਿਧਾਂਤਾਂ ਦੁਆਲੇ ਉੱਸਰੇ ਹੋਏ ਧਾਰਮਕ ਪ੍ਰਬੰਧਾਂ ਨੂੰ ਬੇਲੋੜਾ ਸਮਝਦੇ ਸਨ।

ਮੈਂ ਇਹ ਕਹਿਣ ਦੀ ਭੁੱਲ ਨਹੀਂ ਕਰਨੀ ਚਾਹੁੰਦਾ ਕਿ ਅਜੋਕੇ ਉੱਨਤ ਸਨਅਤੀ ਸਮਾਜਾਂ ਨੇ ਜਨ-ਕਲਿਆਣ ਦੀ ਕਿਸੇ ਸੀਮਾਂ ਨੂੰ ਛੂਹ ਲਿਆ ਹੈ; ਪਰ ਇਹ ਸੱਚ ਵੀ ਕਿਸੇ ਕੋਲੋਂ ਛੁਪਿਆ ਹੋਇਆ ਨਹੀਂ ਕਿ ਜੀਵਨ ਦਾ ਜਿਹੜਾ ਨਿਰਾਦਰ ਅੱਜ ਤੋਂ ਸੌ-ਡੇਢ ਸੌ ਸਾਲ ਪਹਿਲਾਂ ਪੱਛਮੀ ਸਨਅਤੀ ਸਮਾਜਾਂ ਵਿੱਚ ਹੁੰਦਾ ਸੀ ਅਤੇ ਅਜੋਕੇ ਵਿਕਾਸ ਕਰ ਰਹੇ ਪੱਛੜੇ ਦੇਸ਼ਾਂ ਵਿੱਚ ਹੁਣ ਵਾਧੇ ਉੱਤੇ ਹੈ, ਉਹ ਨਿਰਾਦਰ ਪੱਛਮੀ ਦੇਸ਼ਾਂ ਦੇ ਵਸਨੀਕਾਂ ਦੀ ਵੰਡੇ ਘੱਟ ਆਉਂਦਾ ਹੈ। ਉਹ ਇਸ ਨਿਰਾਦਰ ਨੂੰ ਨਾ ਤਾਂ ਮਨੁੱਖ ਦੇ ਕਿਸੇ ਪਾਪ ਦੀ ਸਜ਼ਾ ਹੀ ਸਮਝਦੇ ਹਨ ਅਤੇ ਨਾ ਹੀ ਲਾ-ਇਲਾਜ।

ਮੇਰਾ ਭਾਵ ਇਹ ਹੈ ਕਿ ਡੇਢ੍ਹ-ਦੋ ਸੌ ਸਾਲ ਪਹਿਲਾਂ ਦਾ 'ਵੇਜ ਸਲੇਵ' (ਤਨਖ਼ਾਹਦਾਰ ਗ਼ੁਲਾਮ) ਅਜੋਕਾ ਇੱਜ਼ਤਦਾਰ ਸ਼ਹਿਰੀ ਬਣ ਗਿਆ ਹੈ। ਹੋ ਸਕਦਾ ਹੈ ਇੱਕੀਵੀਂ ਸਦੀ ਦੇ ਪੱਛਮੀ ਸੰਸਾਰ ਲਈ ਗ਼ੁਲਾਮੀ ਅਤੇ ਗ਼ਰੀਬੀ ਭੂਤਕਾਲ ਦੀਆਂ ਯਾਦਾਂ ਬਣ ਕੇ ਇਤਿਹਾਸ ਦੇ ਪੰਨਿਆਂ ਵਿੱਚ ਬੰਦ ਹੋ ਜਾਣ। ਇਸ ਸੰਭਾਵਨਾ ਦੇ ਸਾਕਾਰ ਹੋਣ ਲਈ ਇਹ ਜ਼ਰੂਰੀ ਹੈ ਕਿ ਦੁਨੀਆ ਵਿੱਚੋਂ ਸਿਆਸਤ ਦੀ ਦਾਦਾਗਿਰੀ ਕਿਸੇ ਤਰ੍ਹਾਂ ਸਮਾਪਤ ਕੀਤੀ ਜਾਵੇ। ਧਰਮ ਇਸ ਕੰਮ ਵਿੱਚ ਅਸਫਲ ਰਿਹਾ ਹੈ। ਯੌਰਪ ਵਿੱਚ ਇੱਕ ਪਾਸੇ ਪੋਪ ਦਾ ਰਾਜ-ਪ੍ਰਬੰਧ ਹੁੰਦਾ ਸੀ ਅਤੇ ਦੂਜੇ ਪਾਸੇ ਰੋਮਨ ਸ਼ਹਿਨਸ਼ਾਹ ਦਾ। ਪੋਪ ਦਾ ਅਧਿਕਾਰ ਖੇਤਰ ਅਧਿਆਤਮਕ ਸੀ ਅਤੇ ਸ਼ਹਿਨਸ਼ਾਹ ਦਾ ਸੰਸਾਰਕ। ਹੌਲੀ ਹੌਲੀ ਪੋਪ ਇੱਕ ਸ਼ਹਿਰ ਵਿੱਚ ਸੀਮਿਤ ਹੋ ਕੇ ਰਹਿ ਗਿਆ ਅਤੇ ਸ਼ਹਿਨਸ਼ਾਹੀਅਤ ਕਈ ਕੌਮੀ ਰਾਜਾਂ ਵਿੱਚ ਵੰਡੀਜ ਕੇ ਕਈ ਬਾਦਸ਼ਾਹਾਂ ਦੇ ਹੱਥਾਂ ਵਿੱਚ ਚਲੀ ਗਈ। ਹੁਣ ਯੌਰਪ ਦੀਆਂ ਕੌਮੀ ਸਰਕਾਰਾਂ ਜਮਹੂਰੀ ਢੰਗ ਦੀਆਂ ਹਨ। ਇਨ੍ਹਾਂ ਜਮਹੂਰੀ ਸਰਕਾਰਾਂ ਦਾ ਅਧਿਕਾਰ-ਖੇਤਰ ਏਨਾ ਵਿਸ਼ਾਲ ਹੈ ਕਿ ਇਨ੍ਹਾਂ ਦੀ ਵਾਸਤਵਿਕ ਸਰਬ-ਸ਼ਕਤੀਮਾਨਤਾ ਦੇ ਟਾਕਰੇ ਵਿੱਚ ਮਨੁੱਖ ਦੁਆਰਾ ਕਲਪਿਤ ਰੱਬੀ ਸਰਬ-ਸ਼ਕਤੀਮਾਨਤਾ ਵੀ ਨਿਗੂਣੀ ਨਜ਼ਰ ਆਉਂਦੀ ਹੈ।

ਸਿਆਸੀ, ਸੈਨਿਕ, ਧਾਰਮਕ, ਆਰਥਕ, ਵਿਦਿਅਕ, ਵਪਾਰਕ, ਵਿਗਿਆਨਕ ਕੋਈ ਵੀ ਅਜਿਹਾ ਖੇਤਰ ਨਹੀਂ, ਜਿਸ ਵਿੱਚ ਸਿਆਸੀ ਛੜ-ਯੰਤਰਾਂ ਦਾ ਬੋਲ-ਬਾਲਾ ਨਹੀਂ। ਰਾਜਨੀਤੀ ਦਾ ਰੋਗ ਸਮਾਜਕ ਜੀਵਨ ਦੇ ਸਾਰੇ ਅੰਗਾਂ ਵਿੱਚ ਫੈਲ ਕੇ ਸਾਂਝੇ ਯੌਰਪ ਦੇ ਵਿਕਾਸ ਦਾ ਰਾਹ ਰੋਕ ਰਿਹਾ ਹੈ। ਸਾਂਝੇ ਯੌਰਪ ਦੇ ਵਿਕਾਸ ਦਾ ਰਾਹ ਰੋਕਣ ਦਾ ਭਾਵ ਹੈ, ਸਾਰੀ ਦੁਨੀਆ ਦੇ ਵਿਕਾਸ ਦਾ ਰਾਹ ਰੋਕਣਾ। ਇਸ ਲਈ ਇਸ ਰੋਗ ਦਾ ਇਲਾਜ ਜ਼ਰੂਰੀ ਹੈ।

ਮੈਨੂੰ ਲੱਗਦਾ ਹੈ (ਜਾਂ ਮੈਂ ਇਹ ਚਾਹੁੰਦਾ ਹਾਂ) ਕਿ ਯੌਰਪ ਦਾ ਆਰਥਕ ਸੰਗਠਨ ਮੁੱਢਲੇ ਰੂਪ ਵਿੱਚ ਆਰਥਕ ਹੈ ਅਤੇ ਸਿਆਸਤ ਨੂੰ ਇਸ ਦੀ ਸੇਵਾ ਵਿੱਚ ਲਾਇਆ ਜਾਵੇਗਾ। ਜੇ ਅਜਿਹਾ ਹੋ ਸਕਿਆ ਤਾਂ ਸੰਭਵ ਹੈ ਕੇਵਲ ਯੌਰਪ ਹੀ ਨਹੀਂ ਸਗੋਂ ਸਾਰਾ ਸੰਸਾਰ ਹੀ ਗ਼ੁਲਾਮੀ ਅਤੇ ਗ਼ਰੀਬੀ ਨੂੰ ਇਤਿਹਾਸ ਦੇ ਪੰਨਿਆਂ ਵਿੱਚ ਬੰਦ ਕਰਨ ਦੇ ਯੋਗ ਹੋ ਜਾਵੇ। ਸੰਸਾਰ ਦੇ ਸਿਆਸੀ ਚੈਂਪੀਅਨ ਅਰਥ-ਸ਼ਾਸਤ੍ਰੀਆਂ ਅਤੇ ਵਪਾਰੀਆਂ ਦੀ ਸੇਵਾ ਵਿੱਚ ਲਾਏ ਜਾਣੇ ਸੌਖੇ ਨਹੀਂ। ਤਾਂ ਵੀ ਸੱਚ ਇਹ ਹੈ ਕਿ ਉਪਜ ਦੇ ਵਸੀਲਿਆਂ ਦੀ ਵਰਤੋਂ ਦੇ ਵਿਕਾਸ ਨੂੰ ਹੀ ਸਭਿਅਤਾ ਆਖਿਆ ਜਾਣਾ ਯੋਗ ਹੈ। ਇਨ੍ਹਾਂ ਵਸੀਲਿਆਂ ਦੀ ਮਾਲਕੀ ਲਈ ਹਿੰਸਾ ਅਤੇ ਹੱਤਿਆ ਦੀ ਯੋਗਤਾ ਵਿੱਚ ਵਾਧੇ ਦੇ ਵਿਸ਼ਵਾਸੀ ਲੋਕ ਵਿਕਾਸ ਦੀ ਥਾਂ ਵਿਨਾਸ਼ ਵੱਲ ਜਾਂਦੇ ਹਨ। ਵਿਗਿਆਨ ਨੇ ਉਨ੍ਹਾਂ ਦੀ ਤੋਰ ਬਹੁਤ ਤੇਜ਼ ਕਰ ਦਿੱਤੀ ਹੈ। ਦੁਨੀਆ ਦੇ ਕਈ ਦੇਸ਼ ਐਟਮੀ ਹਥਿਆਰਾਂ ਦੀ ਮਾਲਕੀ ਵਿੱਚ ਆਪਣੀ ਸਲਾਮਤੀ ਵੇਖਣ ਲੱਗ ਪਏ ਹਨ। ਇਹ ਸਮੇਂ ਦੇ ਸੱਚ ਵੱਲੋਂ ਅਣਜਾਣ ਹੋਣਾ ਹੈ। ਸਮੇਂ ਦਾ ਸੱਚ ਇਹ ਹੈ ਕਿ ਸਾਰੇ ਸੰਸਾਰ ਨੂੰ ਸਾਇੰਸ, ਸਨਅਤ ਅਤੇ ਵਾਪਾਰ ਦੀ ਸਹਾਇਤਾ ਨਾਲ ਇੱਕ ਦੇਸ਼ ਹੀ ਨਹੀਂ ਸਗੋਂ ਇੱਕ ਨਗਰ ਦਾ ਰੂਪ ਦਿੱਤਾ ਜਾ ਸਕਦਾ ਹੈ। ਦੁਨੀਆ ਦੀ ਇਹ ਨੁਹਾਰ ਸਿਆਸੀ ਅਤੇ ਸੈਨਿਕ ਦੰਗਲਾਂ ਵਿੱਚੋਂ ਨਹੀਂ ਸਗੋਂ ਸੰਸਾਰ ਦੇ ਸਾਇੰਸੀ, ਸਨਅਤੀ ਅਤੇ ਵਪਾਰਕ ਸਹਿਯੋਗ ਵਿੱਚੋਂ ਉਘੜੇਗੀ; ਯੌਰਪ ਦਾ ਆਰਥਕ ਸੰਗਠਨ ਇਸ ਮਾਰਗ ਦਾ ਮੀਲ-ਪੱਥਰ ਬਣ ਸਕਦਾ ਹੈ ਅਤੇ ਇਹ ਮਾਰਗ ਸਾਰੀ ਦੁਨੀਆ ਨੂੰ ਵੇਜ ਸਲੇਵਰੀ ਵਿੱਚੋਂ ਕੱਢ ਕੇ ਜਨ-ਕਲਿਆਣ-ਰਾਜ ਵਿੱਚ ਲੈ ਜਾਵੇਗਾ, ਇਹ ਮੇਰੀ ਆਸ ਵੀ ਹੈ ਅਤੇ ਮੇਰਾ ਸੁਪਨਾ ਵੀ।

ਇਹ ਸੁਪਨਾ ਸਮੁੱਚੀ ਮਾਨਵਜਾਤੀ ਦੀ ਹੋਣੀ ਹੈ। ਇਸ ਹੋਣਹਾਰ ਨੂੰ ਵਾਪਰਨ ਵਿੱਚ ਸਹਾਇਤਾ ਅਤੇ ਸਹਿਯੋਗ ਦੇਣਾ ਹਰ ਸੂਝਵਾਨ ਮਨੁੱਖ ਲਈ ਜ਼ਰੂਰੀ ਹੈ। ਮਨੁੱਖਤਾ ਪ੍ਰਤੀ ਆਪਣੇ ਇਸ ਧਰਮ ਦਾ ਪਾਲਣ ਕਰਨ ਦੇ ਯੋਗ ਹੋਣ ਲਈ ਜ਼ਰੂਰੀ ਹੈ ਕਿ ਮਨੁੱਖ ਵਿੱਚ ਸਿਆਸੀ ਗ਼ੁਲਾਮੀ ਅਤੇ ਆਰਥਕ ਗ਼ੁਲਾਮੀ ਵਿੱਚਲੇ ਅੰਤਰ ਦੀ ਸੂਝ ਹੋਵੇ। ਅਜੋਕੀ ਦੁਨੀਆ ਵਿੱਚ ਆਰਥਕ ਤੌਰ ਉੱਤੇ ਗ਼ੁਲਾਮ ਹੋਣ ਦੀ ਹਾਲਤ ਵਿੱਚ ਸਿਆਸੀ ਤੌਰ ਉੱਤੇ ਆਜ਼ਾਦ ਹੋਣ ਦੇ ਜੇ ਕੋਈ ਅਰਥ ਹਨ ਤਾਂ ਕੇਵਲ ਹਾਕਮ ਜਮਾਤ ਲਈ ਵਾਪਾਰਕ ਸਹਿਯੋਗ ਬਿਨਾਂ ਆਰਥਕ ਸੁਤੰਤ੍ਰਤਾ ਦਾ ਸੁਪਨਾ ਵੇਖਣਾ ਕਿਸੇ ਵੀ ਦੇਸ਼ ਲਈ ਸੰਭਵ ਨਹੀਂ। ਜਨ-ਸਾਧਾਰਣ ਲਈ ਸਿਆਸੀ ਸੁਤੰਤ੍ਰਤਾ ਦੀ ਕਦੇ ਵੀ ਕੋਈ ਉਪਯੋਗਿਤਾ ਨਹੀਂ ਹੁੰਦੀ। ਉਹ ਹਾਕਮ ਸ਼੍ਰੇਣੀ ਦੀ ਸ਼ਤਰੰਜ ਦੇ ਮੋਹਰੇ ਤੋਂ ਵੱਧ ਕਦੇ ਕੁਝ ਨਹੀਂ ਹੁੰਦਾ। ਵਾਪਾਰਕ ਸੰਬੰਧਾਂ ਦੀ ਸਹਿਯੋਗੀ ਸੁੰਦਰਤਾ ਜਨ-ਸਾਧਾਰਣ ਦੇ ਜੀਵਨ ਵਿੱਚ ਖ਼ੁਸ਼ਹਾਲੀ ਅਤੇ ਖ਼ੁਸ਼ੀ ਬਣ ਕੇ ਸਮਾ ਜਾਣ ਤੋਂ ਵੱਖਰਾ ਆਦਰਸ਼ ਅਪਣਾਅ ਵੀ ਲਵੇ ਤਾਂ ਇਸ ਖ਼ੁਸ਼ੀ ਅਤੇ ਖ਼ੁਸ਼ਹਾਲੀ ਨੂੰ ਸਾਧਨ ਬਣਾਏ ਬਿਨਾਂ ਉਸ ਆਦਰਸ਼ ਤੱਕ ਪੁੱਜ ਨਹੀਂ ਸਕਦੀ। ਖ਼ੁਸ਼ੀ ਅਤੇ ਖ਼ੁਸ਼ਹਾਲੀ ਆਪਣੇ ਆਪ ਵਿੱਚ ਆਦਰਸ਼ ਹੈ ਜਾਂ ਕਿਸੇ ਆਦਰਸ਼ ਦੀ ਪ੍ਰਾਪਤੀ ਦਾ ਸਾਧਨ ? ਇਹ ਪ੍ਰਸ਼ਨ ਜਨ-ਸਾਧਾਰਣ ਲਈ ਬਹੁਤ ਮਹੱਤਵਪੂਰਨ ਨਹੀਂ।

•

# ਵਿਸ਼ਵੀਕਰਣ—1

ਸਭਿਅ ਸੰਸਾਰ ਦੇ ਵਾਪਾਰਕ ਸੰਬੰਧਾਂ ਦੀ ਆਧੁਨਿਕ ਰੂਪ-ਰੇਖਾ ਨੂੰ ਵਿਸ਼ਵੀਕਰਣ ਜਾਂ ਗਲੋਬਲਾਈਜ਼ੇਸ਼ਨ ਆਖਿਆ ਜਾਂਦਾ ਹੈ। ਇਸ ਵਿਕਾਸ ਦਾ ਮਨੋਰਥ ਸੰਸਾਰ ਦੇ ਵਾਪਾਰਕ ਸੰਬੰਧਾਂ ਨੂੰ ਸੁਖਾਵੇਂ ਬਣਾ ਕੇ ਸਾਰੀ ਦੁਨੀਆ ਨੂੰ ਇੱਕ ਵਾਪਾਰਕ ਇਕਾਈ ਦਾ ਰੂਪ ਦੇਣਾ ਹੈ। ਸਭਿਅ ਸੰਸਾਰ ਦੇ ਦੇਸ਼ ਇਸ ਦਿਸ਼ਾ ਵਿੱਚ ਤੇਜ਼ੀ ਨਾਲ ਤੁਰੇ ਜਾ ਰਹੇ ਹਨ।

ਵਿਸ਼ਵੀਕਰਣ ਦਾ ਵਿਚਾਰ ਬਹੁਤ ਪੁਰਾਣਾ ਹੈ। ਵਿਸ਼ਵ ਦੀ ਅਧਿਆਤਮਕ ਏਕਤਾ ਤੋਂ ਇਨਕਾਰ ਕਰਨਾ ਸਿਆਣਪ ਅਤੇ ਸੁਹਿਰਦਤਾ ਦੇ ਦਾਇਰੇ ਤੋਂ ਬਾਹਰਲੀ ਗੱਲ ਆਖਿਆ ਜਾਵੇਗਾ। ਭਾਰਤੀ ਅਧਿਆਤਮਵਾਦੀਆਂ ਦੁਆਰਾ ਇਸ ਆਦਰਸ਼ ਦੀ ਸਾਕਾਰਤਾ ਦੇ ਸਿਰਤੋੜ ਜਤਨ ਕੀਤੇ ਗਏ ਹਨ। ਮਹਾਨ ਸਿਕੰਦਰ ਆਪਣੇ ਸਮੇਂ ਦੇ ਸਭਿਅ ਸੰਸਾਰ ਨੂੰ ਹੈਲਿਨਾਈਜ਼ ਕਰਨ (ਯੂਨਾਨੀ ਸਭਿਅਤਾ ਅਤੇ ਸੰਸਕ੍ਰਿਤੀ ਦਾ ਪ੍ਰਚਾਰ ਕਰਨ) ਦੀ ਆਸ ਨਾਲ ਘਰੋਂ ਤੁਰਿਆ ਸੀ। ਉਸ ਦੀ ਮੌਤ ਤੋਂ ਪਿੱਛੋਂ, ਉਸ ਦੇ ਵਾਰਸਾਂ ਨੇ, ਲਗਪਗ ਤਿੰਨ ਸੌ ਸਾਲ ਤਕ, ਉਸ ਦੇ ਅਰੰਭੇ ਹੋਏ ਕੰਮ ਨੂੰ ਜਾਰੀ ਰੱਖਿਆ। ਉਨ੍ਹਾਂ ਤੋਂ ਪਿੱਛੋਂ ਰੋਮਨਾਂ ਨੇ ਈਸਾਈਅਤ ਦੀ ਸਹਾਇਤਾ ਨਾਲ ਇਹ ਕੰਮ ਚਾਲੂ ਰੱਖਿਆ ਅਤੇ ਇਸਲਾਮ ਦੇ ਆਉਣ ਨਾਲ ਮਜ਼ਹਬੀ ਦੁਸ਼ਮਣੀਆਂ, ਜਹਾਦਾਂ-ਜੰਗਾਂ ਅਤੇ ਮੁਲਕਗੀਰੀਆਂ ਨੇ ਸਾਂਸਕ੍ਰਿਤਕ ਅਤੇ ਅਧਿਆਤਮਕ ਵਿਸ਼ਵੀਕਰਣ ਦੇ ਵਿਚਾਰ ਨੂੰ ਖ਼ੁਸ਼ ਫ਼ਹਿਮੀ ਅਤੇ ਅਧਿਆਤਮਵਾਦੀਆਂ ਦੀ ਕੋਰੀ ਕਲਪਨਾ ਬਣਾ ਕੇ ਸਿਆਸੀ ਵਿਸ਼ਵੀਕਰਣ ਦੇ ਜਨੂੰਨ ਜਾਂ ਜਾਂਗਲੀਅਤ ਨੂੰ ਜਨਮ ਦਿੱਤਾ।

ਮਸ਼ੀਨੀ ਕ੍ਰਾਂਤੀ ਵੀ ਪਹਿਲੀਆਂ ਦੋ ਤਿੰਨ ਸਦੀਆਂ ਏਸੇ ਜਨੂੰਨ ਦੀ ਤਾਬਿਆਦਾਰੀ ਕਰਦੀ ਰਹੀ ਹੈ। ਦੋ ਵੱਡੀਆਂ ਜੰਗਾਂ ਅਤੇ ਆਖ਼ਰਾਂ ਦੇ ਐਟਮੀ ਹਥਿਆਰਾਂ ਨੇ ਇਸ ਜਨੂੰਨ ਦੀ ਭਿਆਨਕਤਾ ਦਾ ਅਹਿਸਾਸ ਕਰਵਾ ਕੇ ਮਨੁੱਖੀ ਸੋਚ ਨੂੰ ਨਵੀਆਂ ਸੇਧਾਂ ਦਿੱਤੀਆਂ ਹਨ। ਵਾਪਾਰ ਦਾ ਵਿਸ਼ਵੀਕਰਣ ਅਜੇਹੀ ਇੱਕ ਸੇਧ ਹੈ।

ਰੂਹ ਅਤੇ ਰੱਬ ਦੀ ਸਰਵਵਿਆਪਕਤਾ ਸਾਡੇ ਦੁਨਿਆਵੀ ਕੰਮਾਂ ਵਿੱਚ ਬਹੁਤਾ ਦਖ਼ਲ ਨਹੀਂ ਦਿੰਦੀ; ਇਸ ਲਈ ਅਧਿਆਤਮਕ ਵਿਸ਼ਵੀਕਰਣ ਦੁਨਿਆਵੀ ਤੌਰ ਉੱਤੇ ਬਹੁਤੇ ਮਹੱਤਵ ਵਾਲੀ ਗੱਲ ਨਹੀਂ। ਇਹ ਹੋਰ ਹਰ ਪ੍ਰਕਾਰ ਦੇ ਵਿਸ਼ਵੀਕਰਣ ਵਿੱਚ ਸਹਾਇਤਾ ਕਰ ਸਕਦਾ ਹੈ ਅਤੇ ਸਿਆਸੀ ਵਿਸ਼ਵੀਕਰਣ ਨੇ ਇਸ ਕੋਲੋਂ ਪੂਰੀ ਸਹਾਇਤਾ ਲੈਣ ਦਾ ਜਤਨ ਕੀਤਾ ਹੈ। ਕੌਮੀ ਸਭਿਆਚਾਰਾਂ ਦੇ ਵਿਕਾਸ ਨੇ ਸੰਸਾਰ ਦੇ ਸਭਿਆਚਾਰਕ ਵਿਸ਼ਵੀਕਰਣ ਦਾ ਡਟ ਕੇ ਵਿਰੋਧ ਕੀਤਾ ਹੈ। ਸਿਆਸੀ ਵਿਸ਼ਵੀਕਰਣ ਨਾ ਪਹਿਲਾਂ ਸਤਿਕਾਰਯੋਗ ਸਮਝਿਆ ਜਾਂਦਾ ਸੀ, ਨਾ ਹੁਣ ਸੁਖਾਵਾਂ ਮੰਨਿਆ ਜਾਂਦਾ ਹੈ। ਜੇ ਸਿਆਸੀ ਚੌਧਰੀ ਪ੍ਰਭੁਤਾ ਅਤੇ ਹੁਕਮਰਾਨੀ ਦੀ ਥਾਂ ਦੁਨੀਆ ਦੇ ਦੇਸ਼ਾਂ ਨੂੰ ਮਨੁੱਖੀ ਸਮਾਜਾਂ ਦੇ ਸੁਹਣੇ ਸੁਖਾਵੇਂ ਘਰ ਬਣਾਉਣ ਵੱਲ ਧਿਆਨ ਦੇਣ ਲੱਗ ਪੈਣ ਤਾਂ ਹਾਲਤ ਬਦਲ ਸਕਦੀ ਹੈ।

ਅਧਿਆਤਮਕ ਵਿਸ਼ਵੀਕਰਣ ਅਲੌਕਿਕ ਅਤੇ ਬੇ-ਲੋੜਾ ਹੋਣ ਕਰਕੇ, ਸਭਿਆਚਾਰਕ

ਵਿਸ਼ਵੀਕਰਣ ਔਖਾ ਅਤੇ ਗ਼ੈਰ-ਕੁਦਰਤੀ ਹੋਣ ਕਰਕੇ, ਅਤੇ ਸਿਆਸੀ ਵਿਸ਼ਵੀਕਰਣ ਅੰਨਿਆਂ-ਪੂਰਣ ਅਤੇ ਅਣ-ਮਨੁੱਖੀ ਹੋਣ ਕਰਕੇ ਮਨੁੱਖ ਦੁਆਰਾ ਚਾਹੇ, ਸਲਾਹੇ ਅਤੇ ਅਪਣਾਏ ਨਹੀਂ ਗਏ। ਵਾਪਾਰਕ ਵਿਸ਼ਵੀਕਰਣ ਦੀ 'ਚੇਤਨ ਚਰਚਾ' ਬਹੁਤੀ ਨਹੀਂ ਹੋਈ ਤਾਂ ਵੀ ਆਪਣੇ ਆਰੰਭ ਤੋਂ ਹੀ ਵਾਪਾਰ ਵਿਸ਼ਵ-ਵਿਆਪਕਤਾ ਦੀਆਂ ਸੰਭਾਵਨਾਵਾਂ ਦਾ ਧਾਰਨੀ ਰਿਹਾ ਹੈ। ਇਸ ਦਾ ਬੁਨਿਆਦੀ ਕਾਰਣ ਇਹ ਹੈ ਕਿ ਇਹ ਜੀਵਨ ਦੀਆਂ ਬੁਨਿਆਦੀ ਲੋੜਾਂ ਨਾਲ ਸੰਬੰਧਤ ਹੈ। ਗੁੱਲੀ, ਜੁੱਲੀ ਅਤੇ ਕੁੱਲੀ ਜੀਵਨ ਦੀਆਂ ਬੁਨਿਆਦੀ ਲੋੜਾਂ ਹਨ, ਜਿਨ੍ਹਾਂ ਦੀ ਪੂਰਤੀ ਤੋਂ ਪਿੱਛੋਂ ਜੀਵਨ ਮਾਨਸਿਕ ਵਿਕਾਸ ਦੀ ਇੱਛਾ ਕਰਨ ਲੱਗ ਪੈਂਦਾ ਹੈ। 'ਗਿਆਨ ਦਾ ਵਾਧਾ' ਅਤੇ 'ਸੰਬੰਧਾਂ ਦੀ ਸੁੰਦਰਤਾ' ਦੂਜੇ ਸ਼ਬਦਾਂ ਵਿੱਚ ਇਹ ਕਹਿ ਸਕਦੇ ਹਾਂ ਕਿ ਦਰਸ਼ਨ ਅਤੇ ਕਲਾ ਇਸ ਇੱਛਾ ਦੀ ਪੂਰਤੀ ਦੀਆਂ ਬੁਨਿਆਦੀ ਸ਼ਰਤਾਂ ਹਨ। ਆਪਣੇ ਜਨਮ ਤੋਂ ਹੀ ਵਾਪਾਰ ਇਨ੍ਹਾਂ ਦੋਹਾਂ ਲੋੜਾਂ ਦੀ ਪੂਰਤੀ ਦਾ ਸਾਧਨ ਬਣਦਾ ਆਇਆ ਹੈ। ਯੂਨਾਨੀ ਫ਼ਲਸਫ਼ੇ ਦੀ ਨੀਂਹ ਯੂਨਾਨ ਤੋਂ ਬਾਹਰ ਵੱਸੇ ਹੋਏ ਯੂਨਾਨੀ ਵਾਪਾਰਕ ਨਗਰ ਰਾਜਾਂ ਦੁਆਰਾ ਰੱਖੀ ਗਈ। ਚੀਨ ਦਾ ਰੇਸ਼ਮ ਅਤੇ ਭਾਰਤ ਦੇ ਮਸਾਲੇ ਚੀਨ ਤੋਂ ਇਟਲੀ ਤੱਕ ਜਿਸ ਰਸਤੇ ਆਉਂਦੇ ਰਹੇ ਹਨ, ਉਸ ਨੂੰ 'ਰੇਸ਼ਮੀ ਰਸਤਾ' (Silk Route) ਆਖਿਆ ਜਾਂਦਾ ਹੈ। ਇਸ ਰਸਤੇ ਰਾਹੀਂ ਵਾਪਾਰੀਆਂ ਦਾ ਵੱਖਰ ਹੀ ਇੱਕ ਦੇਸ਼ ਤੋਂ ਦੂਜੇ ਦੇਸ਼ ਤੱਕ ਨਹੀਂ ਸੀ ਪੁਚਾਇਆ ਜਾਂਦਾ, ਸਗੋਂ ਵੱਖ-ਵੱਖ ਦੇਸ਼ਾਂ ਵਿੱਚ ਸਭਿਆਚਾਰਕ ਸਾਂਝ ਵੀ ਪੈਦਾ ਕੀਤੀ ਜਾਂਦੀ ਸੀ। ਇਨ੍ਹਾਂ ਰਸਤਿਆਂ ਉੱਤੇ ਤੁਰਨ ਵਾਲਿਆਂ ਨੇ ਸਹਿਨਸ਼ੀਲਤਾ, ਉਦਾਰਤਾ ਅਤੇ ਮਿੱਤ੍ਰਤਾ ਦੇ ਵਡਮੁੱਲੇ ਸੌਦੇ ਵੀ ਖ਼ਰੀਦੇ ਅਤੇ ਵੇਚੇ ਹਨ। ਬ੍ਰਾਹਮੀ ਲਿੱਪੀ ਇਸੇ ਰਸਤੇ ਤੁਰ ਕੇ ਫ਼ਿਨੀਸ਼ੀਆ ਤੋਂ ਭਾਰਤ ਆਈ ਸੀ ਅਤੇ 1, 2, 3, 4 ਅਤੇ 0 ਆਦਿਕ ਦੇ ਦਸ ਅੰਕੜੇ ਇਸੇ ਰਾਹ ਉੱਤੇ ਤੁਰਦੇ ਤੁਰਦੇ ਹਿੰਦੁਸਤਾਨ ਤੋਂ ਮੱਧ ਪੂਰਬੀ ਦੇਸ਼ਾਂ ਵਿੱਚ ਜਾਣ ਕਰਕੇ 'ਹਿੰਦਸੇ' (ਹਿੰਦ ਤੋਂ ਆਏ ਹੋਏ) ਅਖਵਾਏ।

ਪੁਰਾਣੇ ਵਕਤਾਂ ਦਾ ਜਨ-ਸਾਧਾਰਣ ਵਾਪਾਰ ਦੇ ਵਿਸ਼ਵੀਕਰਣ ਦਾ ਵਿਰੋਧੀ ਨਹੀਂ ਸੀ। ਇਸ ਤੋਂ ਉਸ ਦੀ ਕੌਮੀ ਗ਼ੈਰਤ, ਸਾਂਸਕ੍ਰਿਤਿਕ ਸ਼ੁੱਧਤਾ ਅਤੇ ਅਖੌਤੀ ਸਿਆਸੀ ਸੁਤੰਤਰਤਾ ਨੂੰ ਕੋਈ ਖ਼ਤਰਾ ਨਹੀਂ ਸੀ। ਹੋਰ ਹਰ ਪ੍ਰਕਾਰ ਦੇ ਵਿਸ਼ਵੀਕਰਣ ਦਾ ਵਿਰੋਧ ਕਰਨ ਲਈ ਜਨ-ਸਾਧਾਰਣ ਨੂੰ ਵਰਗਲਾਇਆ ਜਾਣਾ ਸੌਖਾ ਸੀ। ਵਾਪਾਰਕ ਵਿਸ਼ਵੀਕਰਣ ਦੇ ਰਸਤੇ ਦੀ ਸਭ ਤੋਂ ਵੱਡੀ ਰੁਕਾਵਟ ਸੀ ਆਵਾਜਾਈ ਦੇ ਸਾਧਨਾਂ ਦੀ ਅਣਹੋਂਦ। ਅਜੋਕੇ ਸਮੇਂ ਵਿੱਚ ਇਸ ਸਮੱਸਿਆ ਦਾ ਹੱਲ ਲੱਭ ਲਿਆ ਗਿਆ ਹੈ। ਹੁਣ ਦੁਨੀਆ ਪਹਿਲਾਂ ਜਿੰਨੀ ਵੱਡੀ ਨਹੀਂ ਰਹੀ। ਹੁਣ ਦਿੱਲੀ ਵਿੱਚ ਬੈਠੇ ਵਾਪਾਰੀ ਨਿਊਯਾਰਕ ਵਿੱਚ ਬੈਠੇ ਵਾਪਾਰੀਆਂ ਨਾਲ ਇਉਂ ਆਹਮੋ-ਸਾਹਮਣੇ ਗੱਲ ਕਰ ਸਕਦੇ ਹਨ, ਜਿਵੇਂ ਉਹ ਇੱਕ ਕਮਰੇ ਵਿੱਚ ਇੱਕ ਮੇਜ਼ ਦੇ ਆਸੇ-ਪਾਸੇ ਬੈਠੇ ਹੋਣ। ਕੈਨੀਆਂ ਅਤੇ ਸਾਈਪ੍ਰਸ ਵਿੱਚ ਉਗਾਈਆਂ ਹੋਈਆਂ ਸਬਜ਼ੀਆਂ ਅੱਜ ਹੀ ਤੋੜ ਕੇ ਅੱਜ ਹੀ ਪੈਰਿਸ ਜਾਂ ਲੰਡਨ ਦੇ ਕਿਸੇ ਘਰ ਦੀ ਰਸੋਈ ਵਿੱਚ ਪਕਾਈਆਂ ਜਾ ਸਕਦੀਆਂ ਹਨ। ਇਹ ਕੋਈ ਸੁਪਨਾ ਜਾਂ ਰੀਝ ਨਹੀਂ, ਇਉਂ ਹੋ ਰਿਹਾ ਹੈ।

ਜਿੱਥੇ ਟੈਕਨੋਲੋਜੀ ਨੇ ਦੁਨੀਆ ਛੋਟੀ ਕਰ ਦਿੱਤੀ ਹੈ, ਉਥੇ ਕਈ ਇੱਕ ਅਜੇਹੀਆਂ ਬੁਰਾਈਆਂ ਵੀ ਪੈਦਾ ਹੋਈਆਂ ਹਨ ਜਿਨ੍ਹਾਂ ਕਾਰਣ ਮਾਨਸਿਕ ਦੂਰੀਆਂ ਵਧੀਆਂ ਹਨ। ਉੱਨੀਵੀਂ ਸਦੀ ਵਿੱਚ ਯੋਰਪ ਨੂੰ ਅਤੇ ਵੀਹਵੀਂ ਸਦੀ ਵਿੱਚ ਅਖੌਤੀ ਤੀਜੀ ਦੁਨੀਆ ਨੂੰ ਰਾਸ਼ਟਰਵਾਦ ਦਾ ਭੂਤ ਚੰਬੜਿਆ ਰਿਹਾ ਹੈ। ਯੌਰਪ ਵਿੱਚ ਇਸ ਭੂਤ ਦੀ ਭਿਆਨਕਤਾ ਨੂੰ ਪਛਾਣਨ ਦੀ ਕੋਸ਼ਿਸ਼ ਹੋ ਰਹੀ ਹੈ ਪਰ ਤੀਜੀ ਦੁਨੀਆ ਦੇ ਲੋਕ ਇਸ ਭੈਰੋਂ ਦੀ ਪੂਜਾ ਨੂੰ ਪਰਮ ਧਰਮ ਮੰਨਦੇ ਹਨ। ਰਾਸ਼ਟਰਵਾਦ ਹਰ ਪ੍ਰਕਾਰ ਦੇ ਵਿਸ਼ਵੀਕਰਣ ਦਾ ਵਿਰੋਧੀ ਹੈ। ਕਮਿਊਨਿਜ਼ਮ ਨੇ ਵੀ

ਹੈਲਿਨਾਈਜ਼ੇਸ਼ਨ ਵਰਗੇ ਵਿਸ਼ਵੀਕਰਣ ਦੇ ਸੁਪਨੇ ਨੂੰ ਸਿਕੰਦਰ ਦੇ ਤਰੀਕੇ ਅਨੁਸਾਰ, ਪਹਿਲਾਂ ਸਿਆਸੀ ਵਿਸ਼ਵੀਕਰਣ ਕਰ ਕੇ ਪਿੱਛੋਂ ਸਾਂਸਕ੍ਰਿਤ ਵਿਸ਼ਵੀਕਰਣ ਦੀ ਵਿਧੀ ਅਪਣਾ ਕੇ, ਸਾਕਾਰ ਕਰਨ ਦੇ ਮਨਸੂਬੇ ਬਣਾਏ ਸਨ। ਇਸ ਵਿਸ਼ਵੀਕਰਣ ਦੀ ਅਸਫ਼ਲਤਾ ਦੇ ਕਾਰਨਾਂ ਵਿੱਚ ਮਾਰਕਸਵਾਦੀ ਸਿਧਾਂਤ ਦੀ ਕਚਿਆਈ ਦੇ ਨਾਲ ਨਾਲ ਰਾਸ਼ਟਰਵਾਦੀ ਭਾਵਨਾ ਦੀ ਪਕਿਆਈ ਵੀ ਸ਼ਾਮਲ ਸੀ। ਸਿਆਸਤ ਨੂੰ ਆਰਥਕਤਾ ਦੇ ਗੱਡੇ ਸਾਹਮਣੇ ਜੋਣ ਦੀ ਜਿਹੜੀ ਗ਼ਲਤੀ ਮਾਰਕਸਵਾਦ ਨੇ ਕੀਤੀ ਹੈ, ਉਹ ਜੰਗਲੀ ਕਬੀਲੇ ਵੀ ਨਹੀਂ ਸਨ ਕਰਦੇ। ਪੁਰਾਤਨ ਸਮੇਂ ਦੇ ਅਸਭਿਅ ਲੋਕ ਜਦੋਂ ਆਪਣੀ ਜਿਨਸ ਦੇ ਵਟਾਂਦਰੇ ਦਾ ਵਾਪਾਰ ਕਰਦੇ ਸਨ, ਉਦੋਂ ਉਹ, ਦੋਹਾਂ ਪਾਸਿਆਂ ਤੋਂ, ਆਪਣੀਆਂ ਇਸਤਰੀਆਂ ਨੂੰ ਆਪੋ-ਆਪਣਾ ਮਾਲ ਦੇ ਕੇ ਅੱਗੇ ਭੇਜ ਦਿੰਦੇ ਸਨ। ਜਦੋਂ ਇਸਤਰੀਆਂ ਜਿਨਸਾਂ ਦੇ ਵਟਾਂਦਰੇ ਦਾ ਕੰਮ ਕਰ ਰਹੀਆਂ ਹੁੰਦੀਆਂ ਸਨ, ਉਦੋਂ ਦੋਹਾਂ ਪਾਸਿਆਂ ਦੇ ਆਦਮੀ ਤੀਰ-ਕਮਾਨ ਅਤੇ ਬਰਛੇ-ਨੇਜ਼ੇ ਫੜੀ, ਮਿੱਥੀ ਹੋਈ ਦੂਰੀ ਉੱਤੇ, ਆਪੋ-ਆਪਣੀਆਂ ਇਸਤਰੀਆਂ ਦੀ ਰਖਵਾਲੀ ਲਈ ਤਿਆਰ ਖਲੋਤੇ ਰਹਿੰਦੇ ਸਨ। ਇਸ ਪ੍ਰਕਾਰ ਦੇ ਵਾਪਾਰ ਦਾ ਰਿਵਾਜ ਮੈਲੇਨੀਸ਼ੀਆ (Melanesia) ਦੇ ਲੋਕਾਂ ਵਿੱਚ ਆਮ ਸੀ। ਉਹ ਨਿੱਕੇ ਨਿੱਕੇ ਟਾਪੂਆਂ ਉੱਤੇ ਵੱਸਣ ਵਾਲੇ ਲੋਕਾਂ ਕੋਲੋਂ ਮੱਛੀ ਲੈ ਕੇ ਸਬਜ਼ੀਆਂ ਦਿੰਦੇ ਸਨ।

ਇਨ੍ਹਾਂ ਵਾਪਾਰਕ ਮੌਕਿਆਂ ਉੱਤੇ ਲੜਾਈ ਘੱਟ-ਵੱਧ ਹੀ ਹੁੰਦੀ ਸੀ; ਹੋਰ ਕਿਸੇ ਮੌਕੇ ਉੱਤੇ ਨਿੱਕੇ ਟਾਪੂ ਦਾ ਵਾਸੀ ਮੈਲੇਨੀਸ਼ੀਆ ਦੇ ਲੋਕਾਂ ਦੇ ਹੱਥ ਆਇਆ ਬਚ ਕੇ ਨਹੀਂ ਸੀ ਜਾਂਦਾ, ਕਿਉਂਕਿ ਉਸ ਸਮੇਂ ਸੱਤਾ ਜਾਂ ਸਿਆਸਤ ਪ੍ਰਮੁੱਖ ਹੁੰਦੀ ਸੀ। ਮਾਰਕਸਵਾਦ ਸਟੇਟ ਕੈਪੀਟਲਿਜ਼ਮ ਦਾ ਵਾਦ ਸੀ (ਹੈ)। ਇਸ ਵਿੱਚ ਸਟੇਟ ਜਾਂ ਸਿਆਸਤ ਨੂੰ ਪ੍ਰਮੁੱਖਤਾ ਪ੍ਰਾਪਤ ਸੀ। ਕੈਪੀਟਲਿਜ਼ਮ ਵਿੱਚ ਕੈਪੀਟਲ, ਵਾਪਾਰ ਜਾਂ ਅਰਥ ਪ੍ਰਮੁੱਖ ਹੈ; ਤੀਰ ਕਮਾਨਾਂ ਵਾਲੇ ਲੋਕ ਪਿੱਛੇ ਖਲੋਤੇ ਹੁੰਦੇ ਹਨ।

ਵਿਸ਼ਵੀਕਰਣ ਦੇ ਵਿਰੋਧੀ ਅੱਜ-ਕੱਲ ਇਹ ਨਹੀਂ ਆਖਦੇ ਕਿ ਇਸ ਵਿਸ਼ਵੀਕਰਣ ਪਿੱਛੇ ਤੀਜੀ ਦੁਨੀਆ ਦੇ ਦੇਸ਼ਾਂ ਉੱਤੇ ਕਬਜ਼ਾ ਕਰਨ ਦੀ ਉਹੋ ਰੁਚੀ ਜਾਂ ਇੱਛਾ ਕੰਮ ਕਰ ਰਹੀ ਹੈ, ਜਿਸ ਦੀ ਪ੍ਰੇਰਣਾ ਨਾਲ ਸਨਅਤੀ ਸਮਾਜਾਂ ਨੇ ਵੱਡੇ ਵੱਡੇ ਸਾਮਰਾਜ ਕਾਇਮ ਕੀਤੇ ਸਨ। ਇਨ੍ਹਾਂ ਵਿਰੋਧੀਆਂ ਨੂੰ ਪਤਾ ਹੈ ਕਿ ਹੁਣ ਦੂਜੇ ਦੇਸ਼ਾਂ ਉੱਤੇ ਸੈਨਿਕ ਜਾਂ ਵਾਪਾਰਕ ਸੱਤਾ ਨਾਲ ਕਬਜ਼ਾ ਕਰਨ ਦਾ ਯੁਗ ਬੀਤ ਗਿਆ ਹੈ। ਹੁਣ ਇਹ ਆਖਿਆ ਜਾਂਦਾ ਹੈ ਕਿ ਇਹ ਪੱਛੜੇ ਹੋਏ ਅਤੇ ਉੱਨਤੀ ਕਰ ਰਹੇ ਦੇਸ਼ਾਂ ਨੂੰ ਲੁੱਟਣ ਦੀ ਚਾਲ ਹੈ। ਇਸ ਗੱਲ ਨੂੰ ਮੰਨਿਆ ਜਾਣਾ ਕੁਦਰਤੀ ਹੈ, ਕਿਉਂਕਿ ਪਿਛਲੀਆਂ ਦੋ ਢਾਈ ਸਦੀਆਂ ਦੇ ਸਿਆਸੀ ਕਬਜ਼ਿਆਂ ਪਿੱਛੇ ਵੀ ਆਰਥਕ ਲਾਭ (ਜਾਂ ਲੁੱਟ) ਹੀ ਮਨੋਰਥ-ਰੂਪ ਸੀ। ਗਰਮ ਦੁੱਧ ਪੀਣ ਲੱਗਿਆਂ ਜਿਸ ਦਾ ਮੂੰਹ ਸੜਿਆ ਹੋਵੇ, ਉਸ ਲਈ ਲੱਸੀ ਨੂੰ ਫੂਕਾਂ ਮਾਰਨ ਦਾ ਮਿਹਣਾ ਨਹੀਂ; ਨਾ ਹੀ ਉਸ ਦੁਆਰਾ ਫੂਕਾਂ ਮਾਰੀਆਂ ਜਾਣ ਦੀ ਕਿਰਿਆ ਲੱਸੀ ਦੇ ਗਰਮ ਹੋਣ ਦਾ ਸਬੂਤ ਹੈ। ਹੁਣ ਸਿਆਸੀ ਕਬਜ਼ਿਆਂ ਦਾ ਯੁਗ ਵੀ ਬੀਤ ਗਿਆ ਹੈ ਅਤੇ ਆਰਥਕ ਲੁੱਟ ਦਾ ਵੇਲਾ ਵੀ ਵਿਹਾ ਗਿਆ ਹੈ। ਉਂਞ ਤਾਂ ਲੁਟੇਰਾ ਵੀ ਇਹ ਚਾਹੁੰਦਾ ਹੈ ਕਿ ਜਿਸ ਨੂੰ ਮੈਂ ਲੁੱਟਣ ਲੱਗਾ ਹਾਂ ਉਸ ਦੀ ਜੇਬ ਵਿੱਚ ਮਾਲ ਜ਼ਰੂਰ ਹੋਵੇ; ਪਰ ਵਾਪਾਰੀ ਲੁਟੇਰਾ ਨਹੀਂ ਅਤੇ ਨਾ ਹੀ ਉਹ ਲੋਕ ਬੁੱਧੂ ਹੁੰਦੇ ਹਨ, ਜਿਨ੍ਹਾਂ ਨਾਲ ਉਸ ਨੇ ਵਾਪਾਰ ਕਰਨਾ ਹੁੰਦਾ ਹੈ। ਹਰ ਸਿਆਣਾ ਵਾਪਾਰੀ ਆਪਣੇ ਗਾਹਕ ਦੀ ਖ਼ੁਸ਼ਹਾਲੀ ਚਾਹੁੰਦਾ ਹੈ, ਕਿਉਂਕਿ ਇਸ ਨਾਲ ਉਸ ਦੇ ਵਾਪਾਰ ਦੀ ਉਮਰ ਲੰਮੀ ਹੁੰਦੀ ਹੈ। ਵਾਪਾਰੀ ਨੂੰ ਮੂਰਖ ਸਮਝਣਾ ਬਹੁਤੀ ਸਿਆਣਪ ਵਾਲੀ ਗੱਲ ਨਹੀਂ।

ਇਉਂ ਮੰਨਣਾ ਵੀ ਨਿਰੋਲ ਸਿਆਣਪ ਨਹੀਂ ਕਿ ਵਿਸ਼ਵੀਕਰਣ ਵਿੱਚੋਂ ਕਿਸੇ ਲਈ

ਕੋਈ ਦੁੱਖ, ਕਲੇਸ਼, ਹਾਨੀ ਜਾਂ ਨਿਰਾਸ਼ਾ ਨਹੀਂ ਉਪਜੇਗੀ। ਹਰ ਉੱਥਲ-ਪੁੱਥਲ ਕਲੇਸ਼ ਪੈਦਾ ਕਰਦੀ ਹੈ। ਤਾਜ ਮਹੱਲ ਪਿੱਛੋਂ ਬਣਿਆ ਸੀ; ਐਮਨਾਬਾਦ ਪਹਿਲਾਂ ਢੱਠਾ ਸੀ। ਜਿਸ ਮਸ਼ੀਨੀ ਕ੍ਰਾਂਤੀ ਨੇ ਮਨੁੱਖੀ ਜੀਵਨ ਲਈ ਸੁਖ-ਸਾਮਗਰੀ ਦੇ ਢੇਰ ਲਾਏ ਹਨ ਚਾਇਲਡ ਲੇਬਰ (Child Labour) ਦੀ ਕੁਰੂਪਤਾ ਨੂੰ ਵੀ ਉਸੇ ਨੇ ਜਨਮ ਦਿੱਤਾ ਸੀ। ਇਨ੍ਹਾਂ ਬੁਰਾਈਆਂ ਨੂੰ ਪਰਵਾਨ ਕਰਨ ਦੀ ਸਲਾਹ ਮੈਂ ਨਹੀਂ ਦਿਆਂਗਾ। ਅਜੇਹੀ ਸਲਾਹ ਇਨਕਲਾਬਾਂ ਦੀ ਵਕਾਲਤ ਕਰਨ ਵਾਲੇ ਦੇਣਗੇ। ਮਨੁੱਖੀ ਸਮਾਜਾਂ ਨੂੰ ਆਪਣੇ ਇਤਿਹਾਸ ਕੋਲੋਂ ਸਿੱਖਿਆ ਲੈਣੀ ਚਾਹੀਦੀ ਹੈ। ਇਤਿਹਾਸ ਆਪਣੇ ਆਪ ਨੂੰ ਦੁਹਰਾਉਣ ਵਾਲੀ ਚੇਤਨ ਸੱਤਾ ਨਹੀਂ; ਨਾ ਹੀ ਹੀਗਲ ਦੇ ਹੁਕਮ ਵਿੱਚ ਤੁਰਦੀ ਹੋਈ ਕੋਈ ਚੇਤਨ ਸੱਤਾ ਇਤਿਹਾਸ ਦੀ ਰੂਪ-ਰੇਖਾ ਉਲੀਕਦੀ ਹੈ। ਮਨੁੱਖ ਜਾਤੀ ਆਪਣੇ ਵਿਕਾਸ ਨੂੰ ਆਪਣੀ ਸਿਆਣਪ ਨਾਲ ਆਪਣੇ ਮਨ-ਚਾਹੇ ਰਸਤਿਆਂ ਉੱਤੇ ਤੋਰਨ ਦੇ ਸਮਰੱਥ ਹੈ। ਵਿਸ਼ੇਸ਼ ਕਰ ਕੇ ਵਾਪਾਰਕ ਵਿਸ਼ਵੀਕਰਣ ਦੀਆਂ ਸੰਭਾਵੀ ਬੁਰਾਈਆਂ ਨੂੰ ਉਪਜਣੋਂ, ਵਾਪਰਨੋਂ ਰੋਕਿਆ ਜਾ ਸਕਦਾ ਹੈ।

ਅੱਜ ਤੋਂ ਢਾਈ ਕੁ ਹਜ਼ਾਰ ਸਾਲ ਪਹਿਲਾਂ ਬੁੱਧ ਦੀ ਸੋਚ ਆਪਣੇ ਸਮੇਂ ਦੀਆਂ ਭੌਤਿਕ ਪਰਿਸਥਿਤੀਆਂ ਤੋਂ ਅਗੇਰੇ ਨਿਕਲ ਗਈ ਸੀ; ਹੁਣ ਵਿਗਿਆਨ, ਕੰਪਿਊਟਰ, ਟੈਲੀਵਿਯਨ ਆਦਿਕ ਦੀ ਸਹਾਇਤਾ ਨਾਲ ਭੌਤਿਕ ਵਿਕਾਸ ਮਨੁੱਖੀ ਸੋਚ ਨੂੰ ਪਿੱਛੇ ਛੱਡ ਗਿਆ ਹੈ। ਵਿਗਿਆਨ ਅਤੇ ਟੈਕਨਾਲੋਜੀ ਦਾ ਵਿਕਾਸ ਸੰਸਾਰ ਦੀ ਸਾਂਸਕ੍ਰਿਤਿਕ, ਆਰਥਕ ਅਤੇ ਵਾਪਾਰਕ ਸਾਂਝ ਵੱਲ ਸੰਕੇਤ ਕਰ ਰਿਹਾ ਹੈ। ਦੁਨੀਆ ਦੀ ਮੌਜੂਦਾ ਹਾਲਤ ਇਸ ਸਾਂਝ ਦੀ ਲੋੜ ਮਹਿਸੂਸ ਕਰਵਾ ਰਹੀ ਹੈ। ਇਸ ਸਾਂਝ ਦਾ ਵਿਰੋਧ ਕਰਨ ਵਾਲੀ ਸੋਚ ਨੂੰ ਰਾਸ਼ਟਰੀ ਭਾਵਨਾ ਦੀ ਪਰਬਲਤਾ ਅਤੇ ਮਾਰੂ ਹਥਿਆਰਾਂ ਦੇ ਬੇ-ਰੋਕ ਵਾਧੇ ਦੇ ਭਿਆਨਕ ਸੰਜੋਗ ਵਿੱਚੋਂ ਉਪਜ ਰਹੀ ਅਸਹਿ ਅਤੇ ਅਕਹਿ ਪੀੜ ਦਾ ਧਿਆਨ ਰੱਖਣਾ ਚਾਹੀਦਾ ਹੈ।

ਸਭ ਤੋਂ ਵੱਧ ਧਿਆਨ ਇਸ ਗੱਲ ਦਾ ਰੱਖਣਾ ਚਾਹੀਦਾ ਹੈ ਕਿ ਪੂਰਬ ਅਤੇ ਪੱਛਮ ਦੇ ਸਮਾਜਕ ਜੀਵਨ ਵਿੱਚ ਕੀ ਅੰਤਰ ਹੈ। ਕੀ ਵਜ੍ਹਾ ਹੈ ਕਿ ਪੱਛਮ ਦੀਆਂ ਸਾਰੀਆਂ ਸਿਆਸੀ, ਆਰਥਕ, ਤਕਨੀਕੀ, ਵਿੱਦਿਅਕ, ਕਾਨੂੰਨੀ, ਵਾਪਾਰਕ, ਸੰਚਾਰ ਅਤੇ ਪ੍ਰਸਾਰ-ਸੰਬੰਧਤ ਵਿਧੀਆਂ ਅਤੇ ਸੰਸਥਾਵਾਂ ਨੂੰ ਅਪਣਾਉਣ ਉੱਤੇ ਵੀ ਪੱਛਮੀ ਅਤੇ ਪੂਰਬੀ ਦੇਸ਼ਾਂ ਦੇ ਪ੍ਰਬੰਧਾਂ ਵਿੱਚ ਜ਼ਮੀਨ ਅਸਮਾਨ ਦਾ ਫ਼ਰਕ ਹੈ? ਪੱਛਮੀ ਦੇਸ਼ਾਂ ਵਿੱਚ ਜੀਵਨ ਦੀ ਏਨੀ ਇੱਜ਼ਤ, ਏਨੀ ਹਿਫ਼ਾਜ਼ਤ ਕਿਉਂ ਹੈ? ਪੂਰਬੀ ਦੇਸ਼ਾਂ ਵਿੱਚ ਜੀਵਨ ਦੀ ਏਨੀ ਬੇ-ਕਦਰੀ ਅਤੇ ਬੇ-ਹੁਰਮਤੀ ਦਾ ਇਲਾਜ ਕੀ ਹੈ? ਹੁਣ ਉਹ ਵਕਤ ਨਹੀਂ ਰਹੇ ਕਿ ਇਬਰਾਹੀਮ ਲੋਧੀ ਦੀ ਪ੍ਰਬੰਧਹੀਣਤਾ ਦਾ ਇਲਾਜ ਕਰਨ ਲਈ ਬਾਬਰ ਨੂੰ ਰਾਣਾ ਸਾਂਗਾ ਦੇ ਸੱਦੇ ਉੱਤੇ ਭਾਰਤ ਉੱਤੇ ਹਮਲਾ ਕਰਨਾ ਪਵੇ। ਅਜੋਕੇ ਸਮੇਂ ਵਿੱਚ ਕਿਸੇ ਦੂਜੇ ਦੇਸ਼ ਉੱਤੇ ਰਾਜ ਕਰਨ ਜਾਂ ਉਸ ਨੂੰ ਲੁੱਟਣ ਦੇ ਸੁਪਨੇ ਵੇਖਣ ਵਾਲੇ ਲੋਕ ਲੱਭਣੇ ਔਖੇ ਹਨ। ਉੱਨਤ ਦੇਸ਼ਾਂ ਨਾਲ ਮੇਲ-ਜੋਲ ਵਧਾਏ ਬਿਨਾਂ ਉਨ੍ਹਾਂ ਦੀਆਂ ਖ਼ੂਬੀਆਂ ਅਤੇ ਸਾਡੀਆਂ ਖ਼ਾਮੀਆਂ ਨੂੰ ਇੱਕ ਦੂਜੇ ਦੇ ਆਹਮੋ-ਸਾਹਮਣੇ ਹੋਣ ਦਾ, ਇੱਕ ਦੂਜੇ ਦੇ ਸੰਪਰਕ ਵਿੱਚ ਆਉਣ ਦਾ ਅਵਸਰ ਨਹੀਂ ਮਿਲੇਗਾ। ਆਧੁਨਿਕ ਯੁਗ ਵਿੱਚ ਮੇਲ-ਜੋਲ ਦਾ ਤਰੀਕਾ ਸਿਆਸੀ ਸੱਤਾ ਨਹੀਂ, ਸਗੋਂ ਵਾਪਾਰਕ ਸਦਭਾਵਨਾ ਹੈ। ਇਸ ਸਦਭਾਵਨਾ ਸਾਹਮਣੇ ਖਲੋਤੀਆਂ ਦੀਵਾਰਾਂ ਨੂੰ ਢਾਹੁਣ ਨਾਲ ਉਹੋ ਨਤੀਜੇ ਨਿਕਲਣਗੇ ਜਿਹੜੇ ਬਰਲਿਨ ਦੀ ਦੀਵਾਰ ਢਾਹੁਣ ਨਾਲ ਨਿਕਲੇ ਹਨ।

ਪੱਛਮ ਦੀ ਨੀਅਤ ਉੱਤੇ ਸ਼ੱਕ ਕਰਦੇ ਹੋਏ ਅਸੀਂ ਸਦਭਾਵੀ ਹੋਣ ਦਾ ਦਾਅਵਾ ਨਹੀਂ ਕਰ ਸਕਦੇ। ਸਦਭਾਵਨਾ ਆਪਸੀ ਭਰੋਸੇ ਅਤੇ ਸਦਭਾਵਨਾ ਵਿੱਚੋਂ ਉਪਜਦੀ ਹੈ।

# ਵਿਸ਼ਵੀਕਰਣ—2

ਵਿਸ਼ਵੀਕਰਣ ਮਨੁੱਖੀ ਸਭਿਅਤਾ ਅਤੇ ਵਿਕਾਸ ਦੇ ਇਤਿਹਾਸ ਦਾ ਨਵਾਂ ਪੰਨਾ ਹੈ। ਸ਼ਿਕਾਰੀ ਮਨੁੱਖ ਨੇ ਖੇਤੀ ਦਾ ਕੰਮ ਆਰੰਭ ਕਰ ਕੇ ਵਿਕਾਸ ਦੇ ਇਤਿਹਾਸ ਦਾ ਪਹਿਲਾ ਪੰਨਾ ਲਿਖਿਆ ਸੀ। ਇਸ ਪੰਨੇ ਉੱਤੇ ਵਾਪਾਰ, ਧਰਮ, ਮੁਲਕਗੀਰੀ, ਫ਼ਿਲਾਸਫ਼ੀ ਅਤੇ ਕਲਾ ਆਦਿਕ ਕਈ ਲੇਖ ਲਿਖੇ ਗਏ। ਰਿਨੇਸਾਂਸ ਨਾਂ ਦੇ ਦੂਸਰੇ ਪੰਨੇ ਉੱਤੇ ਮਨੁੱਖੀ ਸੋਚ ਅਤੇ ਸੰਵੇਦਨਾ ਦੇ ਨਵੇਂ ਰੂਪਾਂ ਦੀ ਵਿਆਖਿਆ ਕੀਤੀ ਗਈ ਅਤੇ ਮਸ਼ੀਨੀ ਕ੍ਰਾਂਤੀ ਦੇ ਤੀਜੇ ਪੰਨੇ ਉੱਤੇ ਅਪਾਰ ਸ਼ਕਤੀ ਦੀ ਕਲਿਆਣਕਾਰੀ ਅਤੇ ਵਿਨਾਸ਼ਕਾਰੀ ਵਰਤੋਂ ਦਾ ਵਿਸਥਾਰ ਕੀਤਾ ਗਿਆ ਜੋ ਅਜੇ ਤਕ ਕੀਤਾ ਜਾ ਰਿਹਾ ਹੈ। ਸਾਇੰਸ ਅਤੇ ਤਕਨੀਕ ਸ਼ਕਤੀ ਦੇ ਵਾਧੇ ਦੇ ਸਰੋਤ ਹਨ। ਇਨ੍ਹਾਂ ਦੇ ਵਿਕਾਸ ਦੀ ਕੋਈ ਸੀਮਾ ਨਿਰਧਾਰਤ ਨਹੀਂ ਕੀਤੀ ਜਾ ਸਕਦੀ। ਇਨ੍ਹਾਂ ਸਰੋਤਾਂ ਨੇ ਕੰਪਿਊਟਰ ਨਾਂ ਦੀ ਇੱਕ ਨਵੀ ਵਿਉਂਤ ਨੂੰ ਜਨਮ ਦਿੱਤਾ ਹੈ, ਜਿਹੜੀ ਮਨੁੱਖੀ ਵਿਕਾਸ ਦੇ ਇਤਿਹਾਸ ਦਾ ਚੌਥਾ ਪੰਨਾ ਲਿਖਣ ਵਿੱਚ ਸਹਾਇਕ ਸਿੱਧ ਹੋ ਰਹੀ ਹੈ। ਸੰਭਵ ਹੈ ਮਨੁੱਖੀ ਵਿਕਾਸ ਦੇ ਇਤਿਹਾਸ ਦੇ ਚੌਥੇ ਪੰਨੇ ਉੱਤੇ ਸਾਂਝੀਵਾਲਤਾ, ਸਹਿਯੋਗ, ਸਹਾਇਤਾ, ਸੁਖ, ਸਨੇਹ ਅਤੇ ਸੁੰਦਰਤਾ ਦੇ ਉਨ੍ਹਾਂ ਆਦਰਸ਼ਾਂ ਦੀ ਸੰਸਾਰਕ ਸਾਕਾਰਤਾ ਦਾ ਰੂਪ-ਸਰੂਪ ਵੇਖਣ ਨੂੰ ਮਿਲੇ ਜਿਨ੍ਹਾਂ ਆਦਰਸ਼ਾਂ ਦੇ ਸੁਪਨਿਆਂ ਨੂੰ ਨਿਰਵਾਣ, ਮੁਕਤੀ, ਸੁਰਗ, ਜੰਨਤ ਅਤੇ ਸਮਾਧੀ ਦੇ ਅਲੌਕਿਕ ਰੂਪ ਦੇਣ ਦੇ ਤਰਲੇ ਲੈਂਦੀ ਰਹੀ ਹੈ ਮਨੁੱਖਤਾ।

ਪ੍ਰਤੱਖ ਰੂਪ ਵਿੱਚ ਵਿਸ਼ਵੀਕਰਣ ਜੀਵਨ ਦੀ ਪਹਿਲੀ ਲੋੜ, ਭੋਜਨ, ਅਤੇ ਭੋਜਨ ਰਾਹੀਂ, ਵਾਪਾਰ ਨਾਲ ਸੰਬੰਧਤ ਹੈ। ਆਧੁਨਿਕ ਵਾਪਾਰ ਇੱਕ ਗੁੰਝਲਦਾਰ ਕੰਮ ਹੈ। ਸੰਚਾਰ, ਯਾਤਾਯਾਤ, ਬੈਂਕਿੰਗ, ਇਨਸ਼ੋਰੈਂਸ, ਸਟੋਰਿਜ, ਵਿਤਰਣ ਆਦਿਕ ਇਸ ਨਾਲ ਸਿੱਧੇ ਸੰਬੰਧਤ ਹਨ ਅਤੇ ਹੋਰ ਕਿੰਨਾ ਕੁਝ ਹੈ, ਜੋ ਇਸ ਨਾਲ ਅਸਿੱਧੇ ਤੌਰ 'ਤੇ ਸੰਬੰਧਤ ਹੈ। ਵਾਪਾਰ ਨੂੰ ਸਮੁੱਚੀ ਜੀਵਨ-ਲੀਲ੍ਹਾ ਵਿੱਚ ਕੇਂਦਰੀ ਥਾਂ ਪ੍ਰਾਪਤ ਹੈ। ਇਸ ਤਰ੍ਹਾਂ ਵਿਸ਼ਵੀਕਰਣ ਵਾਪਾਰ ਰਾਹੀਂ ਸਮੁੱਚੇ ਮਨੁੱਖੀ ਜੀਵਨ ਨੂੰ ਪ੍ਰਭਾਵਿਤ ਕਰਨ ਦੇ ਸਮਰੱਥ ਹੈ। ਸਾਡੇ ਤਿਉਹਾਰ, ਮੌਸਮਾਂ ਅਤੇ ਫ਼ਸਲਾਂ ਨਾਲ ਸੰਬੰਧਤ ਹਨ; ਫ਼ਸਲਾਂ ਰਾਹੀਂ ਭੋਜਨ ਅਤੇ ਆਰਥਿਕਤਾ ਨਾਲ ਸੰਬੰਧਤ ਹਨ। ਆਰਥਿਕਤਾ ਵਾਪਾਰ ਨਾਲ ਸੰਬੰਧਤ ਹੈ। ਇਉਂ ਸਾਡੀ ਸੰਸਕ੍ਰਿਤੀ ਵੀ ਵਿਸ਼ਵੀਕਰਣ ਨਾਲ ਸੰਬੰਧਤ ਆਖੀ ਜਾ ਸਕਦੀ ਹੈ। ਵਿਸ਼ਵ ਦੀ ਇਸ ਮਹੱਤਵਪੂਰਣ ਕਿਰਿਆ ਨੂੰ ਗੰਭੀਰਤਾ ਨਾਲ ਵਾਚਿਆ ਅਤੇ ਵਿਆਖਿਆ ਜਾਣਾ ਚਾਹੀਦਾ ਹੈ ਕਿਉਂਕਿ ਇਹ ਸਭਿਅਤਾ ਦੇ ਵਿਕਾਸ ਦੇ ਇਤਿਹਾਸ ਦਾ ਚੌਥਾ ਪੰਨਾ ਹੈ।

ਆਪਣੇ ਮੁੱਢਲੇ ਰੂਪ ਵਿੱਚ ਮਨੁੱਖ ਦਾ ਵਾਪਾਰ ਲੋੜ ਦੀਆਂ ਚੀਜ਼ਾਂ ਦਾ ਸਿੱਧਾ ਵਟਾਂਦਰਾ ਸੀ। ਉਸ ਸਮੇਂ ਦੇ ਮਨੁੱਖ ਨੇ (ਬਹੁਤ ਹੱਦ ਤਕ ਅਜੋਕੇ ਮਨੁੱਖ ਨੇ ਵੀ) ਸ਼ਿਕਾਰੀ ਪਸ਼ੂਆਂ ਵਾਲੀ ਹਿੰਸਾ, ਹੱਤਿਆ ਅਤੇ ਖੋਹਾ-ਮਾਹੀ ਨੂੰ ਤਿਆਗਣ ਬਾਰੇ ਸੋਚਿਆ ਨਹੀਂ ਸੀ; ਉਦੋਂ ਇਉਂ ਸੋਚਣਾ ਸੰਭਵ ਨਹੀਂ ਸੀ; ਹੁਣ ਆਦਤੋਂ ਮਜਬੂਰ ਹੈ। ਹਿੰਸਾ, ਹੱਤਿਆ ਅਤੇ ਖੋਹਾ-ਮਾਹੀ ਦੇ ਵਿਸ਼ਵਾਸੀ

ਮਨੁੱਖਾਂ ਵਿੱਚ ਭੈ ਅਤੇ ਬੇ-ਵਸਾਹੀ ਦਾ ਸੰਬੰਧ ਸੀ। ਬਹੁਤ ਸਾਰੇ ਮਨੁੱਖੀ ਕਬੀਲੇ ਹੇਠ ਲਿਖੀ ਵਿਧੀ ਅਨੁਸਾਰ ਵਾਪਾਰ ਕਰਦੇ ਸਨ:

ਵਾਪਾਰ ਲਈ ਇੱਕ ਥਾਂ ਨਿਯੁਕਤ ਹੁੰਦੀ ਸੀ। ਵਾਪਾਰ ਜਾਂ ਵਸਤਾਂ ਦਾ ਵਟਾਂਦਰਾ ਇਸਤਰੀਆਂ ਰਾਹੀਂ ਕੀਤਾ ਜਾਂਦਾ ਸੀ। ਦੋਹਾਂ ਪਾਸਿਆਂ ਦੀਆਂ ਇਸਤਰੀਆਂ ਆਪੋ-ਆਪਣੇ ਕਬੀਲੇ ਦਾ ਵੱਖਰ ਲੈ ਕੇ ਉਸ ਮਿਥੀ ਹੋਈ ਥਾਵੇਂ ਆ ਜਾਂਦੀਆਂ ਸਨ। ਸੌਦਾ ਪੱਕਾ ਹੋ ਜਾਣ ਦੀ ਹਾਲਤ ਵਿੱਚ ਇਸਤਰੀਆਂ ਵਟਾਇਆ ਹੋਇਆ ਸਾਮਾਨ ਚੁੱਕ ਲਿਜਾਂਦੀਆਂ ਸਨ। ਜਿੰਨਾ ਚਿਰ ਇਹ ਸੌਦਾ ਹੁੰਦਾ ਰਹਿੰਦਾ ਸੀ ਓਨਾ ਚਿਰ ਦੋਹਾਂ ਕਬੀਲਿਆਂ ਦੇ ਆਦਮੀ ਨੇਜ਼ੇ, ਬਰਛੇ ਅਤੇ ਡੰਡੇ ਸੋਟੇ ਫੜੀ ਆਪਣੀਆਂ ਇਸਤਰੀਆਂ ਅਤੇ ਆਪਣੇ ਵੱਖਰ ਦੀ ਹਿਫ਼ਾਜ਼ਤ ਲਈ ਤਿਆਰ ਦੂਰ ਪਿੱਛੇ ਖਲੋਤੇ ਰਹਿੰਦੇ ਸਨ। ਆਮ ਤੌਰ 'ਤੇ ਸੌਦੇ ਨਿਰਵਿਘਨ ਸਿਰੇ ਚੜ੍ਹ ਜਾਂਦੇ ਸਨ; ਕਦੇ ਕਦਾਈਂ ਮਾਰ-ਧਾੜ ਤੱਕ ਨੌਬਤ ਵੀ ਆ ਜਾਂਦੀ ਸੀ। ਵਾਪਾਰ ਦਾ ਇਹ ਤਰੀਕਾ ਸਮੁੰਦਰੀ ਕੰਢਿਆਂ ਉੱਤੇ ਵੱਸਣ ਵਾਲੇ ਅਤੇ ਲਾਗਲੇ ਟਾਪੂਆਂ ਉੱਤੇ ਵੱਸਣ ਵਾਲੇ ਜੰਗਲੀ ਕਬੀਲਿਆਂ ਵਿੱਚ ਆਮ ਸੀ: ਵੱਖ-ਵੱਖ ਥਾਵਾਂ ਉੱਤੇ ਵੱਖ-ਵੱਖ ਵਾਪਾਰ ਵਿਧੀਆਂ ਵਰਤੀਆਂ ਜਾਂਦੀਆਂ ਸਨ। ਭੈ ਅਤੇ ਬੇ-ਵਸਾਹੀ ਸਾਰੀਆਂ ਵਿਧੀਆਂ ਵਿੱਚ ਵਿਦਮਾਨ ਹੁੰਦੀ ਸੀ।

ਮਨੁੱਖ ਦਾ ਵਾਪਾਰ ਵਿਕਾਸ ਕਰਦਾ ਹੋਇਆ ਸਭਿਅ ਸਾਊ ਰੂਪ ਧਾਰਣ ਕਰ ਗਿਆ ਹੈ। ਇਸੇ ਤਰ੍ਹਾਂ ਵਾਪਾਰੀਆਂ ਦੀ ਹਿਫ਼ਾਜ਼ਤ ਕਰਨ ਵਾਲਾ ਜੰਗਲੀ ਤਰੀਕਾ ਵੀ ਅਨੇਕ ਪ੍ਰਕਾਰ ਦੇ ਸਭਿਅ ਸਾਊ ਤਰੀਕਿਆਂ ਵਿੱਚ ਵਿਕਸ ਗਿਆ ਹੈ। ਇਨ੍ਹਾਂ ਵਿੱਚੋਂ ਇੱਕ ਤਰੀਕੇ ਨੂੰ ਸੁਰੱਖਿਆਵਾਦ (Protectionism) ਆਖਿਆ ਜਾਂਦਾ ਹੈ। ਮਸ਼ੀਨੀ ਕ੍ਰਾਂਤੀ ਪਿੱਛੋਂ ਆਪਣੇ ਮਾਲ ਦੀ ਵਿਕਰੀ ਲਈ ਮੰਡੀਆਂ ਦੀ ਭਾਲ ਵਿੱਚ ਨਿਕਲੇ ਹੋਏ ਪੱਛਮੀ ਦੇਸ਼ ਆਪਣੇ ਵਾਪਾਰ ਦੀ ਸੁਰੱਖਿਆ ਲਈ ਹਿੰਸਾ-ਹੱਤਿਆ ਦਾ ਪੁਰਾਣਾ ਜੰਗਲੀ ਤਰੀਕਾ ਵਰਤਦੇ ਰਹੇ ਹਨ। ਮੰਡੀਆਂ ਨੂੰ ਆਪੋ-ਆਪਣੀਆਂ ਸਲਤਨਤਾਂ ਬਣਾ ਲੈਣ ਪਿੱਛੋਂ ਉਨ੍ਹਾਂ ਨੂੰ (ਮੰਡੀਆਂ ਨੂੰ) ਸਨਅਤੀ ਤੌਰ 'ਤੇ ਵਿਕਾਸ ਨਾ ਕਰਨ ਦੇਣ ਦੀ ਨੀਤੀ ਵੀ ਸੁਰੱਖਿਆਵਾਦ ਦੀ ਲੜੀ ਦੀ ਹੀ ਇੱਕ ਕੜੀ ਸੀ। ਇਸ ਕੜੀ ਦੀ ਕਠੋਰਤਾ ਅਤੇ ਕੁਚੀਲਤਾ ਨੂੰ ਅਸੀਂ ਇਹ ਕਹਿ ਕੇ ਪ੍ਰਗਟ ਕਰਦੇ ਹਾਂ ਕਿ 'ਅੰਗਰੇਜ਼ ਵਾਪਾਰੀ-ਹਾਕਮਾਂ ਨੇ ਢਾਕੇ ਦੀ ਮਲਮਲ ਬਣਾਉਣ ਵਾਲੇ ਕਾਰੀਗਰਾਂ ਦੇ ਹੱਥ ਵੱਢ ਦਿੱਤੇ ਸਨ।'

ਹੁਣ ਜਦੋਂ ਸਾਮਰਾਜ ਅਤੇ ਬਸਤੀਵਾਦ ਦੀ ਸਮਾਪਤੀ ਹੋ ਗਈ ਹੈ ਤਾਂ ਸੁਰੱਖਿਆਵਾਦ ਦਾ ਰੂਪ ਵੀ ਕੁਝ ਸਰਲ ਹੋ ਗਿਆ ਹੈ। ਹੁਣ ਸਾਰੇ ਦੇਸ਼ਾਂ ਵਿੱਚ ਵਾਪਾਰਕ ਮੁਕਾਬਲਾ ਹੈ। ਹਰ ਦੇਸ਼ ਬਾਹਰਲੇ ਦੇਸ਼ਾਂ ਵਿੱਚੋਂ ਆਉਣ ਵਾਲੇ ਸਾਮਾਨ ਉੱਤੇ ਟੈਕਸ ਲਾ ਕੇ ਅਤੇ ਆਪਣੇ ਦੇਸ਼ ਦਾ ਵਾਪਾਰਕ ਵੱਖਰ ਬਣਾਉਣ ਵਾਲਿਆਂ ਨੂੰ ਆਰਥਿਕ ਸਹਾਇਤਾ ਦੇ ਕੇ ਸੁਰੱਖਿਆਵਾਦ ਦੇ ਧਰਮ ਦਾ ਪਾਲਣ ਕਰਦਾ ਹੈ। ਇਸ ਦਾ ਮਨੋਰਥ ਇਹ ਹੁੰਦਾ ਹੈ ਕਿ ਆਪਣੇ ਦੇਸ਼ ਦਾ ਵੱਧ ਤੋਂ ਵੱਧ ਮਾਲ ਬਾਹਰ ਜਾਵੇ ਅਤੇ ਬਾਹਰਲੇ ਦੇਸ਼ਾਂ ਦਾ ਘੱਟ ਤੋਂ ਘੱਟ ਮਾਲ ਆਪਣੇ ਦੇਸ਼ ਵਿੱਚ ਆਵੇ।

ਪ੍ਰੰਤੂ ਲੋੜ ਦੀਆਂ ਚੀਜ਼ਾਂ ਜਾਂ ਵਾਪਾਰ ਦਾ ਵੱਖਰ ਬਣਾਉਣ ਲਈ ਜਿਸ ਕੱਚੇ ਮਾਲ ਦੀ ਲੋੜ ਹੁੰਦੀ ਹੈ, ਉਹ ਹਰ ਦੇਸ਼ ਵਿੱਚ ਨਹੀਂ ਹੁੰਦਾ। ਮਸ਼ੀਨੀ ਕ੍ਰਾਂਤੀ ਦੇ ਆਰੰਭ ਵਿੱਚ ਇੰਗਲਿਸਤਾਨ ਨੇ ਕੱਪੜਾ ਉਣਨ ਦੇ ਕਾਰਖ਼ਾਨਿਆਂ ਵਿੱਚ ਬਹੁਤ ਵਿਕਾਸ ਕੀਤਾ ਸੀ। ਕਪਾਹ ਦੀ ਕਾਸ਼ਤ ਵਲੈਤ ਵਿੱਚ ਨਹੀਂ ਹੁੰਦੀ; ਇਹ ਅਮਰੀਕਾ ਤੋਂ ਆਉਂਦੀ ਸੀ। ਸਾਫ਼ ਜ਼ਾਹਰ ਹੈ ਕਿ ਅੰਗਰੇਜ਼ੀ ਸਰਕਾਰ ਅਮਰੀਕੀ ਕਪਾਹ ਨੂੰ ਦੇਸ਼ ਵਿੱਚ ਆਉਣੋਂ ਨਹੀਂ ਰੋਕਣਾ ਚਾਹਵੇਗੀ; ਉਸ ਦੀ ਇਮਪੋਰਟ ਉੱਤੇ ਟੈਕਸ ਨਹੀਂ ਲਗਾਵੇਗੀ। ਅਮਰੀਕਾ ਇਹ ਚਾਹਵੇਗਾ ਕਿ ਆਪਣੀ

WWW.SIKHBOOKCLUB.COM

ਕਪਾਹ ਸਸਤੇ ਮੁੱਲੋਂ ਮਾਨਚੈਸਟਰ ਭੇਜਣ ਦੀ ਥਾਂ ਆਪਣੇ ਦੇਸ਼ ਵਿੱਚ ਕੱਪੜੇ ਦੇ ਕਾਰਖ਼ਾਨੇ ਲਾ ਕੇ ਆਪਣੇ ਕੱਚੇ ਮਾਲ ਦੀ ਯੋਗ ਵਰਤੋਂ ਕਰੇ।

ਜਿਵੇਂ ਜਿਵੇਂ ਦੇਸ਼ ਆਜ਼ਾਦ ਹੁੰਦੇ ਗਏ ਹਨ ਤਿਵੇਂ ਤਿਵੇਂ ਸਨਅਤੀ ਅਤੇ ਵਾਪਾਰਕ ਗੁੰਝਲਾਂ ਵੀ ਅਸੁਲਝ ਹੁੰਦੀਆਂ ਗਈਆਂ ਹਨ। ਪੱਛਮੀ ਯੌਰਪ ਦੇ ਉੱਨਤ ਸਨਅਤੀ ਦੇਸ਼ਾਂ ਨੂੰ ਸਸਤਾ ਕੱਚਾ ਮਾਲ ਨਾ ਮਿਲਣ ਨਾਲ ਜਿਹੜੀ ਸਮੱਸਿਆ ਪੈਦਾ ਹੋਈ ਸੀ, ਉਸ ਦੇ ਹੱਲ ਵਜੋਂ ਉਨ੍ਹਾਂ ਦੇਸ਼ਾਂ ਵਿੱਚ ਕਾਰਖ਼ਾਨੇ ਲਾਉਣ ਦੀ ਵਿਉਂਤ ਬਣਾਈ ਗਈ ਜਿਨ੍ਹਾਂ ਵਿੱਚ ਕੱਚਾ ਮਾਲ ਵੀ ਮਿਲਦਾ ਸੀ ਅਤੇ ਮਜ਼ਦੂਰੀ ਵੀ ਸਸਤੀ ਸੀ। ਇਸ ਨਾਲ ਵਿਸ਼ਵ-ਵਾਪਾਰ ਦੀ ਸ਼ਤਰੰਜ ਦਾ ਪਾਸਾ ਹੀ ਪਲਟ ਗਿਆ। ਕੋਰੀਆ, ਚੀਨ, ਮਲੇਸ਼ੀਆ ਅਤੇ ਤਾਇਵਾਨ ਆਦਿਕ ਦੇਸ਼ ਪੱਛਮੀ ਯੌਰਪ ਕੋਲੋਂ ਮਾਲ ਖ਼ਰੀਦਣ ਦੀ ਥਾਂ ਇਨ੍ਹਾਂ ਦੇਸ਼ਾਂ ਨੂੰ ਮਾਲ ਵੇਚਣ ਲੱਗ ਪਏ। ਸਸਤੀ ਮਜ਼ਦੂਰੀ ਦੇ ਝੌਲ ਨੇ ਕਈ ਸਮੱਸਿਆਵਾਂ ਪੈਦਾ ਕਰ ਦਿੱਤੀਆਂ। ਉਪਜ ਅਤੇ ਮੁਨਾਫ਼ੇ ਦੇ ਮੁਕਾਬਲੇ ਨੇ ਕੁਝ ਅਜਿਹੀ ਹਾਲਤ ਪੈਦਾ ਕਰ ਦਿੱਤੀ ਕਿ ਧਰਤੀ ਦਾ ਧਨ ਉਵੇਂ ਹੀ ਉਜਾੜਿਆ ਜਾਣ ਲੱਗ ਪਿਆ ਜਿਵੇਂ ਦੋ ਸੰਸਾਰ-ਯੁੱਧਾਂ ਵਿੱਚ ਉਜਾੜਿਆ ਗਿਆ ਸੀ। ਜਾਪਾਨ ਵਿੱਚ ਬਣੀਆਂ ਹੋਈਆਂ ਕਾਰਾਂ ਪੱਛਮੀ ਯੌਰਪ ਦੇ ਦੇਸ਼ਾਂ ਵਿੱਚ ਵਿਕਦੀਆਂ ਹਨ ਅਤੇ ਇਨ੍ਹਾਂ ਦੇਸ਼ਾਂ ਵਿੱਚ ਬਣੀਆਂ ਹੋਈਆਂ ਕਾਰਾਂ ਦੇ ਭਰੇ ਹੋਏ ਜਹਾਜ਼ ਜਾਪਾਨ ਵੱਲ ਜਾ ਰਹੇ ਹਨ। ਸਿਆਣਾ ਮਨੁੱਖ ਅਨੋਖੀ ਭੁੱਲ ਕਰ ਰਿਹਾ ਹੈ। ਅਫ਼ਰੀਕਾ ਦੇ ਕਈ ਦੇਸ਼ਾਂ ਵਿੱਚ ਬਹੁਤ ਹੀ ਲੋੜੀਂਦਾ ਕੱਚਾ ਮਾਲ ਹੈ; ਪਰ ਆਪਣੀ ਇਸ ਅਮੀਰੀ ਦੇ ਹੁੰਦਿਆਂ ਹੋਇਆਂ ਉਹ ਗ਼ਰੀਬੀ, ਭੁੱਖ-ਮਰੀ, ਜਹਾਲਤ ਅਤੇ ਜਾਂਗਲੀਅਤ ਵੱਲ ਵਧਦੇ ਜਾ ਰਹੇ ਹਨ।

ਮਨੁੱਖ ਦੀ ਸਿਆਸੀ ਅਤੇ ਸੈਨਿਕ ਦੌੜ ਨੇ ਜੀਵਨ ਨੂੰ ਬਹੁਤ ਸਾਰੀਆਂ ਪੀੜਾਂ ਅਤੇ ਨਮੋਸ਼ੀਆਂ ਦਿੱਤੀਆਂ ਹਨ। ਦੇਸ਼ਾਂ ਦੀ ਉਦਯੋਗਿਕ ਅਤੇ ਵਾਪਾਰਕ ਦੌੜ ਜੀਵਨ ਨੂੰ ਓਨੀਆਂ ਹੀ ਪੀੜਾਂ ਦੇਣ ਦੇ ਨਾਲ ਨਾਲ ਜੀਵਨ ਦੀ ਜਨਨੀ, ਧਰਤੀ ਨੂੰ ਵੀ ਰੋਗੀ ਬਣਾ ਰਹੀ ਹੈ। ਇਸ ਦੇ ਸੋਮਿਆਂ ਦੀ ਦੁਰ-ਵਰਤੋਂ, ਇਸ ਦੇ ਪਾਣੀਆਂ ਨੂੰ ਵਿਸ਼ੈਲੇ ਕਰਨ ਦੀ ਮੂਰਖਤਾ, ਇਸ ਦੀ ਵਾਯੂ ਵਿੱਚ ਵਿਸ਼ੈਲੀਆਂ ਗੈਸਾਂ ਭਰ ਦੇਣ ਦੀ ਲਾਪਰਵਾਹੀ, ਇਸ ਦੇ ਜੰਗਲਾਂ ਨੂੰ ਕੱਟਣ ਦੀ ਕਾਹਲ ਅਤੇ ਜੀਵਨ ਪੱਧਰ ਨੂੰ ਉੱਚਾ ਕਰਨ ਦੇ ਨਾਂ ਉੱਤੇ ਕਾਰਾਂ ਦੀ ਬੇ-ਲਗਾਮੀ ਉਪਜ ਅਤੇ ਬੇ-ਹਿਸਾਬੀ ਵਰਤੋਂ ਤੋਂ ਇਲਾਵਾ ਹੋਰ ਵੀ ਕਿੰਨਾ ਕੁਝ ਹੈ ਜਿਸ ਨੇ ਸੂਝਵਾਨ ਮਨੁੱਖਾਂ ਨੂੰ ਚਿੰਤਾਤੁਰ ਕਰ ਦਿੱਤਾ ਹੈ। ਆਰਥਿਕ ਦੌੜ ਵਿੱਚ ਪਿੱਛੇ ਰਹਿ ਗਏ ਦੇਸ਼ ਅਨੈਤਿਕਤਾ ਅਤੇ ਭ੍ਰਿਸ਼ਟਾਚਾਰ ਦੀ ਦਲਦਲ ਵਿੱਚ ਧੱਸਦੇ ਜਾ ਰਹੇ ਹਨ। ਜੁਰਮ ਅਤੇ ਆਤੰਕਵਾਦ ਵਾਧੇ ਉੱਤੇ ਹੈ। ਦੁਨੀਆ ਦੇ ਦਾਨਿਆਂ ਨੂੰ ਪਤਾ ਹੈ ਕਿ ਸੁਰੱਖਿਆ, ਸੁਖ, ਸਤਿਕਾਰ ਅਤੇ ਭਰੋਸੇ ਭਰਿਆ ਜੀਵਨ ਹੀ ਜੁਰਮ, ਆਤੰਕਵਾਦ, ਭ੍ਰਿਸ਼ਟਾਚਾਰ, ਅਨੈਤਿਕਤਾ ਅਤੇ ਧਾਰਮਿਕ ਮੂਲਵਾਦ ਵਰਗੀਆਂ ਅਹੁਰਾਂ ਦਾ ਇਲਾਜ ਕਰ ਸਕਦਾ ਹੈ। ਧਰਤੀ ਉੱਤੇ ਵੱਸਦੀ ਸਮੁੱਚੀ ਮਨੁੱਖਤਾ ਲਈ ਸੁਰੱਖਿਆ, ਸੁਖ ਅਤੇ ਸਤਿਕਾਰ ਭਰਪੂਰ ਜੀਵਨ ਦਾ ਭਰੋਸਾ ਪੈਦਾ ਕਰਨ ਲਈ ਜ਼ਰੂਰੀ ਹੈ ਕਿ ਵਿਸ਼ਵ-ਵਿਆਪੀ ਅਰਥ-ਵਿਵਸਥਾ ਕਾਇਮ ਕੀਤੀ ਜਾਵੇ; ਪੱਛੜੇ ਦੇਸ਼ਾਂ ਨੂੰ ਉੱਨਤ ਹੋਣ ਵਿੱਚ ਸਹਾਇਤਾ ਦਿੱਤੀ ਜਾਵੇ; ਧਰਤੀ ਦੇ ਧਨ ਨੂੰ ਅਜਿਹੇ ਢੰਗ ਨਾਲ ਵਰਤਿਆ ਜਾਵੇ ਕਿ ਸਮੁੱਚੀ ਮਨੁੱਖ ਜਾਤੀ ਇਸ ਤੋਂ ਲਾਭ ਲੈ ਸਕੇ; ਸਮੁੱਚੀ ਮਨੁੱਖ ਜਾਤੀ ਲਈ ਇੱਕੋ ਜਿਹੇ ਜੀਵਨ ਪੱਧਰ ਦੀ ਵਿਉਂਤਬੰਦੀ ਅਤੇ ਉਸਾਰੀ ਕਰ ਕੇ ਧਰਤੀ ਨੂੰ ਮਨੁੱਖਤਾ ਦਾ ਸਾਂਝਾ ਘਰ ਬਣਾ ਦਿੱਤਾ ਜਾਵੇ ਤਾਂ ਜੁ ਇੱਕ ਹਿੱਸੇ ਉਤਲੇ ਜੀਵਨ ਦੀ ਚਮਕ ਦਮਕ ਦੂਜੇ ਹਿੱਸੇ ਉੱਤੇ ਵੱਸਣ ਵਾਲੇ ਲੋਕਾਂ ਲਈ ਆਕਰਸ਼ਣ ਅਤੇ ਈਰਖਾ ਦਾ ਕਾਰਨ ਨਾ ਬਣੇ।

ਇਨ੍ਹਾਂ ਅਤੇ ਇਹੋ ਜਿਹੇ ਹੋਰ ਮਨੋਰਥਾਂ ਨੂੰ ਮੁਖ ਰੱਖ ਕੇ ਉਦਯੋਗਿਕ ਅਤੇ ਵਾਪਾਰਕ ਵਿਸ਼ਵੀਕਰਣ ਦੀ ਕਿਰਿਆ ਹੋਂਦ ਵਿੱਚ ਆਈ ਹੈ। ਇਹ, ਮਸ਼ੀਨੀ ਕ੍ਰਾਂਤੀ ਤੋਂ ਪਿੱਛੋਂ, ਸਭਿਅਤਾ ਦੇ ਵਿਕਾਸ ਦੇ ਇਤਿਹਾਸ ਦਾ ਚੌਥਾ ਪੰਨਾ ਹੈ। ਹਰ ਨਵੇਂ ਵਿਚਾਰ ਅਤੇ ਹਰ ਨਵੀਂ ਵਿਉਂਤ ਵਾਂਗ ਵਿਸ਼ਵੀਕਰਣ ਦਾ ਵਿਰੋਧ ਹੋਣਾ ਸੁਭਾਵਿਕ ਹੈ। ਇਸ ਦੇ ਕਾਰਨ ਇਸ ਪ੍ਰਕਾਰ ਹਨ—ਕੋਈ ਵੀ ਨਵੀਂ ਵਿਉਂਤ ਅਤੇ ਉਸ ਵਿਉਂਤ ਅਨੁਸਾਰ ਕੀਤੀ ਜਾਣ ਵਾਲੀ ਕਾਰਗੁਜ਼ਾਰੀ ਆਪਣੇ ਮੁੱਢਲੇ ਰੂਪ ਵਿੱਚ ਪੂਰਣ ਤੌਰ 'ਤੇ ਦੋਸ਼ ਰਹਿਤ ਅਤੇ ਮੁਕੰਮਲ ਨਹੀਂ ਹੁੰਦੀ। ਉਸ ਦੀਆਂ ਆਰੰਭਕ ਤਰੁੱਟੀਆਂ ਨੂੰ ਲੈ ਕੇ ਉਸ ਨੂੰ ਜੀਵਨ ਲਈ ਹਾਨੀਕਾਰਕ ਸਿੱਧ ਕਰਨ ਦੀ ਕਾਹਲ ਕਰਨ ਵਾਲਾ ਵਿਕਾਸ-ਵਿਰੋਧੀ ਮਨੁੱਖੀ ਅਸਲਾ ਚੋਖੀ ਮਾਤਰਾ ਵਿੱਚ ਮੌਜੂਦ ਹੁੰਦਾ ਹੈ। ਜਦੋਂ ਇੰਗਲਿਸਤਾਨ ਵਿੱਚ ਮਸ਼ੀਨੀ ਕ੍ਰਾਂਤੀ ਦੀ ਲੋੜ ਕਾਰਨ ਸਾਰਿਆਂ ਲਈ ਮੁਫ਼ਤ ਵਿੱਦਿਆ ਦਾ ਪ੍ਰਸਤਾਵ ਪਾਰਲੀਮੈਂਟ ਸਾਹਮਣੇ ਰੱਖਿਆ ਗਿਆ ਸੀ, ਉਦੋਂ ਮਾਪਿਆਂ ਅਤੇ ਪਾਦਰੀਆਂ ਵਲੋਂ ਇਸ ਪ੍ਰਸਤਾਵ ਦਾ ਵੱਡਾ ਵਿਰੋਧ ਕੀਤਾ ਗਿਆ ਸੀ। ਸੰਨ 1215 ਈਸਵੀ ਦੇ ਮੈਗਨਾਕਾਰਟਾ ਤੋਂ ਪਿੱਛੋਂ ਇਹ, ਅੰਗਰੇਜ਼ ਕੌਮ ਦੁਆਰਾ ਕੀਤਾ ਗਿਆ, ਸਭ ਤੋਂ ਵੱਡਾ ਵਿਰੋਧ ਸੀ। ਮਾਪੇ ਇਸ ਦਾ ਵਿਰੋਧ ਇਸ ਲਈ ਕਰਦੇ ਸਨ ਕਿ ਉਨ੍ਹਾਂ ਦੇ ਬੱਚੇ ਫ਼ੈਕਟਰੀਆਂ ਵਿੱਚ ਕੰਮ ਕਰ ਕੇ ਉਨ੍ਹਾਂ ਦੀ ਰੋਜ਼ੀ ਰੋਟੀ ਦਾ ਸਾਧਨ ਬਣੇ ਹੋਏ ਸਨ। ਪੜ੍ਹਨੇ ਪੈ ਜਾਣ ਨਾਲ ਉਹ ਕਮਾਈ ਕਰਨ ਜੋਗੇ ਨਹੀਂ ਰਹਿਣਗੇ। ਪਾਦਰੀਆਂ ਦਾ ਵਿਰੋਧ ਮਾਪਿਆਂ ਦੀ ਖ਼ੁਦਗ਼ਰਜ਼ੀ ਨਾਲੋਂ ਕਿਤੇ 'ਉਚੇਰੀ ਅਤੇ ਪਵਿੱਤਰ' ਭਾਵਨਾ ਵਿੱਚੋਂ ਉਪਜਿਆ ਸੀ। ਉਹ ਕਹਿੰਦੇ ਸਨ ਕਿ ਵਿੱਦਿਆ ਪੜ੍ਹ ਕੇ ਆਮ ਆਦਮੀ ਆਮ ਪੁਸਤਕਾਂ ਵਿੱਚੋਂ ਕੁਫ਼ਰ-ਕਹਾਣੀਆਂ ਪੜ੍ਹੇਗਾ। ਆਮ ਆਦਮੀ ਕੋਲ ਉਨ੍ਹਾਂ ਕਿਤਾਬਾਂ ਵਿਚਲੇ ਕੁਫ਼ਰ ਅਤੇ ਬਾਈਬਲ ਵਿਚਲੀ ਸੱਚਾਈ ਦੇ ਫ਼ਰਕ ਨੂੰ ਸਮਝਣ ਦੀ ਸੂਝ ਨਹੀਂ। ਉਹ ਬਾਈਬਲ ਉੱਤੇ ਵਿਸ਼ਵਾਸ ਕਰਨਾ ਛੱਡ ਦੇਣਗੇ ਅਤੇ ਨਰਕਾਂ ਦੀ ਅੱਗ ਵਿੱਚ ਸਾੜੇ ਜਾਣਗੇ। ਉਨ੍ਹਾਂ ਦੇ ਕਲਿਆਣ ਲਈ ਲਾਜ਼ਮੀ ਹੈ ਕਿ ਉਨ੍ਹਾਂ ਨੂੰ ਵਿੱਦਿਆ ਤੋਂ ਵੰਚਿਤ ਰੱਖਿਆ ਜਾਵੇ। ਨਤੀਜਾ ਇਹ ਹੋਇਆ ਕਿ ਕੁਝ ਇੱਕ ਮਾਲਕਾਂ ਨੇ ਆਪਣੀਆਂ ਫ਼ੈਕਟਰੀਆਂ ਵਿੱਚ ਕੰਮ ਕਰਨ ਵਾਲੇ ਮਜ਼ਦੂਰ ਬੱਚਿਆਂ ਲਈ ਵਿੱਦਿਆ ਦਾ ਪ੍ਰਬੰਧ ਕੀਤਾ ਅਤੇ ਉਨ੍ਹਾਂ ਦੀ ਮਜ਼ਦੂਰੀ ਦੇ ਵਕਤ ਵਿੱਚੋਂ ਕੁਝ ਸਮਾਂ ਸਕੂਲ ਲਈ ਰਾਖਵਾਂ ਕਰ ਕੇ ਉਨ੍ਹਾਂ ਨੂੰ ਮਾਪਿਆਂ ਲਈ ਕਮਾਈ ਕਰਨ ਦੇ ਨਾਲ ਨਾਲ ਵਿਦਿਆਰਥੀ ਬਣਨ ਦਾ ਮੌਕਾ ਦਿੱਤਾ।

ਵਿਰੋਧ ਦਾ ਦੂਜਾ ਕਾਰਨ ਇਹ ਹੈ ਕਿ ਆਧੁਨਿਕ ਯੁਗ ਵਿੱਚ ਪੱਛਮੀ ਯੋਰਪ ਅਤੇ ਅਮਰੀਕਾ ਹਰ ਚੰਗੇ ਮਾੜੇ ਕੰਮ ਵਿੱਚ ਅੱਗੇ ਹੁੰਦੇ ਹਨ। ਅਮਰੀਕਾ ਇਸ ਲਈ ਕਿ ਉਹ ਦੁਨੀਆ ਦਾ 'ਦਾਦਾ' ਹੈ ਅਤੇ ਪੱਛਮੀ ਯੋਰਪ ਦੇ ਵਿਕਸਿਤ ਦੇਸ਼ ਇਸ ਲਈ ਕਿ ਉਨ੍ਹਾਂ ਕੋਲ ਵਿਕਾਸਸ਼ੀਲ ਦੇਸ਼ਾਂ ਦੀ ਆਰਥਿਕ ਉਸਾਰੀ ਵਿੱਚ ਸਹਾਇਤਾ ਅਤੇ ਅਗਵਾਈ ਕਰਨ ਦੀ ਮਨੁੱਖੀ ਭਾਵਨਾ, ਬੌਧਿਕ ਯੋਗਤਾ ਅਤੇ ਆਰਥਿਕ ਸਮਰੱਥਾ ਹੈ। ਵਿਕਾਸਸ਼ੀਲ ਦੇਸ਼ਾਂ ਦੇ ਲੋਕ ਪੱਛਮੀ ਯੋਰਪ ਦੇ ਲੀਡਰਾਂ ਅਤੇ ਵਾਪਾਰੀਆਂ ਨੂੰ ਉਨ੍ਹਾਂ ਦੀ ਯੋਗਤਾ ਅਤੇ ਸਮਰੱਥਾ ਦੇ ਨੁਕਤੇ ਤੋਂ ਨਹੀਂ ਵੇਖਦੇ। ਉਹ ਉਨ੍ਹਾਂ ਨੂੰ ਇਤਿਹਾਸਕ ਚੌਖਟੇ ਵਿੱਚ ਫਿੱਟ ਕਰ ਕੇ ਸਾਮਰਾਜੀ, ਸ਼ੋਸ਼ਕ ਅਤੇ ਬਸਤੀਵਾਦੀ ਸਮਝਦੇ ਹਨ। ਉਨ੍ਹਾਂ ਦੇ ਆਪਣੇ ਇਤਿਹਾਸ ਵਿੱਚ ਕਿੰਨੀਆਂ ਕੁ ਸ਼ਰਮਸਾਰੀਆਂ ਹਨ, ਇਸ ਸੱਚ ਵੱਲ ਧਿਆਨ ਦੇਣ ਦੀ ਉਹ ਲੋੜ ਨਹੀਂ ਸਮਝਦੇ।

ਤੀਜਾ ਮਨੋਵਿਗਿਆਨਿਕ ਕਾਰਨ ਭਾਰਤ ਵਰਗੇ ਦੇਸ਼ਾਂ ਉੱਤੇ ਉਚੇਚਾ ਢੁੱਕਦਾ ਹੈ। ਸਾਂਸਕ੍ਰਿਤਿਕ ਸ੍ਰੇਸ਼ਟਤਾ ਦਾ ਅਭਿਮਾਨ ਸਹਿਯੋਗ ਦਾ ਰਾਹ ਰੋਕ ਲੈਂਦਾ ਹੈ। ਜਿਨ੍ਹਾਂ ਕੌਮਾਂ ਨੂੰ ਸਾਂਸਕ੍ਰਿਤਿਕ ਸ੍ਰੇਸ਼ਟਤਾ ਦਾ ਉਚੇਚਾ ਮਾਣ ਨਹੀਂ ਉਨ੍ਹਾਂ ਕੋਲ ਹਜ਼ਾਰਾਂ ਸਾਲਾਂ ਦੇ ਜੰਗਲੀ ਜੀਵਨ

ਵਿੱਚੋਂ ਮਿਲੇ ਹੋਏ ਹਿੰਸਾ, ਹੱਤਿਆ, ਸੰਘਰਸ਼ ਅਤੇ ਵਿਰੋਧ ਦੇ ਪਾਸ਼ਵਿਕ ਸੰਸਕਾਰ ਹਨ। ਦਇਆ ਅਤੇ ਅਹਿੰਸਾ ਉੱਤੇ ਆਧਾਰਿਤ ਕੋਈ ਸੰਸਕ੍ਰਿਤੀ ਉਨ੍ਹਾਂ ਨੂੰ ਪ੍ਰਾਪਤ ਨਹੀਂ ਹੋਈ; ਸੱਤਾ, ਸੰਘਰਸ਼ ਅਤੇ ਜਿੱਤ ਦੇ ਮਹੱਤਵ ਤੋਂ ਉਹ ਭਲੀ ਭਾਂਤ ਜਾਣੂੰ ਹਨ। ਪਰਿਣਾਮ ਇਹ ਹੈ ਕਿ ਉਹ ਕੌਮਾਂ ਇਨ੍ਹਾਂ ਨੂੰ ਉਚੇਚਾ ਮਾਣ ਅਤੇ ਮਹੱਤਵ ਦਿੰਦੀਆਂ ਹਨ, ਸਹਿਯੋਗ ਨੂੰ ਕਮਜ਼ੋਰੀ ਦੀ ਦਲੀਲ ਮੰਨਦੀਆਂ ਹਨ। ਉਨ੍ਹਾਂ ਲਈ ਵਿਰੋਧ ਗ਼ੈਰਤਮੰਦੀ ਅਤੇ ਮਰਦਾਨਗੀ ਦੀ ਦਲੀਲ ਹੈ; ਸਮਝੌਤਾ ਅਤੇ ਸਹਿਯੋਗ ਹਾਰ ਅਤੇ ਨਿਪੁੰਨਸਿਕਤਾ ਦੀਆਂ ਨਿਸ਼ਾਨੀਆਂ ਹਨ। ਚੰਗਿਆਈ ਦਾ ਵੀ ਵਿਰੋਧ ਕਰਦੀਆਂ ਹਨ ਉਹ ਕੌਮਾਂ, ਕਿਉਂਕਿ ਕੋਈ ਚੰਗਿਆਈ ਮਰਦਾਨਗੀ, ਗ਼ੈਰਤਮੰਦੀ ਅਤੇ ਬਹਾਦਰੀ ਨਾਲੋਂ ਚੰਗੇਰੀ ਨਹੀਂ ਮੰਨੀ ਜਾਂਦੀ।

ਸਾਡੀ ਸੋਚ ਵਿੱਚ ਵਿਰੋਧ ਦਾ ਏਨਾ ਜ਼ਿਆਦਾ ਮਹੱਤਵ ਹੈ ਕਿ ਇੱਕ ਦੇਸ਼ ਵਿੱਚਲੀਆਂ ਦੋ ਸਿਆਸੀ ਪਾਰਟੀਆਂ ਕਦੇ ਵੀ ਸਹਿਯੋਗੀ ਪਾਰਟੀਆਂ ਅਖਵਾਉਣ ਨੂੰ ਤਿਆਰ ਨਹੀਂ। ਚੋਣ ਵਿੱਚ ਪਿੱਛੇ ਰਹੀ ਹੋਈ ਪਾਰਟੀ ਹਾਕਮ ਪਾਰਟੀ ਦੇ ਉਨ੍ਹਾਂ ਸਾਰੇ ਵਿਚਾਰਾਂ ਅਤੇ ਕੰਮਾਂ ਦਾ ਵਿਰੋਧ ਕਰੇਗੀ ਜਿਨ੍ਹਾਂ ਕੰਮਾਂ ਅਤੇ ਵਿਚਾਰਾਂ ਨੂੰ ਉਸ ਨੇ ਚੋਣਾਂ ਜਿੱਤ ਜਾਣ ਪਿੱਛੋਂ ਅਪਣਾਅ ਲੈਣਾ ਹੁੰਦਾ ਹੈ। ਇੰਗਲੈਂਡ ਦੀ ਨਵੀਂ ਲੇਬਰ ਪਾਰਟੀ ਇਸ ਗੱਲ ਦਾ ਜੀਊਂਦਾ ਜਾਗਦਾ ਸਬੂਤ ਹੈ। ਵਿਰੋਧੀ ਪਾਰਟੀ ਦੇ ਰੂਪ ਵਿੱਚ ਇਹ ਪ੍ਰਾਈਵੇਟਾਈਜ਼ੇਸ਼ਨ ਦਾ ਵਿਰੋਧ ਕਰਦੀ ਸੀ। ਹੁਣ ਜੇਲ੍ਹਾਂ, ਹਸਪਤਾਲਾਂ ਅਤੇ ਅਦਾਲਤਾਂ ਤਕ ਨੂੰ ਪ੍ਰਾਈਵੇਟਾਈਜ਼ ਕਰਨ ਬਾਰੇ ਸੋਚ ਰਹੀ ਹੈ। ਜੇ ਤੀਜੀ ਵਾਰ ਚੋਣ ਜਿੱਤ ਗਈ ਤਾਂ ਸ਼ਾਇਦ ਡੀਫ਼ੈਂਸ ਨੂੰ ਵੀ ਪ੍ਰਾਈਵੇਟਾਈਜ਼ ਕਰਨ ਦੀ ਗੱਲ ਕਰਨ ਲੱਗ ਪਵੇ।

ਵੱਡੀਆਂ-ਵੱਡੀਆਂ ਮਲਟੀਨੈਸ਼ਨਲ ਕੰਪਨੀਆਂ ਨੂੰ ਵੀ ਮੁਨਾਫ਼ੇ ਦੀ ਚਿੰਤਾ ਦਾ ਮਾਨਸਿਕ ਰੋਗ ਲੱਗ ਗਿਆ ਹੋਣ ਕਰਕੇ ਉਨ੍ਹਾਂ ਲੀਹਾਂ ਉੱਤੇ ਨਹੀਂ ਤੁਰ ਸਕਦੀਆਂ ਜਿਨ੍ਹਾਂ ਉੱਤੇ ਤੁਰ ਕੇ ਵਿਸ਼ਵੀਕਰਣ ਦੇ ਉਦੇਸ਼ ਉਲੀਕੇ ਗਏ ਹਨ। ਵਾਪਾਰਕ ਕੰਪਨੀਆਂ ਕਿਸੇ ਵੀ ਮਾਨਵੀ ਉਦੇਸ਼ ਨਾਲੋਂ ਮੁਨਾਫ਼ੇ ਨੂੰ ਪਹਿਲ ਦੇਣ ਤੋਂ ਇਲਾਵਾ ਕੁਝ ਹੋਰ ਸੋਚ ਹੀ ਨਹੀਂ ਸਕਦੀਆਂ। ਜਿਵੇਂ ਇਸ਼ਟ ਬਿਨਾਂ ਭਗਤੀ ਨਹੀਂ ਉਵੇਂ ਹੀ ਹਰ ਵਰ੍ਹੇ ਮੁਨਾਫ਼ੇ ਦੀ ਦਰ ਵਿੱਚ ਵਾਧੇ ਬਿਨਾਂ ਵਾਪਾਰ ਨਹੀਂ। ਮੁਨਾਫ਼ੇ ਦੇ ਮੁਕਾਬਲੇ ਵਿੱਚ ਪਏ ਹੋਏ ਵਾਪਾਰੀ, ਆਪਣੇ ਮਾਲ ਨੂੰ ਘਟੀਆ, ਵਿਕਰੀ ਦੇ ਤਰੀਕਿਆਂ ਨੂੰ ਚਾਲਾਕੀ ਅਤੇ ਬੰਦਿਆਂ ਨੂੰ ਬੇ-ਰੁਜ਼ਗਾਰ ਬਣਾਉਣ ਵਿੱਚ ਕਿਸੇ ਕਿਸਮ ਦੀ ਹਾਨੀ ਨਹੀਂ ਸਮਝਦੇ। ਪੱਛੜੇ ਦੇਸ਼ਾਂ ਵਿੱਚ ਕਾਰਖ਼ਾਨੇ ਲਾ ਕੇ, ਉਥੋਂ ਦੇ ਜ਼ਰੂਰਤਮੰਦ ਲੋਕਾਂ ਨੂੰ ਸਿਰਫ਼ ਜੀਊਂਦੇ ਰਹਿਣ ਜੋਗੀ ਮਜ਼ਦੂਰੀ ਦੇ ਕੇ, ਉਨ੍ਹਾਂ ਦੇ ਬੱਚਿਆਂ ਅਤੇ ਇਸਤਰੀਆਂ ਨੂੰ ਨਾਂ ਮਾਤਰ ਮਜ਼ਦੂਰੀ ਉੱਤੇ ਭਰਤੀ ਕਰ ਕੇ ਵਿਸ਼ਵੀਕਰਣ ਨੂੰ ਲੁੱਟ ਦਾ ਅਵਸਰ ਮੰਨਣ ਅਤੇ ਬਣਾਉਣ ਵਾਲੀਆਂ ਮਲਟੀਨੈਸ਼ਨਲਜ਼ ਨੇ ਵਿਰੋਧ ਕਰਨ ਵਾਲਿਆਂ ਨੂੰ ਇਹ ਭਰੋਸਾ ਦਿਵਾਇਆ ਹੈ ਕਿ ਉਹ ਇੱਕ ਵੱਡੇ ਅਨਿਆਏ ਦੇ ਟਾਕਰੇ ਵਿੱਚ ਖੜੇ ਹੋਣ ਦਾ ਇਨਸਾਨੀ ਫ਼ਰਜ਼ ਪੂਰਾ ਕਰ ਰਹੇ ਹਨ।

ਇਸ ਸੰਬੰਧ ਵਿੱਚ ਅਮਰੀਕਾ ਨੇ ਆਪਣੇ ਆਪ ਨੂੰ ਹਰ ਨੇਮ ਨਾਲੋਂ ਉੱਚਾ ਸਮਝਣ ਦੀ ਹੈਂਕੜ ਦਾ ਵਖਾਲਾ ਪਾ ਕੇ ਵੀ ਵਿਰੋਧੀਆਂ ਦੇ ਹੱਥ ਪੱਕੇ ਕੀਤੇ ਹਨ। ਇਨ੍ਹਾਂ ਅਤੇ ਇਨ੍ਹਾਂ ਤੋਂ ਇਲਾਵਾ, ਮੇਰੀ ਸਮਝੋਂ ਬਾਹਰਲੇ ਕਈ ਕਾਰਣਾਂ ਕਰਕੇ ਵਾਪਾਰਕ ਵਿਸ਼ਵੀਕਰਣ ਦਾ ਵਿਰੋਧ ਹੋ ਰਿਹਾ ਹੈ—ਲਿਖ ਕੇ, ਬੋਲ ਕੇ, ਵੱਡੇ ਵੱਡੇ ਜਲੂਸ ਕੱਢ ਕੇ, ਉੱਚੇ ਉੱਚੇ ਨਾਅਰੇ ਲਾ ਕੇ ਅਤੇ ਇਸ ਸੰਬੰਧ ਵਿੱਚ ਹੋਣ ਵਾਲੀਆਂ ਮੀਟਿੰਗਾਂ ਵਿਰੁੱਧ ਹੁੱਲੜਬਾਜ਼ੀ ਕਰ ਕੇ। ਵਿਰੋਧ ਕਰਨ ਵਾਲਿਆਂ ਵਿੱਚ ਬਹੁਗਿਣਤੀ ਪ੍ਰਗਤੀਵਾਦੀਆਂ ਦੀ ਹੁੰਦੀ ਹੈ। ਉਨ੍ਹਾਂ ਪ੍ਰਗਤੀਵਾਦੀਆਂ ਦੀ

ਜਿਹੜੇ ਹਰ ਉਸ ਖ਼ਿਆਲ ਨੂੰ, ਹਰ ਉਸ ਸਿਧਾਂਤ ਨੂੰ, ਪਿਛਾਂਹ-ਖਿੱਚੂ ਗਰਦਾਨਦੇ ਹਨ ਜਿਹੜਾ ਕਾਰਲ ਮਾਰਕਸ ਦੇ ਮੱਥਿਓਂ ਨਹੀਂ ਉਪਜਿਆ। ਦੂਜੇ ਨੰਬਰ ਉੱਤੇ ਉਹ ਹੁੰਦੇ ਹਨ, ਜਿਨ੍ਹਾਂ ਕੋਲ ਅਜਿਹੇ ਵਿਰੋਧਾਂ ਨਾਲੋਂ ਜ਼ਰੂਰੀ ਹੋਰ ਕੋਈ ਕੰਮ ਨਹੀਂ ਹੁੰਦਾ। ਭਾਰਤ ਵਰਗੇ ਦੇਸ਼ਾਂ ਵਿੱਚ ਉਨ੍ਹਾਂ ਦੀ ਗਿਣਤੀ ਸਹਿਜੇ ਹੀ ਲੱਖਾਂ ਨੂੰ ਪੁੱਜ ਜਾਂਦੀ ਹੈ। ਪੱਛਮ ਵਿੱਚ ਵੀ ਇਹ ਗਿਣਤੀ ਕਾਫ਼ੀ ਵੱਡੀ ਹੋ ਸਕਦੀ ਹੈ ਪਰ ਭਾਰਤੀ ਭੁਗਵਾਨਾਂ ਅਤੇ ਅਮਰੀਕੀ ਜਿਹੋਵਿਆਂ ਦੀ ਕਿਰਪਾ ਨਾਲ ਇਨ੍ਹਾਂ ਵਿੱਚੋਂ ਬਹੁਤ ਵਿਹਲੇ 'ਹਰੇ ਰਾਮਾ, ਹਰੇ ਕ੍ਰਿਸ਼ਨਾ' ਜਾਂ ਗਰੁੱਪ ਐਕਸਰਸਾਈਜ਼ਾਂ ਜਾਂ (ਜਿਹੋਵਾ ਦਾ ਸੁਨੇਹਾ ਦੇਣ ਲਈ) ਬਾਜ਼ਾਰ ਫੇਰੀਆਂ ਦੀ, ਨੁਕਸਾਨ-ਰਹਿਤ ਅਤੇ ਅਣਉਪਯੋਗੀ, ਕਾਰੇ ਲੱਗੇ ਰਹਿੰਦੇ ਹਨ।

ਜਿਹੜੇ ਸਿਆਣੇ ਵਿਅਕਤੀ ਵਿਸ਼ਵੀਕਰਣ ਨੂੰ ਮਨੁੱਖਤਾ ਦਾ (ਚੰਗਾ ਜਾਂ ਮਾੜਾ) ਭਵਿੱਖ ਮੰਨਦੇ ਹੋਏ ਇਸ ਸੰਬੰਧੀ ਗੰਭੀਰ ਵਿਚਾਰ ਕਰਦੇ ਹਨ ਉਨ੍ਹਾਂ ਦੀ ਸੇਵਾ ਵਿੱਚ ਬਿਨੈ ਹੈ ਕਿ ਆਪਣੇ ਆਲੇ-ਦੁਆਲੇ ਵੱਸਣ ਵਾਲੇ ਲੋਕਾਂ ਨੂੰ ਇਸ ਸੱਚ ਤੋਂ ਸੁਚੇਤ ਕਰਨ ਕਿ ਅਜੋਕਾ ਮਨੁੱਖ ਅੱਜ ਤੋਂ ਪੰਜਾਹ ਸਾਲ ਪਹਿਲਾਂ ਦੀ ਦੁਨੀਆ ਨਾਲੋਂ ਵੱਖਰੀ ਦੁਨੀਆ ਵਿੱਚ ਵੱਸ ਰਿਹਾ ਹੈ। ਉਸ ਦੀ ਦੁਨੀਆ ਬਹੁਤ ਤੇਜ਼ੀ ਨਾਲ ਬਦਲ ਰਹੀ ਹੈ; ਛੋਟੀ ਹੁੰਦੀ ਜਾ ਰਹੀ ਹੈ। ਆਉਣ ਵਾਲੀ ਦੁਨੀਆ ਵਿੱਚ ਸੋਵਰਿਨਿਟੀ, ਸੰਸਕ੍ਰਿਤੀ, ਨੈਸ਼ਨਲਇਜ਼ਮ, ਇਤਿਹਾਸ, ਧਰਮ, ਕਲਚਰ, ਵੀਰਤਾ, ਜਿੱਤ, ਸਲਤਨਤ, ਸੱਤਾ ਅਤੇ ਸ੍ਰੇਸ਼ਟਤਾ ਆਦਿਕ ਸ਼ਬਦ ਬਹੁਤੇ ਅਰਥ ਭਰਪੂਰ ਨਹੀਂ ਰਹਿਣੇ। ਸੁਹਣੇ, ਸੁਖੀ ਅਤੇ ਸਤਿਕਾਰਯੋਗ ਸੰਸਾਰਕ ਜੀਵਨ ਦੀ ਮਨੁੱਖੀ ਲਾਲਸਾ ਨੂੰ ਆਦਰ ਦੀ ਦ੍ਰਿਸ਼ਟੀ ਨਾਲ ਵੇਖਿਆ ਜਾਣ ਦਾ ਸਮਾਂ ਆ ਰਿਹਾ ਹੈ। ਅਜੋਕਾ ਮਨੁੱਖ ਮਸ਼ੀਨੀ ਕ੍ਰਾਂਤੀ ਦੇ ਸਮੇਂ ਵਾਲੀਆਂ ਭੁੱਲਾਂ ਨੂੰ ਨਹੀਂ ਦੁਹਰਾਏਗਾ। ਉਹ ਪਹਿਲਾਂ ਨਾਲੋਂ ਬਹੁਤਾ ਸੁਚੇਤ ਹੈ। ਦੇਸ਼ਾਂ ਕੌਮਾਂ ਦੇ ਚੰਗੇ ਮਾੜੇ ਇਰਾਦਿਆਂ ਦੀ ਅੱਜ ਖੁੱਲਮ-ਖੁੱਲ੍ਹਾ ਆਲੋਚਨਾ ਹੁੰਦੀ ਹੈ। ਪੁਰਾਣੀਆਂ ਆਦਤਾਂ ਅਨੁਸਾਰ ਕੁਝ ਲੋਕ ਮੌਕੇ ਦਾ ਲਾਭ ਲੈਣ ਦਾ ਜਤਨ ਜ਼ਰੂਰ ਕਰਦੇ ਹਨ; ਪਰ ਉਨ੍ਹਾਂ ਨੂੰ ਨੱਥ ਪਾਉਣੀ ਅਸੰਭਵ ਨਹੀਂ। ਨਾ ਹੀ ਇਹ ਸਮਝਣਾ ਠੀਕ ਹੈ ਕਿ ਦੁਨੀਆ ਦੇ ਸੱਤਾਧਾਰੀ ਲੋਕ ਰਾਤੋ ਰਾਤ ਰਾਕਸ਼ਸ ਤੋਂ ਦੇਵਤਾ ਬਣ ਜਾਣਗੇ। ਕੁਝ ਭੁੱਲਾਂ, ਕੁਝ ਵਧੀਕੀਆਂ ਜ਼ਰੂਰ ਹੋਣਗੀਆਂ, ਪਰ ਉਨ੍ਹਾਂ ਨੂੰ ਰੋਕਿਆ ਟੋਕਿਆ ਜਾ ਸਕੇਗਾ। ਇਹ ਆਸ ਰੱਖਣੀ ਵੀ ਠੀਕ ਨਹੀਂ ਕਿ ਹਰ ਆਦਰਸ਼ ਉਸ ਦੇ ਨਿਰੋਲ ਆਦਰਸ਼ਕ ਰੂਪ ਵਿੱਚ ਅਪਣਾਇਆ ਅਤੇ ਜੀਵਨ ਉੱਤੇ ਲਾਗੂ ਕੀਤਾ ਜਾ ਸਕੇ। ਆਦਰਸ਼ ਅਤੇ ਵਾਸਤਵਿਕਤਾ ਵਿੱਚ ਸਦਾ ਹੀ ਕੁਝ ਫ਼ਰਕ ਰਹੇਗਾ ਅਤੇ ਜੀਵਨ ਉੱਤੇ ਲਾਗੂ ਕੀਤਾ ਜਾਣ ਲਈ ਹਰ ਆਦਰਸ਼ ਨੂੰ ਏਧਰੋਂ ਉਧਰੋਂ ਛਿੱਲਣ ਤ੍ਰਾਸ਼ਣ ਦੀ ਲੋੜ ਪੈਂਦੀ ਰਹੇਗੀ।

ਹੋ ਸਕਦਾ ਹੈ ਦੁਨੀਆ ਦੇ ਵਿਕਾਸਸ਼ੀਲ ਦੇਸ਼ ਇੱਕ ਵੱਖਰਾ ਗੁੱਟ ਬਣਾ ਕੇ ਵਿਕਸਿਤ ਦੇਸ਼ਾਂ ਦੀਆਂ ਵਾਸਤਵਿਕ ਅਤੇ ਕਲਪਿਤ, ਵਧੀਕੀਆਂ ਵਿਰੁੱਧ ਲਾਮਬੰਦ ਹੋਣ ਦੀ ਕੋਸ਼ਿਸ਼ ਕਰਨ। ਪਰੰਤੂ ਅਜਿਹਾ ਹੋਣ ਨਾਲ ਵਿਸ਼ਵੀਕਰਣ ਦੀ ਕਿਰਿਆ ਵਿੱਚ ਉਸੇ ਸਿਆਸੀ ਅੰਸ਼ ਦੇ ਭਾਰੂ ਹੋ ਜਾਣ ਦਾ ਡਰ ਹੈ ਜਿਸ ਤੋਂ ਦੂਰ ਰੱਖ ਕੇ ਇਸ ਕਿਰਿਆ ਨੂੰ ਨਿਰੋਲ ਆਰਥਿਕ ਅਤੇ ਵਾਪਾਰਕ ਵਿਕਾਸ ਦੇ ਮਨੋਰਥ ਦੀ ਉਪਜ ਅਤੇ ਪ੍ਰਾਪਤੀ ਦਾ ਸਾਧਨ ਬਣਾਇਆ ਜਾਣ ਦੀ ਲੋੜ ਹੈ।

ਇਸ ਲਈ ਇਹ ਜ਼ਰੂਰੀ ਹੈ ਕਿ ਵਿਸ਼ਵੀਕਰਣ ਦੇ ਸੰਬੰਧ ਵਿੱਚ ਹਰ ਸਮੱਸਿਆ ਨੂੰ ਬੌਧਿਕ, ਦਾਰਸ਼ਨਿਕ ਅਤੇ ਮਾਨਵਵਾਦੀ ਪੱਧਰ ਉੱਤੇ ਵਿਚਾਰਿਆ ਅਤੇ ਸੁਲਝਾਇਆ ਜਾਵੇ। ਇਸ ਕਿਰਿਆ ਨੂੰ ਮੁਕਾਬਲੇ, ਹੈਂਕੜ ਅਤੇ ਕੌਮੀ ਸਵਾਰਥ ਦੀ ਸੰਕੀਰਣਤਾ ਵਿੱਚੋਂ ਕੱਢ ਕੇ

ਸਹਿਯੋਗ, ਮਿੱਤ੍ਰਤਾ ਅਤੇ ਸਦਭਾਵਨਾ ਦੀ ਵਿਸ਼ਾਲਤਾ ਵਿੱਚ ਲੈ ਆਂਦਾ ਜਾਵੇ। ਅਜਿਹਾ ਹੋਣ ਨਾਲ ਵਿਸ਼ਵੀਕਰਣ ਨੂੰ ਧਰਤੀ, ਸਮੁੱਚੀ ਮਨੁੱਖਤਾ ਦਾ ਸਾਂਝਾ ਘਰ ਅਤੇ ਇਸ ਘਰ ਵਿੱਚ ਵੱਸਣ ਵਾਲੀ ਮਨੁੱਖਤਾ ਨੂੰ ਧਰਤੀ ਉੱਤੇ ਵੱਸਣ ਵਾਲਾ ਸੁਖੀ ਪਰਿਵਾਰ ਬਣਾਉਣ ਦੀ ਮੰਜ਼ਲ ਵੱਲ ਪੁੱਟਿਆ ਹੋਇਆ ਪਹਿਲਾ ਕਦਮ ਆਖਿਆ ਜਾ ਸਕੇਗਾ। ਇਸ ਨੂੰ ਨਵ-ਬਸਤੀਵਾਦ (New Colonialism) ਜਾਂ ਇੰਪੀਰੀਅਲਿਜ਼ਮ ਵਰਗੇ ਘਿਨਾਉਣੇ ਨਾਂ ਦੇ ਕੇ ਆਪਣੀ ਸੂਝ-ਬੂਝ ਅਤੇ ਮਨੁੱਖ ਜਾਤੀ ਦੇ ਭਵਿੱਖ ਨੂੰ ਇਤਿਹਾਸਕ ਕਦੂਰਤਾਂ ਦੇ ਰਹਿਮ ਉੱਤੇ ਨਹੀਂ ਛੱਡਿਆ ਜਾਣਾ ਚਾਹੀਦਾ। ਸਾਮਰਾਜ ਅਤੇ ਬਸਤੀਵਾਦ ਦਾ ਸਮਾਂ ਬੀਤ ਚੁੱਕਾ ਹੈ। ਮਨੁੱਖਤਾ ਇਨ੍ਹਾਂ ਪੀੜਾਂ-ਭਰੇ ਪੈਂਡਿਆਂ ਨੂੰ ਪਾਰ ਕਰ ਆਈ ਹੈ। ਇਹ ਮੰਨਣਾ ਕਿ 'ਇਤਿਹਾਸ ਆਪਣੇ ਆਪ ਨੂੰ ਦੁਹਰਾਉਂਦਾ ਹੈ' ਮਨੁੱਖ ਜਾਤੀ ਲਈ ਇਕੁਈਜ਼ੀਸ਼ਨਜ਼ (Inquisitions), ਵਿੱਚ ਬਰਨਿੰਗ (Witch Burning), ਸਲੇਵ ਮਾਰਕਿਟਸ (Slave Markets) ਅਤੇ ਐਕਸਟਰਮੀਨੇਸ਼ਨ ਆਫ਼ ਰੈੱਡ ਇੰਡੀਅਨਜ਼ (Extermination of Red Indians) ਦੀ ਕਾਮਨਾ ਕਰਨ ਦੇ ਤੁੱਲ ਹੈ। ਸਾਨੂੰ ਥੋੜੇ ਜਿਹੇ ਸੁਹਿਰਦ ਹੋਣਾ ਚਾਹੀਦਾ ਹੈ।

•

SIKHBOOKCLUB.COM

# ਵਿਸ਼ਵੀਕਰਣ ਅਤੇ ਹਿੰਦ-ਪਾਕਿ ਮਿੱਤ੍ਰਤਾ

ਐਡਮ ਸਮਿਥ, ਰਿਕਾਰਡੋ ਅਤੇ ਮਾਲਥੱਸ ਦੁਨੀਆ ਵਿੱਚ ਅਰਥ ਸ਼ਾਸਤ੍ਰ ਦੇ ਪਿਤਾਮਾ ਮੰਨੇ ਜਾਂਦੇ ਹਨ। ਐਡਮ ਸਮਿਥ ਵਾਪਾਰ ਨੂੰ ਅੰਤਰ-ਰਾਸ਼ਟਰੀ ਅਮੀਰੀ, ਉੱਨਤੀ ਅਤੇ ਅਮਨ ਦਾ ਸਮਰਥਕ ਅਤੇ ਪ੍ਰੋਤਸਾਹਕ ਮੰਨਦਾ ਸੀ। ਉਸ ਦੇ ਜੀਵਨ ਕਾਲ ਵਿੱਚ ਦੁਨੀਆ ਦੇ ਦੇਸ਼ਾਂ ਦੀਆਂ ਸਰਕਾਰਾਂ ਅਤੇ ਵਾਪਾਰਕ ਸੰਸਥਾਵਾਂ ਨੇ ਉਸ ਦੀ ਗੱਲ ਵੱਲ ਧਿਆਨ ਨਹੀਂ ਦਿੱਤਾ। ਤਕਨੀਕ ਅਤੇ ਸਾਇੰਸ ਨੇ ਮਿਲ ਕੇ ਅਜੇਹੇ ਹਾਲਾਤ ਪੈਦਾ ਕਰ ਦਿੱਤੇ ਹਨ ਕਿ ਉਸ ਦੀਆਂ ਗੱਲਾਂ ਵੱਲ ਧਿਆਨ ਦਿੱਤਾ ਜਾਣਾ ਜ਼ਰੂਰੀ ਹੋ ਗਿਆ ਹੈ। ਅੱਧੀ ਕੁ ਸਦੀ ਦੇ ਸਮੇਂ ਤੋਂ ਵਾਪਾਰ ਦੇ 'ਅੰਤਰ-ਰਾਸ਼ਟਰੀ' ਅਸਲੇ ਨੇ ਵਾਪਾਰ ਦੇ ਵਿਸ਼ਵੀਕਰਣ ਦੀ ਮੰਗ ਕਰਨੀ ਆਰੰਭ ਕੀਤੀ ਹੋਈ ਹੈ। ਇਸ ਮੰਗ ਦਾ ਨਿਸ਼ਚਿਤ ਭਾਸ਼ਾਈ ਰੂਪ ਹੇਠ ਲਿਖੇ ਅਨੁਸਾਰ ਹੈ:

"Globalisation is an approach that actively seeks homogeneity in product, markets, promotion and image based on the belief that world is becoming more homogeneous and differences in material markets are disappearing."

ਇਸ ਦਾ ਪੰਜਾਬੀ ਉਲਥਾ ਇਸ ਪ੍ਰਕਾਰ ਕੀਤਾ ਜਾ ਸਕਦਾ ਹੈ ਕਿ ਸਾਰੀ ਦੁਨੀਆ ਉੱਤੇ ਵਾਪਾਰ ਦੇ ਤੌਰ ਤਰੀਕੇ ਇੱਕ ਪ੍ਰਕਾਰ ਦੇ ਹੁੰਦੇ ਜਾ ਰਹੇ ਹਨ; ਵਿਸ਼ਵੀਕਰਣ ਇਸ ਵਿਸ਼ਵਾਸ ਦੀ ਰੌਸ਼ਨੀ ਵਿੱਚ ਕੀਤਾ ਜਾਣ ਵਾਲਾ ਅਜੇਹਾ ਯਤਨ ਹੈ, ਜਿਸ ਦਾ ਮਨੋਰਥ ਉਪਜ ਦੀਆਂ ਵਸਤਾਂ (ਭਾਵ ਵੱਖਰ) ਵਾਪਾਰਕ ਮੰਡੀਆਂ, ਕਾਰੋਬਾਰੀ ਵਿਕਾਸ ਅਤੇ ਕੌਮੀ ਵਾਪਾਰ ਦੇ ਵੱਕਾਰ ਵਿੱਚ ਸਮਰੂਪਤਾ ਪੈਦਾ ਕਰਨਾ ਹੈ।

ਇਸ ਯਤਨ ਦੇ ਆਸ਼ਿਆਂ ਅਤੇ ਆਸ਼ਿਆਂ ਨੂੰ ਜਨਮ ਦੇਣ ਵਾਲੇ ਵਿਸ਼ਵਾਸ ਦੀ ਸੁਤਾਸਿੱਧ (self evident) ਸੱਚਾਈ ਵੱਲ ਵੇਖਿਆਂ ਵਿਸ਼ਵੀਕਰਣ ਨੂੰ ਖੇਤੀ ਦੇ ਅਵਿਸ਼ਕਾਰ ਅਤੇ ਸਨਅਤੀ ਕ੍ਰਾਂਤੀ ਦੇ ਚਮਤਕਾਰ ਪਿੱਛੋਂ ਸਭਿਅਤਾ ਦੇ ਵਿਕਾਸ ਦਾ ਤੀਜਾ ਪੜਾਅ ਆਖਿਆ ਜਾਣਾ ਚਾਹੀਦਾ ਹੈ। ਕੁਝ ਭਵਿੱਖ-ਮੁਖੀ ਲੋਕ ਇਸ ਨੂੰ ਮਾਨਵ-ਕਲਿਆਣ ਦੀ ਮੰਜ਼ਿਲ ਵੱਲ ਪੁੱਟਿਆ ਹੋਇਆ ਕਦਮ ਆਖਦੇ ਵੀ ਹਨ, ਪਰੰਤੂ ਇਸ ਦਾ ਵਿਰੋਧ ਕਰਨ ਵਾਲਿਆਂ ਦੀ ਗਿਣਤੀ ਵੀ ਘੱਟ ਨਹੀਂ। ਇਸ ਦੀ ਆਲੋਚਨਾ ਕਰਨ ਵਾਲੇ ਲੋਕ ਭੂਤਕਾਲ-ਮੁਖੀ ਹਨ। ਉਹ ਸਨਅਤੀ ਕ੍ਰਾਂਤੀ ਤੋਂ ਪਿੱਛੋਂ ਦੀ ਦੁਨੀਆ ਵਿੱਚ ਹੋਏ ਵਾਪਰੇ ਅਨਿਆਂ ਦੇ ਹਵਾਲੇ ਨਾਲ ਇਹ ਮੰਨਦੇ ਅਤੇ ਕਹਿੰਦੇ ਹਨ ਕਿ ਵਿਸ਼ਵੀਕਰਣ ਵੀ ਉਸੇ ਪ੍ਰਕਾਰ ਦੇ ਕਲੇਸ਼ਾਂ ਨੂੰ ਜਨਮ ਦੇਵੇਗਾ। ਉਹ ਸਨਅਤੀ ਉੱਨਤ ਸਮਾਜਾਂ ਦੁਆਰਾ ਕਾਇਮ ਕੀਤੀਆਂ ਗਈਆਂ ਐਂਪਾਇਰਾਂ ਵੱਲ ਇਸ਼ਾਰਾ ਕਰ ਕੇ ਵਿਸ਼ਵੀਕਰਣ ਨੂੰ ਨਵ-ਬਸਤੀਵਾਦ ਵੀ ਆਖਦੇ ਹਨ। ਉਨ੍ਹਾਂ ਦਾ ਖ਼ਿਆਲ ਹੈ ਕਿ ਇਹ ਪੱਛੜੇ ਦੇਸ਼ਾਂ ਨੂੰ ਨਵੇਂ ਪ੍ਰਕਾਰ ਦੀਆਂ ਮੰਡੀਆਂ ਦਾ ਰੂਪ ਦੇ

ਕੇ ਵਾਪਾਰਕ ਲੁੱਟ ਦੀ ਉਮਰ ਲੰਮੀ ਕਰਨ ਦੀ ਚਾਲ ਹੈ। ਤੀਜੀ ਦੁਨੀਆ ਦੇ ਬੁੱਧੀਜੀਵੀ ਇਸ ਨੂੰ ਆਪਣੇ ਕੌਮੀ ਸਭਿਆਚਾਰਾਂ ਲਈ ਵੱਡਾ ਖ਼ਤਰਾ ਵੀ ਦੱਸਦੇ ਹਨ।

ਵਿਸ਼ਵੀਕਰਣ ਦੀ ਆਲੋਚਨਾ ਜਾਂ ਨਿੰਦਾ ਨੂੰ ਜਨ-ਸਾਧਾਰਣ ਦੁਆਰਾ ਸਹਿਜੇ ਹੀ ਪ੍ਰਵਾਨ ਕਰ ਲਿਆ ਜਾਂਦਾ ਹੈ। ਇਸ ਦੇ ਤਿੰਨ ਕਾਰਨ ਹਨ। ਪਹਿਲਾ ਇਹ ਕਿ ਅਰਥ ਸ਼ਾਸਤਰ ਦੀਆਂ ਗੁੰਝਲਦਾਰ ਥਿਊਰੀਆਂ ਨੂੰ ਜਾਣ ਸਕਣਾ ਸੋਖਾ ਨਹੀਂ; ਦੂਜਾ ਇਹ ਕਿ ਸੋਚਣਾ ਸੌਖੀ ਕਿਰਿਆ ਨਹੀਂ, ਖ਼ਾਸ ਤੌਰ ਉੱਤੇ ਜਨ-ਸਾਧਾਰਣ ਲਈ; ਅਤੇ ਤੀਜਾ ਇਹ ਕਿ ਪੱਛਮੀ ਸਨਅਤੀ ਸਮਾਜਾਂ ਨੂੰ ਲੁਟੇਰੇ, ਓਪਰੇ, ਮਤਲਬ-ਪ੍ਰਸਤ ਸਮਝਣ ਵਿੱਚ ਇਤਿਹਾਸਕ ਸੂਝ-ਬੂਝ ਦੇ ਸਵਾਮੀ ਹੋਣ ਦਾ ਸਬੂਤ ਸਮਝਿਆ ਜਾਂਦਾ ਹੈ।

ਨਿਰਾ ਇਤਿਹਾਸ ਹੀ ਨਹੀਂ ਵਰਤਮਾਨ ਵੀ ਸਾਨੂੰ ਇਵੇਂ ਹੀ ਸੋਚਣ ਦੀ ਪ੍ਰੇਰਣਾ ਦਿੰਦਾ ਹੈ। ਅੰਤਰ-ਰਾਸ਼ਟਰੀਕਰਣ ਅਤੇ ਵਿਸ਼ਵੀਕਰਣ ਦੇ ਯਤਨਾਂ ਨੇ ਵਰਲਡ ਟ੍ਰੇਡ ਔਰਗੇਨਾਈਜ਼ੇਸ਼ਨ, ਗੈਟ, ਇੰਟਰਨੈਸ਼ਨਲ ਮੌਨੇਟਰੀ ਫ਼ੰਡ, ਵਰਲਡ ਬੈਂਕ ਅਤੇ ਔਰਗੇਨਾਈਜ਼ੇਸ਼ਨ ਫ਼ੌਰ ਇਕਨਾਮਿਕ ਕੋਆਪ੍ਰੇਸ਼ਨ ਐਂਡ ਡਿਵੈਲਪਮੈਂਟ ਨਾਂ ਦੀਆਂ ਪੰਜ ਸੰਸਥਾਵਾਂ ਰਾਹੀਂ ਕੰਮ ਆਰੰਭਿਆ ਹੈ ਜਾਂ ਆਪਣੇ ਕੰਮ ਨੂੰ ਸਿਰੇ ਚਾੜ੍ਹਨ ਲਈ ਇਨ੍ਹਾਂ ਪੰਜ ਸੰਸਥਾਵਾਂ ਦੀ ਸਥਾਪਨਾ ਕੀਤੀ ਹੈ। ਇਨ੍ਹਾਂ ਸੰਸਥਾਵਾਂ ਦੇ ਕੰਮਾਂ ਅਤੇ ਅਧਿਕਾਰਾਂ ਦੇ ਵਿਸਥਾਰ ਵਿੱਚ ਜਾਏ ਬਗ਼ੈਰ ਇਹ ਆਖਿਆ ਜਾ ਸਕਦਾ ਹੈ ਕਿ ਹੁਣ ਤਕ ਇਨ੍ਹਾਂ ਤੋਂ ਉੱਨਤ ਸਨਅਤੀ ਦੇਸ਼ਾਂ ਦੀਆਂ ਵਾਪਾਰਕ ਕੰਪਨੀਆਂ ਨੂੰ ਹੀ ਬਹੁਤਾ ਲਾਭ ਹੋਇਆ ਹੈ।

ਇਹ ਸੱਚ ਵਿਸ਼ਵੀਕਰਣ ਦੇ ਆਲੋਚਕਾਂ ਨੂੰ ਬਹੁਤ ਉਤਸਾਹਿਤ ਕਰਦਾ ਹੈ ਅਤੇ ਕਈ ਵੇਰ ਉਨ੍ਹਾਂ ਦੀ ਆਲੋਚਨਾ ਦੇ ਭੁਟਕਾਏ ਅਤੇ ਭੜਕਾਏ ਹੋਏ ਲੋਕ ਵਿਸ਼ਵੀਕਰਣ ਨਾਲ ਸੰਬੰਧਤ ਸਮਾਗਮਾਂ ਅਤੇ ਕਾਨਫ਼ਰੰਸਾਂ ਨੂੰ ਅਸਫ਼ਲ ਕਰਨ ਲਈ ਹੁੱਲੜਬਾਜ਼ੀ, ਭੰਨ-ਤੋੜ ਅਤੇ ਹਿੰਸਾ ਤੋਂ ਵੀ ਕੰਮ ਲੈਂਦੇ ਹਨ।

ਵਿਸ਼ਵੀਕਰਣ ਦੀ ਕਿਰਿਆ ਰਾਹੀਂ ਉੱਨਤ ਪੱਛਮੀ ਦੇਸ਼ਾਂ ਦੀਆਂ ਕੰਪਨੀਆਂ ਨੂੰ ਇਸ ਲਈ ਵਧੇਰੇ ਲਾਭ ਹੁੰਦਾ ਹੈ ਕਿ ਉਹ ਬਹੁਤ ਵਿਸ਼ਾਲ ਹਨ ਅਤੇ ਪੱਛੜੇ ਦੇਸ਼ਾਂ ਵਿੱਚ ਜਾ ਕੇ ਉਨ੍ਹਾਂ ਦੁਆਰਾ ਹੀ ਬਹੁਤਾ ਕੰਮ ਵੀ ਕੀਤਾ ਜਾਂਦਾ ਹੈ। ਇਸ ਗੱਲ ਤੋਂ ਇਨਕਾਰ ਕਰਨ ਵਿੱਚ ਵੀ ਸਿਆਣਪ ਨਹੀਂ ਕਿ ਕੁਝ ਇੱਕ ਕੰਪਨੀਆਂ ਮੌਕਾ-ਪ੍ਰਸਤੀ ਤੋਂ ਕੰਮ ਲੈ ਕੇ ਮੁਨਾਫ਼ੇ ਕਮਾਉਣ ਨੂੰ ਵਿਸ਼ਵ-ਕਲਿਆਣ ਨਾਲੋਂ ਉਚੇਰਾ ਦਰਜਾ ਦਿੰਦੀਆਂ ਹਨ। ਪਰੰਤੂ ਵਿਸ਼ਵੀਕਰਣ ਦਾ ਵਿਰੋਧ ਇਸ ਦਾ ਇਲਾਜ ਨਹੀਂ। ਇਸ ਦਾ ਇਲਾਜ ਹੈ, ਇਨ੍ਹਾਂ ਕੰਪਨੀਆਂ ਦੇ ਆਚਾਰ ਵਿਹਾਰ ਦੀ ਨਿਗਰਾਨੀ। ਪਰਖ ਪੜਚੋਲ ਕੀਤਿਆਂ ਇਹ ਸੱਚ ਸਾਹਮਣੇ ਆਵੇਗਾ ਕਿ ਇਨ੍ਹਾਂ ਕੰਪਨੀਆਂ ਦੇ ਦੁਰਵਿਵਹਾਰ ਪਿੱਛੇ ਪੱਛੜੀ ਦੁਨੀਆ ਦੇ ਦੇਸ਼ਾਂ ਦਾ ਸਿਆਸੀ ਭ੍ਰਿਸ਼ਟਾਚਾਰ ਵੀ ਕੰਮ ਕਰ ਰਿਹਾ ਹੈ।

ਹਰ ਨਿੱਕੀ ਵੱਡੀ ਯੋਜਨਾ ਵਿੱਚ ਤ੍ਰੁਟੀਆਂ-ਊਣਾਂ ਹੁੰਦੀਆਂ ਹੀ ਹਨ। ਰੋਮਨ ਐਂਪਾਇਰ ਦੇ ਸਮੇਂ ਤੋਂ ਲੈ ਕੇ ਹੁਣ ਤਕ ਪੱਛਮੀ ਉੱਨਤ ਅਤੇ ਪ੍ਰਬੰਧਤ ਸਰਕਾਰਾਂ ਟੈਕਸ ਦੇਣ ਦੇ ਮੁਆਮਲੇ ਵਿੱਚ ਕੀਤੀਆਂ ਜਾਣ ਵਾਲੀਆਂ ਹੇਰਾਫੇਰੀਆਂ ਦਾ ਮੁਕੰਮਲ ਇਲਾਜ ਨਹੀਂ ਲੱਭ ਸਕੀਆਂ। ਵਿਸ਼ਵੀਕਰਣ ਤਾਂ ਨਵੀਂ ਕਿਰਿਆ ਹੈ ਅਤੇ ਸੰਸਾਰ-ਵਿਆਪੀ ਵੀ ਹੈ। ਇਸ ਦੇ ਪ੍ਰਬੰਧ ਨੂੰ ਦੋਸ਼ ਰਹਿਤ ਹੋਣ ਵਿੱਚ ਕੁਝ ਸਮਾਂ ਜ਼ਰੂਰ ਲੱਗੇਗਾ।

ਸਾਡੇ ਸਾਹਿਤਕਾਰਾਂ ਅਤੇ ਦੂਜੇ ਸੂਚਨਾ ਸਰੋਤਾਂ ਦੁਆਰਾ ਲੋਕਾਂ ਨੂੰ ਵਿਸ਼ਵੀਕਰਣ ਦੇ ਫ਼ਾਇਦਿਆਂ ਬਾਰੇ ਨਹੀਂ ਦੱਸਿਆ ਜਾਂਦਾ। ਵਿਸ਼ਵੀਕਰਣ ਤੋਂ ਹੋਣ ਵਾਲੇ ਫ਼ਾਇਦੇ ਦੀ ਗੱਲ ਨੂੰ ਉਸੇ ਤਰ੍ਹਾਂ ਦੀ ਘਿਨਾਉਣੀ ਗੱਲ ਸਮਝਿਆ ਜਾਂਦਾ ਹੈ, ਜਿਸ ਤਰ੍ਹਾਂ ਦੀ ਘਿਨਾਉਣੀ ਗੱਲ,

ਕਿਸੇ ਸਮੇਂ ਸਾਡੇ ਦੇਸ਼ ਭਗਤਾਂ ਅਤੇ ਆਜ਼ਾਦੀ ਪ੍ਰੇਮੀਆਂ ਦੁਆਰਾ 'ਅੰਗਰੇਜ਼ੀ ਰਾਜ ਕੀ ਬਰਕਤੇਂ' ਦੇ ਸਿਰਲੇਖ ਹੇਠ ਲਿਖੀ ਵਾਰਤਾ ਨੂੰ ਸਮਝਿਆ ਜਾਂਦਾ ਸੀ। ਕੋਈ ਵੀ ਸੋਚਵਾਨ ਅਤੇ ਈਮਾਨਦਾਰ ਆਦਮੀ ਇਸ ਗੱਲੋਂ ਇਨਕਾਰ ਨਹੀਂ ਕਰ ਸਕਦਾ ਕਿ 'ਅੰਗਰੇਜ਼ੀ ਰਾਜ ਕੀ ਬਰਕਤੇਂ' ਵਾਲੀ ਵਾਰਤਾ ਵਿੱਚ ਅਸਲੀਅਤ ਥਹੁਤੀ ਅਤੇ ਬਨਾਵਟ ਘੱਟ ਹੁੰਦੀ ਸੀ। ਮੈਂ ਪ੍ਰਾਇਮਰੀ ਸਕੂਲ ਵਿੱਚ ਪੜ੍ਹਦਿਆਂ 'ਅੰਗਰੇਜ਼ੀ ਰਾਜ ਕੀ ਬਰਕਤੇਂ' ਮਜ਼ਮੂਨ ਪੜ੍ਹਿਆ ਸੀ; ਸੁਣੀ ਸੁਣਾਈ ਗੱਲ ਨਹੀਂ ਕਰ ਰਿਹਾ।

ਹੁਣ ਨਾ ਐਂਪਾਇਰਾਂ ਦਾ ਸਮਾਂ ਹੈ, ਨਾ ਬਸਤੀਵਾਦ ਦਾ। ਹੁਣ ਇਕਨਾਮਿਕ ਗਲੋਬਲਾਈਜ਼ੇਸ਼ਨ ਦਾ ਯੁਗ ਹੈ। ਹੁਣ ਕੋਈ ਦੇਸ਼ ਕਿਸੇ ਦੂਜੇ ਦੇਸ਼ ਦੀ ਵਾਪਾਰਕ ਲੁੱਟ ਦੀ ਮੂਰਖਤਾ ਨਹੀਂ ਕਰ ਸਕਦਾ। ਜਿਨ੍ਹਾਂ ਉੱਤੇ ਲੁਟੇਰੇ ਹੋਣ ਦਾ ਇਲਜ਼ਾਮ ਲਾਇਆ ਜਾਂਦਾ ਹੈ, ਉਨ੍ਹਾਂ ਨੂੰ ਇਹ ਪਤਾ ਹੈ ਕਿ ਖਪਤਕਾਰ ਉਨ੍ਹਾਂ ਦੀ ਅਮੀਰੀ, ਉਨ੍ਹਾਂ ਦੀ ਸਰਦਾਰੀ, ਉਨ੍ਹਾਂ ਦੀ ਸਦੀਵਤਾ ਦਾ ਸਾਧਨ ਹੈ। ਇਸ ਬਚਪਨ ਦੀ ਖ਼ਰੀਦ-ਸ਼ਕਤੀ ਨੂੰ ਵਧਾਉਣ ਵਿੱਚ ਉਨ੍ਹਾਂ ਦਾ ਭਲਾ ਹੈ; ਇਸ ਨੂੰ ਲੁੱਟਣ ਵਿੱਚ ਨਹੀਂ। ਅੱਜ ਦੇ ਕਾਰਖ਼ਾਨੇਦਾਰ ਅਤੇ ਅੱਜ ਦੇ ਵਾਪਾਰੀ ਨੂੰ ਕੋਤਾਹ ਅੰਦੇਸ਼, ਨਿਕਟ-ਦ੍ਰਿਸ਼ਟੀ ਜਾਂ ਥੋੜ-ਮੱਤਾ ਸਮਝਣ ਜਿੰਨੀ ਕੋਤਾਹ-ਅੰਦੇਸ਼ੀ ਹੋ ਹੀ ਨਹੀਂ ਸਕਦੀ।

ਤੀਜੀ ਦੁਨੀਆ ਦੇ ਅਨੇਕ ਸਿਆਸੀ ਝਮੇਲਿਆਂ ਅਤੇ ਸਮਾਜਕ ਕਲੇਸ਼ਾਂ ਵੱਲ ਇਸ਼ਾਰਾ ਕਰ ਕੇ ਪੱਛਮੀ ਕੌਮਾਂ ਦੀ ਨੀਅਤ ਉੱਤੇ ਸ਼ੱਕ ਕਰਨ ਨੂੰ ਸਿਆਣਪ ਸਿੱਧ ਕੀਤੀ ਜਾਣਾ ਆਮ ਹੈ। ਮੈਨੂੰ ਲੱਗਦਾ ਹੈ ਕਿ ਪੱਛਮੀ ਦੇਸ਼ਾਂ ਦੀ ਨੀਅਤ ਉੱਤੇ ਸ਼ੱਕ ਕਰਨ ਦੀ ਥਾਂ ਆਪਣੇ ਦੇਸ਼ਾਂ ਦੇ ਮੱਧਕਾਲੀਨ ਵਿਰਸੇ ਦੀ ਪੜਚੋਲ ਕਰਨੀ ਵਧੇਰੇ ਲਾਭਦਾਇਕ ਹੋ ਸਕਦੀ ਹੈ। ਮੈਂ ਇਹ ਵੀ ਨਹੀਂ ਕਹਿਣਾ ਚਾਹੁੰਦਾ ਕਿ ਪੱਛਮੀ ਤਾਕਤਾਂ ਸੱਤਾ-ਰੋਗ ਤੋਂ ਪੂਰੀ ਤਰ੍ਹਾਂ ਮੁਕਤੀ ਪਾ ਚੁੱਕੀਆਂ ਹਨ। ਦੂਜੇ ਸੰਸਾਰ ਯੁੱਧ ਤੋਂ ਪਿੱਛੋਂ ਰੂਸ ਨੂੰ ਐਂਪਾਇਰ ਦੀ ਉਸਾਰੀ ਦਾ ਝੱਲ ਹੋਇਆ ਸੀ ਅਤੇ ਠੰਢੀ ਜੰਗ ਦੀ ਸਮਾਪਤੀ ਪਿੱਛੋਂ ਅਮਰੀਕਾ ਦੁਨੀਆ ਦੇ ਦੇਸ਼ਾਂ ਨੂੰ ਆਪਣੀ ਪਸੰਦ ਦੀਆਂ ਸਰਕਾਰਾਂ ਸਥਾਪਿਤ ਕਰ ਕੇ ਦੇਣ ਦਾ ਅਧਿਕਾਰ ਪ੍ਰਾਪਤ ਕਰਨਾ ਚਾਹੁੰਦਾ ਹੈ। ਜੇ ਦੁਨੀਆ ਦੇ ਲੋਕ ਆਪਣੇ ਜੀਵਨ ਨੂੰ ਸੁਖੀ, ਸਤਿਕਾਰਯੋਗ ਅਤੇ ਸੁਰੱਖਿਅਤ ਨਾ ਬਣਾ ਸਕੇ ਤਾਂ ਅਮਰੀਕਾ ਆਪਣੇ ਯਤਨਾਂ ਵਿੱਚ ਲੱਗਾ ਰਹੇਗਾ; ਸ਼ਾਇਦ ਸਫ਼ਲ ਵੀ ਹੋ ਜਾਵੇ। ਜੇ ਵਾਪਾਰਕ ਵਿਸ਼ਵੀਕਰਣ ਨੇ ਦੁਨੀਆ ਦੇ ਦੇਸ਼ਾਂ ਵਿੱਚ ਸਤਿਕਾਰਯੋਗ ਸੁਖੀ ਜੀਵਨ ਦੀ ਸਥਾਪਨਾ ਅਤੇ ਕੌਮਾਂ ਵਿੱਚ ਦੋਸਤੀ ਦਾ ਵਾਤਾਵਰਣ ਪੈਦਾ ਕਰ ਦਿੱਤਾ ਤਾਂ ਹਾਲਤ ਬਦਲ ਸਕਦੀ ਹੈ।

ਦੋਸਤੀ ਦੇ ਵਾਤਾਵਰਣ ਲਈ ਸੁਹਣੇ, ਸੁਖੀ ਅਤੇ ਸਤਿਕਾਰਯੋਗ ਜੀਵਨ ਦਾ ਭਰੋਸਾ ਪਹਿਲੀ ਲੋੜ ਹੈ। ਇਸ ਭਰੋਸੇ ਦੀ ਅਣਹੋਂਦ ਵਿੱਚ "ਏਕ ਨੂਰ ਤੇ ਸਭੁ ਜਗੁ ਉਪਜਿਆ" ਦਾ ਪ੍ਰਚਾਰ ਅਤੇ ਸਭਿਆਚਾਰਕ ਸਾਂਝ ਦੇ ਇਤਿਹਾਸਾਂ ਦਾ ਵਾਸਤਾ ਕੌਮੀ ਦੋਸਤੀਆਂ ਦਾ ਆਧਾਰ ਨਹੀਂ ਬਣ ਸਕਦਾ। ਸਭਿਆਚਾਰਕ ਏਕਤਾ ਦੇ ਵਾਸਤੇ ਪਾਈ ਜਾਣੇ—ਆਜ਼ਮੂਦਾ ਰਾ ਆਜ਼ਮੂਦਨ, ਪਰਖੇ ਹੋਏ ਨੂੰ ਮੁੜ ਪਰਖਣ ਦੀ ਨਿਕੰਮੀ ਕਿਰਿਆ ਹੈ। ਇੱਕ ਮਿਸਾਲ ਦਿੰਦਾ ਹਾਂ। ਖ਼ਾਲਸਾ ਹਾਈ ਸਕੂਲ ਵਿੱਚ ਪੜ੍ਹਦਿਆਂ ਗੁਰੂ ਨਾਨਕ ਦੇਵ ਜੀ ਦੇ ਅੰਤ ਸਮੇਂ ਜਾਂ ਜੋਤੀ ਜੋਤਿ ਸਮਾਉਣ ਦੇ ਸਮੇਂ ਬਾਰੇ ਸਾਖੀ ਪੜ੍ਹੀ ਸੀ। ਗੁਰੂ ਜੀ ਦੇ ਚੋਲਾ ਛੱਡਣ ਉੱਤੇ ਹਿੰਦੂਆਂ ਅਤੇ ਮੁਸਲਮਾਨਾਂ ਵਿੱਚ ਲੜਾਈ ਹੋ ਪਈ। ਹਿੰਦੂ ਕਹਿਣ, "ਸਾਡਾ ਅਵਤਾਰ ਹੈ, ਗੁਰੂ ਹੈ; ਅਸਾਂ ਜਲਾਉਣਾ ਹੈ।" ਮੁਸਲਮਾਨ ਕਹਿਣ, "ਸਾਡਾ ਪੀਰ ਹੈ, ਵਲੀ ਅੱਲ੍ਹਾ ਹੈ; ਅਸਾਂ ਦਫ਼ਨਾਉਣਾ ਹੈ।" ਹੋ ਸਕਦਾ ਹੈ ਡਾਂਗ ਸੋਟਾ ਚੱਲਿਆ ਹੋਵੇ, ਪਰ ਸਾਖੀ ਵਿੱਚ ਲਿਖਿਆ ਹੈ ਕਿ ਕਿਸੇ ਸਿਆਣੇ ਨੇ ਆਖਿਆ, "ਚਾਦਰ ਚੁੱਕ ਕੇ ਗੁਰੂ ਜੀ ਦੇ ਸਰੀਰ ਦੇ ਦਰਸ਼ਨ ਤਾਂ

ਕਰ ਲੈਣ ਦਿਓ; ਫਿਰ ਜੋ ਮਰਜ਼ੀ ਕਰਿਓ।" ਵੇਖਿਆ ਤਾਂ ਗੁਰੂ ਜੀ ਦਾ ਸਰੀਰ ਉੱਥੇ ਹੈ ਹੀ ਨਹੀਂ ਸੀ।

ਇਹ ਸਾਖੀ ਗੁਰੂ ਜੀ ਦੇ ਸੁਲਾਹਕੁਲ ਅਤੇ ਸਾਂਝਾ ਹੋਣ ਦੇ ਪ੍ਰਮਾਣ ਵਜੋਂ ਪੇਸ਼ ਕੀਤੀ ਜਾਂਦੀ ਸੀ। ਉਦੋਂ ਮੈਂ ਇਵੇਂ ਹੀ ਮੰਨਦਾ ਸਾਂ। ਅੱਜ ਸੋਚਦਾ ਹਾਂ ਗੁਰੂ ਜੀ ਨੇ ਪੰਝੀ-ਤੀਹ ਵਰ੍ਹੇ ਫਿਰ ਤੁਰ ਕੇ ਧਰਮ ਦਾ ਉਪਦੇਸ਼ ਦਿੱਤਾ। ਅਠਾਰਾਂ ਵੀਹ ਸਾਲ ਕਰਤਾਰਪੁਰ ਦੇ ਇਲਾਕੇ ਵਿੱਚ ਵੱਸ ਕੇ ਲੋਕਾਂ ਨੂੰ ਇੱਕ ਰੱਬ ਦੇ ਪੁੱਤਰ ਹੋਣ ਦੀ ਸਿੱਖਿਆ ਦਿੱਤੀ। ਉਨ੍ਹਾਂ ਦੇ ਨੇਤਰ ਬੰਦ ਹੁੰਦਿਆਂ ਹੀ ਹਿੰਦੂਆਂ ਮੁਸਲਮਾਨਾਂ ਨੇ ਡਾਂਗਾਂ ਕੱਢ ਲਈਆਂ। ਇਹ ਗੁਰੂ ਜੀ ਦੇ ਪ੍ਰਚਾਰ ਦੀ ਸਫਲਤਾ ਦਾ ਸਬੂਤ ਸੀ ਕਿ ਨਾਕਾਮੀ ਦਾ ? ਧਾਰਮਕ ਫ਼ਸਾਦਾਂ ਦਾ ਇਤਿਹਾਸ ਇਹ ਕਹਿੰਦਾ ਹੈ ਕਿ ਇਹ ਨਾਕਾਮੀ ਦਾ ਸਬੂਤ ਹੀ ਮੰਨਿਆ ਜਾਣਾ ਚਾਹੀਦਾ ਹੈ। ਗੁਰੂ ਜੀ ਸੁਲਾਹਕੁਲ ਸਨ; ਪਰ ਲੋਕਾਂ ਦਾ ਸਿਆਣੇ ਹੋਣਾ ਮੁਸ਼ਕਲ ਸੀ।

ਜੇ ਵਿਸ਼ਵੀਕਰਣ ਨੇ ਦੇਸ਼ਾਂ ਵਿੱਚ ਸਤਿਕਾਰਯੋਗ ਵਾਪਾਰਕ ਰਿਸ਼ਤੇ ਕਾਇਮ ਕਰ ਦਿੱਤੇ ਤਾਂ ਲੋਕਾਂ ਨੂੰ ਰੱਜਵੀਂ ਰੋਟੀ ਮਿਲਣ ਦਾ ਪ੍ਰਬੰਧ ਹੋ ਸਕਦਾ ਹੈ। ਅਜੇਹਾ ਹੋਣ ਪਿੱਛੋਂ ਦੇਸ਼ਾਂ ਦੇ ਸਾਂਝੇ ਧਨ ਨਾਲ ਵੱਡੇ ਵੱਡੇ ਵਾਪਾਰਕ ਕੇਂਦਰ, ਸੜਕਾਂ, ਪੁਲ, ਕਾਰਖ਼ਾਨੇ, ਬੈਂਕ ਅਤੇ ਕਿੰਨਾ ਕੁਝ ਉਸਾਰਿਆ ਜਾਣਾ ਜ਼ਰੂਰੀ ਹੋ ਜਾਵੇਗਾ। ਸਾਂਝੇ ਪੈਸਿਆਂ ਨਾਲ ਅਤੇ ਸਾਂਝੇ ਯਤਨ ਨਾਲ ਗੁਆਂਢੀ ਦੇਸ਼ਾਂ ਵਿੱਚ ਉਸਾਰੇ ਹੋਏ ਇਨ੍ਹਾਂ ਸਥਾਨਾਂ ਉੱਤੇ ਗੋਲਾਬਾਰੀ ਕਰਨ ਦੀ ਹਿਮਾਕਤ ਕੋਈ ਗੁਆਂਢੀ ਦੇਸ਼ ਨਹੀਂ ਕਰੇਗਾ। ਗੁਆਂਢੀ ਦੇਸ਼ ਦੀ ਆਰਥਕਤਾ ਨੂੰ ਨੁਕਸਾਨ ਪੁਚਾ ਕੇ ਆਪਣੀ ਆਰਥਕਤਾ ਨੂੰ ਡਾਵਾਂਡੋਲ ਕਰਨ ਵਿੱਚ ਬਹਾਦਰੀ ਦਾ ਅਹਿਸਾਸ ਵੱਡੀ ਮੂਰਖ਼ਤਾ ਬਣ ਜਾਵੇਗੀ। ਇੱਕ ਦੂਜੇ ਉੱਤੇ ਭਰੋਸਾ ਕਰਨਾ ਜ਼ਰੂਰੀ ਹੋ ਜਾਵੇਗਾ। ਜਦੋਂ ਭਰੋਸਾ ਹੋ ਗਿਆ, ਉਦੋਂ ਸਰਹੱਦਾਂ ਦੀ ਰਖਵਾਲੀ ਦੀ ਚਿੰਤਾ ਮੁੱਕ ਜਾਵੇਗੀ; ਸ਼ਾਇਦ ਸਰਹੱਦਾਂ ਅਲੋਪ ਹੀ ਹੋ ਜਾਣ।

ਮੈਨੂੰ ਦੇਸ਼ਾਂ, ਖ਼ਾਸ ਕਰਕੇ ਹਿੰਦੁਸਤਾਨ ਅਤੇ ਪਾਕਿਸਤਾਨ ਦੀ ਦੋਸਤੀ ਦਾ ਵਿਸ਼ਵੀਕਰਣ ਤੋਂ ਵੱਧ ਵਿਗਿਆਨਕ ਅਤੇ ਪ੍ਰੈਕਟੀਕਲ ਤਰੀਕਾ ਨਜ਼ਰ ਨਹੀਂ ਆਉਂਦਾ। ਜੇ ਗੁਰੂ ਨਾਨਕ ਦੇਵ ਜੀ ਦੇ ਚਾਲੀ-ਪੰਜਤਾਲੀ ਸਾਲ ਲੰਮੇ ਧਰਮ-ਪ੍ਰਚਾਰ ਦਾ ਅਸਰ ਉਨ੍ਹਾਂ ਦੇ ਅੰਤਮ ਸੰਸਕਾਰ ਤੋਂ ਪਹਿਲਾਂ ਅਲੋਪ ਹੋ ਸਕਦਾ ਹੈ; ਜੇ ਮਹਾਤਮਾ ਗਾਂਧੀ ਜੀ ਦੇ 'ਈਸ਼ਵਰ ਅੱਲ੍ਹਾ ਤੇਰੋ ਨਾਮ' ਦੀ ਧੁਨੀ, ਉਨ੍ਹਾਂ ਦੇ ਜੀਉਂਦੇ ਜੀ ਹਿੰਦੂ-ਮੁਸਲਮ ਫ਼ਸਾਦਾਂ ਦੇ ਰੌਲੇ ਅਤੇ ਮਜ਼ਲੂਮਾਂ ਦੀ ਹਾਹਾਕਾਰ ਹੇਠ ਦੱਬੀ ਜਾ ਸਕਦੀ ਹੈ, ਤਾਂ ਇਹ ਸਮਝਣਾ ਬਚਪਨਾ ਹੈ ਕਿ ਕੁਝ ਇੱਕ ਸਾਹਿਤਕਾਰਾਂ ਅਤੇ ਸਿਆਸੀ ਲੀਡਰਾਂ ਦੀਆਂ ਮਿਲਣੀਆਂ ਇਸ ਸੰਬੰਧ ਵਿੱਚ ਕਿਸੇ ਪ੍ਰਕਾਰ ਦਾ ਚਿਰ-ਸਥਾਈ ਪ੍ਰਭਾਵ ਪਾ ਸਕਦੀਆਂ ਹਨ। ਇਨ੍ਹਾਂ ਮਿਲਣੀਆਂ ਨੂੰ ਮਿੱਤ੍ਰਤਾ ਦੀ ਇੱਛਾ ਦਾ ਪ੍ਰਗਟਾਵਾ ਮਾਤ੍ਰ ਸਮਝਿਆ ਜਾਣਾ ਚਾਹੀਦਾ ਹੈ ਅਤੇ ਇਹ ਪ੍ਰਗਟਾਵਾ ਜਾਰੀ ਰੱਖਿਆ ਜਾਣਾ ਚਾਹੀਦਾ ਹੈ। ਇਨ੍ਹਾਂ ਦੋ ਦੇਸ਼ਾਂ ਦੀ ਦੋਸਤੀ ਦਾ ਕੰਮ ਏਨਾ ਵੱਡਾ ਹੈ ਕਿ ਇਸ ਵਿੱਚ ਸਫ਼ਲ ਹੋਣ ਲਈ ਵਿਸ਼ਵੀਕਰਣ ਵਰਗੇ ਵੱਡੇ, ਪ੍ਰਬਲ ਅਤੇ ਅੰਤਰ-ਰਾਸ਼ਟਰੀ ਯਤਨ ਅਤੇ ਆਰਥਕ ਵਿਕਾਸ ਦੇ ਆਧੁਨਿਕ ਤਰੀਕਿਆਂ ਦੀ ਲੋੜ ਹੈ।

ਵਿਸ਼ਵੀਕਰਣ ਅੰਤਰ-ਰਾਸ਼ਟਰੀ ਹੋਣ ਦੇ ਨਾਲ ਨਾਲ ਆਰਥਕ ਅਤੇ ਵਾਪਾਰਕ ਯਤਨ ਹੈ। ਆਰਥਕ ਯਤਨ ਹੋਣ ਕਰਕੇ ਇਹ ਜਨ-ਸਾਧਾਰਣ ਦੇ ਜੀਵਨ ਵਿੱਚਲੀ ਸੁੰਦਰਤਾ ਦੇ ਵਾਧੇ ਦਾ ਯਤਨ ਹੈ। ਜਦੋਂ ਅਸੀਂ ਇਹ ਆਖਦੇ ਹਾਂ ਕਿ ਸਾਂਝੇ ਪੰਜਾਬ ਵਿੱਚ ਅਸੀਂ ਸਾਰੇ ਰਲ-ਮਿਲ ਕੇ ਰਹਿੰਦੇ ਸਾਂ, ਉਦੋਂ ਅਸੀਂ ਇਸ ਸੱਚ ਦਾ ਸਮਰਥਨ ਕਰ ਰਹੇ ਹੁੰਦੇ ਹਾਂ ਕਿ ਸਾਧਾਰਣ ਆਦਮੀ ਦਾ ਆਰਥਕ ਜੀਵਨ ਝਗੜਿਆਂ ਨਾਲ ਸੰਬੰਧਤ ਨਹੀਂ। ਝਗੜਿਆਂ ਦਾ ਸੰਬੰਧ ਮੁੱਖ ਰੂਪ ਵਿੱਚ

WWW.SIKHBOOKCLUB.COM 

ਮਨੁੱਖ ਦੇ ਕੌਮੀ, ਮਜ਼ਹਬੀ, ਸਿਆਸੀ, ਦਾਰਸ਼ਨਿਕ ਅਤੇ ਸਭਿਆਚਾਰਕ ਆਦਰਸ਼ਾਂ ਨਾਲ ਹੈ। ਆਪਣੀ ਆਰਥਕ ਉੱਨਤੀ ਵਿੱਚ ਰੁੱਝੇ ਹੋਏ ਆਦਮੀ ਨੂੰ ਇਨ੍ਹਾਂ ਆਦਰਸ਼ਾਂ ਨਾਲ ਬਹੁਤਾ ਸਰੋਕਾਰ ਨਹੀਂ ਹੁੰਦਾ। ਇਨ੍ਹਾਂ ਆਦਰਸ਼ਾਂ ਦੇ ਮਤਵਾਲੇ ਆਰਥਕ ਉੱਨਤੀ ਦੀ ਇੱਛਾ ਨੂੰ ਬਹੁਤੀ ਸਤਿਕਾਰਯੋਗ ਨਹੀਂ ਮੰਨਦੇ। ਮੇਰਾ ਵਿਸ਼ਵਾਸ ਹੈ ਕਿ ਆਰਥਕ ਉੱਨਤੀ ਇਨ੍ਹਾਂ ਮੱਧਕਾਲੀਨ ਆਦਰਸ਼ਾਂ ਨਾਲ ਮਨੁੱਖਤਾ ਦਾ ਨਵਾਂ ਸੰਬੰਧ ਸਥਾਪਤ ਕਰ ਕੇ ਸਾਡੇ ਸਮਾਜਕ ਝਗੜਿਆਂ ਦਾ ਅੰਤ ਕਰ ਸਕਦੀ ਹੈ।

ਇਹ ਸੱਚ ਹੈ ਕਿ ਈਸਟ ਇੰਡੀਆ ਕੰਪਨੀ ਨੇ ਵਾਪਾਰ ਦੇ ਆਧਾਰ ਉੱਤੇ ਐਂਪਾਇਰ ਕਾਇਮ ਕੀਤੀ ਸੀ। ਉਦੋਂ ਐਂਪਾਇਰਾਂ ਆਦਰਸ਼ ਸਨ ਅਤੇ ਆਦਰਸ਼ਾਂ ਦੀ ਪ੍ਰਾਪਤੀ ਲਈ ਕੋਈ ਵੀ ਸਾਧਨ ਅਪਣਾਇਆ ਜਾਣਾ ਯੋਗ ਸਮਝਿਆ ਜਾਂਦਾ ਸੀ। ਵਿਸ਼ਵੀਕਰਣ ਆਰਥਕ ਉੱਨਤੀ, ਕੌਮਾਂਤਰੀ ਮਿਲਵਰਤਣ ਅਤੇ ਆਪਸੀ ਨਿਰਭਰਤਾ ਨੂੰ ਜੀਵਨ ਦਾ ਸੱਚ ਮੰਨਦਾ ਹੈ; ਤੇ ਕੌਮੀ ਅਣਖ, ਸਭਿਆਚਾਰਕ ਸ੍ਰੇਸ਼ਟਤਾ ਅਤੇ ਸੂਰਬੀਰਤਾ ਨੂੰ ਐਟੀਲਿਆਂ, ਚੰਗੇਜ਼ਾਂ, ਨਾਦਰਾਂ, ਨਲਵਿਆਂ, ਅਬਦਾਲੀਆਂ, ਤੈਮੂਰਾਂ, ਕ੍ਰੂਸੇਡਰਾਂ ਅਤੇ ਜਹਾਦੀਆਂ ਦੀ ਦੁਨੀਆ ਦੇ ਖੋਟੇ ਸਿੱਕੇ ਸਿੱਧ ਕਰਦਾ ਹੈ।

ਤੀਜੀ ਦੁਨੀਆ ਦੇ ਬੁੱਧੀਜੀਵੀ ਵਿਸ਼ਵੀਕਰਣ ਨਾਲ ਆਪੋ-ਆਪਣੇ ਕਲਚਰਾਂ ਨੂੰ ਹੋਣ ਵਾਲੀ ਹਾਨੀ ਦੀ ਬਹੁਤ ਚਿੰਤਾ ਕਰਦੇ ਹਨ। ਮੇਰੀ ਜਾਚੇ ਕਲਚਰਾਂ, ਸੰਸਕ੍ਰਿਤੀਆਂ ਅਤੇ ਸਭਿਆਚਾਰਾਂ ਨੂੰ ਮਹੱਤਵਪੂਰਣ ਮੰਨਣਾ ਜੀਵਨ ਵਿਚਲੀਆਂ ਵੰਡਾਂ ਨੂੰ ਮਹੱਤਵਪੂਰਣ ਮੰਨਣਾ ਹੈ। ਇਹ ਕੰਮ ਬੁੱਧੀਜੀਵੀਆਂ ਅਤੇ ਸਾਹਿਤਕਾਰਾਂ ਦਾ ਨਹੀਂ; ਸਿਆਸਤਦਾਨਾਂ ਦਾ ਹੈ। ਸਾਹਿਤਕਾਰ ਅਹਿਲੇ-ਨਜ਼ਰ ਹੁੰਦਾ ਹੈ ਅਤੇ 'ਕ਼ਿਬਲਾ ਕੋ ਅਹਿਲੇ-ਨਜ਼ਰ ਕ਼ਿਬਲਾ ਨੁਮਾ ਕਹਿਤੇ ਹੈਂ।' ਸਾਹਿਤਕਾਰ ਲਈ ਸਭਿਆਚਾਰਾਂ ਦੀ ਹੋਂਦ ਦਲਦੇ ਪਰਛਾਵਿਆਂ ਨਾਲੋਂ ਬਹੁਤੀ ਲੰਮੇਰੀ ਨਹੀਂ ਹੋਣੀ ਚਾਹੀਦੀ। ਜਿਹੜਾ ਸਾਹਿਤਕਾਰ ਸਾਰੇ ਸਭਿਆਚਾਰਾਂ ਨੂੰ ਜੀਵਨ ਦੀ ਕੁਠਾਲੀ ਵਿੱਚ ਪਾ ਕੇ ਇਨ੍ਹਾਂ ਵਿੱਚ ਸਾਂਝੀ ਮਨੁੱਖੀ ਸੁੰਦਰਤਾ ਦਾ ਜੌਹਰ ਨਹੀਂ ਨਿਚੋੜ ਸਕਦਾ, ਉਹ ਅਜੇ ਬੱਚਾ ਹੈ:

*ਕ਼ਤਰਾ ਮੇਂ ਦਜਲਾ ਦਿਖਾਈ ਨ ਦੇ ਔਰ ਜੁਜ਼ ਮੇਂ ਕੁੱਲ,*
*ਖੇਲ ਲੜਕੋਂ ਕਾ ਹੁਵਾ, ਦੀਦਾ-ਏ-ਬੀਨਾ ਨ ਹੁਵਾ।*

ਵਿਸ਼ਵੀਕਰਣ ਮਨੁੱਖਤਾ ਵਿੱਚਲੀਆਂ ਵੰਡਾਂ ਦਾ ਅਲੋਪੀਕਰਣ ਹੈ; ਸਾਰੀ ਦੁਨੀਆ ਦੇ ਪੁਨਰ-ਸੰਗਠਨ ਦਾ ਸੁਪਨਾ ਹੈ; ਸੈਨਿਕ ਸੱਤਾ ਦੇ ਸਹਾਰੇ ਜੀਣ ਵਾਲੀਆਂ ਸਿਆਸੀ ਜਥੇਬੰਦੀਆਂ (Nations) ਨੂੰ ਵਾਪਾਰਕ ਸਹਿਯੋਗ ਦੇ ਸਹਾਰੇ ਇਕਨਾਮਿਕ ਸੁਸਾਇਟੀ ਬਣਾਉਣ ਦਾ ਯਤਨ ਹੈ; ਸੌਵਰਿਨੀ ਜੋ ਹੁਣ ਤਕ ਕੌਮੀ ਦੁਸ਼ਮਣੀਆਂ ਅਤੇ ਜੰਗਾਂ ਦੀ ਜਾਂਗਲੀਅਤ ਦਾ ਆਧਾਰ ਅਤੇ ਕਾਰਨ ਬਣੀ ਆ ਰਹੀ ਹੈ, ਇਸ ਨੂੰ ਆਰਥਕ ਨਿਰਭਰਤਾ ਦਾ ਮਨੁੱਖੀ ਅਤੇ ਸਭਿਅ ਰੂਪ ਦੇ ਕੇ ਕੌਮੀ ਮਿੱਤ੍ਰਤਾਵਾਂ ਦਾ ਆਧਾਰ ਬਣਾਉਣ ਦੀ ਸਿਆਣਪ ਹੈ ਅਤੇ ਧਰਤੀ ਦੇ ਸੋਮਿਆਂ ਦੀ ਸਾਂਝੀ ਤੇ ਸਿਆਣੀ ਵਰਤੋਂ ਦੇ ਸਹਾਰੇ ਸਾਰੀ ਧਰਤੀ ਨੂੰ ਮਨੁੱਖਤਾ ਦਾ ਸਾਂਝਾ ਵਿਹੜਾ ਬਣਾਉਣ ਦੀ ਸੰਭਾਵਨਾ ਹੈ। ਇਸ ਨੂੰ ਅਣਹੋਣੀ ਜਾਂ ਅਸੰਭਵ ਸਮਝਣ ਦਾ ਭਾਵ ਹੈ ਕਿ ਅਸੀਂ ਅਮੀਬਾ ਤੋਂ ਅਰਸਤੂ ਤਕ ਦੇ ਵਿਗਿਆਨਕ ਵਿਕਾਸ ਦੇ ਵਾਕਿਫ਼ ਨਹੀਂ, ਸਗੋਂ ਆਦਮ ਦੇ ਸਵਰਗੋਂ ਸੁੱਟੇ ਜਾਣ ਦੀ ਵਿਚਿੱਤਰ-ਵਾਰਤਾ ਦੇ ਵਿਸ਼ਵਾਸੀ ਬੱਚੇ ਹਾਂ। ਜਿੰਨਾ ਚਿਰ ਬੱਚੇ ਬਣੇ ਰਹਾਂਗੇ, ਓਨਾ ਚਿਰ ਆਪਣੀਆਂ ਕਮਜ਼ੋਰੀਆਂ ਲਈ ਓਪਰਿਆਂ ਨੂੰ (ਵਿਸ਼ੇਸ਼ ਕਰਕੇ ਅੰਗਰੇਜ਼ਾਂ ਨੂੰ) ਜ਼ਿੰਮੇਦਾਰ ਕਹਿੰਦੇ ਰਹਾਂਗੇ।

•

# ਖਪਤਵਾਦ

ਖਪਤਵਾਦ ਇੱਕ ਨਵਾਂ ਸ਼ਬਦ-ਯੋਗ ਹੈ ਜੋ ਮਸ਼ੀਨ ਦੀ ਬਹੁ-ਮਾਤ੍ਰਾ ਉਤਪਾਦਨ-ਸ਼ਕਤੀ ਕਾਰਨ ਉਪਜ ਅਤੇ ਖਪਤ ਵਿਚਕਾਰ ਉਪਜੇ ਹੋਏ ਨਵੇਂ ਰਿਸ਼ਤੇ ਦਾ ਲਖਾਇਕ ਹੈ। ਮਸ਼ੀਨੀ ਕ੍ਰਾਂਤੀ ਤੋਂ ਪਹਿਲਾਂ ਉਪਜ ਅਤੇ ਖਪਤ ਵਿੱਚ ਸਰਲ ਅਤੇ ਸਤਿਕਾਰਯੋਗ ਸੰਬੰਧ ਨਹੀਂ ਸੀ। ਕੁਦਰਤੀ ਵਸੀਲਿਆਂ ਤੋਂ ਪਿੱਛੋਂ ਮਨੁੱਖੀ ਮਿਹਨਤ ਉਪਜ ਦਾ ਵੱਡਾ ਸਾਧਨ ਸੀ। ਇਸ ਮਿਹਨਤ ਵਿੱਚ ਪਸ਼ੂਆਂ ਦੀ ਮਿਹਨਤ ਵੀ ਸ਼ਾਮਲ ਸੀ ਅਤੇ ਮਨੁੱਖੀ ਮਿਹਨਤ ਨਾਲੋਂ ਬਹੁਤਾ ਸਤਿਕਾਰ ਹਾਸਲ ਕਰਦੀ ਸੀ ਕਿਉਂਕਿ ਮਨੁੱਖ ਅਤੇ ਪਸ਼ੂ ਉਤਪਾਦਨ ਦੀ ਕਿਰਿਆ ਵਿੱਚ ਇੱਕ ਦੂਜੇ ਦੇ ਨੇੜਲੇ ਸੰਬੰਧੀ ਅਤੇ ਸਹਾਇਕ ਹੁੰਦੇ ਸਨ। ਪਸ਼ੂ ਪੂਰੀ ਈਮਾਨਦਾਰੀ ਅਤੇ ਹਿੰਮਤ ਨਾਲ ਕੰਮ ਕਰਦੇ ਸਨ ਅਤੇ ਮਨੁੱਖ ਪੂਰੀ ਨੇਕ-ਦਿਲੀ ਅਤੇ ਲਗਨ ਨਾਲ ਪਸ਼ੂਆਂ ਦੀ ਦੇਖ-ਭਾਲ ਕਰਦੇ ਸਨ। ਭਾਰਤ ਵਰਗੇ ਦੇਸ਼ਾਂ ਵਿੱਚ ਇਹ ਸੰਬੰਧ ਪੂਜਾ[1] ਦੀ ਸਤਿਕਾਰਯੋਗ ਪਦਵੀ ਪ੍ਰਾਪਤ ਕਰ ਗਿਆ ਸੀ।

SIKHBOOKCLUB.COM

ਇਸ ਰਿਸ਼ਤੇ ਦੀ ਸੁੰਦਰਤਾ ਦਾ ਭੇਤ ਇਸ ਗੱਲ ਵਿੱਚ ਸੀ ਕਿ ਪਸ਼ੂ ਜਿੰਨਾ ਉਪਜਾਉਂਦਾ ਸੀ, ਉਸ ਨਾਲੋਂ ਬਹੁਤ ਥੋੜੇ ਵਿੱਚ ਗੁਜ਼ਾਰਾ ਕਰਦਾ ਸੀ। ਉਹ ਘੱਟ ਖਪਤ ਅਤੇ ਬਹੁਤੇ ਉਤਪਾਦਨ ਦਾ ਸੁਭਾਵਕ ਜਾਂ ਕੁਦਰਤੀ ਵਸੀਲਾ ਸੀ। ਪਸ਼ੂਆਂ ਦੀ ਇਸ ਕੁਦਰਤੀ 'ਯੋਗਤਾ' ਨੂੰ ਮਨੁੱਖ ਦੀ ਸਮਾਜਕ 'ਰੁਚੀ' ਬਣਾਉਣ ਦਾ ਪੂਰਾ ਪੂਰਾ ਯਤਨ ਕੀਤਾ ਜਾਣਾ ਜ਼ਰੂਰੀ ਸੀ ਕਿਉਂਜੁ ਕਿਸਾਨੇ ਯੁਗ ਵਿੱਚ ਬਹੁ-ਮਾਤ੍ਰਾ ਉਤਪਾਦਨ ਦੀ ਯੋਗਤਾ ਨਾ ਹੋਣ ਕਰਕੇ ਵਸਤੂਆਂ ਦੀ ਥੁੜ ਅਤੇ ਅੰਨ ਦਾ ਅਕਾਲ ਮਨੁੱਖੀ ਸਮਾਜਾਂ ਨੂੰ ਭੈ-ਭੀਤ ਕਰੀ ਰੱਖਦੇ ਸਨ।

ਉਤਪਾਦਨ ਦੀ ਅਲਪ ਮਾਤ੍ਰਾ ਖਪਤ ਨੂੰ ਘੱਟ ਰੱਖਣ ਦਾ ਕੁਦਰਤੀ ਤਰੀਕਾ ਸੀ। ਇਸ ਕੁਦਰਤੀ ਤਰੀਕੇ ਦਾ ਪੂਰਕ ਸੀ ਮਨੁੱਖ ਦਾ ਧਰਮ ਜਿਹੜਾ ਸੁਖਾਂ ਅਤੇ ਸਹੂਲਤਾਂ ਵਾਲੇ ਜੀਵਨ ਨੂੰ ਮੁਕਤੀ ਅਤੇ ਸੁਰਗ ਦੇ ਰਾਹ ਦੀ ਰੁਕਾਵਟ ਦੱਸਦਾ ਹੋਇਆ ਇਹ ਕਹਿੰਦਾ ਸੀ ਕਿ 'ਧੰਨਭਾਗੇ ਹਨ ਉਹ ਜੋ ਮਿਹਨਤ ਮਜ਼ਦੂਰੀ ਕਰ ਕੇ ਭੁੱਖੇ ਢਿੱਡ ਸੌਂਦੇ ਹਨ; ਰੱਬ ਦੇ ਰਾਜ ਵਿੱਚ ਉਨ੍ਹਾਂ ਨੂੰ ਭਰਪੂਰ ਕੀਤਾ ਜਾਵੇਗਾ।' ਯਾਦ ਰਹੇ ਰੱਬ ਦਾ ਰਾਜ ਜੀਉਂਦੇ ਜੀ ਨਹੀਂ ਆਉਣਾ; ਕਿਆਮਤ (Day of Judgement) ਤੋਂ ਪਿੱਛੋਂ ਆਉਣਾ ਹੈ; ਉਡੀਕ ਜ਼ਰਾ ਲੰਮੀ ਹੈ; ਤਾਂ ਵੀ ਚੌਰਾਸੀ ਲੱਖ ਜੂਨ ਦੇ ਚੱਕਰ ਜਿੰਨੀ ਲੰਮੀ ਨਹੀਂ।

ਸਮਾਜ ਦਾ ਜਿਹੜਾ ਹਿੱਸਾ ਉਤਪਾਦਨ ਦੀ ਕਿਰਿਆ ਵਿੱਚ ਭਾਗ ਨਹੀਂ ਸੀ ਲੈਂਦਾ ਉਸ ਉੱਤੇ ਖਪਤ ਦਾ ਵੀ ਕੋਈ ਨੇਮ ਲਾਗੂ ਨਹੀਂ ਸੀ ਹੁੰਦਾ। ਉਸ ਹਿੱਸੇ ਵਿੱਚ ਰਾਜੇ, ਰਜਵਾੜੇ, ਸੈਨਾ-ਅਧਿਕਾਰੀ, ਵਾਪਾਰੀ ਅਤੇ ਧਾਰਮਕ ਆਗੂ ਵੀ ਸ਼ਾਮਿਲ ਸਨ। ਇਨ੍ਹਾਂ ਦੇ ਮਹੱਲਾਂ,

---

1. ਪੂਜਾ—Worship—(worthship) ਕਿਸੇ ਵਸਤੂ, ਵਿਚਾਰ ਜਾਂ ਵਿਅਕਤੀ ਆਦਿਕ ਦੀ ਯੋਗਤਾ, ਕੀਮਤ ਅਤੇ ਮਹੱਤਵ ਦੀ ਪਛਾਣ, ਕਦਰ ਅਤੇ ਇੱਜ਼ਤ।

ਮਕਬਰਿਆਂ, ਕਿਲ੍ਹਿਆਂ, ਹਵੇਲੀਆਂ, ਮੰਦਰਾਂ, ਮਸੀਤਾਂ ਅਤੇ ਗਿਰਜਿਆਂ ਉੱਤੇ ਬੇ-ਓੜਕਾ ਧਨ ਬੇ-ਨੇਮੇ ਢੰਗ ਨਾਲ ਖ਼ਰਚਿਆ ਜਾਂਦਾ ਸੀ। ਇਹ ਲੋਕ ਉਤਪਾਦਨ ਦੀ ਬਾਰੇ ਲੱਗੇ ਲੋਕਾਂ ਦਾ ਓਨਾ ਖ਼ਿਆਲ ਨਹੀਂ ਸਨ ਕਰਦੇ, ਜਿੰਨਾ ਉਤਪਾਦਨ ਕਰਨ ਵਾਲੇ ਆਪਣੇ ਸਹਾਇਕ ਪਸ਼ੂਆਂ ਦਾ ਕਰਦੇ ਸਨ। ਇਹ ਇਸ ਕ੍ਰਿਤੱਗਿਅਤਾ (ਸ਼ੁਕਰਗੁਜ਼ਾਰੀ) ਤੋਂ ਬਰੀ ਸਨ, ਕਿਉਂਕਿ ਰੱਬ ਨੇ ਇਨ੍ਹਾਂ ਨੂੰ ਆਪਣੀ 'ਨਦਰ' ਕਰ ਕੇ 'ਸੰਵਾਰਿਆ' ਹੋਇਆ ਸੀ। ਅਰਥ-ਸ਼ਾਸਤ੍ਰ ਦੀ ਦ੍ਰਿਸ਼ਟੀ ਤੋਂ ਵੇਖਿਆਂ ਉਤਪਾਦਨ ਕਰਨ ਵਾਲੇ 'ਦੁਰਕਾਰੇ' ਹੋਏ ਅਤੇ ਖਪਤਕਾਰ 'ਸੰਵਾਰੇ' ਹੋਏ ਲੋਕ ਸਨ। 'ਕੌਣ ਸਾਹਿਬ ਨੂੰ ਆਖੇ ਇੰਜ ਨਹੀਂ ਇੰਜ ਕਰ।'

ਇਹ ਆਰਥਕ ਰਿਸ਼ਤਾ ਪੁਰਾਣੇ ਸਮਿਆਂ ਤੋਂ ਇਸੇ ਤਰ੍ਹਾਂ ਚਲਿਆ ਆ ਰਿਹਾ ਸੀ। ਉਤਪਾਦਨ ਕਰਨ ਵਾਲਿਆਂ ਨੂੰ ਗ਼ੁਲਾਮ, ਪਿਰਿਹਿਸੀ, ਕੰਮੀ, ਕਮੀਣ, ਸੇਪੀ, ਸੀਰੀ ਅਤੇ ਮੁਜ਼ਾਰੇ ਆਦਿਕ ਘਿਰਣਾਯੋਗ ਨਾਂ ਦਿੱਤੇ ਜਾਣੇ ਆਮ ਸਨ। ਸਨਅਤੀ ਕ੍ਰਾਂਤੀ ਦੀ ਪਹਿਲੀ ਸਦੀ ਵਿੱਚ ਵੀ ਉਤਪਾਦਕ ਅਤੇ ਖਪਤਕਾਰ ਵਿੱਚ ਏਹੋ ਰਿਸ਼ਤਾ ਕਾਇਮ ਰੱਖਿਆ ਗਿਆ ਸੀ। ਇਸ ਦੇ ਨਾਲ ਨਾਲ ਮੱਧ ਸ਼੍ਰੇਣੀ ਨਾਂ ਦੀ ਇੱਕ ਹੋਰ ਵੰਡ ਉਪਜ ਪਈ ਸੀ ਜਿਹੜੀ ਉਤਪਾਦਕ ਅਤੇ ਖਪਤਕਾਰ, ਦੋਹਾਂ ਨੂੰ, ਆਪਣੇ ਲਈ, ਧਨ-ਪ੍ਰਾਪਤੀ ਦੇ ਸਾਧਨ ਸਮਝਦੀ ਸੀ। ਇਨ੍ਹਾਂ ਆਰਥਕ ਸੰਬੰਧਾਂ ਵਿੱਚੋਂ ਉਤਪਾਦਕਾਂ (ਕਾਮਿਆਂ) ਲਈ ਅਕਹਿ ਕਸ਼ਟ ਉਪਜੇ ਸਨ ਜਿਨ੍ਹਾਂ ਪਿੱਛੇ ਮਾਲਥੱਸ ਦੇ ਦਿੱਤੇ ਇਸ ਵਿਸ਼ਵਾਸ ਦਾ ਹੱਥ ਸੀ ਕਿ 'ਕਾਮਿਆਂ ਨੂੰ ਰਜਵੀਂ ਰੋਟੀ ਦਿੱਤੀ ਜਾਣ ਨਾਲ ਉਨ੍ਹਾਂ ਦੀ ਸੰਖਿਆ ਵਧੇਗੀ; ਜਨ-ਸੰਖਿਆ ਦਾ ਵਾਧਾ ਇੱਕ ਸਮੱਸਿਆ ਬਣ ਜਾਵੇਗਾ, ਜਿਸ ਦਾ ਬੀਮਾਰੀ, ਭੁੱਖਮਰੀ ਅਤੇ ਜੰਗ ਤੋਂ ਸਿਵਾ ਕੋਈ ਇਲਾਜ ਨਹੀਂ।'

ਜਦੋਂ ਜਨ-ਸੰਖਿਆ ਦੇ ਵਾਧੇ ਨੂੰ ਰੋਕਣ ਲਈ ਮਜ਼ਦੂਰ ਨੂੰ ਭੁੱਖੇ ਢਿੱਡ ਸੌਣ ਲਈ ਮਜਬੂਰ ਕੀਤਾ ਜਾਣਾ ਜ਼ਰੂਰੀ ਸਮਝਿਆ ਜਾ ਰਿਹਾ ਸੀ, ਉਦੋਂ ਹੀ ਮਸ਼ੀਨ ਦੇ ਬਹੁ-ਮਾਤ੍ਰਾ ਉਤਪਾਦਨ ਦੀ ਖਪਤ ਲਈ ਵਿਦੇਸ਼ੀ ਮੰਡੀਆਂ ਲਈ ਮੁਕਾਬਲਾ ਵੀ ਜਾਰੀ ਸੀ। ਇਹ ਮੁਕਾਬਲਾ ਨਿਰੋਲ ਵਾਪਾਰਕ ਮੁਕਾਬਲਾ ਨਾ ਰਹਿ ਕੇ ਸੈਨਿਕ ਮੁਕਾਬਲਾ ਬਣ ਗਿਆ ਸੀ ਅਤੇ ਭਿਆਨਕ ਜੰਗਾਂ ਦਾ ਰੂਪ ਧਾਰ ਗਿਆ ਸੀ। ਕੁਝ ਇੱਕ ਦੇਸ਼-ਭਗਤਾਂ ਲਈ ਇਹ ਜੰਗਾਂ ਸਾਮਰਾਜਾਂ ਦੀ ਉਸਾਰੀ ਦਾ ਸਾਧਨ ਹੋਣ ਕਰਕੇ ਸਤਿਕਾਰਯੋਗ ਸਨ; ਪਰੰਤੂ ਕੁਝ ਅਜਿਹੇ ਵੀ ਸਨ ਜੋ ਦੇਸ਼-ਭਗਤ ਨਹੀਂ ਸਨ; ਸੁਹਣੇ ਮਨੁੱਖ ਸਨ। ਉਨ੍ਹਾਂ ਵਿੱਚੋਂ ਇੱਕ ਦਾ ਨਾਂ ਸੀ ਜਰਮੀ ਬੈਨਥੱਮ (Jeremy Benthem)। ਬੈਨਥੱਮ ਦੀ ਸੋਚ ਕਹਿੰਦੀ ਸੀ ਕਿ 'ਕੋਈ ਵੀ ਵਿਸ਼ਵਾਸ, ਵਿਵਹਾਰ ਜਾਂ ਪ੍ਰਬੰਧ ਨਿਆਂਏ ਪੂਰਨ ਨਹੀਂ ਮੰਨਿਆ ਜਾ ਸਕਦਾ, ਜਿੰਨਾ ਚਿਰ ਉਹ ਬਹੁਤੇ ਤੋਂ ਬਹੁਤੇ ਲੋਕਾਂ ਲਈ ਬਹੁਤੀ ਤੋਂ ਬਹੁਤੀ ਖ਼ੁਸ਼ੀ ਦੇ ਮਨੋਰਥ ਦੀ ਉਪਜ ਨਾ ਹੋਵੇ। ਕੱਚਾ ਮਾਲ ਮਨੁੱਖੀ ਲੋੜ ਦੀ ਪੂਰਤੀ ਦੇ ਯੋਗ ਹੋ ਕੇ ਧਨ ਬਣਦਾ ਹੈ। ਕੱਚੇ ਮਾਲ ਨੂੰ ਧਨ ਦਾ ਰੂਪ ਦੇਣ ਦਾ ਕ੍ਰਿਸ਼ਮਾ ਮਨੁੱਖੀ ਮਿਹਨਤ ਕਰਦੀ ਹੈ। ਇਹ ਕ੍ਰਿਸ਼ਮਾ ਕੇਵਲ ਮਸ਼ੀਨਾਂ ਦਾ ਜਾਂ ਮਸ਼ੀਨਾਂ ਦੇ ਮਾਲਕਾਂ ਦਾ ਜਾਂ ਉਨ੍ਹਾਂ ਦੇ ਥਾਪੇ ਹੋਏ ਪ੍ਰਬੰਧਕਾਂ ਦਾ ਨਹੀਂ, ਸਗੋਂ ਉਨ੍ਹਾਂ ਕਾਮਿਆਂ ਦੀ ਮਿਹਨਤ ਦਾ ਹੈ, ਜਿਨ੍ਹਾਂ ਨੂੰ ਭੁੱਖੇ ਰੱਖ ਕੇ ਰਾਸ਼ਟਰੀ ਗੌਰਵ ਦੇ ਦੈਂਤ ਦਾ ਢਿੱਡ ਭਰਨ ਲਈ ਸਾਮਰਾਜਾਂ ਦੀ ਉਸਾਰੀ ਦਾ ਅਪਰਾਧ ਕੀਤਾ ਜਾ ਰਿਹਾ ਹੈ।'

ਇਸੇ ਪ੍ਰਕਾਰ ਦੀ ਸੋਚ ਵਾਲੇ ਇੱਕ ਦੂਜੇ ਵਿਅਕਤੀ ਦਾ ਨਾਂ ਸੀ ਰੌਬਰਟ ਓਇਨ (Robert Owen) ਜਿਸ ਦਾ ਖ਼ਿਆਲ ਸੀ ਕਿ 'ਬਹੁ-ਉਤਪਾਦਨ ਦੀ ਖਪਤ ਲਈ ਵਿਦੇਸ਼ੀ ਮੰਡੀਆਂ ਲੱਭਣ ਦੀ ਥਾਂ ਇਨ੍ਹਾਂ ਕਾਮਿਆਂ ਨੂੰ ਅਜੇਹਾ ਜੀਵਨ ਦਿੱਤਾ ਜਾ ਸਕਦਾ ਹੈ, ਜਿਹੜਾ

ਬਹੁਤੀ ਉਪਜ ਦੀ ਖਪਤ ਕਰ ਕੇ ਕਾਰਖ਼ਾਨਿਆਂ ਨੂੰ ਚੱਲਦਾ ਰੱਖਣ ਦੇ ਨਾਲ ਨਾਲ ਗ਼ਰੀਬੀ ਅਤੇ ਅਨਪੜ੍ਹਤਾ ਵਿੱਚੋਂ ਪੈਦਾ ਹੋਣ ਵਾਲੀਆਂ ਕਈ ਸਮੱਸਿਆਵਾਂ ਦਾ ਖ਼ਾਤਮਾ ਵੀ ਕਰ ਸਕਦਾ ਹੈ।' ਜਰਮੀ ਬੈਨਥੰਮ ਨੂੰ ਉਦਾਰਤਾਵਾਦ ਦਾ ਮੋਢੀ ਮੰਨਿਆ ਜਾਂਦਾ ਹੈ ਅਤੇ ਰਾਬਰਟ ਓਇਨ ਨੂੰ ਸਮਾਜਵਾਦੀ ਵਿਚਾਰਧਾਰਾ ਦਾ ਪਿਤਾਮਾ ਆਖਿਆ ਜਾਂਦਾ ਹੈ। ਕਾਰਲ ਮਾਰਕਸ ਦਾ ਮਿੱਤ੍ਰ, ਐਂਗਲਜ਼, ਚੜ੍ਹਦੀ ਜਵਾਨੀ ਦੀ ਉਮਰੇ, ਮਾਨਚੈਸਟਰ ਸ਼ਹਿਰ ਵਿੱਚ, ਰਾਬਰਟ ਓਇਨ ਦੇ ਲੈਕਚਰ ਸੁਣਦਾ ਰਿਹਾ ਸੀ। ਜੇ ਖਪਤਵਾਦ ਕੋਈ ਵਾਦ ਹੈ ਤਾਂ ਰਾਬਰਟ ਓਇਨ ਇਸ ਦਾ ਵੀ ਜਨਮਦਾਤਾ ਹੈ। ਉਸ ਨੇ ਨਿਊ ਲੈਨਾਰਕ (New Lanark) ਨਾਂ ਦੇ ਇੱਕ ਅੰਗਰੇਜ਼ੀ ਕਸਬੇ ਵਿੱਚ ਕਾਰਖ਼ਾਨਾ ਲਾ ਕੇ ਆਪਣੇ ਤਿੰਨ ਹਜ਼ਾਰ ਮਜ਼ਦੂਰਾਂ ਨੂੰ ਸੁਖੀ ਅਤੇ ਸਤਿਕਾਰਯੋਗ ਜੀਵਨ ਦੇਣ ਦੇ ਨਾਲ ਨਾਲ ਚੰਗਾ ਆਚਰਣ ਵੀ ਦਿੱਤਾ। ਸੋਲਾਂ ਸਾਲ ਦੇ ਲੰਮੇ ਤਜਰਬੇ ਪਿੱਛੋਂ ਉਸ ਨੇ ਆਪਣੇ ਸਾਰੇ ਕਾਗ਼ਜ਼-ਪੱਤਰਾਂ ਨੂੰ ਦੂਜੇ ਕਾਰਖ਼ਾਨੇਦਾਰਾਂ ਦੇ ਸਾਹਮਣੇ ਰੱਖ ਕੇ ਇਹ ਵੀ ਸਿੱਧ ਕੀਤਾ ਕਿ ਉਸ ਦੇ ਕਾਰਖ਼ਾਨੇ ਦੀ ਆਮਦਨ ਵੀ ਦੂਜਿਆਂ ਨਾਲੋਂ ਜ਼ਿਆਦਾ ਸੀ। ਇਸ ਕੰਮ ਵਿੱਚ ਜਰਮੀ ਬੈਨਥੰਮ ਵੀ ਉਸ ਦੇ ਨਾਲ ਸੀ।

ਪ੍ਰੰਪਰਾਵਾਂ, ਰਵਾਇਤਾਂ, ਸੰਸਕ੍ਰਿਤੀਆਂ, ਕੌਮੀ ਇਤਿਹਾਸ, ਸਾਮਰਾਜੀ ਹੈਂਕੜ, ਰਾਸ਼ਟਰੀ ਗੌਰਵ ਅਤੇ ਨਸਲੀ ਸ੍ਰੇਸ਼ਟਾ ਆਦਿਕ ਅਜਿਹੇ ਰੋਗ ਨਹੀਂ ਹਨ, ਜਿਨ੍ਹਾਂ ਤੋਂ ਸਹਿਜੇ ਪਿੱਛਾ ਛੁਡਾਇਆ ਜਾ ਸਕੇ। ਪੱਛਮੀ ਯੌਰਪ ਦੇ ਸਾਮਰਾਜੀ ਦੇਸ਼ਾਂ ਦਾ ਸ੍ਰੇਸ਼ਟਤਾਵਾਦੀ ਪਾਗਲਪਨ ਦੋ ਵਿਸ਼ਵ ਯੁੱਧਾਂ ਦੀ ਪੀੜ ਭੋਗ ਕੇ ਹੀ ਕੁਝ ਮੱਠਾ ਹੋਇਆ ਸੀ। ਜੰਗਾਂ ਨਾਲ ਉੱਜੜੇ ਯੌਰਪ ਦੀ ਮੁੜ ਉਸਾਰੀ ਲਈ ਵਾਪਾਰਕ ਲੁੱਟ ਦਾ ਤਰੀਕਾ ਨਹੀਂ ਸੀ ਵਰਤਿਆ ਜਾ ਸਕਦਾ ਕਿਉਂਕਿ ਲੁੱਟ-ਮਾਰ ਉਸਾਰੀ ਦਾ ਤਰੀਕਾ ਹੈ ਹੀ ਨਹੀਂ। ਬਾਹਰਲੇ ਦੇਸ਼ਾਂ ਕੋਲੋਂ ਮਿਹਨਤੀ ਹੱਥ ਮੰਗੇ ਜਾ ਸਕਦੇ ਸਨ; ਬਾਕੀ ਸਾਰਾ ਕੰਮ ਆਪਣੇ ਸੋਮਿਆਂ ਦੀ ਯੋਗ ਵਰਤੋਂ ਰਾਹੀਂ ਕੀਤਾ ਜਾਣਾ ਸੀ। ਯੋਗ ਵਰਤੋਂ ਦਾ ਤਰੀਕਾ ਰਾਬਰਟ ਓਇਨ ਦੱਸ ਗਿਆ ਸੀ। ਉਹ ਤਰੀਕਾ ਸੀ ਆਪਣੇ ਦੇਸ਼ ਦੇ ਕਾਮਿਆਂ ਨੂੰ ਆਪਣੇ ਕਾਰਖ਼ਾਨਿਆਂ ਦੀ ਉਪਜ ਦੇ ਖਪਤਕਾਰ ਬਣਾ ਕੇ ਕਾਰਖ਼ਾਨਿਆਂ ਨੂੰ ਚੱਲਦੇ ਰੱਖਣ ਦਾ ਤਰੀਕਾ।

ਦੂਜੇ ਵਿਸ਼ਵ-ਯੁੱਧ ਵਿੱਚ ਜਨ-ਕਲਿਆਣ ਰਾਜ ਦਾ ਸੰਕਲਪ ਵੀ ਪੈਦਾ ਹੋ ਗਿਆ ਸੀ। ਜਨ-ਸਾਧਾਰਣ ਨੂੰ ਖਪਤਕਾਰ ਬਣਾਏ ਬਿਨਾਂ ਇਸ ਸੰਕਲਪ ਦੀ ਸਾਕਾਰਤਾ ਸੰਭਵ ਨਹੀਂ ਸੀ। ਇਨ੍ਹਾਂ ਕਾਰਨਾਂ ਕਰਕੇ ਜਨ-ਸਾਧਾਰਣ ਨੂੰ ਖਪਤਕਾਰ ਬਣਾ ਕੇ ਦੇਸ਼ਾਂ ਦੀ ਆਰਥਕ ਖ਼ੁਸ਼ਹਾਲੀ ਦਾ ਸਹਾਰਾ ਸਮਝਿਆ ਜਾਣ ਲੱਗ ਪਿਆ ਅਤੇ ਆਧੁਨਿਕ ਯੁਗ ਦੇ ਉਤਪਾਦਕ ਕੰਮੀ, ਕਮੀਣ, ਗ਼ੁਲਾਮ, ਮੁਜ਼ਾਰੇ ਅਤੇ ਸੇਪੀ ਨਾ ਰਹਿ ਕੇ ਸਮ੍ਰਿੱਧ ਸਮਾਜਾਂ ਦੇ ਸਤਿਕਾਰਯੋਗ ਸ਼ਹਿਰੀ ਆਖੇ ਜਾਣ ਲੱਗ ਪਏ। ਜਿਨ੍ਹਾਂ ਸਮਾਜਾਂ ਨੂੰ ਪਹਿਲਾਂ ਸਨਅਤੀ ਸਮਾਜ ਜਾਂ ਇੰਡਸਟ੍ਰੀਅਲ ਸੁਸਾਇਟੀਜ਼ ਆਖਿਆ ਜਾਂਦਾ ਸੀ, ਹੁਣ ਉਨ੍ਹਾਂ ਨੂੰ ਖਪਤਕਾਰ ਸਮਾਜ ਜਾਂ ਕਨਜ਼ਿਊਮਰ ਸੁਸਾਇਟੀਜ਼ ਆਖਿਆ ਜਾਣ ਲੱਗ ਪਿਆ ਹੈ। ਪਹਿਲਾਂ ਮਸ਼ੀਨਾਂ, ਮਿੱਲ-ਮਾਲਕਾਂ ਅਤੇ ਪ੍ਰਬੰਧਕਾਂ ਨੂੰ ਆਰਥਕ ਵਿਕਾਸ ਵਿੱਚ ਕੇਂਦਰੀ ਥਾਂ ਪ੍ਰਾਪਤ ਸੀ; ਹੁਣ ਖਪਤਕਾਰ ਜਾਂ ਕਨਜ਼ਿਊਮਰ ਨੂੰ ਕੇਂਦਰੀ ਥਾਂ ਪ੍ਰਾਪਤ ਹੁੰਦੀ ਜਾ ਰਹੀ ਹੈ। ਖਪਤਕਾਰ ਵਿਅਕਤੀ ਨਹੀਂ ਸਮੁੱਚਾ ਸਮਾਜ ਹੈ; ਇਸ ਲਈ ਖਪਤ ਸਭਿਆਚਾਰ (Consumer Culture) ਦਾ ਸੰਕਲਪ ਸਮਾਜਵਾਦ ਦੇ ਸੰਕਲਪ ਦਾ, ਇਨਕਲਾਬੀ ਦੀ ਥਾਂ ਵਿਕਾਸਵਾਦੀ ਪ੍ਰਗਟਾਵਾ ਹੈ। ਅੱਜ ਦਾ ਕਾਮਾ ਨਿਰਾ ਵੇਜ ਅਰਨਰ (Wage Earner) ਨਹੀਂ ਸਗੋਂ ਆਰਥਕ ਖ਼ੁਸ਼ਹਾਲੀ ਦਾ ਉਸਰੱਈਆ ਵੀ ਹੈ।

WWW.SIKHBOOKCLUB.COM 

ਇਸ ਉਸਰੱਈਏ ਦੀ ਅਗਵਾਈ, ਸੁਰੱਖਿਆ ਅਤੇ ਸਹਾਇਤਾ ਲਈ ਸੋਚਿਆ ਜਾਣਾ ਬਹੁਤ ਜ਼ਰੂਰੀ ਹੈ। ਇਸ ਨੂੰ ਬਹੁਤ ਹੀ ਹੁਸ਼ਿਆਰ ਅਤੇ ਭਲੀ ਭਾਂਤ ਪ੍ਰਬੰਧਤ (Well Organised) ਉਤਪਾਦਕਾਂ, ਵਾਪਾਰੀਆਂ ਅਤੇ ਪ੍ਰਬੰਧਕਾਂ ਦੇ ਰਹਿਮ ਉੱਤੇ ਨਹੀਂ ਛੱਡਿਆ ਜਾ ਸਕਦਾ ਕਿਉਂਜੁ ਅਜੇ ਤਕ ਇਨ੍ਹਾਂ ਸ਼ਕਤੀਸ਼ਾਲੀ ਮਾਲਕਾਂ, ਸੁਸਿੱਖਿਅਤ ਪ੍ਰਬੰਧਕਾਂ ਅਤੇ ਸਥਾਪਿਤ ਵਾਪਾਰੀਆਂ ਵਿੱਚ ਮਾਲਕੀ ਦਾ ਮੋਹ, ਪ੍ਰਬੰਧਕੀ ਦੀ ਹੈਂਕੜ ਅਤੇ ਮੁਨਾਫ਼ੇ ਦਾ ਲੋਭ ਪ੍ਰਬਲ ਹੈ। ਇਹ ਨਿਕਸੁਕ ਇਨ੍ਹਾਂ ਦੇ ਮਨਾਂ ਵਿੱਚ ਸਮਾਜਕ ਰੁਚੀ ਦਾ ਵਿਕਾਸ ਨਹੀਂ ਹੋਣ ਦਿੰਦਾ। ਭਾਈਚਾਰਕ ਰੁਚੀ ਦਾ ਵਿਕਾਸ ਸਨਅਤੀ-ਖਪਤਕਾਰੀ ਸਮਾਜਾਂ ਦੀ ਸਲਾਮਤੀ ਅਤੇ ਉੱਨਤੀ ਦੀ ਪਹਿਲੀ ਸ਼ਰਤ ਹੈ।

ਸਮਾਜਕ ਜਾਂ ਭਾਈਚਾਰਕ ਰੁਚੀ ਤੋਂ ਮੇਰਾ ਮਤਲਬ 'ਸਮਾਜਵਾਦੀ' ਰੁਚੀ ਨਹੀਂ। ਸਮਾਜਵਾਦ ਕਿਸੇ ਵਿਅਕਤੀਗਤ ਰੁਚੀ ਦਾ ਲਖਾਇਕ ਨਹੀਂ, ਇਹ ਇੱਕ ਰਾਜਨੀਤਕ-ਆਰਥਕ ਪ੍ਰਬੰਧ ਦਾ ਨਾਂ ਹੈ ਅਤੇ ਸਮਾਜਵਾਦੀ ਰੁਚੀ ਦਾ ਭਾਵ ਹੈ ਇਸ ਪ੍ਰਬੰਧ ਨੂੰ ਕਿਸੇ ਦੂਜੇ ਰਾਜਨੀਤਕ ਪ੍ਰਬੰਧ ਤੋਂ ਵੱਧ ਢੁਕਵਾਂ ਅਤੇ ਲੋੜੀਂਦਾ ਸਮਝਣ ਦੀ ਰੁਚੀ। ਭਾਈਚਾਰਕ ਜਾਂ ਸਮਾਜਕ ਰੁਚੀ ਵਿਅਕਤੀਗਤ ਮਾਨਸਿਕ ਰੁਚੀ ਹੈ। ਇਸ ਰੁਚੀ ਦਾ ਵਿਕਾਸ ਸਮਾਜਵਾਦ ਦੀ ਸਫ਼ਲਤਾ ਲਈ ਵੀ ਓਨਾ ਹੀ ਜ਼ਰੂਰੀ ਹੈ ਜਿੰਨਾ ਖਪਤਕਾਰ ਸਮਾਜਾਂ ਦੀ ਸਫ਼ਲਤਾ ਲਈ। ਜਨ-ਸਾਧਾਰਣ ਵਿੱਚ ਸਮਾਜਕ ਰੁਚੀ ਦਾ ਵਿਕਾਸ ਸੁਭਾਵਕ ਹੈ ਅਤੇ ਹਾਕਮਾਂ, ਪ੍ਰਬੰਧਕਾਂ ਅਤੇ ਵਾਪਾਰੀਆਂ ਲਈ ਇਹ ਇੱਕ ਉਚੇਚਾ ਜਤਨ ਹੈ। ਇਹ ਸਾਥ, ਸਹਿਯੋਗ, ਨਿਰਭਰਤਾ ਦੇ ਸਤਿਕਾਰ, ਸਹਿਵਾਸ ਅਤੇ ਜੀਓ ਅਤੇ ਜੀਣ ਦਿਓ ਦੀ ਰੁਚੀ ਹੈ। ਜਿੰਨਾ ਚਿਰ ਸਮਾਜਾਂ ਦੇ ਸਵਾਮੀ ਵਰਗਾਂ ਦੇ ਵਿਅਕਤੀਆਂ ਵਿੱਚ ਇਸ ਰੁਚੀ ਦਾ ਵਿਕਾਸ ਨਹੀਂ ਹੁੰਦਾ, ਓਨਾ ਚਿਰ ਖਪਤਕਾਰ ਦੀ ਸੁਰੱਖਿਆ ਅਤੇ ਸਹਾਇਤਾ ਦਾ ਉਚੇਚਾ ਪ੍ਰਬੰਧ ਕੀਤਾ ਜਾਣਾ ਜ਼ਰੂਰੀ ਹੈ।

ਦੁਨੀਆ ਦੇ ਦਾਨੇ ਇਸ ਲੋੜ ਤੋਂ ਭਲੀ ਭਾਂਤ ਜਾਣੂੰ ਹਨ। ਕਈ ਪ੍ਰਕਾਰ ਦੇ ਸਰਕਾਰੀ ਕਾਨੂੰਨਾਂ ਅਤੇ ਗ਼ੈਰ ਸਰਕਾਰੀ ਯਤਨਾਂ ਨਾਲ ਖਪਤਕਾਰ ਦੇ ਹੱਕਾਂ ਦੀ ਰਾਖੀ ਕੀਤੀ ਜਾਂਦੀ ਹੈ। ਕੁਝ ਇੱਕ ਉਤਪਾਦਕ ਅਤੇ ਵਾਪਾਰੀ ਆਪਣੇ ਤੌਰ ਉੱਤੇ ਖਪਤਕਾਰ ਨੂੰ ਸੁਰੱਖਿਆ, ਸਹਾਇਤਾ ਅਤੇ ਸਤਿਕਾਰ ਦੇਣ ਦਾ ਯਤਨ ਕਰਦੇ ਹਨ। ਉਨ੍ਹਾਂ ਦਾ ਵਿਸ਼ਵਾਸ ਹੈ ਕਿ ਵਾਪਾਰਕ ਨੈਤਿਕਤਾ ਦਾ ਪਾਲਨ ਕੇਵਲ ਖਪਤਕਾਰ ਦੀ ਸੁਰੱਖਿਆ ਲਈ ਹੀ ਨਹੀਂ ਸਗੋਂ ਵਾਪਾਰ ਦੀ ਉੱਨਤੀ ਲਈ ਵੀ ਲਾਭਦਾਇਕ ਅਤੇ ਲੋੜੀਂਦਾ ਹੈ। ਤਾਂ ਵੀ ਕੁਝ ਇੱਕ ਮੁਆਮਲਿਆਂ ਵਿੱਚ ਖਪਤਕਾਰ ਨੂੰ ਸਾਵਧਾਨ ਰਹਿਣ ਦੀ ਲੋੜ ਹੈ।

ਵਿਗਿਆਪਨ, ਇਸ਼ਤਿਹਾਰਬਾਜ਼ੀ ਜਾਂ ਐਡਵਰਟਿਜ਼ਮੈਂਟ (Advertisement) ਦਾ ਮਸਲਾ ਸਭ ਤੋਂ ਵੱਧ ਜ਼ਰੂਰੀ ਹੈ। ਅਜੋਕੇ ਖਪਤ ਸਭਿਆਚਾਰ ਵਿੱਚ ਵਿਗਿਆਪਨ ਦੀ ਉਹੋ ਥਾਂ ਹੈ ਜਿਹੜੀ ਮੱਧਕਾਲ ਵਿੱਚ ਮਜ਼ਹਬ ਦੀ ਸੀ। ਜਿਸ ਤਰ੍ਹਾਂ ਮਜ਼ਹਬ ਅਣਜਾਣੇ-ਅਣਚਾਹੇ ਇਲਹਾਮਾਂ ਅਤੇ ਅਣਪੜਤਾਲੀਆਂ ਦੇਵ-ਬਾਣੀਆਂ ਉੱਤੇ ਆਧਾਰਤ ਸੀ, ਉਸੇ ਤਰ੍ਹਾਂ ਵਿਗਿਆਪਨ ਵੀ ਅਜੇਹੇ ਝੂਠ ਉੱਤੇ ਆਧਾਰਤ ਹੁੰਦਾ ਹੈ, ਜਿਸ ਨੂੰ ਝੂਠ ਸਾਬਤ ਕਰ ਸਕਣ ਦੀ ਸਮਰੱਥਾ ਨਾ ਹੋਣ ਕਰਕੇ ਸੱਚ ਮੰਨਣ ਦੀ ਮਜਬੂਰੀ ਹੁੰਦੀ ਹੈ। ਸੰਚਾਰ ਦੇ ਪਰਬਲ ਸਾਧਨਾਂ ਦੇ ਸਹਾਰੇ ਇਹ ਓਸੇ ਸਫ਼ਲਤਾ ਅਤੇ ਸਰਲਤਾ ਨਾਲ ਲੋਕਾਂ ਤੱਕ ਪੁੱਜਦਾ ਹੈ ਜਿਸ ਨਾਲ ਧਰਮ ਪੁੱਜਦਾ ਰਿਹਾ ਹੈ ਅਤੇ ਪੁੱਜਦਾ ਹੈ। ਧਰਮ ਵਾਂਗ ਹੀ ਇਹ ਸਵਾਮੀਆਂ ਦਾ ਸੇਵਕ ਹੁੰਦਾ ਹੋਇਆ ਲੋਕ-ਹਿਤੈਸ਼ੀ ਹੋਣ ਦਾ ਨਾਟਕ ਕਰਦਾ ਹੈ। ਪੰਡਿਤਾਂ, ਭਾਈਆਂ, ਪਾਦਰੀਆਂ ਅਤੇ ਮੁਲਾਣਿਆਂ ਵਾਂਗ ਇਸ ਦੇ ਕਰਮਚਾਰੀ ਵੀ ਸਮਾਜਕ-ਆਰਥਕ ਜੀਵਨ ਦੀ ਸੁੰਦਰਤਾ ਵਿੱਚ ਕੋਈ ਵਾਧਾ

WWW.SIKHBOOKCLUB.COM 

ਨਹੀਂ ਕਰਦੇ ਅਤੇ ਇਸ ਗੱਲੋਂ ਕਦੇ ਸ਼ਰਮਸਾਰ ਵੀ ਨਹੀਂ ਹੁੰਦੇ। ਤਾਂ ਵੀ ਵਿਗਿਆਪਨ ਇੱਕ ਗੱਲ ਵਿੱਚ ਧਰਮ ਨਾਲੋਂ ਬਿਲਕੁਲ ਉਲਟ ਹੈ।

ਉਹ ਇਹ ਕਿ ਧਰਮ ਮਨੁੱਖ ਨੂੰ (ਘੱਟੋ ਘੱਟ ਆਮ ਆਦਮੀ ਨੂੰ) ਥੋੜੇ ਵਿੱਚ ਗੁਜ਼ਾਰਾ ਕਰਨ ਦੀ ਸਲਾਹ ਦਿੰਦਾ ਸੀ। ਉਹ ਤ੍ਰਿਸ਼ਨਾ ਉੱਤੇ ਕਾਬੂ ਪਾਉਣ ਨੂੰ ਕਹਿੰਦਾ ਸੀ। ਇਸ ਦੇ ਉਲਟ ਵਿਗਿਆਪਨ ਤ੍ਰਿਸ਼ਨਾ ਦੇ ਵਾਧੇ ਦਾ ਵਿਸ਼ਵਾਸੀ ਹੈ। ਧਰਮ ਕਹਿੰਦਾ ਸੀ (ਹੈ) ਪ੍ਰਾਪਤੀ ਦਾ ਬਾਲਣ ਤ੍ਰਿਸ਼ਨਾ ਦੀ ਅੱਗ ਨੂੰ ਤੇਜ਼ ਕਰਦਾ ਹੈ। ਵਿਗਿਆਪਨ ਕਹਿੰਦਾ ਹੈ: "ਪ੍ਰਾਪਤੀ ਤ੍ਰਿਸ਼ਨਾ-ਰੋਗ ਦਾ ਇਲਾਜ ਹੈ। ਜੇ ਪ੍ਰਾਪਤ ਕਰ ਕੇ ਤੁਹਾਡੀ ਤ੍ਰਿਸ਼ਨਾ ਨਹੀਂ ਮੁੱਕੀ ਤਾਂ ਤੁਸਾਂ ਠੀਕ ਪ੍ਰਾਪਤੀ ਨਹੀਂ ਕੀਤੀ। ਤੁਹਾਡੇ ਲਈ ਕਿਹੜੀ ਪ੍ਰਾਪਤੀ ਉਚਿਤ ਹੈ ਇਹ ਕੇਵਲ ਮੈਂ ਦੱਸ ਸਕਦਾ ਹਾਂ, ਤੁਹਾਨੂੰ ਪਤਾ ਨਹੀਂ।"

ਵਿਗਿਆਪਨ ਆਪਣੇ ਕੰਮ ਵਿੱਚ ਸਫ਼ਲ ਹੈ। ਤਕਨੀਕ ਨਿੱਤ ਨਵੀਆਂ ਕਾਢਾਂ ਨਾਲ ਵਿਗਿਆਪਨ ਦਾ ਮਹੱਤਵ ਵਧਾ ਰਹੀ ਹੈ। ਸਦੀਆਂ ਤੋਂ 'ਥੋੜ' ਭੋਗਦਾ ਆਇਆ ਜਨ-ਸਾਧਾਰਣ ਵਿਗਿਆਪਨ ਨੂੰ ਪਰਮ ਸੱਚ ਦਾ ਦਾਅਵੇਦਾਰ ਮੰਨਣ ਲੱਗ ਪਿਆ ਹੈ; ਉਸ ਦੇ ਹੁਕਮ ਵਿੱਚ ਤੁਰਨ ਲੱਗ ਪਿਆ ਹੈ। ਇਸ ਨੂੰ ਆਪਣਾ ਸੇਵਕ ਸਮਝ ਕੇ ਇਸ ਕੋਲੋਂ ਲਾਭ ਲੈਣ ਦੀ ਜਾਚ ਸਿੱਖਣ ਵਿੱਚ ਹੀ ਖਪਤਕਾਰ ਦੀ ਭਲਾਈ ਹੈ। ਤ੍ਰਿਸ਼ਨਾ ਦਾ ਵਾਧਾ ਮਨੁੱਖੀ ਮਨ ਵਿੱਚ ਉਸ ਭਾਈਚਾਰਕ ਰੁਚੀ ਨੂੰ ਵੀ ਉਪਜਣ ਨਹੀਂ ਦਿੰਦਾ ਜਿਸ ਦਾ ਵਿਕਾਸ ਆਦਮੀ ਤੋਂ ਇਨਸਾਨ ਬਣਨ ਲਈ ਅਤਿਅੰਤ ਜ਼ਰੂਰੀ ਹੈ।

•

SIKHBOOKCLUB.COM

# ਪੀੜ੍ਹੀ-ਪਾੜਾ

ਪੀੜ੍ਹੀ-ਪਾੜਾ (ਜੈੱਨਰੇਸ਼ਨ ਗੈਪ) ਕੁਝ ਕੁ ਅਜੇਹੇ ਸ਼ਬਦਾਂ ਵਿੱਚੋਂ ਇੱਕ ਹੈ ਜਿਨ੍ਹਾਂ ਨੂੰ ਜੀਵਨ ਦੀ ਖ਼ੁਸ਼ੀ ਅਤੇ ਖ਼ੂਬਸੂਰਤੀ ਨਾਲ ਖੇਡਣ ਦਾ ਅਧਿਕਾਰ ਪ੍ਰਾਪਤ ਹੈ। ਇਹ ਸ਼ਬਦ ਘਰੇਲੂ ਜੀਵਨ ਦੀ ਇੱਕ ਸਮੱਸਿਆ ਵੱਲ ਇਸ਼ਾਰਾ ਕਰਦਾ ਹੈ। ਇਹ ਸਮੱਸਿਆ ਬੱਚਿਆਂ ਅਤੇ ਮਾਪਿਆਂ ਦੇ ਸੰਬੰਧਾਂ ਦੀ ਸਮੱਸਿਆ ਹੈ, ਜਿਸ ਦਾ ਜਨਮ ਜੀਵਨ ਦੇ ਸਮਾਜਕ-ਆਰਥਕ ਵਿਕਾਸ ਵਿੱਚੋਂ ਹੋਇਆ ਹੈ। ਇਸ ਨੂੰ ਆਧੁਨਿਕ ਸਮਾਜਕ-ਆਰਥਕ ਪ੍ਰਬੰਧ ਦੀ ਸਮੱਸਿਆ ਨਾ ਮੰਨ ਕੇ ਮਨੁੱਖ ਦੇ ਮਾਨਸਿਕ ਵਿਕਾਸ ਨਾਲ ਸੰਬੰਧਤ ਸਮੱਸਿਆ ਵੀ ਮੰਨਿਆ ਜਾਂਦਾ ਹੈ। ਇਸ ਮਨੌਤ ਅਨੁਸਾਰ ਅਸੀਂ ਇਹ ਕਹਿੰਦੇ ਹਾਂ ਕਿ ਮਾਪਿਆਂ ਅਤੇ ਬੱਚਿਆਂ ਦੀ ਉਮਰ ਵਿੱਚ ਵੀਹ-ਪੰਝੀ ਸਾਲਾਂ ਦਾ ਅੰਤਰ ਹੋਣ ਕਾਰਨ ਉਨ੍ਹਾਂ ਦੀਆਂ ਸੋਚਾਂ, ਇੱਛਾਵਾਂ ਅਤੇ ਆਸਾਂ ਵਿੱਚ ਵੀ ਫ਼ਰਕ ਹੁੰਦਾ ਹੈ। ਇਹ ਫ਼ਰਕ ਬੱਚਿਆਂ ਅਤੇ ਮਾਪਿਆਂ ਦੇ ਸੰਬੰਧਾਂ ਨੂੰ ਕੁਝ ਕੁ ਅਸੁਖਾਵੇਂ ਬਣਾਉਣ ਦਾ ਕੰਮ ਕਰ ਜਾਂਦਾ ਹੈ।

ਇਸ ਮਨੌਤ ਨੂੰ ਲੋੜੀਂਦਾ ਸਤਿਕਾਰ ਦਿੰਦਿਆਂ ਹੋਇਆਂ ਇਹ ਕਹਿ ਸਕਦੇ ਹਾਂ ਕਿ ਸਨਅਤੀ-ਸਾਇੰਸੀ ਸਮਾਜਾਂ ਦੇ ਵਿਕਾਸ ਤੋਂ ਪਹਿਲਾਂ ਜੀਵਨ ਦੀ ਚਾਲ ਏਨੀ ਤੇਜ਼ ਨਹੀਂ ਸੀ ਕਿ 20-25 ਸਾਲਾਂ ਦਾ ਫ਼ਰਕ, ਸੋਚਾਂ, ਇੱਛਾਵਾਂ ਅਤੇ ਆਸਾਂ ਦੇ ਅੰਤਰ ਨੂੰ ਏਨਾ ਵੱਡਾ ਕਰ ਦੇਵੇ ਕਿ ਉਹ ਘਰੇਲੂ ਜੀਵਨ ਵਿੱਚ ਸਮੱਸਿਆਵਾਂ ਪੈਦਾ ਕਰਨ ਦੇ ਯੋਗ ਹੋ ਜਾਵੇ। ਬੱਚਿਆਂ ਦੀ ਨਿਰਭਰਤਾ, ਮਾਪਿਆਂ ਨਾਲ ਕਾਰੋਬਾਰੀ ਸਾਂਝ ਅਤੇ ਮਾਪਿਆਂ ਕੋਲੋਂ ਦੂਰ ਜਾਣ ਦੇ ਸਾਧਨਾਂ ਦੀ ਘਾਟ, ਸੋਚਾਂ, ਇੱਛਾਵਾਂ ਅਤੇ ਆਸਾਂ ਦੇ ਥੋੜੇ-ਬਹੁਤੇ ਅੰਤਰ ਨੂੰ ਜੀਵਨ ਦੇ ਵਿਵਹਾਰ ਵਿੱਚ ਰੂਪਾਂਤਰਿਤ ਹੋਣੋਂ ਹੋੜਦੀ ਰਹਿੰਦੀ ਸੀ ਅਤੇ ਪਰਿਵਾਰਕ ਸੰਬੰਧਾਂ ਵਿੱਚ ਤ੍ਰੇੜ ਪੈਣ ਦਾ ਖ਼ਤਰਾ ਘੱਟ ਹੁੰਦਾ ਸੀ। ਸਨਅਤੀ ਵਿਕਾਸ ਨੇ ਉਨ੍ਹਾਂ ਸਾਰੇ ਕਾਰਨਾਂ ਅਤੇ ਆਧਾਰਾਂ ਨੂੰ ਕਮਜ਼ੋਰ ਕਰ ਦਿੱਤਾ ਹੈ ਜਿਹੜੇ ਉਮਰ ਦੇ ਫ਼ਰਕ ਨਾਲ ਸੋਚਾਂ, ਇੱਛਾਵਾਂ ਅਤੇ ਆਸਾਂ ਵਿੱਚਲੇ ਅੰਤਰ ਨੂੰ ਵਧਣੋਂ ਰੋਕਦੇ ਸਨ। ਇਸ ਲਈ, ਮੇਰਾ ਖ਼ਿਆਲ ਹੈ ਕਿ ਇਸ ਸਮੱਸਿਆ ਦਾ ਜੋ ਰੂਪ ਅੱਜ ਸਾਡੇ ਸਾਹਮਣੇ ਹੈ, ਉਹ ਧੁਰਾਂ ਤੋਂ ਆਇਆ ਹੋਇਆ ਨਹੀਂ ਸਗੋਂ ਸਾਡੇ ਸਮਾਜਕ-ਆਰਥਕ ਢਾਂਚੇ ਦੀ ਆਧੁਨਿਕ ਭੰਨ-ਤੋੜ ਦਾ ਸਿੱਟਾ ਹੈ।

ਕਾਰਨਾਂ ਅਤੇ ਪ੍ਰਕ੍ਰਿਆਵਾਂ ਦੇ ਵਿਸਥਾਰ ਵਿੱਚ ਗਏ ਬਗ਼ੈਰ ਇਹ ਆਖਿਆ ਜਾ ਸਕਦਾ ਹੈ ਕਿ ਆਧੁਨਿਕ ਜੀਵਨ ਵਿੱਚ ਬੱਚੇ ਘਰੋਂ ਬਾਹਰਲੇ ਵਾਤਾਵਰਣ ਤੋਂ ਬਹੁਤੇ ਪ੍ਰਭਾਵਿਤ ਹਨ। ਆਧੁਨਿਕ ਵਿਗਿਆਨਕ ਟੈਕਨੀਕ ਨੇ ਘਰੋਂ ਬਾਹਰਲੇ ਪ੍ਰਬਲ ਪ੍ਰਭਾਵਾਂ ਨੂੰ ਘਰੇਲੂ ਜੀਵਨ ਦਾ, ਕੇਵਲ ਜ਼ਰੂਰੀ ਹੀ ਨਹੀਂ, ਸਗੋਂ, ਸਤਿਕਾਰਯੋਗ ਅੰਗ ਬਣਾ ਦਿੱਤਾ ਹੈ। ਇਸ ਲਈ ਇਹ ਜ਼ਰੂਰੀ ਹੋ ਗਿਆ ਹੈ ਕਿ ਸਾਡੇ ਪਰਵਿਰਤੀਮੂਲਕ ਅਤੇ ਭਾਵ-ਆਧਾਰਿਤ ਪਰਿਵਾਰਿਕ ਰਿਸ਼ਤਿਆਂ ਦੀ ਪਕਿਆਈ ਅਤੇ ਸਦੀਵਤਾ ਵੱਲ, ਪਹਿਲਾਂ ਨਾਲੋਂ, ਬਹੁਤਾ ਧਿਆਨ ਦਿੱਤਾ ਜਾਵੇ।

ਸਾਡੇ ਪਰਿਵਾਰਿਕ ਰਿਸ਼ਤੇ ਪਰਵਿਰਤੀਮੂਲਕ, ਭਾਵਾਧਾਰਿਤ ਅਤੇ ਕੁਦਰਤੀ ਹੋਣ

ਕਰਕੇ ਸਾਨੂੰ ਸੁਰੱਖਿਅਤ, ਸਦੀਵੀ ਅਤੇ ਸੰਪੂਰਣ ਜਾਪਦੇ ਹਨ। ਅਸੀਂ ਸਮਝਦੇ ਹਾਂ ਜਿਸ ਬੱਚੇ ਨੂੰ ਅਸਾਂ ਮਾਸ ਦੇ ਲੋਥੜੇ ਤੋਂ ਮਨੁੱਖ ਬਣਨ ਤਕ ਪਾਲਿਆ, ਸੰਭਾਲਿਆ ਅਤੇ ਸੁਧਾਰਿਆ ਹੈ ਉਹ ਸਾਡੀ ਇੱਛਾ ਅਤੇ ਆਸ ਤੋਂ ਵੱਖਰਾ ਕੁਝ ਨਹੀਂ ਕਰ ਸਕਦਾ। ਅਸੀਂ ਇਹ ਭੁੱਲ ਜਾਂਦੇ ਹਾਂ ਕਿ ਕੋਈ ਜੀਵ ਕਿਸੇ ਜਨਮਦਾਤਾ ਜਾਂ ਪਾਲਣਹਾਰ ਦੀ ਮਾਲਕੀ ਨਹੀਂ; ਵਿਸ਼ੇਸ਼ ਕਰਕੇ ਹਰ 'ਇਸਤ੍ਰੀ-ਪੁਰਸ਼' ਪਹਿਲਾਂ ਵਿਅਕਤੀ ਹੈ ਅਤੇ ਪਿੱਛੋਂ ਕਿਸੇ ਦਾ ਪੁੱਤਰ, ਧੀ, ਭਰਾ, ਭੈਣ, ਪਿਤਾ ਅਤੇ ਮਾਤਾ ਆਦਿਕ। ਇਹ ਸੱਚ ਕਿ 'ਮਨੁੱਖ ਪਹਿਲਾਂ ਵਿਅਕਤੀ ਅਤੇ ਪਿੱਛੋਂ ਸਾਕਾ ਸੰਬੰਧੀ ਹੈ।' ਬੱਚੇ ਦੀ ਨਿਰਭਰਤਾ ਅਤੇ ਮਾਪਿਆਂ ਦੀ ਅਧਿਕਾਰਾਤਮਕ ਮਮਤਾ (possessive attachment) ਦੇ ਪਰਦੇ ਪਿੱਛੇ ਲੁਕਿਆ ਰਹਿਣ ਕਰਕੇ ਨਿਰਖਿਆ ਪਰਖਿਆ ਜਾਣਾ ਔਖਾ ਹੁੰਦਾ ਹੈ। ਇਸ ਦੇ ਨਤੀਜੇ ਵਜੋਂ ਅਸੀਂ ਆਪਣੇ ਪਰਿਵਾਰਿਕ ਰਿਸ਼ਤਿਆਂ ਦੀ ਸਦੀਵਤਾ ਅਤੇ ਸੁਰੱਖਿਆ ਲਈ ਉਨ੍ਹਾਂ ਸਾਵਧਾਨੀਆਂ ਵੱਲੋਂ ਅਵੇਸਲੇ ਹੋ ਜਾਂਦੇ ਹਾਂ ਜਿਨ੍ਹਾਂ ਨੂੰ ਸਭਿਅ, ਸਮਾਜਕ ਅਤੇ ਸਨਅਤੀ ਜੀਵਨ ਨੇ ਬਹੁਤ ਜ਼ਰੂਰੀ ਬਣਾ ਦਿੱਤਾ ਹੈ।

ਸਾਨੂੰ ਲੱਗਦਾ ਹੈ ਕਿ ਪਰਿਵਾਰਿਕ ਰਿਸ਼ਤੇ ਪਰਵਿਰਤੀਮੂਲਕ ਅਤੇ ਭਾਵਾਧਾਰਿਤ ਹੋਣ ਕਰਕੇ ਅਟੁੱਟ ਹਨ। ਅਸੀਂ ਠੀਕ ਹਾਂ ਪਰ ਇੱਕ ਹੱਦ ਤਕ। ਸਾਨੂੰ ਇਹ ਚੇਤੇ ਰੱਖਣਾ ਚਾਹੀਦਾ ਹੈ ਕਿ ਜਿਹੜਾ ਬੱਚਾ ਅੱਜ ਸੁਰੱਖਿਆ ਦੀ ਪਰਵਿਰਤੀ ਤੋਂ ਪ੍ਰੇਰਿਤ ਹੋ ਕੇ ਸਾਡੇ ਨਾਲ ਪਿਆਰ ਕਰ ਰਿਹਾ ਹੈ, ਉਸ ਨੇ ਕੁਝ ਸਾਲਾਂ ਪਿੱਛੋਂ ਹੋਰ ਪ੍ਰਕਾਰ ਦੀਆਂ ਪ੍ਰਬਲ ਪਰਵਿਰਤੀਆਂ ਤੋਂ ਪ੍ਰੇਰਿਤ ਹੋ ਕੇ ਨਵੇਂ ਸੰਬੰਧ ਪੈਦਾ ਕਰ ਲੈਣੇ ਹਨ ਅਤੇ ਉਨ੍ਹਾਂ ਦੀ ਪਕੜ ਸਾਡੇ ਸੰਬੰਧਾਂ ਦੀ ਪਕੜ, ਨਾਲੋਂ ਕਿਤੇ ਵੱਧ ਪਕੇਰੀ ਹੋਣੀ ਹੈ। ਹੋਰ ਤੇ ਹੋਰ ਉਸ ਨੇ ਆਪਣੀਆਂ ਮਿੱਤ੍ਰਤਾਵਾਂ ਨੂੰ ਆਪਣੇ ਵਿਅਕਤਿਤਵ ਦਾ ਹਿੱਸਾ ਮੰਨਣ ਲੱਗ ਪੈਣਾ ਹੈ ਅਤੇ ਉਨ੍ਹਾਂ ਦੀ ਆਲੋਚਨਾ ਨੂੰ ਅਸਹਿ ਸਮਝਣ ਲੱਗ ਪੈਣਾ ਹੈ। ਜਿਸ ਮਮਤਾ ਦੇ ਸਹਾਰੇ ਅਸੀਂ ਉਸ ਉੱਤੇ ਆਪਣਾ ਅਧਿਕਾਰ ਸਮਝਣ ਲੱਗ ਪਏ ਹਾਂ, ਉਸੇ ਪ੍ਰਕਾਰ ਦੀ ਮਮਤਾ ਨੇ ਉਸ ਦੇ ਮਨ ਵਿੱਚ ਵੀ ਉਪਜਣਾ ਹੈ ਅਤੇ ਉਸ ਦਾ ਸਾਰਾ ਧਿਆਨ ਉਨ੍ਹਾਂ ਬੱਚਿਆਂ ਵੱਲ ਖਿਚਿਆ ਜਾਣਾ ਹੈ ਜਿਨ੍ਹਾਂ ਪ੍ਰਤੀ ਉਸ ਦੇ ਮਨ ਵਿੱਚ ਮਮਤਾ ਉਪਜਣੀ ਹੈ। ਮਨੁੱਖੀ ਮਨ ਦੀ ਸਭ ਤੋਂ ਪ੍ਰਬਲ ਪਰਵਿਰਤੀ, ਕਾਮ ਨੇ ਉਸ ਲਈ ਜੀਵਨ ਦੇ ਅਰਥ ਅਤੇ ਆਚਾਰ ਵਿੱਚ ਬੁਨਿਆਦੀ ਤਬਦੀਲੀ ਲੈ ਆਉਣੀ ਹੈ। ਸਾਡੇ ਅਤੇ ਸਾਡੇ ਬੱਚਿਆਂ ਵਿਚਕਾਰ ਪਰਵਿਰਤੀ ਮੂਲਕ ਸੰਬੰਧਾਂ ਦੀ ਟੱਕਰ ਉਨ੍ਹਾਂ ਰਿਸ਼ਤਿਆਂ ਨਾਲ ਲੱਗ ਜਾਣੀ ਹੈ, ਜੋ ਪਰਵਿਰਤੀਮੂਲਕ ਹੋਣ ਦੇ ਨਾਲ ਨਾਲ ਪ੍ਰਬਲ ਪਰਵਿਰਤੀਆਂ ਉੱਤੇ ਆਧਾਰਿਤ ਹੋਣ ਕਰਕੇ ਸਾਡੇ ਰਿਸ਼ਤਿਆਂ ਨੂੰ ਡਾਵਾਂਡੋਲ ਕਰਨ ਵਿੱਚ ਸਫ਼ਲ ਹੋਣ ਦੀ ਵਡੇਰੀ ਸੰਭਾਵਨਾ ਰੱਖਦੇ ਹਨ।

ਉਸ ਸਮੇਂ ਸਾਡੇ ਮਨ ਵਿੱਚਲੀ ਨਿਮ੍ਰਤਾ ਅਤੇ ਬੱਚਿਆਂ ਨੂੰ ਦਿੱਤਾ ਹੋਇਆ ਸਤਿਕਾਰ ਸਾਡੇ ਕੰਮ ਆ ਸਕਦਾ ਹੈ। ਬੱਚਿਆਂ ਦਾ ਸਤਿਕਾਰ ਅਤੇ ਮਾਪਿਆਂ ਦੀ ਨਿਮ੍ਰਤਾ ਅਸਲ ਵਿੱਚ ਇੱਕੋ ਵਿਵਹਾਰ ਦੇ ਦੋ ਨਾਂ ਹਨ। ਜਿਨ੍ਹਾਂ ਮਾਪਿਆਂ ਵਿੱਚ ਨਿਮ੍ਰਤਾ ਨਹੀਂ, ਉਹ ਬੱਚਿਆਂ ਦਾ ਸਤਿਕਾਰ ਨਹੀਂ ਕਰ ਸਕਦੇ। ਨਮ੍ਰ ਹੋਣਾ ਸਤਿਕਾਰ ਕਰਨਾ ਹੈ ਅਤੇ ਸਤਿਕਾਰ ਕਰਨ ਦਾ ਭਾਵ ਹੈ ਨਿਮ੍ਰਤਾ ਨਾਲ ਪੇਸ਼ ਆਉਣਾ। ਇਹ ਹੈ ਤਾਂ ਪਾੱਜ਼ਿਟਿਵ ਪਰ ਸੌਖਾ ਕੰਮ ਨਹੀਂ। ਸੌਖਾ ਹੈ, ਇੱਕ ਨੇਮਾਵਲੀ ਬਣਾ ਕੇ ਉਸ ਦੇ ਪਾਲਨ ਦਾ ਉਲੇਖ ਕਰ ਦੇਣਾ ਅਤੇ ਉਲੰਘਣਾ ਕਰਨ ਵਾਲੇ ਨੂੰ ਦੰਡ ਦੇ ਕੇ ਅੱਗੇ ਲਈ ਸਾਵਧਾਨ ਜਾਂ ਭੈ-ਭੀਤ ਰਹਿਣ ਦੀ ਚੇਤਾਵਨੀ ਕਰ ਦੇਣੀ।

ਦੰਡ ਅਤੇ ਭੈ ਦਾ ਤਰੀਕਾ ਸੌਖਾ ਜ਼ਰੂਰ ਹੈ ਪਰ ਨੈੱਗੇਟਿਵ ਹੈ। ਇਸ ਪੁੱਠੇਪਨ ਵਿੱਚ ਹੀ ਉਸ ਪੀੜ ਦਾ ਭੇਤ ਹੈ, ਜਿਸ ਨੂੰ ਪੀੜ੍ਹੀ-ਪਾੜਾ ਦੀ ਕੁਦਰਤੀ ਉਪਜ ਕਹਿ ਕੇ ਪਰਵਾਨ ਕਰਨਾ ਸੁਭਾਵਕ ਸਮਝਿਆ ਜਾਣ ਲੱਗ ਪਿਆ ਹੈ। ਇਸ ਨਾਕਾਰਾਤਮਕਤਾ ਦੀ ਥੋੜੀ ਜਿਹੀ ਵਿਆਖਿਆ ਕਰਨ ਦੀ ਆਗਿਆ ਚਾਹੁੰਦਾ ਹਾਂ। ਆਸ ਹੈ ਸੂਝਵਾਨ ਪਾਠਕ ਕਾਹਲੇ ਨਹੀਂ ਪੈਣਗੇ।

ਅਸੀਂ ਇਹ ਮੰਨਦੇ ਹਾਂ ਕਿ ਬੱਚਾ ਆਪਣੇ ਮਨ ਦੀ ਕੋਰੀ ਸਲੇਟ ਲੈ ਕੇ ਇਸ ਦੁਨੀਆ ਵਿੱਚ ਆਉਂਦਾ ਹੈ। ਮਨ ਦੀ ਸਲੇਟ ਦੇ ਕੋਰੀ ਹੋਣ ਦਾ ਕੀ ਭਾਵ ਹੈ ? ਇਸ ਪ੍ਰਸ਼ਨ ਦਾ ਉੱਤਰ ਦੇਣ ਤੋਂ ਪਹਿਲਾਂ ਮਨ ਬਾਰੇ ਕੁਝ ਕਹਿ ਲੈਣਾ ਚਾਹੁੰਦਾ ਹਾਂ।

ਮੈਂ ਮਨ ਨੂੰ ਸਰੀਰ ਤੋਂ ਵੱਖਰੀ ਅਤੇ ਸੁਤੰਤਰ ਹੋਂਦ ਵਾਲੀ ਕੋਈ ਚੀਜ਼ ਨਹੀਂ ਮੰਨਦਾ। ਮੈਂ ਇਸ ਜਗਤ ਦੀ ਸਮੁੱਚੀ ਖੇਡ ਨੂੰ ਪਦਾਰਥਕ ਮੰਨਦਾ ਹਾਂ; ਮਨ ਨੂੰ ਵੀ। ਮੇਰੀ ਜਾਚੇ ਮਨ ਇੱਕ ਘਾੜਤ ਹੈ ਜਿਹੜੀ ਵਿਕਾਸ ਨੇ ਕਰੋੜਾਂ ਸਾਲਾਂ ਦੀ ਕਰੜੀ ਘਾਲਣਾ ਨਾਲ ਘੜੀ ਹੈ। ਪਦਾਰਥ ਵਿੱਚਲੇ ਰਸਾਇਣਿਕ ਅਮਲਾਂ ਨੇ ਚੇਤਨਾ, ਗਿਆਨ-ਇੰਦ੍ਰੀਆਂ, ਦਿਮਾਗ਼ ਅਤੇ ਨਰਵੱਸ ਸਿਸਟਮ ਦਾ ਵਿਕਾਸ ਕਰ ਕੇ ਮਾਨਵ ਰੂਪੀ ਜੀਵ ਵਿੱਚ ਅਹਿਸਾਸ, ਇੱਛਾ ਅਤੇ ਸੋਚ ਦੀ ਯੋਗਤਾ ਉਪਜਾਈ ਹੈ। ਮਾਨਵ ਵਿੱਚ ਇਹ ਯੋਗਤਾ ਅਸੀਮ ਹੈ ਪਰੰਤੂ ਨਿਮਨ ਸ਼੍ਰੇਣੀ ਦੇ ਜੀਵਾਂ ਵਿੱਚ ਇਸ ਯੋਗਤਾ ਦੀਆਂ ਸੰਭਾਵਨਾਵਾਂ ਮੌਜੂਦ ਹਨ। ਕਿਧਰੇ ਇਹ ਯੋਗਤਾ ਨਿਰੋਲ ਚੇਤਨਾ ਰੂਪ ਹੈ ਅਤੇ ਕਿਧਰੇ ਚੇਤਨਾ-ਆਧਾਰਿਤ ਕਿਰਿਆ ਰੂਪ। ਮੈਂ ਜੀਵਨ ਵਿੱਚਲੀ ਚੇਤਨਾ ਅਤੇ ਚੇਤਨਾ ਵਿੱਚਲੀਆਂ ਉਨ੍ਹਾਂ ਸੰਭਾਵਨਾਵਾਂ ਨੂੰ ਮਨ ਕਹਿੰਦਾ ਹਾਂ ਜਿਹੜੀਆਂ ਮਨੁੱਖੀ ਰੂਪ ਵਿੱਚ ਅਹਿਸਾਸਣ, ਇੱਛਣ ਅਤੇ ਸੋਚਣ ਦੇ ਰੂਪ ਵਿੱਚ ਪ੍ਰਗਟ ਹੁੰਦੀਆਂ ਹਨ। ਇੱਕ ਸਾਧਾਰਣ ਬੱਚੇ ਵਿੱਚਲੀ ਚੇਤਨਾ ਇਨ੍ਹਾਂ ਸੰਭਾਵਨਾਵਾਂ ਨਾਲ ਯੁਕਤ ਹੁੰਦੀ ਹੈ, ਜਦੋਂ ਉਹ ਇਸ ਦੁਨੀਆ ਵਿੱਚ ਪਰਵੇਸ਼ ਕਰਦਾ ਹੈ।

ਇਸ ਦੁਨੀਆ ਵਿੱਚ ਆ ਕੇ (ਅਤੇ ਆਉਣ ਤੋਂ ਪਹਿਲਾਂ ਵੀ) ਬੱਚਾ (ਜਾਂ ਬੱਚੇ ਵਿੱਚਲੀ ਚੇਤਨਾ) ਅਨੁਭਵ ਦੀ ਕਰਮ ਭੂਮੀ ਵਿੱਚ ਪਰਵੇਸ਼ ਕਰਦਾ ਹੈ। ਹਰ ਅਨੁਭਵ, ਭਾਵੇਂ ਉਹ ਬਾਹਰਲੀ ਉਕਸਾਹਟ ਦਾ ਸਿੱਟਾ ਹੋਵੇ ਭਾਵੇਂ ਅੰਦਰਲੀ ਕਿਸੇ ਲੋੜ ਜਾਂ ਲਾਲਸਾ ਦੀ ਉਪਜ ਹੋਵੇ, ਗਿਆਨ ਵਿੱਚ ਰੂਪਾਂਤਰਿਤ ਹੋ ਕੇ ਮਨ ਦੀ ਕੋਰੀ ਤਖ਼ਤੀ ਉਤਲੀ ਲਿਖਾਵਟ ਬਣ ਜਾਂਦਾ ਹੈ। ਇਸ ਲਿਖਾਵਟ ਦਾ ਆਰੰਭ ਜਨਮ ਤੋਂ ਪਹਿਲਾਂ ਮਾਤਾ ਦੇ ਗਰਭ ਵਿੱਚ ਹੀ ਹੋ ਜਾਂਦਾ ਹੈ।

ਫ਼੍ਰਾਇਡ; ਜੁੰਗ[1] ਅਤੇ ਵਿਲੀਅਮ ਜੇਮਜ਼ ਆਦਿਕ ਸਾਰੇ ਕਹਿੰਦੇ ਹਨ ਕਿ ਮਨੁੱਖੀ ਮਨ ਦੇ ਚੇਤਨ ਅਤੇ ਅਵਚੇਤਨ ਦੋ ਭਾਗ ਹਨ। ਮੈਂ ਇਨ੍ਹਾਂ ਮਨੋਵਿਗਿਆਨੀਆਂ ਦੀ ਇਸ ਗੱਲ ਨਾਲ ਸਹਿਮਤ ਹਾਂ। ਅਵਚੇਤਨ ਜਾਂ ਅੱਨਕਾਨਸ਼ਸ (unconscious) ਬਾਰੇ ਫ਼੍ਰਾਇਡ ਦਾ ਸਿਧਾਂਤ ਹੈ ਕਿ ਇਹ ਪਰਵਿਰਤੀ ਦੇ ਦਮਨ (repression) ਦਾ ਸਿੱਟਾ ਹੈ। ਪਰਵਿਰਤੀ ਦੀ ਸੰਤੁਸ਼ਟੀ ਜੀਵ ਲਈ ਆਨੰਦਦਾਇਕ ਹੈ। ਸਭਿਅ ਸਮਾਜਕ ਜੀਵਨ ਵਿੱਚ ਪਰਵਿਰਤੀਆਂ ਦੀ ਬੇ-ਲਗਾਮ ਸੰਤੁਸ਼ਟੀ ਨਾ ਸੰਭਵ ਹੈ, ਨਾ ਸੁੰਦਰ। ਕਈ ਵੇਰ ਨੈਤਿਕਤਾ ਅਤੇ ਸ਼ਿਸ਼ਟਾਚਾਰ ਆਦਿਕ ਦੀ ਰਖਵਾਲੀ ਲਈ ਪਰਵਿਰਤੀ ਦੇ ਦਮਨ ਦੀ ਲੋੜ ਪੈ ਜਾਂਦੀ ਹੈ। ਦਮਨ ਤਾਂ ਹੀ ਸਫ਼ਲ ਹੋ ਸਕਦਾ ਹੈ ਜੇ ਪਰਵਿਰਤੀ ਦੀ ਸੰਤੁਸ਼ਟੀ ਵਿੱਚੋਂ ਮਿਲਣ ਵਾਲੇ ਆਨੰਦ ਨਾਲੋਂ ਦਮਨ ਦਾ ਪਾਲਨ ਕਰਾਉਣ ਵਾਲਿਆਂ ਵੱਲੋਂ ਦਿੱਤੀ ਜਾਣ ਵਾਲੀ ਪੀੜ ਵਧੇਰੇ ਦੁੱਖ-ਦਾਇਕ ਹੋਵੇ। ਸਭਿਅ ਸਮਾਜਕ ਵਿਅਕਤੀ ਲਈ ਦਮਨ ਬਹੁਤੀ ਦੁੱਖ-ਦਾਇਕ ਜਾਂ ਓਪਰੀ ਵਸਤੂ ਨਹੀਂ। ਸੁਰੱਖਿਅਤ, ਸੁਖੀ ਅਤੇ ਸਤਿਕਾਰਯੋਗ ਸਮਾਜਕ ਜੀਵਨ ਵਿੱਚ ਦਮਨ ਦੀ ਹੋਂਦ ਮਹਿਸੂਸਣੀ ਮੁਸ਼ਕਿਲ ਹੈ ਕਿਉਂਜੁ ਅਸੀਂ ਅਜੇਹੀ ਸਮਾਜਕ ਸਥਿਤੀ ਨੂੰ ਦਮਨਾਧਾਰਿਤ ਦੀ ਥਾਂ ਸੰਸਕ੍ਰਿਤਕ (cultured) ਸਥਿਤੀ ਮੰਨਦੇ ਹਾਂ। ਇਸ ਦਾ ਨਤੀਜਾ ਇਹ ਹੈ ਕਿ ਸਭਿਅ ਸਮਾਜਾਂ ਵਿੱਚ ਵੱਸਣ ਵਾਲੇ ਇਸਤਰੀ-ਪੁਰਸ਼ਾਂ ਲਈ ਜਾਂ ਇਸਤਰੀ-ਪੁਰਸ਼ਾਂ ਦੀ ਬਹੁਤ ਵੱਡੀ ਗਿਣਤੀ ਲਈ ਪਰਵਿਰਤੀ-ਦਮਨ ਦੀ ਪੀੜ ਬਹੁਤਾ ਚਿੰਤਾਜਨਕ ਵਿਸ਼ਾ ਨਹੀਂ।

1. Jung—ਇਸ ਨਾਂ ਨੂੰ ਯੁੰਗ ਉਚਾਰਿਆ ਜਾਂਦਾ ਹੈ।

WWW.SIKHBOOKCLUB.COM 

ਇਸ ਸੰਬੰਧ ਵਿੱਚ ਮਨੋਵਿਗਿਆਨ ਦਾ ਦੱਸਿਆ ਹੋਇਆ ਅਗਲਾ ਸੱਚ ਇਹ ਹੈ ਕਿ ਦਮਨ ਪਰਵਿਰਤੀ ਦਾ ਅੰਤ ਨਹੀਂ ਕਰਦਾ ਸਗੋਂ ਉਸ ਨੂੰ ਮਨ ਦੇ ਕਿਸੇ ਅਜੇਹੇ ਕੋਨੇ ਵਿੱਚ ਲੁਕ ਜਾਣ ਲਈ ਮਜਬੂਰ ਕਰਦਾ ਹੈ, ਜਿਥੋਂ ਉਹ ਹਾਈਂ ਮਾਈਂ ਬਾਹਰ ਆਉਣ ਦਾ ਉਪਰਾਲਾ ਨਹੀਂ ਕਰਦੀ। ਮਨ ਦੇ ਇਸ ਕੋਨੇ ਨੂੰ ਅਵਚੇਤਨ ਜਾਂ ਅੰਤਕਾਨਸ਼ਸ ਆਖਿਆ ਜਾਂਦਾ ਹੈ। ਸਾਡੇ ਸੁਪਨੇ, ਸਾਡੇ ਚੇਤਨ ਵਿਵਹਾਰ ਵਿੱਚਲੀਆਂ ਅਯੋਗਤਾਵਾਂ ਅਤੇ ਅਸਾਧਾਰਣਤਾਵਾਂ, ਸਾਡੇ ਨਿਰਮੂਲ ਡਰ ਅਤੇ ਸੰਸੇ ਅਤੇ ਸਾਡੇ ਬਹੁਤ ਸਾਰੇ ਮਾਨਸਿਕ ਰੋਗ ਅਵਚੇਤਨ (unconscious) ਦੀ ਹੋਂਦ ਦਾ ਸਬੂਤ ਹਨ।

ਅਵਚੇਤਨ ਬਹੁਤੀ ਲੋੜੀਂਦੀ ਅਤੇ ਸਤਿਕਾਰਯੋਗ ਵਸਤੂ ਨਹੀਂ। ਇਹ ਦਮਨ ਜਾਂ ਬੰਦਸ਼ਾਂ ਦੀ ਉਪਜ ਹੈ ਅਤੇ ਬਹੁਤੀਆਂ ਬੰਦਸ਼ਾਂ ਸਭਿਅਤਾ ਦੀ ਉਪਜ ਹਨ। ਜੰਗਲੀ ਜਾਂ ਅਸਭਿਅ ਜੀਵਨ ਵਿੱਚ ਕੁਝ ਇੱਕ ਕੁਦਰਤੀ ਬੰਦਿਸ਼ਾਂ ਤੋਂ ਇਲਾਵਾ ਬਹੁਤੀਆਂ ਸਮਾਜਕ ਬੰਦਸ਼ਾਂ ਨਹੀਂ ਹੁੰਦੀਆਂ। ਇਸ ਲਈ ਜੰਗਲੀ ਪਸ਼ੂਆਂ ਅਤੇ ਅਸਭਿਅ ਇਸਤ੍ਰੀ-ਪੁਰਸ਼ਾਂ ਦੇ ਮਨ ਵਿੱਚ ਚੇਤਨ ਅਵਚੇਤਨ ਦੀ ਵੰਡ ਦਾ ਮਹੱਤਵ ਨਹੀਂ।

ਬਹੁ-ਪੱਖੀ, ਲੰਮੇਰਾ ਅਤੇ ਲਗਾਤਾਰੀ ਦਮਨ ਅਵਚੇਤਨ ਨੂੰ ਵਡੇਰਾ ਅਤੇ ਸ਼ਕਤੀਸਾਲੀ ਬਣਾਉਂਦਾ ਹੈ। ਜਿਨ੍ਹਾਂ ਦਾ ਅਵਚੇਤਨ ਚੇਤਨ ਨਾਲੋਂ ਵਡੇਰਾ ਅਤੇ ਸ਼ਕਤੀਸ਼ਾਲੀ ਹੋ ਜਾਂਦਾ ਹੈ, ਉਹ ਮਾਨਸਿਕ ਰੋਗੀ ਆਖੇ ਜਾਂਦੇ ਹਨ। ਅਵਚੇਤਨ ਦੀ ਅਣਹੋਂਦ ਮਨ ਦੀ ਸਿਹਤਮੰਦੀ ਦਾ ਸਬੂਤ ਹੈ ਜਾਂ ਇਉਂ ਕਹਿ ਸਕਦੇ ਹਾਂ ਕਿ ਸਿਹਤਮੰਦ ਮਾਨਸਿਕਤਾ ਦੇ ਮਾਲਕ ਵਿੱਚ ਅਵਚੇਤਨ ਨਹੀਂ ਹੁੰਦਾ। ਉਸ ਨੇ ਕਿਸੇ ਭੈ ਜਾਂ ਸਵਾਰਥ ਲਈ ਆਪਣਾ ਕੋਈ ਭਾਵ ਜਾਂ ਵਿਚਾਰ ਲੋਕਾਂ ਕੋਲੋਂ ਛੁਪਾ ਕੇ ਅਵਚੇਤਨ ਦੀ ਹਨੇਰੀ ਨੁਕਰੇ ਨਹੀਂ ਰੱਖਿਆ ਹੁੰਦਾ। ਉਹ ਨਿਰਯਤਨ ਹੀ ਅੰਦਰੋਂ ਬਾਹਰੋਂ ਇੱਕ ਹੁੰਦਾ ਹੈ। ਸਿਹਤਮੰਦ-ਮਾਨਸਿਕਤਾ ਬਹੁਤੀ ਸੁਲੱਭ ਨਹੀਂ।

ਕਿਸੇ ਵੀ ਸਮ੍ਰਿੱਧ ਸਮਾਜ ਦੇ ਸਤਿਕਾਰਯੋਗ ਵਿਅਕਤੀ ਦਾ ਮਨੋਵਿਸ਼ਲੇਸ਼ਣ ਇਹ ਪ੍ਰਗਟ ਕਰੇਗਾ ਕਿ ਉਸਦੇ ਚੇਤਨ ਨਾਲੋਂ ਕਿਤੇ ਵਡੇਰਾ ਅਵਚੇਤਨ ਉਸ ਨਾਲ ਤੁਰਿਆ ਫਿਰਦਾ ਹੈ। ਇਹ ਸੱਚ ਕਿਸੇ ਇੱਕ ਵਿਅਕਤੀ ਦਾ ਸੱਚ ਨਹੀਂ; ਇਹ ਸਾਡਾ ਸਾਰਿਆਂ ਦਾ ਸੱਚ ਹੈ। ਅਸੀਂ ਹੈਰਾਨ ਹੋ ਕੇ ਪੁੱਛ ਸਕਦੇ ਹਾਂ—ਇਸ ਅਵਚੇਤਨ ਦੀ ਉਸਾਰੀ ਕਦੋਂ ਹੋਈ? ਉੱਤਰ ਹੈ, 'ਬਚਪਨ ਵਿੱਚ।' ਜੇ ਇਹ ਠੀਕ ਹੈ ਤਾਂ ਬਚਪਨ ਨੂੰ ਮਨੁੱਖੀ ਜੀਵਨ ਦਾ ਦਮਨ-ਕਾਲ ਆਖਿਆ ਜਾ ਸਕਦਾ ਹੈ। ਦਮਨ ਦੀ ਕਿਰਿਆ ਜੀਵਨ ਪ੍ਰਯੰਤ ਸਾਡੇ ਨਾਲ ਨਾਲ ਤੁਰੀ ਰਹਿੰਦੀ ਹੈ। ਪਹਿਲੇ ਇੱਕ ਦੋ ਦਹਾਕਿਆਂ ਪਿੱਛੋਂ ਅਸੀਂ ਇਸ ਦੇ ਆਦੀ ਹੋ ਜਾਂਦੇ ਹਾਂ; ਇਸ ਨੂੰ ਜੀਵਨ ਦੀ ਸਤਿਕਾਰਯੋਗ ਕੁਰੱਤਣ ਸਮਝ ਕੇ ਪਰਵਾਨ ਕਰ ਲੈਂਦੇ ਹਾਂ; ਪਰੰਤੂ ਬਚਪਨ ਅਤੇ ਮੁੱਢਪੁਣੇ ਦੀ ਉਮਰ ਵਿੱਚ ਅਸੀਂ ਏਨੇ ਸਿਆਣੇ ਨਹੀਂ ਹੁੰਦੇ ਕਿ ਆਪਣੇ ਸਮਾਜਕ ਅਤੇ ਪਰਿਵਾਰਕ ਚੌਗਿਰਦੇ ਨੂੰ ਏਨੀ ਛੇਤੀ ਮੁਆਫ਼ ਕਰ ਸਕੀਏ। ਸਾਨੂੰ ਆਪਣਾ ਸਮਾਜਕ ਚੌਗਿਰਦਾ ਬਹੁਤ ਮਹੱਤਵਪੂਰਣ ਅਤੇ ਸ਼ਕਤੀਸ਼ਾਲੀ ਪ੍ਰਤੀਤ ਹੁੰਦਾ ਹੈ। ਇਹ ਪਰਤੀਤੀ ਸੱਚ ਉੱਤੇ ਆਧਾਰਿਤ ਹੁੰਦੀ ਹੈ। ਇਸ ਲਈ ਅਸੀਂ ਸਮਾਜਕ ਚੌਗਿਰਦੇ ਨਾਲ ਟੱਕਰ ਲੈਣ ਦਾ ਸੁਪਨਾ ਨਹੀਂ ਲੈ ਸਕਦੇ। ਆਪਣੀ ਪਰਵਿਰਤੀ ਦਾ ਦਮਨ ਹੀ ਸਾਡਾ ਇੱਕੋ ਇੱਕ ਰਸਤਾ ਹੁੰਦਾ ਹੈ। ਬਚਪਨ ਵਿੱਚ ਖੇਡ, ਰੌਲਾ, ਉੱਛਲ-ਕੁੱਦ, ਵੱਡਿਆਂ ਵਾਂਗ ਸਤਿਕਾਰੇ ਜਾਣ ਦੀ ਇੱਛਾ, ਆਪਣੀ ਮਰਜ਼ੀ ਕਰ ਸਕਣ ਦੀ ਭਾਵਨਾ, ਅਧਿਕਾਰ ਅਤੇ ਮਾਲਕੀ ਦਾ ਸ਼ੌਕ, ਦੂਜੇ ਬੱਚਿਆਂ ਨਾਲ ਤੁਲਨਾ ਕਰ ਕੇ ਆਪਣੀ ਥਾਂ ਨੂੰ ਵੱਧ ਸੁਰੱਖਿਅਤ ਅਤੇ ਸਤਿਕਾਰਯੋਗ ਵੇਖਣ ਦੀ ਇੱਛਾ, ਤੋੜ-ਭੰਨ ਦੀ ਪਰਵਿਰਤੀ ਅਤੇ ਸਲਾਹੇ ਜਾਣ ਦੀ ਇੱਛਾ ਆਦਿਕ ਕਈ ਪਰਵਿਰਤੀਆਂ ਹੁੰਦੀਆਂ ਹਨ ਜਿਨ੍ਹਾਂ ਦੀ ਸੰਤੁਸ਼ਟੀ ਦਾ ਕਦੇ ਕੋਈ ਅਵਸਰ ਨਹੀਂ ਮਿਲਦਾ। ਜ਼ਰਾ ਕੁ ਵੱਡੇ ਹੋ ਕੇ ਆਪਣੀ

ਮਿੱਤ੍ਰਤਾ ਦਾ ਘੇਰਾ ਬਣਾਉਣ ਅਤੇ ਵਧਾਉਣ ਦੀ ਪਰਵਿਰਤੀ ਜਾਗ ਪੈਂਦੀ ਹੈ। ਘਰੋਂ ਬਾਹਰ ਖਾਣਾ-ਪੀਣਾ ਚੰਗਾ ਲੱਗਦਾ ਹੈ। ਕੁਝ ਹੀ ਸਾਲਾਂ ਵਿੱਚ ਸਭ ਤੋਂ ਵੱਧ ਸ਼ਕਤੀਸ਼ਾਲੀ ਪਰਵਿਰਤੀ, ਕਾਮ ਪਰਵਿਰਤੀ, ਜੀਵਨ ਪ੍ਰਤੀ ਸਾਡਾ ਸਮੁੱਚਾ ਦ੍ਰਿਸ਼ਟੀਕੋਣ ਬਦਲ ਕੇ ਰੱਖ ਦਿੰਦੀ ਹੈ। ਅਤੇ ਇਹ ਸਭ ਕੁਝ ਮਨਾਹੀਆਂ ਦੀ ਉੱਚੀ ਦੀਵਾਰ ਦੀ ਉਸਾਰੀ ਕਰ ਦਿੰਦਾ ਹੈ; ਆਲੋਚਨਾ ਦੇ ਅਮੁੱਕ ਅਵਸਰਾਂ ਨੂੰ ਜਨਮ ਦਿੰਦਾ ਹੈ। ਅਸੀਂ ਦਮਨ ਦਾ ਸਹਾਰਾ ਲੈਂਦੇ ਹਾਂ। ਦਬਾਈ ਹੋਈ ਹਰ ਇੱਛਾ ਸਾਡੇ ਅਵਚੇਤਨ ਵਿੱਚ ਜਾ ਲੁਕਦੀ ਹੈ ਜਿਵੇਂ ਘਰ ਵਿੱਚਲਾ ਬੇ-ਲੋੜਾ ਸਾਮਾਨ ਘਰ ਦੇ ਪਿਛਵਾੜੇ ਬਣੇ ਸ਼ੈੱਡ ਵਿੱਚ ਚਲਾ ਜਾਂਦਾ ਹੈ। ਕਦੇ ਕਿਸੇ ਲੋੜ ਸਮੇਂ ਸ਼ੈੱਡ ਨੂੰ ਅਸੀਂ ਆਪ ਖੋਲ੍ਹਦੇ ਹਾਂ, ਪਰੰਤੂ ਅੱਨਕਾਨਸ਼ਸ ਦੇ ਦਰਵਾਜ਼ੇ ਸਾਡੇ ਵੱਲੋਂ ਬਾਹਰੇ ਖੁੱਲ੍ਹਦੇ ਹਨ; ਬਹੁਤੀਆਂ ਹਾਲਤਾਂ ਵਿੱਚ ਉਦੋਂ ਜਦੋਂ ਅਸੀਂ ਘਰ ਦੇ ਜ਼ਿੰਮੇਦਾਰ ਮੈਂਬਰ ਬਣਨ ਵਾਲੇ ਹੁੰਦੇ ਹਾਂ।

ਮਨਾਹੀਆਂ, ਝਿੜਕਾਂ ਅਤੇ ਆਲੋਚਨਾ ਨੇ ਦਮਨ ਨੂੰ ਅਤੇ ਦਮਨ ਨੇ ਸਾਡੇ ਅਵਚੇਤਨ ਨੂੰ ਏਨਾ ਵੱਡਾ ਅਤੇ ਤਾਕਤਵਰ ਕਰ ਦਿੱਤਾ ਹੁੰਦਾ ਹੈ ਕਿ ਅਸੀਂ ਜਦੋਂ ਵੀ ਆਪਣੇ ਮਾਤਾ ਪਿਤਾ ਪ੍ਰਤੀ ਕੋਈ ਵਤੀਰਾ ਅਪਣਾਉਣ ਲੱਗਦੇ ਹਾਂ ਸਾਡਾ ਅਵਚੇਤਨ ਸਾਡੇ ਚੇਤਨ ਨੂੰ ਪਛਾੜ ਕੇ ਸਾਹਮਣੇ ਆ ਜਾਂਦਾ ਹੈ। ਅਵਚੇਤਨ ਵਿੱਚ ਆਪਣਿਆਂ ਪ੍ਰਤੀ ਘਿਰਣਾ ਅਤੇ ਤ੍ਰਿਸਕਾਰ ਦੀ ਭਾਵਨਾ ਦੇ ਬੀਜ ਹੁੰਦੇ ਹਨ। ਅਸੀਂ ਹਰ ਅਵਸਰ ਉੱਤੇ ਚੇਤਨ ਅਤੇ ਅਵਚੇਤਨ ਦਾ ਲੇਖਾ-ਜੋਖਾ ਕਰ ਕੇ ਆਪਣੇ ਵਤੀਰੇ ਦੀ ਰੂਪ-ਰੇਖਾ ਉਲੀਕਦੇ ਹਾਂ। ਇਹ ਵਤੀਰਾ ਕੁਦਰਤੀ ਅਤੇ ਨਿਰਉਚੇਚ ਹੋਣ ਦੀ ਥਾਂ ਬਨਾਵਟੀ ਅਤੇ ਦਿਖਾਵਟੀ ਹੁੰਦਾ ਹੈ। ਇਸ ਵਤੀਰੇ ਪਿੱਛੇ ਉਹ ਪੀੜ੍ਹੀ-ਪਾੜਾ ਕੰਮ ਕਰ ਰਿਹਾ ਹੁੰਦਾ ਹੈ ਜਿਸ ਨੂੰ ਮਾਪਿਆਂ ਨੇ ਆਪਣੇ ਅਣਜਾਣਪੁਣੇ ਕਾਰਨ ਆਪ ਵਧਾਇਆ ਵਿਕਸਾਇਆ ਹੁੰਦਾ ਹੈ।

ਨਿਮ੍ਰਤਾ ਅਤੇ ਸਤਿਕਾਰ ਉਸ ਸਿੱਕੇ ਦੇ ਦੋ ਪਾਸੇ ਹਨ, ਜਿਸ ਨਾਲ ਮਾਪਿਆਂ ਅਤੇ ਬੱਚਿਆਂ ਵਿਚਕਾਰ ਸੁਹਣੇ ਸੰਬੰਧਾਂ ਦਾ ਸੌਦਾ ਖ਼ਰੀਦਿਆ ਜਾ ਸਕਦਾ ਹੈ। ਕਠੋਰਤਾ, ਭੈ ਅਤੇ ਅਧਿਕਾਰ ਅਜਿਹਾ ਇੱਟ-ਗਾਰਾ ਹੈ ਜਿਸ ਨਾਲ ਅਵਚੇਤਨ ਦੇ ਮਕਬਰੇ ਦੀ ਉਸਾਰੀ ਹੁੰਦੀ ਹੈ। ਅਸੀਂ ਇਹ ਉਸਾਰੀ ਨਹੀਂ ਕਰਨਾ ਚਾਹੁੰਦੇ। ਉਂਵ ਤਾਂ ਇਹ ਵੀ ਸੰਭਵ ਹੈ ਕਿ ਮਨੁੱਖੀ ਮਨ ਦੇ ਦੋ ਹਿੱਸੇ ਨਾ ਹੋਣ ਅਤੇ ਉਹ ਕੇਵਲ ਚੇਤਨ ਹੀ ਹੋਵੇ; ਪਰੰਤੂ ਇਹ ਕੰਮ ਅਜੇ ਮੁਸ਼ਕਿਲ ਲੱਗਦਾ ਹੈ। ਫਿਰ ਵੀ ਸੁਹਣੇ, ਸੁਖਾਵੇਂ ਅਤੇ ਸਾਧਾਰਣ ਯਤਨਾਂ ਨਾਲ ਅੱਨਕਾਨਸ਼ਸ ਦਾ ਆਕਾਰ ਬਹੁਤ ਛੋਟਾ ਰੱਖਿਆ ਜਾ ਸਕਦਾ ਹੈ। ਜੇ ਇਹ ਕੰਮ ਮਨੁੱਖੀ ਮਨ, ਵਿਸ਼ੇਸ਼ ਕਰਕੇ ਬੱਚੇ ਦੇ ਮਨ ਦੀਆਂ ਪਰਵਿਰਤੀਆਂ ਦਾ ਲੇਖਾ-ਜੋਖਾ ਕਰ ਕੇ ਕਰਨਾ ਸ਼ੁਰੂ ਕਰਾਂਗੇ ਤਾਂ ਬੂਟੇ ਗਿਣਨ ਵਿੱਚ ਹੀ ਸਮਾਂ ਗੁਆ ਲਵਾਂਗੇ; ਅੰਬ ਚੂਪਣ ਦਾ ਅਵਸਰ ਨਹੀਂ ਮਿਲੇਗਾ। ਇੱਕ ਸਿੱਧਾ ਜਿਹਾ ਗੁਰ ਚੇਤੇ ਰੱਖਣਾ ਸੌਖਾ ਵੀ ਹੈ ਅਤੇ ਲਾਭਦਾਇਕ ਵੀ। ਉਹ ਇਹ ਕਿ ਬੱਚੇ ਨੂੰ ਦਿੱਤਾ ਹੋਇਆ ਸਤਿਕਾਰ ਅਤੇ ਉਸ ਨਾਲ ਅਪਣਾਈ ਹੋਈ ਨਿਮ੍ਰਤਾ ਉਸ ਦੇ ਚੇਤਨ ਮਨ ਨੂੰ ਸੁੰਦਰ, ਮਜ਼ਬੂਤ ਅਤੇ ਵਿਸ਼ਾਲ ਕਰਦੀ ਹੈ; ਬੱਚੇ ਦੇ ਵਿਵਹਾਰਾਂ-ਵਿਚਾਰਾਂ ਉੱਤੇ ਲਾਈ ਗਈ ਹਰ ਪਾਬੰਦੀ, ਉਸ ਦੀਆਂ ਇੱਛਾਵਾਂ ਦੀ ਪੂਰਤੀ ਅੱਗੇ ਖੜੀ ਕੀਤੀ ਜਾਣ ਵਾਲੀ ਹਰ ਮਨਾਹੀ, ਉਸ ਦੀਆਂ ਮਾਸੂਮ ਉਕਾਈਆਂ ਕਾਰਨ ਉਸ ਨੂੰ ਦਿੱਤੀ ਜਾਣ ਵਾਲੀ ਹਰ ਝਿੜਕ ਉਸ ਦੇ ਅਵਚੇਤਨ ਦਾ ਭੰਡਾਰ ਭਰਦੀ ਹੈ ਅਤੇ ਪੀੜ੍ਹੀ ਦਾ ਪਾੜ ਵਡੇਰਾ ਕਰਦੀ ਹੈ। ਬੱਚੇ ਦੀ ਜਿਸ ਮੰਗ, ਜਿਸ ਇੱਛਾ; ਜਿਸ ਪਰਵਿਰਤੀ ਦੀ ਸੰਤੁਸ਼ਟੀ ਅਸੀਂ ਨਹੀਂ ਕਰ ਸਕਦੇ, ਉਸ ਲਈ ਆਪਣੀ ਅਯੋਗਤਾ, ਆਪਣੀ ਕਮਜ਼ੋਰੀ, ਆਪਣੀ ਬੇ-ਬਸੀ ਦਾ ਇਕਬਾਲ ਕਰ ਕੇ ਉਸ ਕੋਲੋਂ ਮੁਆਫ਼ੀ ਮੰਗਣ ਅਤੇ ਉਸ ਦਾ ਸਹਿਯੋਗ ਹਾਸਲ ਕਰਨ ਦੀ ਕਲਾ ਅਤੇ ਸੁਹਿਰਦਤਾ ਹਰ ਮਾਤਾ-ਪਿਤਾ ਵਿੱਚ ਹੋਣੀ ਚਾਹੀਦੀ ਹੈ।

# ਸੁਤੰਤ੍ਰਤਾ

ਸੁਤੰਤ੍ਰਤਾ (ਜਾਂ ਸ੍ਵੈਤੰਤ੍ਰਤਾ) ਇੱਕ ਅਜੇਹਾ ਆਦਰਸ਼ ਹੈ, ਜਿਸ ਨੂੰ ਬਹਾਦਰੀ, ਕੁਰਬਾਨੀ, ਏਕਤਾ ਅਤੇ ਦੇਸ਼-ਭਗਤੀ ਵਰਗੇ ਬਹੁਤ ਸਾਰੇ ਆਦਰਸ਼ਾਂ ਦੀ ਸੇਵਾ ਅਤੇ ਸਹਾਇਤਾ ਦਾ ਸੁਭਾਗ ਪ੍ਰਾਪਤ ਹੈ। ਇਸ ਨੂੰ ਆਜ਼ਾਦੀ ਵੀ ਆਖਿਆ ਜਾਂਦਾ ਹੈ ਅਤੇ ਮਨੁੱਖ ਮਾਤਰ ਦਾ ਜਨਮ ਸਿੱਧ ਅਧਿਕਾਰ ਦੱਸਿਆ ਜਾਂਦਾ ਹੈ। ਮਨੁੱਖ ਦਾ ਇਤਿਹਾਸ ਹਜ਼ਾਰਾਂ (ਸ਼ਾਇਦ ਲੱਖਾਂ) ਸਾਲ ਪੁਰਾਣਾ ਹੈ, ਪਰੰਤੂ ਉਸ ਨੂੰ, ਉਸ ਦੇ ਜਨਮ ਸਿੱਧ ਅਧਿਕਾਰ ਦੀ ਸੋਝੀ ਬਹੁਤੀ ਪੁਰਾਣੀ ਨਹੀਂ। ਇਸ ਸੋਝੀ ਜਾਂ ਚੇਤਨਾ ਦੀ ਉਮਰ ਦੋ ਜਾਂ ਢਾਈ ਸਦੀਆਂ ਤੋਂ ਵੱਧ ਨਹੀਂ। ਪੁਰਾਤਨ ਯੂਨਾਨੀ ਸਾਹਿਤ ਵਿੱਚ ਪ੍ਰਜਾਤੰਤ੍ਰ ਅਤੇ ਨਿਆਂ ਦਾ ਵਰਣਨ ਆਮ ਹੈ, ਪਰ ਸੁਤੰਤ੍ਰਤਾ ਦਾ ਨਹੀਂ। ਉਹ ਆਜ਼ਾਦੀ ਜਾਂ ਸੁਤੰਤ੍ਰਤਾ ਦਾ ਸ਼ਬਦ, ਕਿਸੇ ਗ਼ੁਲਾਮ ਨੂੰ ਦਿੱਤੇ ਗਏ ਨਾਗਰਿਕਤਾ ਦੇ ਅਧਿਕਾਰ ਲਈ ਵਰਤਦੇ ਸਨ; ਕਹਿੰਦੇ ਸਨ, 'ਫ਼ਲਾਣਾ ਗ਼ੁਲਾਮ ਫ਼੍ਰੀ ਕਰ ਦਿੱਤਾ ਗਿਆ ਹੈ।'

ਪੁਰਾਤਨ ਅਤੇ ਮੱਧ ਕਾਲ ਦੀਆਂ ਜੰਗਾਂ, ਰਾਜਿਆਂ ਵਿਚਕਾਰ, ਰਾਜ-ਅਧਿਕਾਰ ਦੀ ਪ੍ਰਾਪਤੀ ਅਤੇ ਰੱਖਿਆ ਲਈ ਹੁੰਦੀਆਂ ਸਨ; ਆਜ਼ਾਦੀ ਜਾਂ ਸੁਤੰਤ੍ਰਤਾ ਲਈ ਨਹੀਂ ਸਨ ਹੁੰਦੀਆਂ। ਜੇਤੂ, ਰਾਜ ਦਾ ਅਧਿਕਾਰੀ ਹੋ ਜਾਂਦਾ ਸੀ ਅਤੇ ਹਾਰਿਆ ਹੋਇਆ, ਮਾਰਿਆ ਜਾਂਦਾ ਸੀ ਜਾਂ ਜੇਤੂ ਦੀ ਅਧੀਨਗੀ ਪਰਵਾਨ ਕਰ ਕੇ ਉਸ ਨੂੰ ਕਰ ਜਾਂ ਤਾਵਾਨ ਦੇਣਾ ਮੰਜ਼ੂਰ ਕਰ ਲੈਂਦਾ ਸੀ। ਸਿਕੰਦਰ ਨੇ ਜੇਤੂ ਅਤੇ ਜਿੱਤੇ ਹੋਏ ਵਿਚਕਾਰ ਮਿੱਤ੍ਰਤਾ ਅਤੇ ਮਿਲਵਰਤਣ ਦੇ ਸਾਊ ਸੰਬੰਧ ਦੀ ਪਿਰਤ ਪਾਉਣੀ ਚਾਹੀ ਸੀ, ਪਰੰਤੂ ਉਹ ਇਸ ਸੰਕਲਪ ਨੂੰ ਸਾਕਾਰ ਕਰ ਸਕਣ ਲਈ ਜੀਉਂਦਾ ਨਾ ਰਿਹਾ।

ਸੁਤੰਤ੍ਰਤਾ (ਸ੍ਵੈਤੰਤ੍ਰਤਾ) 'ਰਾਸ਼ਟਰਵਾਦੀ ਵੱਗ-ਭਾਵਨਾ', 'ਪ੍ਰਜਾਤੰਤ੍ਰੀ ਰਾਜ-ਪ੍ਰਬੰਧ' ਅਤੇ 'ਸੋਵਰਿਨਟੀ ਦੇ ਪਸ਼ੂਪੁਣੇ' ਦੇ ਸੰਜੋਗ ਵਿੱਚੋਂ ਉਪਜਿਆ ਹੋਇਆ ਅਤੇ ਇਸ ਸੰਜੋਗ ਨੂੰ ਪਕੇਰਾ ਕਰਨ ਵਾਲਾ ਆਦਰਸ਼ ਹੈ। ਇਨ੍ਹਾਂ ਤਿੰਨਾਂ ਵਿੱਚ ਕੇਵਲ ਪ੍ਰਜਾਤੰਤ੍ਰ ਹੀ ਸਤਿਕਾਰਯੋਗ ਹੈ। ਜੇ ਇਸ ਨੇ ਵਿਕਾਸਸ਼ੀਲਤਾ ਅਪਣਾਅ ਲਈ ਤਾਂ ਇਹ ਰਾਸ਼ਟਰੀ ਪ੍ਰਜਾਤੰਤ੍ਰ ਦੀ ਥਾਂ ਮਾਨਵੀ ਜਾਂ ਵਿਸ਼ਵੀ ਪ੍ਰਜਾਤੰਤ੍ਰ ਬਣ ਜਾਵੇਗਾ। ਵਿਕਾਸਸ਼ੀਲ ਹੋਣ ਲਈ ਪ੍ਰਜਾਤੰਤ੍ਰ ਨੂੰ ਸੋਵਰਿਨਟੀ ਦੀ ਹੈਂਕੜ ਅਤੇ ਰਾਸ਼ਟਰਵਾਦ ਦੀ ਵਲਗਣ ਦਾ ਤਿਆਗ ਕਰਨਾ ਪਵੇਗਾ। ਇਹ ਬਹੁਤ ਔਖਾ ਕੰਮ ਹੈ, ਕਿਉਂਕਿ ਸੁਤੰਤ੍ਰਤਾ ਦਾ ਆਦਰਸ਼ ਰਾਸ਼ਟਰਵਾਦ ਅਤੇ ਸੋਵਰਿਨਟੀ ਨਾਲ ਏਨਾ ਘੁਲ ਮਿਲ ਗਿਆ ਹੈ ਕਿ ਇਨ੍ਹਾਂ ਦੋਹਾਂ ਵਿੱਚੋਂ ਕਿਸੇ ਇੱਕ ਦੇ ਤਿਆਗ ਤੋਂ ਪਹਿਲਾਂ, ਪ੍ਰਜਾਤੰਤ੍ਰ ਦਾ ਤਿਆਗ ਕਰਨ ਲਈ, ਐਮਰਜੈਂਸੀ ਦੀ ਆੜ ਲੈ ਲੈਂਦਾ ਹੈ।

ਰੋਮਨ ਵਿਚਾਰਵਾਨ ਅਤੇ ਰਾਜ-ਅਧਿਕਾਰੀ ਸੁਤੰਤ੍ਰਤਾ ਸ਼ਬਦ ਦੀ ਵਰਤੋਂ ਨਹੀਂ ਸਨ ਕਰਦੇ ਜਾਂ ਸਿਆਸੀ ਮੁਆਮਲਿਆਂ ਵਿੱਚ ਨਹੀਂ ਸਨ ਕਰਦੇ। ਉਹ ਕਿਸੇ ਗ਼ੈਰ ਰੋਮਨ ਨੂੰ ਜਾਂ ਕਿਸੇ ਦਾਸ ਨੂੰ ਆਪਣੇ ਬਰਾਬਰ ਦਰਜਾ ਦੇਣ ਨੂੰ 'ਸਿਟੀਜ਼ਨ' ਬਣਾਉਣਾ ਆਖਦੇ ਸਨ। ਉਨ੍ਹਾਂ ਲਈ ਸਿਟੀਜ਼ਨ ਹੋਣ ਦਾ ਮਤਲਬ ਆਜ਼ਾਦ ਜਾਂ ਸੁਤੰਤ੍ਰ ਹੋਣਾ ਨਹੀਂ ਸੀ; ਰੋਮਨਾਂ ਦੇ ਬਰਾਬਰ

ਜ਼ਿੰਮੇਦਾਰ ਅਤੇ ਸਤਿਕਾਰਯੋਗ ਹੋਣਾ ਸੀ। ਜੋ ਜ਼ਿੰਮੇਦਾਰ ਅਤੇ ਸਤਿਕਾਰਯੋਗ ਹੈ, ਉਹ ਸੁਤੰਤ੍ਰ ਜਾਂ ਆਜ਼ਾਦ ਨਹੀਂ; ਉਹ ਜਵਾਬਦੇਹ ਹੈ ਅਤੇ ਅਦਬ-ਆਦਾਬ ਜਾਂ ਸ਼ਿਸ਼ਟਾਚਾਰ ਦੀ ਪਾਬੰਦੀ ਵਿੱਚ ਹੈ। ਹਰ ਸਤਿਕਾਰਯੋਗ ਮਨੁੱਖ ਲਈ ਸ਼ਿਸ਼ਟਾਚਾਰ ਦੀ ਪਾਬੰਦੀ ਜ਼ਰੂਰੀ ਹੈ; ਇਸ ਪਾਬੰਦੀ ਤੋਂ ਮੁਕਤ ਉਹੋ ਹੋ ਸਕਦਾ ਹੈ, ਜਿਸ ਨੂੰ ਲੱਥੀ ਚੜ੍ਹੀ ਦੀ ਚਿੰਤਾ ਨਹੀਂ। ਸਭਿਅ ਸਮਾਜ ਦੇ ਸਤਿਕਾਰਯੋਗ ਮੈਂਬਰ ਹੋਣ ਦਾ ਭਾਵ ਆਜ਼ਾਦ ਹੋਣਾ ਹੀ ਨਹੀਂ, ਸਗੋਂ ਦੂਜਿਆਂ ਦੇ ਅਧਿਕਾਰਾਂ ਦਾ ਸਤਿਕਾਰ ਕਰਨ ਦੀ ਮਜਬੂਰੀ ਨੂੰ ਖਿੜੇ ਮੱਥੇ ਪਰਵਾਨ ਕਰਨਾ ਵੀ ਹੈ। ਜੇ ਇਉਂ ਨਾ ਹੋਵੇ ਤਾਂ ਸਾਰੇ ਅਪਰਾਧੀ, ਅਤਿਆਚਾਰੀ ਅਤੇ ਪਾਗ਼ਲ ਸੁਤੰਤ੍ਰ ਆਖੇ ਜਾਣਗੇ। ਅਪਰਾਧੀ, ਅਤਿਆਚਾਰੀ ਅਤੇ ਪਾਗ਼ਲ ਸਤਿਕਾਰਯੋਗ ਨਾਗਰਿਕ ਨਹੀਂ ਹੁੰਦੇ ਅਤੇ ਨਾ ਹੀ ਸੁਤੰਤ੍ਰ ਹੁੰਦੇ ਹਨ। ਅਪਰਾਧੀਆਂ, ਅਤਿਆਚਾਰੀਆਂ ਅਤੇ ਪਾਗ਼ਲਾਂ ਦੇ ਸਮੂਹ ਜਦੋਂ ਕੌਮਾਂ ਦਾ ਰੂਪ ਧਾਰ ਲੈਂਦੇ ਹਨ, ਉਦੋਂ ਸੁਤੰਤ੍ਰ ਹੋ ਜਾਂਦੇ ਹਨ। ਉਨ੍ਹਾਂ ਦੀ ਸੁਤੰਤ੍ਰਤਾ ਨੂੰ ਸੌਵਰਿਨਟੀ ਆਖਿਆ ਜਾਂਦਾ ਹੈ। ਕੌਮਾਂ ਆਪਣੇ ਲੋਕਾਂ ਉੱਤੇ ਅਤਿਆਚਾਰ ਕਰਨ ਲਈ ਅਤੇ ਗੁਆਂਢੀ ਦੇਸ਼ ਦੇ ਸ਼ਹਿਰ, ਮੁਹੱਲੇ ਅਤੇ ਘਰ-ਕੁੱਲੇ ਢਾਹੁਣ ਦਾ ਪਾਗਲਪਨ ਕਰਨ ਲਈ ਆਜ਼ਾਦ ਹੁੰਦੀਆਂ ਹਨ; ਜੇ ਉਨ੍ਹਾਂ ਵਿੱਚ ਇਉਂ ਕਰ ਸਕਣ ਦੀ ਸਮਰੱਥਾ ਹੋਵੇ।

ਕੌਮੀਅਤ ਦੀ ਭਾਵਨਾ ਕੌਮੀ ਸੁਤੰਤ੍ਰਤਾ ਦੇ ਆਦਰਸ਼ ਨਾਲੋਂ ਪੁਰਾਣੀ ਹੈ। ਇਹ ਭਾਵਨਾ ਯੌਰਪ ਵਿੱਚ ਪੈਦਾ ਹੋਈ ਸੀ ਅਤੇ ਇੰਗਲੈਂਡ, ਫ਼ਰਾਂਸ, ਸਪੇਨ ਅਤੇ ਜਰਮਨੀ ਕ੍ਰਮਵਾਰ ਇਸ ਭਾਵਨਾ ਦੀਆਂ ਵਿਕਾਸ-ਭੂਮੀਆਂ ਹਨ। ਨੈਪੋਲੀਅਨ ਦੀ ਅਧੀਨਗੀ ਨੇ ਯੌਰਪ ਦੇ ਬਾਕੀ ਦੇਸ਼ਾਂ ਵਿੱਚ ਵੀ ਕੌਮੀਅਤ ਦੀ ਭਾਵਨਾ ਨੂੰ ਪ੍ਰਚੰਡ ਕਰ ਦਿੱਤਾ ਸੀ। ਨੈਪੋਲੀਅਨ ਤੋਂ ਪਿੱਛੋਂ ਲਗਪਗ ਇੱਕ ਸਦੀ (ਉੱਨੀਵੀਂ ਸਦੀ) ਵਿੱਚ ਯੌਰਪ ਦੇ ਬਹੁਤੇ ਦੇਸ਼ (ਲਗਪਗ ਸਾਰੇ) ਰਾਜ-ਤੰਤ੍ਰ ਤੋਂ ਬਦਲ ਕੇ ਪ੍ਰਜਾਤੰਤ੍ਰ ਬਣ ਗਏ ਸਨ। ਰਾਜ-ਤੰਤ੍ਰ ਦੇ ਸਮੇਂ ਰਾਜੇ ਆਪਣੇ ਦੇਸ਼ਾਂ ਦੀ ਰਖਵਾਲੀ ਕਰਦੇ ਸਨ। ਉਨ੍ਹਾਂ ਦਾ ਸਾਥ ਦੇਣ ਵਾਲੇ ਸਾਧਾਰਣ ਲੋਕ ਸੁਤੰਤ੍ਰਤਾ ਦੀ ਭਾਵਨਾ ਅਧੀਨ ਰਾਜਿਆਂ ਦੀ ਸੈਨਾ ਵਿੱਚ ਸ਼ਾਮਲ ਨਹੀਂ ਸਨ ਹੁੰਦੇ; ਸਗੋਂ ਆਪਣੀਆਂ ਆਰਥਕ ਲੋੜਾਂ ਕਾਰਨ ਜਾਂ (ਕੁਝ ਇੱਕ) ਆਪਣੇ ਸਿਰਲੱਥ (adventurous) ਸੁਭਾਅ ਕਾਰਨ ਹੁੰਦੇ ਸਨ। ਪ੍ਰਜਾਤੰਤ੍ਰਾਂ ਦੀ ਸਥਾਪਨਾ ਪਿੱਛੋਂ ਦੇਸ਼, ਸ਼ਾਹੀ ਘਰਾਣਿਆਂ ਦੀ ਨਿਜੀ ਮਾਲਕੀ ਨਾ ਰਹੇ; ਸਾਰੀ ਜਨਤਾ ਦੀ ਸਾਂਝੀ ਮਾਲਕੀ ਬਣ ਗਏ। ਲੋਕਾਂ ਦੇ ਦੇਸ਼ਾਂ ਦੀ ਸੁਰੱਖਿਆ ਲਈ ਲੋਕਾਂ ਵਿੱਚ ਆਪਣੇ ਦੇਸ਼ ਦੇ ਪਿਆਰ ਦਾ ਜਜ਼ਬਾ ਉਭਾਰਨਾ ਪਿਆ ਅਤੇ ਉਨ੍ਹਾਂ ਨੂੰ ਆਪਣੇ ਪਿਆਰੇ ਦੇਸ਼ ਦੀ ਜਾਂ ਮਾਤ-ਭੂਮੀ ਦੀ ਰਖਵਾਲੀ ਲਈ ਕੁਰਬਾਨ ਹੋਣ ਲਈ ਸੁਤੰਤ੍ਰਤਾ ਦੇ ਆਦਰਸ਼ ਦੀ ਸਹਾਇਤਾ ਵੱਲ ਪ੍ਰੇਰਿਤ ਕੀਤਾ ਗਿਆ। ਸੁਤੰਤ੍ਰਤਾ ਦਾ ਆਦਰਸ਼ ਪ੍ਰਜਾਤੰਤ੍ਰਵਾਦ ਦਾ ਪੈਦਾ ਕੀਤਾ ਹੋਇਆ ਹੈ; ਰਾਜ-ਤੰਤ੍ਰ ਇਸ ਆਦਰਸ਼ ਨੂੰ ਹਾਨੀਕਾਰਕ ਸਮਝਦੇ ਸਨ। ਉਹ ਫ਼ਰਮਾਂਬਰਦਾਰੀ ਅਤੇ ਰਾਜ-ਭਗਤੀ ਦੇ ਆਦਰਸ਼ਾਂ ਦੇ ਸਹਾਰੇ ਜੀਊਂਦੇ ਸਨ। ਪ੍ਰਜਾਤੰਤ੍ਰਵਾਦ ਨੂੰ ਸੁਤੰਤ੍ਰਤਾ ਅਤੇ ਦੇਸ਼-ਭਗਤੀ ਦੇ ਆਦਰਸ਼ਾਂ ਦੀ ਓਨੀ ਹੀ ਲੋੜ ਸੀ, ਜਿੰਨੀ ਰਾਜਿਆਂ ਨੂੰ ਫ਼ਰਮਾਂਬਰਦਾਰੀ (ਅਧੀਨਗੀ) ਅਤੇ ਰਾਜ-ਭਗਤੀ ਦੇ ਆਦਰਸ਼ਾਂ ਦੀ ਸੀ। ਸੁਤੰਤ੍ਰਤਾ ਅਤੇ ਦੇਸ਼ ਭਗਤੀ ਦੇ ਆਦਰਸ਼ਾਂ ਦੇ ਸਹਾਰੇ ਯੌਰਪ ਦੇ ਜਨ-ਸਾਧਾਰਣ ਨੇ ਸਾਰੇ ਯੌਰਪ ਨੂੰ ਪ੍ਰਜਾਤੰਤ੍ਰਾਂ ਦਾ ਰੂਪ ਦੇ ਲਿਆ ਹੈ।

ਸੁਤੰਤ੍ਰਤਾ ਦੇ ਆਦਰਸ਼ ਨਾਲ ਭਾਰਤੀ ਲੋਕਾਂ ਦੀ ਸਾਂਝ ਵੀਹਵੀਂ ਸਦੀ ਦੇ ਆਰੰਭ ਵਿੱਚ ਜਾਂ ਉੱਨੀਵੀਂ ਸਦੀ ਦੇ ਆਖ਼ਰੀ ਸਾਲਾਂ ਵਿੱਚ ਪਈ ਸੀ। 1857 ਦੇ ਸੈਨਿਕ ਵਿਦ੍ਰੋਹ ਨੂੰ ਵੀਹਵੀਂ ਸਦੀ ਦੇ ਭਾਰਤੀ ਲੋਕਾਂ ਨੇ ਭਾਰਤ ਦੀ ਪਹਿਲੀ ਜੰਗ-ਏ-ਆਜ਼ਾਦੀ ਕਹਿਣਾ ਸ਼ੁਰੂ ਕੀਤਾ ਸੀ।

ਇਉਂ ਕਹਿਣਾ ਭਾਰਤ ਦੇ ਸੁਤੰਤ੍ਰਤਾ ਸੰਗਰਾਮ ਦੀ ਸਿਆਸੀ ਲੋੜ ਸੀ; ਉਂਝ ਸੈਨਿਕ ਵਿਦਰੋਹ 'ਅੰਗਰੇਜ਼ੀ ਹਾਕਮਾਂ ਦੀ ਭਾਰਤੀ ਸੈਨਾ' ਦੇ ਰੋਸ ਦਾ ਪ੍ਰਗਟਾਵਾ ਸੀ। ਉਸ ਰੋਸ ਦੇ ਕਾਰਨ ਧਾਰਮਕ ਸਨ। ਭਾਰਤੀ ਰਾਜੇ ਰਜਵਾੜਿਆਂ ਨੇ ਇਸ ਰੋਸ ਤੋਂ ਉਪਜੀ ਹੋਈ ਸਥਿਤੀ ਦਾ ਲਾਭ ਲੈ ਕੇ ਆਪਣੀਆਂ ਗੱਦੀਆਂ ਬਚਾਉਣ ਦੀ ਆਸ ਅਤੇ ਕੋਸ਼ਿਸ਼ ਕੀਤੀ ਸੀ। ਉਸ ਕੋਸ਼ਿਸ਼ ਪਿੱਛੇ ਲੋਕਾਂ ਦੀ ਸੁਤੰਤ੍ਰਤਾ ਦੇ ਖ਼ਿਆਲ ਦਾ ਹੱਥ ਬਿਲਕੁਲ ਨਹੀਂ ਸੀ। ਲੋਕਾਂ ਦੀ ਸੁਤੰਤ੍ਰਤਾ ਦਾ ਖ਼ਿਆਲ ਲੋਕ-ਤੰਤ੍ਰ ਦੇ ਖ਼ਿਆਲ ਦਾ ਜੁੜਵਾਂ ਭਰਾ ਹੈ। ਰਾਜੇ ਏਨੇ ਅਨਾੜੀ ਨਹੀਂ ਹੋ ਸਕਦੇ ਕਿ ਸੁਤੰਤ੍ਰਤਾ ਅਤੇ ਲੋਕ-ਤੰਤ੍ਰ ਦੀਆਂ ਰੱਸੀਆਂ ਨਾਲ ਫਾਹ ਲੈ ਕੇ ਆਤਮ-ਹੱਤਿਆ ਕਰਨ ਦੀ ਗੱਲ ਸੋਚਦੇ।

ਜਿਸ ਤਰ੍ਹਾਂ ਪ੍ਰਜਾਤੰਤ੍ਰ ਅਤੇ ਕੌਮੀ ਸੁਤੰਤ੍ਰਤਾ ਦੇ ਆਦਰਸ਼ਾਂ ਵਿੱਚ ਜੌੜਿਆਂ ਵਾਲਾ ਸੰਬੰਧ ਹੈ, ਉਸੇ ਤਰ੍ਹਾਂ ਸਾਇੰਸ ਅਤੇ ਸਨਅਤ ਦਾ ਪ੍ਰਜਾਤੰਤ੍ਰ ਨਾਲ ਨੇੜਲਾ ਸੰਬੰਧ ਹੈ। ਸਾਇੰਸ ਅਤੇ ਸਨਅਤ ਦਾ ਵਿਕਾਸ ਪ੍ਰਜਾਤੰਤ੍ਰ ਨੂੰ ਵੈੱਲਫੇਅਰ ਸਟੇਟ (ਜਨ-ਕਲਿਆਣ-ਰਾਜ) ਵਿੱਚ ਵਿਕਸ ਜਾਣ ਦੀ ਨਿਰੀ ਸਲਾਹ ਹੀ ਨਹੀਂ ਦਿੰਦਾ, ਸਗੋਂ ਵਿਕਸ ਜਾਣ ਲਈ ਮਜਬੂਰ ਵੀ ਕਰਦਾ ਹੈ। ਸਾਇੰਸ ਅਤੇ ਸਨਅਤ ਨੂੰ ਵਿੱਦਿਆ ਦੇ ਪਰਸਾਰ ਦੀ ਲੋੜ ਹੈ। ਵਿਗਿਆਨਕ ਵਿੱਦਿਆ ਮਨੁੱਖ ਨੂੰ 'ਵਿਸ਼ਵਾਸ' ਵਿੱਚੋਂ 'ਵਿਚਾਰ ਜਾਂ ਸੁਤੰਤ੍ਰ ਵਿਚਾਰ' ਵਿੱਚ ਲੈ ਜਾਂਦੀ ਹੈ। ਸੁਤੰਤ੍ਰ ਵਿਚਾਰ ਮਨੁੱਖ ਨੂੰ ਆਵਿਸ਼ਕਾਰੀ ਬਣਾਉਂਦਾ ਹੈ। ਆਵਿਸ਼ਕਾਰਾਂ ਨਾਲ ਟੈਕਨੀਕ ਦਾ ਵਿਕਾਸ ਹੁੰਦਾ ਹੈ। ਵਿਕਸਿਤ ਟੈਕਨੀਕ ਲੋੜ ਦੀਆਂ ਚੀਜ਼ਾਂ ਦੀ ਉਪਜ ਵਿੱਚ ਵਾਧਾ ਕਰਦੀ ਹੈ। ਵਧੀ ਹੋਈ ਉਪਜ ਨੂੰ ਖਪਤਕਾਰ ਦੀ ਲੋੜ ਹੁੰਦੀ ਹੈ। ਜਿਸ ਵਿਅਕਤੀ ਨੂੰ ਪ੍ਰਜਾਤੰਤ੍ਰ ਨੇ 'ਵੋਟ' ਬਣਾਇਆ ਸੀ, ਟੈਕਨੀਕ ਉਸ ਨੂੰ ਖਪਤਕਾਰ ਬਣਾ ਦਿੰਦੀ ਹੈ। ਵੋਟ ਦੀ ਪੁੱਛ ਹੁੰਦੀ ਹੈ ਚਾਰ ਜਾਂ ਪੰਜ ਸਾਲ ਪਿੱਛੋਂ; ਖਪਤਕਾਰ ਹਰ ਪਲ ਲੋੜੀਂਦਾ ਹੈ; ਉਹ ਗਾਹਕ ਹੈ ਅਤੇ ਵਾਪਾਰੀ ਨੂੰ ਗਾਹਕ ਦੀ ਹਰ ਪਲ ਉਡੀਕ ਹੈ। ਗਾਹਕ ਮੂੰਹ ਮੋੜ ਲਵੇ ਤਾਂ ਵੱਡੀਆਂ ਵੱਡੀਆਂ ਟੈਕਨੀਕਾਂ, ਲੰਮੀਆਂ ਚੌੜੀਆਂ ਰੀਸਰਚਾਂ, ਅਤਿ ਸਿਆਣੇ ਪ੍ਰਬੰਧਾਂ, ਢੇਰਾਂ ਦੇ ਢੇਰ ਪੈਸਿਆਂ ਅਤੇ ਹੈਰਾਨਕੁਨ ਮਸ਼ੀਨਾਂ ਦੇ ਸਹਾਰੇ ਚੱਲਣ ਵਾਲੇ ਕਾਰਖ਼ਾਨਿਆਂ ਦੇ ਫਾਟਕ ਬੰਦ ਹੋ ਜਾਂਦੇ ਹਨ। ਇਸ ਸਮੇਂ ਐਡਵਰਟਾਂ ਦੀ ਸਹਾਇਤਾ ਨਾਲ ਗਾਹਕ ਨੂੰ ਭਰਮਾਇਆ ਜਾਣ ਦਾ ਯਤਨ ਕੀਤਾ ਜਾਂਦਾ ਹੈ। ਜੇ ਐਂਪਾਇਰਾਂ ਨਹੀਂ ਰਹੀਆਂ ਤਾਂ ਇਹ ਯਤਨ ਵੀ ਬਹੁਤਾ ਚਿਰ ਜੀਣ ਵਾਲਾ ਨਹੀਂ। ਗਾਹਕ ਦੀ ਇੱਜ਼ਤ, ਤਸੱਲੀ ਅਤੇ ਖ਼ੁਸ਼ਹਾਲੀ ਵੱਲ ਧਿਆਨ ਰੱਖਿਆ ਜਾਣ ਵਿੱਚ ਸਨਅਤ ਦੀ ਸਫਲਤਾ ਅਤੇ ਸਦੀਵਤਾ ਵੇਖੀ ਜਾਣ ਦਾ ਸਮਾਂ ਬਹੁਤਾ ਦੂਰ ਨਹੀਂ, ਜੇ ਕੌਮੀ ਅਣਖਾਂ ਦੀ ਬਾਰਬਰੱਈਅਤ ਅਤੇ ਆਤੰਕਵਾਦ ਦਾ ਪਾਗ਼ਲਪਨ ਇਸ ਨੂੰ ਦੂਰ ਧੱਕਣ ਦਾ ਯਤਨ ਨਾ ਕਰੇ।

ਸਾਇੰਸ, ਸਨਅਤ, ਉਤਪਾਦਕਾਂ, ਵਾਪਾਰੀਆਂ ਅਤੇ ਖਪਤਕਾਰਾਂ ਦੇ ਆਪਸੀ ਸੰਬੰਧਾਂ ਵਿੱਚ ਸੁਤੰਤ੍ਰਤਾ ਨੂੰ ਕੋਈ ਥਾਂ ਨਹੀਂ। ਇਨ੍ਹਾਂ ਵਿੱਚ ਨਿਰਭਰਤਾ, ਸਹਿਯੋਗ ਅਤੇ ਸਦਭਾਵਨਾ ਦਾ ਰਿਸ਼ਤਾ ਹੀ ਸੋਭਾ ਦਿੰਦਾ ਹੈ। ਹੁਣ ਤਕ ਮਨੁੱਖ ਨਿਰਭਰਤਾ ਦੇ ਅਮਲੀ ਅਤੇ ਅਸਲੀ ਰਿਸ਼ਤੇ ਨਾਲੋਂ ਸੁਤੰਤ੍ਰਤਾ ਦੇ ਗ਼ੈਰ-ਅਮਲੀ ਜਾਂ ਅਵਿਵਹਾਰਕ (impracticable) ਅਤੇ ਰੁਮਾਂਟਿਕ ਰਿਸ਼ਤੇ ਨੂੰ ਆਦਰਸ਼ ਮੰਨਦਾ ਆਇਆ ਹੈ। ਸਭਿਅ ਸਮਾਜ ਵਿੱਚ ਵੱਸਣ ਵਾਲੇ ਆਦਮੀ ਦਾ ਕੋਈ ਅਧਿਕਾਰ ਜਨਮਸਿੱਧ ਨਹੀਂ; ਉਸ ਦੇ ਸਾਰੇ ਅਧਿਕਾਰ ਉਸ ਦੇ ਜ਼ਿੰਮੇ ਲੱਗੇ ਹੋਏ ਧਰਮ ਜਾਂ ਫ਼ਰਜ਼ ਦੇ ਪਾਲਣ ਦੀ ਉਪਜ ਹਨ। ਸੁਤੰਤ੍ਰਤਾ ਤਾਂ ਹੈ ਹੀ ਗ਼ਲਤ ਧਾਰਣਾ (misnomer); ਕੋਈ ਅਜੇਹਾ ਫ਼ਰਜ਼ ਨਹੀਂ ਜਿਸ ਦੇ ਪੂਰਾ ਕੀਤਿਆਂ ਕੋਈ ਵਿਅਕਤੀ ਸੁਤੰਤ੍ਰ ਜਾਂ ਆਤਮ-ਨਿਰਭਰ ਆਖਿਆ ਜਾ ਸਕੇ।

ਸੁਤੰਤ੍ਰਤਾ ਦੇ ਰੁਮਾਂਟਿਕ ਆਦਰਸ਼ ਨੇ, ਹੋਰ ਸਾਰੇ ਰੁਮਾਂਟਿਕ ਆਦਰਸ਼ਾਂ ਵਾਂਗ ਮਨੁੱਖਤਾ ਦੀ ਬਹੁਤ ਹਾਨੀ ਕੀਤੀ ਹੈ। ਇਸ ਆਦਰਸ਼ ਨੂੰ ਗ਼ੁਲਾਮੀ ਵਰਗੀ ਅਣ-ਮਨੁੱਖੀ, ਅਨੈਤਿਕ, ਅਸਭਿਅ, ਕੁਰੂਪ, ਨਿਰਦਈ ਅਤੇ ਦੁਖਦਾਈ ਪ੍ਰਥਾ ਦੇ ਟਾਕਰੇ ਵਿੱਚ ਰੱਖ ਕੇ ਵੇਖਿਆ, ਆਂਕਿਆ ਅਤੇ ਸਲਾਹਿਆ ਗਿਆ ਹੈ; ਇਸ ਦੇ ਆਪਣੇ ਅਸਲੀ ਰੂਪ ਵਿੱਚ ਨਹੀਂ ਵਿਚਾਰਿਆ-ਵੇਖਿਆ ਗਿਆ। ਸਾਡਾ ਜਗਤ ਸੰਬੰਧਮੂਲਕ ਜਾਂ ਰੈਲੇਟਿਵ ਹੈ। ਇਸ ਵਿੱਚਲਾ ਹਰ ਆਦਰਸ਼ ਕਿਸੇ ਨਾ ਕਿਸੇ ਸੰਬੰਧ ਦਾ ਲਖਾਇਕ ਹੋਣ ਕਰਕੇ ਹੀ ਮਨੁੱਖੀ ਜੀਵਨ ਦਾ ਆਦਰਸ਼ ਆਖਿਆ ਜਾ ਸਕਦਾ ਹੈ। ਜੇ ਉਹ ਜੀਵਨ ਵਿੱਚ ਕੁਰੂਪਤਾ ਅਤੇ ਕਲੇਸ਼ ਪੈਦਾ ਕਰਦਾ ਹੈ ਤਾਂ ਕਲੰਕ ਹੈ; ਜੇ ਸੁਖ ਅਤੇ ਸੁਹਜ ਪੈਦਾ ਕਰਦਾ ਹੈ ਤਾਂ ਜੀਵਨ ਦਾ ਸੇਵਕ ਹੈ; ਸਹਾਇਕ ਹੈ। ਜੀਵਨ ਦਾ ਸਵਾਮੀ ਬਣਨ ਵਾਲਾ ਆਦਰਸ਼ ਜੀਵਨ ਵਿੱਚ ਕੁਰੂਪਤਾ ਅਤੇ ਕਲੇਸ਼ ਦਾ ਕਾਰਨ ਬਣ ਜਾਂਦਾ ਹੈ।

ਪੱਛਮੀ ਯੋਰਪ ਦੇ ਉੱਨਤ ਸਨਅਤੀ ਸਮਾਜਾਂ ਨੇ ਏਸ਼ੀਆ ਅਤੇ ਅਫ਼ਰੀਕਾ ਵਿੱਚ ਸਾਮਰਾਜਾਂ ਦੀ ਸਥਾਪਨਾ ਕੀਤੀ ਸੀ। ਇਹ ਕੰਮ ਵਾਪਾਰਕ ਮੰਡੀਆਂ ਦੀ ਪ੍ਰਾਪਤੀ ਅਤੇ ਮਾਲਕੀ ਦੇ ਖ਼ਿਆਲ ਨਾਲ ਕੀਤਾ ਗਿਆ ਸੀ। ਇਸ ਕੰਮ ਵਿੱਚੋਂ ਆਖ਼ਰਾਂ ਦਾ ਕੋਝ ਅਤੇ ਕਲੇਸ਼ ਉਪਜਿਆ ਸੀ, ਜਿਸ ਦਾ ਚੇਤਾ ਕਰ ਕੇ ਪੱਛਮੀ ਯੋਰਪ ਦੇ ਸਨਅਤੀ ਦੇਸ਼ਾਂ ਦੇ ਲੋਕ ਸ਼ਰਮਸਾਰ ਹੁੰਦੇ ਹਨ ਅਤੇ ਇਸ ਸੰਬੰਧ ਵਿੱਚ ਪੁੱਛਿਆ ਜਾਣ ਉੱਤੇ ਇਹ ਨਹੀਂ ਕਹਿੰਦੇ ਕਿ ਅਸੀਂ ਅਸਭਿਅ ਲੋਕਾਂ ਨੂੰ ਸਭਿਅਤਾ ਸਿਖਾਉਣ ਗਏ ਸਾਂ, ਸਗੋਂ ਸਿਰ ਨੀਵਾਂ ਕਰ ਲੈਂਦੇ ਹਨ। ਇਨ੍ਹਾਂ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੈ।

ਏਸ਼ੀਆ ਅਤੇ ਅਫ਼ਰੀਕਾ ਦੇ ਲੋਕਾਂ ਨੇ ਪੱਛਮੀ ਯੋਰਪ ਦੇ ਸਨਅਤੀ ਦੇਸ਼ਾਂ ਨਾਲ ਬਣੇ ਨਵੇਂ ਆਰਥਕ, ਸਮਾਜਕ ਅਤੇ ਸਿਆਸੀ ਸੰਬੰਧ ਨੂੰ 'ਗ਼ੁਲਾਮੀ' ਦਾ ਨਾਂ ਦਿੱਤਾ। ਇਸ ਰਿਸ਼ਤੇ ਦਾ ਇਹ ਨਾਮਕਰਣ ਇਸ ਰਿਸ਼ਤੇ ਵਿੱਚਲੀ ਕੁਰੂਪਤਾ ਦੇ ਆਧਾਰ ਉੱਤੇ ਕੀਤਾ ਗਿਆ ਸੀ। ਗ਼ੁਲਾਮੀ ਆਖਿਆ ਜਾਣ ਉੱਤੇ ਇਹ ਰਿਸ਼ਤਾ ਕੁਰੂਪਤਾ ਦਾ ਪ੍ਰਤੀਕ ਮੰਨਿਆ ਜਾਣ ਲੱਗ ਪਿਆ, ਕਿਉਂਕਿ ਗ਼ੁਲਾਮੀ ਇੱਕ ਅਜੇਹਾ ਰਿਸ਼ਤਾ ਹੈ, ਜਿਸ ਵਿੱਚ ਕੁਰੂਪਤਾ ਹੀ ਕੁਰੂਪਤਾ ਹੈ; ਅਤੇ ਉਹ ਵੀ ਸਿਖਰ ਦੀ ਕੁਰੂਪਤਾ। ਗ਼ੁਲਾਮ ਪਸ਼ੂਆਂ ਵਾਂਗ ਵੇਚੇ ਅਤੇ ਖ਼ਰੀਦੇ ਜਾਂਦੇ ਸਨ; ਪਸ਼ੂਆਂ ਵਾਂਗ ਜੀਉਂਦੇ ਰੱਖੇ ਜਾਂਦੇ ਸਨ; ਬੇ-ਲੋੜੇ ਜਾਂ ਬਹੁਤੇ ਹੋ ਜਾਣ ਉੱਤੇ ਪਸ਼ੂਆਂ ਵਾਂਗ ਮਾਰ ਦਿੱਤੇ ਜਾਂ ਵੇਚ ਦਿੱਤੇ ਜਾਂਦੇ ਸਨ; ਖਾਧੇ ਨਹੀਂ ਸਨ ਜਾਂਦੇ, ਏਹੋ ਫ਼ਰਕ ਸੀ ਪਸ਼ੂਆਂ ਅਤੇ ਗ਼ੁਲਾਮਾਂ ਵਿੱਚ।

ਏਨੀ ਵੱਡੀ ਕੁਰੂਪਤਾ ਦੇ ਸਾਹਮਣੇ ਰੱਖੀ ਹੋਈ ਸੁਤੰਤ੍ਰਤਾ ਦਾ ਸੁਹਣੀ ਦਿਸਣਾ ਕੁਦਰਤੀ ਸੀ। ਸਨਅਤੀ ਸਮਾਜਾਂ ਨਾਲ ਬਣੇ ਰਿਸ਼ਤੇ ਨੂੰ ਰਿਸ਼ਤਾ ਸਮਝ ਕੇ ਸੁਧਾਰਨ ਦੀ ਗੱਲ ਸੋਚੀ ਜਾਣੀ ਸੰਭਵ ਨਹੀਂ ਸੀ। ਗ਼ੁਲਾਮੀ ਦੇ ਕੋਝ ਨੂੰ ਸੁਤੰਤ੍ਰਤਾ ਦੇ ਸੁਹਜ ਵਿੱਚ ਬਦਲਣਾ ਹੀ ਇੱਕੋ ਇੱਕ ਇਲਾਜ ਸੀ। ਇਲਾਜ ਕਰ ਲਿਆ ਗਿਆ; ਗ਼ੁਲਾਮੀ ਨੂੰ ਸੁਤੰਤ੍ਰਤਾ ਵਿੱਚ ਬਦਲ ਦਿੱਤਾ ਗਿਆ। ਵਾਸਤਵਿਕ ਕੋਝ ਨੂੰ ਸੁਤੰਤ੍ਰਤਾ ਦੀ ਸੁਪਨ-ਸੁੰਦਰਤਾ ਵਿੱਚ ਬਦਲ ਦਿੱਤਾ ਗਿਆ। ਇਸ ਮੋਹਣੀ ਸਰਪ-ਸੁੰਦਰਤਾ ਨੇ ਭਾਰਤੀ ਜੀਵਨ ਵਿੱਚ ਨੈਤਿਕਤਾ ਨਾਂ ਦੀ ਕਿਸੇ ਚੀਜ਼ ਲਈ ਕੋਈ ਥਾਂ ਨਹੀਂ ਰਹਿਣ ਦਿੱਤੀ। ਵਿਸਥਾਰ ਦੀ ਥਾਂ ਇੱਕ ਮਿਸਾਲ ਦਿੰਦਾ ਹਾਂ। ਮੇਰੇ ਮਿੱਤ੍ਰ ਜਤਿੰਦਰ ਸ਼ਰਮਾ ਦੀ ਪਤਨੀ, ਡਾ. ਰਮਾ ਸ਼ਰਮਾ, ਲੰਡਨ ਤੋਂ ਭਾਰਤ ਗਈ। ਉਸ ਦਾ ਹੈਂਡ ਬੈਗ ਜ਼ਰਾ ਵੱਡੇ ਆਕਾਰ ਦਾ ਸੀ। ਬ੍ਰਿਟਿਸ਼ ਏਅਰਵੇਜ਼ ਦੇ ਜਹਾਜ਼ ਦੇ ਕ੍ਰੂ ਦੇ ਅੰਗਰੇਜ਼ ਇਨਚਾਰਜ ਨੇ ਆਖਿਆ, "ਇਹ ਬੈਗ ਦੂਜੇ ਮੁਸਾਫ਼ਰਾਂ ਲਈ ਅਸੁਵਿਧਾ ਪੈਦਾ ਕਰੇਗਾ। ਇਹ ਮੈਨੂੰ ਦੇ ਦਿਓ; ਮੈਂ ਆਪਣੀ ਕੈਬਿਨ ਵਿੱਚ ਰੱਖ ਲੈਂਦਾ ਹਾਂ; ਦਿੱਲੀ ਪੁੱਜ ਕੇ ਵਾਪਸ ਲੈ ਲੈਣਾ।" ਦਿੱਲੀ

ਪੁੱਜ ਕੇ ਸ਼੍ਰੀਮਤੀ ਸ਼ਰਮਾ ਨੇ ਉਸ ਭਲੇ ਪੁਰਸ਼ ਨੂੰ ਕਿਹਾ, "ਮਾਈ ਬੈਗ, ਪਲੀਜ਼।"[1] ਉਸ ਨੇ ਬੈਗ ਵਾਪਸ ਦਿੰਦਿਆਂ ਹੋਇਆਂ ਆਖਿਆ, "ਫਾਈਵ ਹੰਡਰਡ ਰੁੱਪੀਜ਼, ਪਲੀਜ਼।"[2] ਸ਼੍ਰੀਮਤੀ ਸ਼ਰਮਾ ਨੇ ਅਚੰਭਿਤ ਹੋ ਕੇ ਪੁੱਛਿਆ, "ਵ੍ਹਾਈ ?"[3] ਉਸ ਨੇ ਹੱਸ ਕੇ ਆਖਿਆ, "ਸਾੱਰੀ, ਆਈ ਐਮ ਨੱਟ ਟੂ ਬਲੇਮ; ਵੀ ਆਰ ਔਨ ਇੰਡੀਅਨ ਸੌਇਲ ਨਊ।"[4]

ਸ਼੍ਰੀਮਤੀ ਸ਼ਰਮਾ ਦਾ ਕਹਿਣਾ ਹੈ ਕਿ ਸ਼ਰਮ ਨਾਲ ਉਨ੍ਹਾਂ ਦਾ ਸਿਰ ਨੀਵਾਂ ਹੋ ਗਿਆ।

ਅਫ਼ਰੀਕਾ ਬਾਰੇ ਸੌ ਕੁ ਸਾਲ ਪਹਿਲਾਂ ਦਾ ਸੱਚ ਇਹ ਹੈ ਕਿ ਹਿੰਦੁਸਤਾਨ, ਖ਼ਾਸ ਕਰ ਕੇ ਪੰਜਾਬ ਅਤੇ ਗੁਜਰਾਤ ਦੇ ਲੋਕ ਗ਼ਰੀਬੀ ਦਾ ਇਲਾਜ ਕਰਨ ਲਈ ਓਥੇ ਜਾਂਦੇ ਸਨ ਅਤੇ ਉਨ੍ਹਾਂ ਵਿੱਚੋਂ ਕਿਸੇ ਨੂੰ ਕਦੇ ਨਿਰਾਸ਼ਾ ਨਹੀਂ ਸੀ ਹੋਈ। ਅੱਜ ਵੀ ਮੱਧ-ਪੂਰਬੀ ਦੇਸ਼ਾਂ ਵਿੱਚ ਜਾਣ ਵਾਲੇ ਭਾਰਤੀਆਂ-ਪਾਕਿਸਤਾਨੀਆਂ ਨੂੰ ਨਿਰਾਸ਼ਾ ਘੱਟ ਹੀ ਹੁੰਦੀ ਹੈ। ਪਰੰਤੂ ਵੀਹਵੀਂ ਸਦੀ ਦੇ ਪਹਿਲੇ ਅੱਧ ਤਕ ਅਮੀਰੀ ਦਾ ਸਾਧਨ ਸਮਝਿਆ ਜਾਣ ਵਾਲੇ ਅਫ਼ਰੀਕਾ ਵਿੱਚ ਇਸ ਸਮੇਂ ਹਰ ਤਿੰਨ ਸਕਿੰਟਾਂ ਵਿੱਚ ਇੱਕ ਬੱਚਾ ਭੁੱਖ ਨਾਲ ਮਰਦਾ ਹੈ। ਅਫ਼ਰੀਕਾ ਦੇ ਲੋਕ ਸੁਤੰਤ੍ਰ ਹਨ ਏਡਜ਼ ਅਤੇ ਭੁੱਖ ਨਾਲ ਮਰਨ ਲਈ; ਖ਼ਾਨਾਜੰਗੀਆਂ ਲਈ; ਕਈ ਕਈ ਲੱਖ ਇਸਤ੍ਰੀ-ਪੁਰਸ਼ਾਂ ਅਤੇ ਬੱਚਿਆਂ ਬੁੱਢਿਆਂ ਨੂੰ ਬੇ-ਘਰ ਕਰਨ ਲਈ; ਅੱਠ ਅੱਠ ਸਾਲ ਦੇ ਮਾਸੂਮ ਬੱਚਿਆਂ ਨੂੰ ਸ੍ਵੈ-ਚਾਲਕ (Automatic) ਰਾਈਫ਼ਲਾਂ ਦੇ ਕੇ ਸੂਰਬੀਰ ਯੋਧੇ, ਲੜਾਕੇ, ਹੱਤਿਆਰੇ ਬਣਾਉਣ ਲਈ; ਦੇਸ਼ ਦੀ ਕੁੱਲ ਆਮਦਨੀ ਦਾ ਪੰਜਾਹ ਫ਼ੀਸਦੀ ਦੇਸ਼ ਦੇ ਲੀਡਰਾਂ ਦੀ ਨਿੱਜੀ ਸੁਰੱਖਿਆ ਉੱਤੇ ਖ਼ਰਚ ਕਰਨ ਲਈ; ਅਤੇ ਚੀਨ ਸੁਤੰਤ੍ਰ ਹੈ ਅਫ਼ਰੀਕਨਾਂ ਨੂੰ ਏ.ਕੇ. 47 ਵੇਚਣ ਲਈ। ਪੱਛਮੀ ਯੌਰਪ ਦੇ ਲੋਕ ਮਜਬੂਰ ਹਨ ਭੁੱਖਿਆਂ ਤਕ ਅੰਨ ਪੁਚਾਉਣ ਲਈ; ਦਵਾਈਆਂ ਭੇਜਣ ਲਈ ਅਤੇ ਆਪਣੀਆਂ ਸਰਕਾਰਾਂ ਨੂੰ ਅਫ਼ਰੀਕਾ ਦੇ ਸੁਧਾਰ ਲਈ ਬਹੁਤਾ ਕੁਝ ਕਰਨ ਨੂੰ ਆਖਣ ਲਈ। ਅਫ਼ਰੀਕਾ ਦੀ ਸਹਾਇਤਾ ਲਈ ਕੀਤੀ ਜਾਣ ਵਾਲੀ ਕੌਨਸਰਟ (Concert) ਲਈ ਜੇ ਸਰ ਬੌਬ ਗਿਲਡੌਫ਼ ਕੋਲ ਦਸ ਲੱਖ ਟਿਕਟਾਂ ਹੋਣ ਤਾਂ ਵੀਹ ਲੱਖ ਇਸਤ੍ਰੀ-ਪੁਰਸ਼ ਅਤੇ ਕੁੜੀਆਂ-ਮੁੰਡੇ ਟਿਕਟਾਂ ਵਾਲੀ ਖਿੜਕੀ ਖੁੱਲ੍ਹਣ ਤੋਂ ਦੋ ਰਾਤਾਂ ਪਹਿਲਾਂ, ਆਪੋ-ਆਪਣੇ ਬਿਸਤਰੇ ਲੈ ਕੇ ਪਾਲਾਂ ਵਿੱਚ ਆ ਬੈਠਦੇ ਹਨ।

ਜੇ ਕੋਈ ਮੇਰੀ ਲਿਖਤ ਦਾ ਇਹ ਮਤਲਬ ਕੱਢਣਾ ਚਾਹੇ ਕਿ ਮੈਂ ਅਫ਼ਰੀਕਾ ਜਾਂ ਹਿੰਦੁਸਤਾਨ ਉੱਤੇ ਪੱਛਮੀ ਸਾਮਰਾਜ ਦੀ ਪੁਨਰ ਸਥਾਪਤੀ ਦੀ ਸਲਾਹ ਦੇ ਰਿਹਾ ਹਾਂ, ਤਾਂ ਸੁਤੰਤ੍ਰਤਾ ਦਾ ਮਹਾਂ-ਪਵਿੱਤ੍ਰ ਆਦਰਸ਼ ਉਸ ਨੂੰ ਪੂਰਾ ਅਧਿਕਾਰ ਦਿੰਦਾ ਹੈ। ਪਰੰਤੂ ਮੈਂ ਇਹ ਮੰਨਦਾ ਹਾਂ ਕਿ ਸਾਮਰਾਜਾਂ ਦਾ ਸਮਾਂ ਬੀਤ ਗਿਆ ਹੈ। ਹੁਣ ਜੇ ਕੋਈ ਦੇਸ਼ ਕਿਸੇ ਪੱਛਮੀ ਸਨਅਤੀ ਦੇਸ਼ ਨੂੰ ਆਪਣੇ ਲੋਕਾਂ ਦੀ ਵਾਗਡੋਰ ਸੌਂਪਣ ਨੂੰ ਤਿਆਰ ਵੀ ਹੋਵੇ ਤਾਂ ਪੱਛਮੀ ਦੇਸ਼ ਇਸ ਮੂਰਖ਼ਤਾ ਲਈ ਤਿਆਰ ਨਹੀਂ ਹੋਵੇਗਾ। ਸਾਮਰਾਜਾਂ ਦੇ ਸਮੇਂ ਪੱਛਮੀ ਸਨਅਤੀ ਦੇਸ਼ਾਂ ਦੀ ਆਬਾਦੀ ਦਾ ਦਸ ਫ਼ੀਸਦੀ ਹਿੱਸਾ ਵਿਲਾਸਤਾ ਵਿੱਚ ਜੀਉਂਦਾ ਸੀ; ਵੀਹ ਫ਼ੀਸਦੀ ਲੋਕ ਰੱਜ ਕੇ ਰੋਟੀ ਖਾਂਦੇ ਸਨ; ਅਤੇ ਸੱਤਰ ਫ਼ੀਸਦੀ ਆਬਾਦੀ ਦਿਨ ਵਿੱਚ ਸੋਲ੍ਹਾਂ ਸੋਲ੍ਹਾਂ ਘੰਟੇ ਕੰਮ ਕਰ ਕੇ ਇੱਕ ਡੰਗ ਦੀ ਰੋਟੀ ਉੱਤੇ ਜੀਉਂਦੀ ਸੀ। ਸਾਮਰਾਜੀ ਜੂਲੇ ਨੂੰ ਆਪਣੇ ਗਲੋਂ ਲਾਹ ਕੇ ਪੱਛਮੀ ਯੌਰਪ ਦੇ ਦੇਸ਼ਾਂ ਦੇ ਸੌ ਫ਼ੀਸਦੀ ਲੋਕ ਸੁਰੱਖਿਅਤ, ਸੁਖੀ, ਸਤਿਕਾਰਯੋਗ ਅਤੇ ਸੁਹਣਾ ਜੀਵਨ ਜੀਣ ਦੇ ਯੋਗ ਹੋ ਗਏ ਹਨ, ਸਿਰਫ਼ ਅੱਧੀ ਸਦੀ ਦੇ ਸਮੇਂ ਵਿੱਚ। ਅਜੋਕਾ ਪੱਛਮੀ

1. "ਕਿਰਪਾ ਕਰ ਕੇ ਮੇਰਾ ਬੈਗ ਦੇ ਦਿਉ।"
2. "ਪੰਜ ਸੌ ਰੁਪਏ ਦੇਣ ਦੀ ਕਿਰਪਾ ਕਰੋ।"
3. "ਉਹ ਕਾਹਦੇ ?"
4. "ਖਿਮਾ ਕਰਨਾ, ਇਸ ਵਿੱਚ ਮੇਰਾ ਕੋਈ ਕਸੂਰ ਨਹੀਂ; ਇਹ ਭਾਰਤ-ਭੂਮੀ ਦੀ ਛੋਹ ਦਾ ਅਸਰ ਹੈ।"

ਜਨ-ਸਾਧਾਰਣ ਆਪਣੀਆਂ ਸਰਕਾਰਾਂ ਨੂੰ ਸਾਮਰਾਜੀ ਪਸ਼ੂਪੁਣੇ ਦੀ ਇਜਾਜ਼ਤ ਨਹੀਂ ਦੇਵੇਗਾ। ਇੱਕੀਵੀਂ ਸਦੀ ਦੀਆਂ ਪੱਛਮੀ ਸਰਕਾਰਾਂ ਪਹਿਲਾਂ ਜਿੰਨੀਆਂ 'ਸੁਤੰਤ੍ਰ' ਨਹੀਂ ਹਨ।

ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਬਦਲੇ ਹੋਏ ਹਾਲਾਤ ਵਿੱਚ ਸਾਡੀ ਸੋਚ ਦਾ ਬਦਲਣਾ ਜ਼ਰੂਰੀ ਹੈ। ਹੁਣ ਸਮਾਜਾਂ ਦੇ ਸਿਆਸੀ, ਆਰਥਕ ਅਤੇ ਸਮਾਜਕ ਸੰਬੰਧਾਂ ਨੂੰ ਗ਼ੁਲਾਮੀ ਵਰਗੇ ਘਿਰਣਤ ਅਤੇ ਗ਼ਲਤ ਨਾਂ ਦੇ ਕੇ ਸੁਤੰਤ੍ਰਤਾ ਵਰਗੇ ਖ਼ਿਆਲੀ ਅਤੇ ਖੋਖਲੇ ਆਦਰਸ਼ਾਂ ਨੂੰ ਆਪਣੀ ਮਾਨਸਿਕਤਾ ਦੇ ਪਥ-ਪ੍ਰਦਰਸ਼ਕ ਨਾ ਮੰਨਿਆ ਜਾਵੇ। ਹਰ ਸੰਬੰਧ, ਸੰਬੰਧ ਹੈ ਅਤੇ ਪਹਿਲਾਂ ਨਾਲੋਂ ਸੁਹਣਾ ਬਣਾਇਆ ਜਾ ਸਕਦਾ ਹੈ।

•

SIKHBOOKCLUB.COM

# ਬਾਰਬੇਰੀਅਨਿਜ਼ਮ

ਬਾਰਬੇਰੀਅਨਿਜ਼ਮ ਕਿਸੇ ਵਿਸ਼ਵਾਸ, ਕਿਸੇ ਸਿਧਾਂਤ ਜਾਂ ਕਿਸੇ ਆਦਰਸ਼ ਦਾ ਨਾਂ ਨਹੀਂ; ਇਹ ਮਨੁੱਖੀ ਮਨ ਦੀ ਅਜੇਹੀ ਅਵਸਥਾ ਦਾ ਨਾਂ ਹੈ, ਜਿਸ ਨੂੰ ਬਹੁਤੀ ਸਤਿਕਾਰਯੋਗ ਅਵਸਥਾ ਵੀ ਨਹੀਂ ਆਖਿਆ ਜਾ ਸਕਦਾ। ਤਾਂ ਵੀ ਮਨੁੱਖ ਦੇ ਬਹੁਤ ਸਾਰੇ ਪਿਆਰੇ-ਸਤਿਕਾਰੇ ਆਦਰਸ਼, ਵਿਸ਼ਵਾਸ ਅਤੇ ਸਿਧਾਂਤ ਬਾਰਬੇਰੀਅਨ ਹਨ। ਮਨੁੱਖ ਇਨ੍ਹਾਂ ਸਿਧਾਂਤਾਂ, ਵਿਸ਼ਵਾਸਾਂ ਅਤੇ ਆਦਰਸ਼ਾਂ ਨੂੰ ਸਭਿਅਤਾ ਦੀ ਸਿਖਰ ਸਮਝਦਾ ਹੈ ਅਤੇ ਇਨ੍ਹਾਂ ਦੇ ਤਿਆਗ ਦੀ ਗੱਲ ਸੋਚਣੀ ਵੀ ਪਸੰਦ ਨਹੀਂ ਕਰਦਾ। ਇਹ ਸਿਧਾਂਤ, ਵਿਸ਼ਵਾਸ ਅਤੇ ਆਦਰਸ਼ ਮਨੁੱਖੀ ਮਨ ਨੂੰ ਬਾਰਬੇਰੀਅਨ ਬਣਾਈ ਰੱਖ ਰਹੇ ਹਨ ਜਾਂ ਮਨੁੱਖੀ ਮਨ ਦੀ ਬਾਰਬੇਰੀਅਨ ਅਵਸਥਾ ਇਨ੍ਹਾਂ ਆਦਰਸ਼ਾਂ, ਵਿਸ਼ਵਾਸਾਂ ਅਤੇ ਸਿਧਾਂਤਾਂ ਨੂੰ ਜੀਵਤ ਰੱਖ ਰਹੀ ਹੈ, ਇਹ ਫ਼ੈਸਲਾ ਬਹੁਤ ਮੁਸ਼ਕਿਲ ਹੈ। ਇਹ ਆਦਰਸ਼ ਅਤੇ ਵਿਸ਼ਵਾਸ ਮਨੁੱਖੀ ਮਾਨਸਿਕਤਾ ਨਾਲ ਇੱਕ-ਮਿੱਕ ਹੋ ਚੁੱਕੇ ਹਨ। ਇਸ ਲਈ ਫ਼ੈਸਲਾ ਨਾ ਕਰ ਕੇ ਮੈਂ ਇਨ੍ਹਾਂ ਆਦਰਸ਼ਾਂ ਅਤੇ ਬਾਰਬੇਰੀਅਨ ਮਾਨਸਿਕਤਾ ਨੂੰ ਆਪਣੇ ਪਾਠਕਾਂ ਦੀ ਵਿਚਾਰ ਗੋਚਰੇ ਕਰ ਰਿਹਾ ਹਾਂ।

ਬਾਰਬੇਰੀਅਨ (Barbarian) ਯੂਨਾਨੀ ਭਾਸ਼ਾ ਦੇ ਸ਼ਬਦ ਬਾਰਬਰੋਸ (Barbaros) ਦਾ ਅੰਗ੍ਰੇਜ਼ੀ ਰੂਪ ਹੈ। ਪੰਜਾਬੀ ਵਿੱਚ ਇਸ ਸ਼ਬਦ ਦੇ ਅਰਥ ਹਨ—ਪਰਦੇਸੀ, ਓਪਰਾ, ਅਜਨਬੀ, ਗ਼ੈਰ ਅਤੇ ਗ਼ੈਰ-ਯੂਨਾਨੀ, ਗ਼ੈਰ-ਈਸਾਈ ਅਤੇ ਰੋਮਨ ਸਾਮਰਾਜ ਤੋਂ ਬਾਹਰਲਾ। ਆਪਣੀ ਚੜ੍ਹਤ ਦੇ ਦਿਨਾਂ ਵਿੱਚ ਯੂਨਾਨੀ, ਓਪਰੇ ਲੋਕਾਂ ਨੂੰ ਬਾਰਬੇਰੀਅਨ ਆਖਦੇ ਸਨ। ਉਹ ਆਪਣੇ ਆਪ ਨੂੰ ਸਭਿਅ ਅਤੇ ਬਾਕੀ ਸਾਰਿਆਂ ਨੂੰ ਘੱਟ ਸਭਿਅ, ਉਜੱਡ ਜਾਂ ਗਵਾਰ ਮੰਨਦੇ ਸਨ। ਉਹ ਆਪਣੇ ਆਪ ਨੂੰ ਏਨੇ ਸ੍ਰੇਸ਼ਟ ਮੰਨਦੇ ਸਨ ਕਿ ਦੂਜੀ ਕਿਸੇ ਵੀ ਕੌਮ ਦੇ ਆਦਮੀ ਨੂੰ ਗ਼ੁਲਾਮ ਬਣਾਇਆ ਜਾਣ ਵਿੱਚ ਕੋਈ ਬੁਰਾਈ ਨਹੀਂ ਸਨ ਵੇਖਦੇ, ਪ੍ਰੰਤੂ, ਯੂਨਾਨੀ ਆਦਮੀ ਦਾ ਗ਼ੁਲਾਮ ਬਣਾਇਆ ਜਾਣਾ, ਉਨ੍ਹਾਂ ਨੂੰ, ਅਤਿਅੰਤ ਅਨਾਏ ਪੂਰਣ ਲੱਗਦਾ ਸੀ। ਸਿਕੰਦਰ ਨੂੰ ਯੂਨਾਨੀਆਂ ਦੀ ਇਹ ਮਨੌਤ ਹਾਸੋ-ਹੀਣੀ ਲੱਗਦੀ ਸੀ। ਉਹ ਯੂਨਾਨੀ ਨਹੀਂ ਸੀ, ਮੈਸੇਡੋਨੀਅਨ ਸੀ।

ਸਿਕੰਦਰ ਤੋਂ ਪਿੱਛੋਂ ਦਾ ਤਿੰਨ ਕੁ ਸੌ ਸਾਲ ਦਾ ਸਮਾਂ ਪੁਰਾਤਨ ਸਭਿਅਤਾਵਾਂ ਦੇ ਪਿਘਲਾਉ, ਸੰਜੋਗਨ, ਇੱਕ ਰੂਪਤਾ ਜਾਂ ਫ਼ਿਊਯਨ (Fusion) ਦਾ ਸਮਾਂ ਹੈ। ਇਸ ਸਮੇਂ ਵਿੱਚ ਬਾਰਬੇਰੀਅਨ ਸ਼ਬਦ ਦੀ ਉਪਰੋਕਤ ਵਰਤੋਂ ਘੱਟ ਹੋਈ ਹੈ। ਰੋਮਨਾਂ ਦੀ ਸਲਤਨਤ ਸਥਾਪਤ ਹੋ ਜਾਣ ਪਿੱਛੋਂ ਉਨ੍ਹਾਂ ਨੇ, ਆਪਣੀ ਸਲਤਨਤ ਤੋਂ ਬਾਹਰਲੀ ਦੁਨੀਆ ਦੇ ਲੋਕਾਂ ਨੂੰ ਬਾਰਬੇਰੀਅਨ ਆਖਣਾ ਸ਼ੁਰੂ ਕਰ ਦਿੱਤਾ ਸੀ। ਰੋਮਨ ਰਾਜ ਸਮੇਂ ਇਸ ਸ਼ਬਦ ਦੇ ਅਰਥ ਪਰਦੇਸੀ, ਓਪਰਾ ਜਾਂ ਗ਼ੈਰ-ਰੋਮਨ ਨਾ ਰਹਿ ਕੇ ਉਜੱਡ, ਵਹਿਸ਼ੀ ਅਤੇ ਅਸਭਿਅ ਹੋ ਗਏ ਸਨ।

ਅਜੋਕੇ ਸਮਾਜ-ਸ਼ਾਸਤ੍ਰੀ ਵੀ ਬਾਰਬੇਰੀਅਨ ਸ਼ਬਦ ਨੂੰ ਲਗਭਗ ਉਜੱਡ ਜਾਂ ਵਹਿਸ਼ੀ ਦੇ ਅਰਥਾਂ ਵਿੱਚ ਹੀ ਵਰਤਦੇ ਹਨ। ਜੰਗਲੀ ਅਤੇ ਸਭਿਅ ਮਨੁੱਖ ਦੇ ਵਿੱਚ-ਵਿਚਾਲੇ ਬਾਰਬੇਰੀਅਨ ਦੀ ਉਹੋ ਥਾਂ ਹੈ, ਜਿਹੜੀ ਬਾਂਦਰ ਅਤੇ ਮਨੁੱਖ ਵਿਚਕਾਰ ਬਨਮਾਣਸ ਦੀ ਹੈ।

ਬਾਰਬੇਰੀਅਨ ਅਤੇ ਬਨਮਾਣਸ ਦਾ ਇਹ ਮੁਕਾਬਲਾ ਮੈਂ ਆਪਣੀ ਗੱਲ ਨੂੰ ਸਪੱਸ਼ਟ ਜਾਂ ਸਰਲ ਕਰਨ ਨੂੰ ਕਰ ਰਿਹਾ ਹਾਂ। ਇਸ ਮੁਕਾਬਲੇ ਨੂੰ ਕਿਸੇ ਵਿਸ਼ਲੇਸ਼ਣ ਦਾ ਵਿਸ਼ਾ ਬਣਾਉਣ ਲੱਗਿਆਂ ਇਹ ਖ਼ਿਆਲ ਰੱਖਿਆ ਜਾਣਾ ਚਾਹੀਦਾ ਹੈ ਕਿ ਇਸ ਮੁਕਾਬਲੇ ਵਿੱਚ 'ਲਗਪਗ' ਦੀ ਵਰਤੋਂ ਵੀ ਕੀਤੀ ਗਈ ਹੈ।

ਅਜੋਕੇ ਸਮਾਜ-ਸ਼ਾਸਤ੍ਰੀ ਇਹ ਦੱਸਦੇ ਹਨ ਕਿ ਮਨੁੱਖ ਹੌਲੀ-ਹੌਲੀ ਵਿਕਾਸ ਕਰਦਾ ਹੋਇਆ ਜੰਗਲੀ ਤੋਂ ਸਭਿਅ ਬਣਿਆ ਹੈ। ਇਸ ਵਿਕਾਸ ਨੂੰ ਉਹ ਕਈ ਪੜਾਵਾਂ ਜਾਂ ਵੰਡਾਂ ਵਿੱਚ ਵੰਡਦੇ ਹਨ; ਤਾਂ ਵੀ ਇਸ ਦੀਆਂ ਪ੍ਰਧਾਨ ਵੰਡਾਂ ਤਿੰਨ ਹੀ ਹਨ—ਜੰਗਲੀ, ਅਰਧ ਜੰਗਲੀ (ਅੱਧਾ ਜੰਗਲੀ) ਅਤੇ ਸਭਿਅ। ਇਸ ਵਿਕਾਸ ਦਾ ਇਤਿਹਾਸ, ਦੁਨੀਆ ਦੇ ਵੱਖ-ਵੱਖ ਇਲਾਕਿਆਂ ਵਿੱਚ, ਵੱਖ-ਵੱਖ ਸਮੇਂ ਉੱਤੇ ਵੱਖ-ਵੱਖ ਤਰੀਕੇ ਨਾਲ ਹੋਇਆ ਹੈ। ਇਸ ਲਈ ਇਹ ਪੜਾਅ ਨਾ ਤਾਂ ਸਮਕਾਲੀ ਹਨ, ਨਾ ਸਮਦੇਸ਼ੀ ਅਤੇ ਨਾ ਹੀ ਸਮਰੂਪੀ। ਇਨ੍ਹਾਂ ਵਿੱਚ ਇੱਕ ਹੀ ਸਾਂਝ ਹੈ ਕਿ ਇਨ੍ਹਾਂ ਨੇ ਮਨੁੱਖੀ ਮਨ ਦੀ ਘਾੜਤ ਇੱਕੋ ਪ੍ਰਕਾਰ ਦੀ ਜਾਂ ਰਲਦੀ ਮਿਲਦੀ ਘੜੀ ਹੈ।

ਮਨੁੱਖੀ ਮਨ ਅਤੇ ਇਸ ਦੀਆਂ ਯੋਗਤਾਵਾਂ (Faculties) ਮਨੁੱਖ ਨੂੰ ਕਿਸੇ ਖ਼ਾਲਕ ਜਾਂ ਕਰਤਾਰ ਵੱਲੋਂ ਮਿਲੀਆਂ ਹੋਈਆਂ ਨਹੀਂ ਹਨ। ਇਹ ਧਰਤੀ ਨਾਂ ਦੀ ਕਰਮ ਭੂਮੀ ਉੱਤੇ ਵੱਸਣ ਵਾਲੇ ਮਨੁੱਖ ਦੇ ਅਨੁਭਵ ਦੀ ਉਪਜ ਹਨ। ਸੁਰਤ, ਮੱਤ, ਮਨ ਅਤੇ ਬੁੱਧ ਵਿਕਾਸ ਨੇ ਉਪਜਾਏ ਹਨ ਅਤੇ ਸਦਾ ਵਿਕਸਦੇ ਹਨ। ਸਾਡੇ ਸਮਾਜ-ਸ਼ਾਸਤ੍ਰੀਆਂ ਨੇ ਮਨੁੱਖੀ ਮਨ ਦੇ ਵਿਕਾਸ ਦੇ ਤਿੰਨ ਪੜਾਅ ਮਿੱਥੇ ਹਨ। ਜੰਗਲੀ ਮਨੁੱਖ ਦੀ ਅਵਿਕਸਿਤ ਮਾਨਸਿਕਤਾ ਨੂੰ ਉਨ੍ਹਾਂ ਨੇ ਜੰਗਲੀ ਮਾਨਸਿਕਤਾ ਆਖਿਆ ਹੈ ਜਾਂ ਇਹੋ ਜਿਹਾ ਕੋਈ ਨਾਂ ਦਿੱਤਾ ਹੈ, ਜਿਸ ਦਾ ਭਾਵ ਜੰਗਲੀ ਮਾਨਸਿਕਤਾ ਹੈ। ਜੰਗਲੀ ਹਾਲਤ ਤੋਂ ਅੱਗੇ ਸਮਾਜਕ ਵਿਕਾਸ ਦਾ ਦੂਜਾ ਪੜਾਅ ਆਉਂਦਾ ਹੈ। ਇਸ ਪੜਾਅ ਉੱਤੇ ਵਿਚਰਦੇ ਮਨੁੱਖ ਦੀ ਮਾਨਸਿਕਤਾ ਨੂੰ ਸ਼ਾਸਤ੍ਰੀਆਂ ਨੇ ਬਾਰਬੇਰੀਅਨ ਮਾਨਸਿਕਤਾ ਆਖਿਆ ਹੈ। ਇਸ ਤੋਂ ਅੱਗੇ ਸਭਿਅ ਮਨੁੱਖ ਦੀ ਸਭਿਅ ਮਾਨਸਿਕਤਾ ਦੀ ਘਾੜਤ ਆਰੰਭ ਹੋ ਜਾਂਦੀ ਹੈ।

ਜੰਗਲੀ ਮਾਨਸਿਕਤਾ ਦਾ ਬਾਰਬੇਰੀਅਨ ਮਾਨਸਿਕਤਾ ਵੱਲ ਵਿਕਾਸ ਆਰੰਭ ਹੋ ਜਾਣ ਦਾ ਮਤਲਬ ਇਹ ਨਹੀਂ ਕਿ ਸਮੇਂ ਦੀ ਕਿਸੇ ਸੂਖ਼ਮ ਰੇਖਾ ਨੂੰ ਪਾਰ ਕਰਦਿਆਂ ਹੀ ਜੰਗਲੀ ਮਨੁੱਖ ਬਾਰਬੇਰੀਅਨ ਮਾਨਸਿਕਤਾ ਦਾ ਮਾਲਕ ਬਣ ਗਿਆ ਸੀ ਅਤੇ ਉਸ ਦੇ ਮਨ ਵਿੱਚ ਸਦੀਆਂ ਦੀ ਸਮਾਈ ਹੋਈ ਜਾਂਗਲੀਅਤ ਉਸ ਲਛਮਣ ਰੇਖਾ ਤੋਂ ਪਾਰ ਲੰਘ ਕੇ ਉਸ ਕੋਲ ਆਉਣ ਦੇ ਅਸਮਰਥ ਹੋ ਗਈ ਸੀ। ਨਾ ਹੀ ਇਹ ਸਮਝਣਾ ਠੀਕ ਹੈ ਕਿ ਜਿਸ ਸਮੇਂ ਦੇ ਮਨੁੱਖ ਨੂੰ, ਸਾਡੇ ਸਮਾਜ-ਸ਼ਾਸਤ੍ਰੀ, ਸਭਿਅ ਮਨੁੱਖ ਦੀ ਪਦਵੀ ਦਿੰਦੇ ਹਨ ਉਸ ਸਮੇਂ ਦੇ ਮਨੁੱਖ ਦੀ ਮਾਨਸਿਕਤਾ ਵਿੱਚ ਜੰਗਲੀ ਅਤੇ ਅਰਧ ਜੰਗਲੀ ਮਨੁੱਖੀ ਮਾਨਸਿਕਤਾ ਦਾ ਕੋਈ ਅੰਸ਼ ਬਾਕੀ ਨਹੀਂ ਸੀ ਰਿਹਾ। ਇਸ ਸੰਬੰਧ ਵਿੱਚ ਵਧੇਰੇ ਠੀਕ ਗੱਲ ਇਹ ਹੈ ਕਿ ਬਾਰਬੇਰੀਅਨ ਮਨੁੱਖ ਦੀ ਮਾਨਸਿਕਤਾ ਵਿੱਚ ਜੰਗਲੀ ਅਤੇ ਅਰਧ ਸਭਿਅ ਅੰਸ਼ਾਂ ਦਾ ਮਿਸ਼ਰਣ ਸੀ, ਇਸੇ ਤਰ੍ਹਾਂ ਸਭਿਅ ਮਨੁੱਖ ਦੀ ਮਾਨਸਿਕਤਾ, ਜੰਗਲੀ, ਅਰਧ ਸਭਿਅ (ਬਾਰਬੇਰੀਅਨ) ਅਤੇ ਸਭਿਅ ਮਾਨਸਿਕਤਾਵਾਂ ਦਾ ਮਿਸ਼ਰਣ ਹੈ। ਜੇ ਅਸੀਂ ਇਹ ਜਾਣਨਾ ਚਾਹੁੰਦੇ ਹਾਂ ਕਿ ਸਭਿਅ ਮਨੁੱਖ ਦੀ ਮਾਨਸਿਕਤਾ ਵਿੱਚ ਜੰਗਲੀ ਅਤੇ ਅਰਧ ਸਭਿਅ ਜਾਂ ਬਾਰਬੇਰੀਅਨ ਮਨੁੱਖ ਦੀ ਮਾਨਸਿਕਤਾ ਨਾਲੋਂ ਵੱਖਰਾ ਕੀ ਹੈ ਅਤੇ ਉਹ ਵੱਖਰਾਪਨ ਕਿਨ੍ਹਾਂ ਵਿਵਹਾਰਾਂ ਵਿੱਚ ਵਿਅਕਤ ਹੁੰਦਾ ਹੈ? ਤਾਂ ਸਾਨੂੰ ਜੰਗਲੀ ਮਾਨਸਿਕਤਾ ਅਤੇ ਅਰਧ ਸਭਿਅ ਮਾਨਸਿਕਤਾ ਦੀ ਕੁਝ ਵਾਕਫ਼ੀਅਤ

ਲੋੜੀਂਦੀ ਹੈ। ਜੇ ਅਸੀਂ ਇਹ ਮੰਨਦੇ ਹਾਂ ਕਿ ਇਹ ਤਿੰਨੇ ਮਾਨਸਿਕਤਾਵਾਂ ਕਰਤਾ ਪੁਰਖ ਦੀ ਸਾਜਨਾ ਨਹੀਂ ਹਨ, ਸਗੋਂ ਅਨੁਭਵ ਦੀਆਂ ਵਿਕਸਾਈਆਂ ਹੋਈਆਂ ਹਨ ਤਾਂ ਇਨ੍ਹਾਂ ਦੀ ਆਪਸੀ ਮਿਸ਼ਰਣ ਅਨਿਵਾਰੀ ਹੈ। ਜੇ ਇਹ ਮਿਸ਼ਰਤ ਹਨ ਤਾਂ ਇਨ੍ਹਾਂ ਮਾਨਸਿਕਤਾਵਾਂ ਵਿੱਚ ਉਹ ਸਾਂਝੇ ਅੰਸ਼ ਕਿਹੜੇ ਹਨ ਅਤੇ ਕਿਨ੍ਹਾਂ ਵਿਵਹਾਰਾਂ ਦੀ ਰੂਪ-ਰੇਖਾ ਨਿਸਚਿਤ ਕਰਦੇ ਹਨ ? ਇਹ ਜਾਣਨਾ ਵੀ ਜ਼ਰੂਰੀ ਹੈ; ਸ਼ਾਇਦ ਦਿਲਚਸਪ ਵੀ।

ਜੰਗਲੀ ਜੀਵਨ ਦੀ ਪਹਿਲੀ ਚਿੰਤਾ ਸੁਰੱਖਿਆ ਹੈ ਅਤੇ ਦੂਜੀ, ਨਸਲ ਦੀ ਲਗਾਤਾਰਤਾ। ਇਹ ਦੋਵੇਂ ਚਿੰਤਾਵਾਂ ਜਾਂ ਚੇਤਨਾਵਾਂ ਪ੍ਰਵਿਰਤੀਮੂਲਕ ਹਨ। ਇਨ੍ਹਾਂ ਦੇ ਅਨੁਭਵ ਅਤੇ ਅਭਿਆਸ ਵਿੱਚੋਂ ਇੱਕ ਤੀਜੀ ਚੇਤਨਾ ਨੇ ਜਨਮ ਲਿਆ ਹੈ। ਪਸ਼ੂ ਪੰਛੀ ਇਹ ਜਾਣਦੇ ਹਨ ਕਿ ਸਾਡੀ ਜਾਨ ਦਾ ਵੈਰੀ ਕੌਣ ਹੈ ਅਤੇ ਇਹ ਵੀ ਕਿ ਕਿਹੜਾ ਜਾਨਵਰ ਸਾਡੇ ਲਈ ਜਾਂ ਹੋਰ ਕਿਸੇ ਲਈ ਕਿਸੇ ਪ੍ਰਕਾਰ ਦਾ ਖ਼ਤਰਾ ਪੈਦਾ ਨਹੀਂ ਕਰਦਾ। ਇਸ ਦੇ ਨਤੀਜੇ ਵਜੋਂ ਇੱਕ ਮਿੱਤ੍ਰ ਭਾਵਨਾ ਨੇ ਜਨਮ ਲਿਆ ਹੈ। ਦੂਰੋਂ ਉੱਡ ਕੇ ਆ ਰਹੇ ਕਿਸੇ ਸ਼ਿਕਾਰੀ ਪੰਛੀ, ਬਾਜ, ਗਿਰਝ ਆਦਿਕ ਨੂੰ ਵੇਖ ਕੇ, ਹਿਰਨ ਜਾਂ ਦੂਜੇ ਸ਼ਾਕਾਹਾਰੀ ਪਸ਼ੂ, ਕਿਸੇ ਖ਼ਾਸ ਕਿਸਮ ਦੀ ਆਵਾਜ਼ ਨਾਲ, ਰੁੱਖਾਂ ਉੱਤੇ ਬੈਠੇ ਪੰਛੀਆਂ ਨੂੰ ਖ਼ਤਰੇ ਦੀ ਚੇਤਾਵਨੀ ਦੇ ਦਿੰਦੇ ਹਨ। ਇਸੇ ਤਰ੍ਹਾਂ ਆਲ੍ਹਣਿਆਂ ਵਿੱਚ, ਉੱਚੇ ਟਿਕਾਣੇ ਬੈਠੇ ਪੰਛੀ, ਸ਼ੇਰ, ਬਘਿਆੜ ਦੇ ਆਉਣ ਦੀ ਸੂਚਨਾ, ਸ਼ਾਕਾਹਾਰੀ ਪਸ਼ੂਆਂ ਨੂੰ ਦਿੰਦੇ ਹਨ। ਪਸ਼ੂਆਂ, ਪੰਛੀਆਂ ਦੇ ਵਿਵਹਾਰ ਦੀ ਰੀਸਰਚ ਕਰਨ ਵਾਲੇ ਵਿਗਿਆਨਕ ਇਸ ਪ੍ਰਕਾਰ ਦੇ ਗਿਆਨ-ਭੰਡਾਰ ਵਿੱਚ ਬਹੁਤ ਵਾਧਾ ਕਰ ਰਹੇ ਹਨ।

ਜੰਗਲੀ ਜੀਵਨ ਦੇ ਇਸ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਜੰਗਲੀ ਜੀਵਾਂ ਵਿੱਚ ਵੱਗ ਪ੍ਰਵਿਰਤੀ, ਆਪਣੇ ਭੋਜਨ ਲਈ ਹੱਤਿਆ ਦੀ ਪ੍ਰਵਿਰਤੀ, ਮਿੱਤ੍ਰਤਾ ਦੀ ਪ੍ਰਵਿਰਤੀ ਅਤੇ ਸਹਾਇਤਾ ਦੀ ਪ੍ਰਵਿਰਤੀ ਦਾ ਜਨਮ ਹੋ ਗਿਆ ਸੀ। ਏਥੇ ਮੈਂ ਮਮਤਾ, ਕਾਮ ਅਤੇ ਡਰ ਆਦਿ ਪ੍ਰਵਿਰਤੀਆਂ ਦਾ ਵਿਸਥਾਰ ਨਹੀਂ ਕਰਨਾ ਚਾਹੁੰਦਾ ਜਾਂ ਕਰਨ ਦੀ ਲੋੜ ਨਹੀਂ ਸਮਝਦਾ ਕਿਉਂਕਿ ਸੁਰੱਖਿਆ ਅਤੇ ਨਸਲ ਦੀ ਲਗਾਤਾਰਤਾ ਆਦਿਕ ਵਿੱਚ ਇਨ੍ਹਾਂ ਦਾ ਵਰਣਨ, ਕਹਿਣ ਤੋਂ ਬਿਨਾਂ ਹੀ ਹੋ ਜਾਂਦਾ ਹੈ।

ਜੰਗਲੀ ਜੀਵਨ ਦੇ ਲੰਮੇ ਅਨੁਭਵ ਨੇ ਜੀਵਾਂ ਵਿੱਚ ਡਰ, ਸ਼ੱਕ, ਬੇ-ਵਸਾਹੀ, ਧੋਖਾ ਅਤੇ ਸਵਾਰਥ ਦੀਆਂ ਪ੍ਰਵਿਰਤੀਆਂ ਨੂੰ ਵੀ ਵਿਕਸਾਇਆ ਹੈ। ਮਮਤਾ, ਮਿੱਤ੍ਰਤਾ ਅਤੇ ਸਹਾਇਤਾ ਆਦਿਕ ਦੇ ਭਾਵਾਂ ਨੇ ਡਰ, ਸ਼ੱਕ, ਬੇ-ਵਸਾਹੀ ਅਤੇ ਸਵਾਰਥ ਆਦਿਕ ਭਾਵਾਂ ਨਾਲ ਰਲ ਕੇ ਜੀਵਾਂ ਵਿੱਚ ਬੋਧਿਕਤਾ, ਸੋਚ ਅਤੇ ਤਰਕ ਆਦਿਕ ਦੀਆਂ ਯੋਗਤਾਵਾਂ ਦਾ ਵਿਕਾਸ ਕੀਤਾ ਹੈ। ਜਦੋਂ ਮਨੁੱਖ ਜੰਗਲੀ ਪਸ਼ੂਆਂ ਵਾਂਗ ਜੰਗਲੀ ਜੀਵਨ ਜੀ ਰਿਹਾ ਸੀ, ਉਦੋਂ ਮਨੁੱਖ ਨੂੰ ਆਪਣੀ ਨਸਲ ਦੇ ਜੀਵਾਂ (ਮਨੁੱਖਾਂ) ਕੋਲੋਂ ਬਹੁਤਾ ਡਰ ਅਤੇ ਖ਼ਤਰਾ ਨਹੀਂ ਸੀ। ਮਨੁੱਖ ਟੋਲਿਆਂ ਵਿੱਚ ਵੱਸਦਾ ਸੀ ਅਤੇ ਸ਼ਿਕਾਰ ਮਾਰਨਾ ਅਤੇ ਫਲ ਆਦਿਕ ਇਕੱਠੇ ਕਰਨੇ ਉਸ ਦੇ ਪ੍ਰਧਾਨ ਕਿੱਤੇ ਸਨ। ਜੰਗਲੀ ਜਾਨਵਰਾਂ ਨੂੰ ਉਹ, ਮਾਰ ਕੇ ਖਾ ਲੈਂਦਾ ਸੀ ਅਤੇ ਹੋ ਸਕਦਾ ਹੈ ਸ਼ਿਕਾਰ ਦੇ ਕੰਮ ਵਿੱਚ ਇੱਕ ਟੋਲੇ ਦੇ ਮਨੁੱਖ ਦੂਜੇ ਟੋਲੇ ਦੀ ਸਹਾਇਤਾ ਵੀ ਕਰਦੇ ਹੋਣ। ਇਹ ਵੀ ਸੰਭਵ ਹੈ ਕਿ ਸ਼ਿਕਾਰ ਮਾਰਨ ਅਤੇ ਫਲ ਆਦਿਕ ਇਕੱਠੇ ਕਰਦੇ ਟੋਲਿਆਂ ਵਿੱਚ ਨਾਰਾਜ਼ਗੀ ਝਗੜਾ ਅਤੇ ਮਾਰ-ਕੁਟਾਈ ਵੀ ਹੋ ਜਾਂਦੀ ਹੋਵੇ; ਪ੍ਰੰਤੂ ਇਹ ਸਭ ਕੁਝ ਭਿਆਨਕ ਰੂਪ ਧਾਰਣ ਨਹੀਂ ਸੀ ਕਰਦਾ।

ਜਦੋਂ ਮਨੁੱਖ ਨੇ ਅੰਨ ਉਗਾਉਣ ਦੀ ਜਾਚ ਸਿੱਖ ਲਈ, ਪਸ਼ੂਆਂ ਨੂੰ ਆਪਣੀ ਸੇਵਾ ਵਿੱਚ ਲਾਉਣ ਦੀ ਯੋਗਤਾ ਹਾਸਲ ਕਰ ਲਈ ਅਤੇ ਕੁੱਲੀਆਂ ਝੋਂਪੜੀਆਂ ਆਦਿਕ ਵਿੱਚ

ਟਿਕ ਕੇ ਵੱਸਣ ਦਾ ਤਰੀਕਾ ਅਪਣਾਅ ਲਿਆ, ਉਦੋਂ ਤੋਂ ਮਨੁੱਖੀ ਸਭਿਅਤਾ ਦਾ ਵਿਕਾਸ ਆਰੰਭ ਹੋਇਆ ਮੰਨਿਆ ਜਾਂਦਾ ਹੈ। ਅੰਨ ਉਗਾਉਣ ਦੀ ਕਿਰਿਆ ਅਤੇ ਸਥਾਈ ਵਾਸ ਦੀ ਇੱਛਾ ਅਤੇ ਮਜਬੂਰੀ, ਇਹ ਦੋ ਗੱਲਾਂ ਹੀ ਨਵੇਂ ਬਾਰਬੇਰੀਅਨ ਮਨੁੱਖ ਨੂੰ ਉਸ ਮਨੁੱਖ ਨਾਲੋਂ ਨਿਖੇੜਦੀਆਂ ਸਨ ਜਿਸ ਨੂੰ ਹੁਣ ਅਸੀਂ ਜੰਗਲੀ ਮਨੁੱਖ ਆਖਦੇ ਹਾਂ। ਜੰਗਲੀ ਅਤੇ ਅਰਧ ਸਭਿਅ ਆਦੀ ਮਨੁੱਖ ਦੀਆਂ ਦੋ ਜੀਵਨ-ਜਾਚਾਂ ਦੇ ਨਾਂ ਹਨ। ਇਨ੍ਹਾਂ ਦੋ ਜੀਵਨ-ਜਾਚਾਂ ਵਿੱਚ ਵੱਡਾ ਫ਼ਰਕ ਇਹ ਸੀ ਕਿ ਇੱਕ ਜਾਚ ਅਨੁਸਾਰ ਮਨੁੱਖ ਭੌਂਦੂ ਅਤੇ ਸ਼ਿਕਾਰੀ ਸੀ, ਆਪਣੇ ਭੋਜਨ ਲਈ ਉਹ ਕੰਦ ਮੂਲ ਅਤੇ ਸ਼ਿਕਾਰ ਉੱਤੇ ਨਿਰਭਰ ਸੀ। ਸਰਦੀ, ਗਰਮੀ, ਬਾਰਸ਼ ਅਤੇ ਹਿੰਸਕ ਪਸ਼ੂਆਂ ਤੋਂ ਰੱਖਿਆ ਲਈ ਉਹ ਬਿਰਖਾਂ, ਝਾੜੀਆਂ, ਖੁੱਡਾਂ, ਖੋਅ੍ਹਾਂ ਅਤੇ ਖੱਲਾਂ ਆਦਿਕ ਦਾ ਆਸਰਾ ਲੈਂਦਾ ਸੀ। ਦੂਜੀ ਜੀਵਨ-ਜਾਚ ਅਨੁਸਾਰ ਉਹ ਖ਼ੁਰਾਕ ਲਈ ਖੇਤੀ ਕਰਨ ਲੱਗ ਪਿਆ ਸੀ, ਸ਼ਿਕਾਰ ਨੂੰ ਅੰਨ-ਸੰਕਟ ਦੀ ਸਮੱਸਿਆ ਦਾ ਇੱਕ ਹੱਲ ਸਮਝਦਾ ਸੀ ਅਤੇ ਸਰਦੀ ਗਰਮੀ ਤੋਂ ਰੱਖਿਆ ਲਈ ਉਹ ਝੌਂਪੜੀਆਂ-ਕੁੱਲੀਆਂ ਬਣਾਉਣ ਲੱਗ ਪਿਆ ਸੀ ਅਤੇ ਹਿੰਸਕ ਪਸ਼ੂਆਂ ਤੋਂ ਬਚਣ ਲਈ ਵਾੜਾਂ-ਵਲਗਣਾਂ ਕੋਲੋਂ ਕੰਮ ਲੈਣ ਲੱਗ ਪਿਆ ਸੀ। ਜੰਗਲੀ ਤੋਂ ਅਰਧ ਸਭਿਅ ਹੋ ਜਾਣ ਕਰਕੇ, ਨਾ ਤਾਂ ਮਨੁੱਖ ਦੀਆਂ ਪ੍ਰਵਿਰਤੀਆਂ ਹੀ ਸੂਖਮ ਅਤੇ ਸਭਿਅ ਹੋ ਗਈਆਂ ਸਨ ਅਤੇ ਨਾ ਹੀ ਸ਼ਿਕਾਰ ਦੀ ਕਿਰਿਆ ਵਿੱਚ ਕੰਮ ਆਉਣ ਵਾਲੀ ਹਿੰਸਾ ਅਤੇ ਹੱਤਿਆ ਹੀ ਉਸ ਨੂੰ ਓਪਰੀ ਅਤੇ ਅਸੁਭਾਵਕ ਲੱਗਣ ਲੱਗ ਪਈ ਸੀ। ਖੇਤੀ ਉਸ ਦੇ ਸਭਿਅਕ ਵਿਕਾਸ ਦਾ ਪ੍ਰਮਾਣ ਸੀ ਅਤੇ ਸ਼ਿਕਾਰ ਉਸ ਦੇ ਜੰਗਲੀ ਜੀਵਨ ਦਾ ਦਿੱਤਾ ਹੋਇਆ ਸਭਿਆਚਾਰਕ ਵਿਰਸਾ ਸੀ, ਭਾਵੇਂ ਇਸ ਕੰਮ ਦੀ ਸਭਿਆਚਾਰਕ ਮਹਾਨਤਾ ਨੂੰ ਉਹ ਉਦੋਂ ਨਹੀਂ ਸੀ ਜਾਣਦਾ ਅਤੇ ਇਸ ਨੂੰ ਖ਼ੁਰਾਕ ਦੇ ਘਾਟੇ ਦੀ ਪੂਰਤੀ ਦਾ ਸਾਧਨ ਮਾਤਰ ਹੀ ਮੰਨਦਾ ਸੀ।

SIKHBOOKCLUB.COM

ਹੌਲੀ-ਹੌਲੀ ਅਰਧ ਸਭਿਅ ਮਨੁੱਖਾਂ ਦੇ ਕੁਝ ਟੋਲਿਆਂ ਨੇ ਆਪਣੀ ਲੋੜੋਂ ਬਹੁਤਾ ਅੰਨ ਉਪਜਾਉਣ ਦੀ ਯੋਗਤਾ ਪ੍ਰਾਪਤ ਕਰ ਲਈ; ਖੇਤੀ ਯੋਗ ਜ਼ਮੀਨ ਵਿੱਚ ਵਾਧਾ ਕਰ ਲਿਆ, ਘਰੇਲੂ ਪਸ਼ੂਆਂ ਦੀ ਗਿਣਤੀ ਵੀ ਵਧਾਅ ਲਈ ਅਤੇ ਆਪਣੇ ਘਰ ਵੀ ਜ਼ਰਾ ਚੰਗੇਰੇ ਅਤੇ ਪਾਏਦਾਰ ਬਣਾਉਣੇ ਸ਼ੁਰੂ ਕਰ ਦਿੱਤੇ। ਅਕਾਲ ਅਤੇ ਅੰਨ-ਸੰਕਟ ਤਾਂ ਅੱਜ ਤਕ ਆਦਮੀ ਦਾ ਪਿੱਛਾ ਨਹੀਂ ਛੱਡ ਰਹੇ; ਉਦੋਂ ਇਨ੍ਹਾਂ ਦੀ ਭਰਮਾਰ ਸੀ। ਇਹ ਜੀਵਨ ਦੀ ਵੱਡੀ ਸਮੱਸਿਆ ਸਨ। ਟੋਲਿਆਂ ਵਿੱਚ ਵੱਸਦਾ ਮਨੁੱਖ ਕੁਝ ਨਾ ਕੁਝ ਜਥੇਬੰਦ ਪਹਿਲਾਂ ਹੀ ਸੀ। ਭੁੱਖ-ਮਰੀ ਦਾ ਸੰਕਟ ਜਥੇਬੰਦੀਆਂ ਨੂੰ ਮਜ਼ਬੂਤ ਕਰ ਦਿੰਦਾ ਸੀ। ਹੁਣ ਵੀ ਸੰਕਟ-ਕਾਲ ਜਥੇਬੰਦੀਆਂ ਦੀ ਮਜ਼ਬੂਤੀ ਦਾ ਸਮਾਂ ਬਣ ਜਾਂਦਾ ਹੈ। ਵਧਿਆ ਹੋਇਆ ਅੰਨ ਲੁੱਟਣ ਲਈ ਜੰਗਲੀ ਟੋਲੇ ਅਰਧ ਸਭਿਅ ਟੋਲਿਆਂ ਉੱਤੇ ਹੱਲਾ ਕਰ ਦਿੰਦੇ ਸਨ। ਲੜਾਈ ਹੁੰਦੀ ਸੀ। ਉਸ ਸਮੇਂ ਜੰਗ ਦੇ ਸੰਬੰਧ ਵਿੱਚ ਅੰਤਰ-ਰਾਸ਼ਟਰੀ ਨੇਮ ਨਹੀਂ ਸਨ; ਬਚ-ਬਚਾਅ ਕਰਾਉਣ ਵਾਲੇ ਤੀਜੇ ਧਿਆਕ ਨਹੀਂ ਸਨ, ਅਖ਼ਲਾਕੀ ਕੀਮਤਾਂ ਨਹੀਂ ਸਨ। ਇਸ ਲਈ ਲੜਾਈ ਦਾ ਅੰਤ ਇੱਕ ਟੋਲੇ ਦੇ ਸਾਰੇ ਮੈਂਬਰਾਂ ਦੀ ਮੌਤ ਨਾਲ ਹੀ ਹੁੰਦਾ ਸੀ। ਵਿਰੋਧੀ ਟੋਲੇ ਦੀ ਹਾਰ ਪਿੱਛੋਂ ਬਚੇ ਹੋਏ ਮੈਂਬਰਾਂ ਨੂੰ ਦਾਸ ਬਣਾਉਣ ਦੀ ਵਿਉਂਤ ਸਭਿਅਤਾ ਦੇ ਵਿਕਾਸ ਵਿੱਚੋਂ ਉਪਜੀ ਹੋਈ ਹੈ।

ਹਜ਼ਾਰਾਂ ਸਾਲਾਂ ਤਕ ਅਰਧ ਸਭਿਅ ਕਬੀਲੇ ਜਾਂ ਟੋਲੇ, ਜੰਗਲੀ ਕਬੀਲਿਆਂ ਹੱਥੋਂ ਨੇਸਤੋ ਨਾਬੂਦ (ਬਰਬਾਦ) ਹੁੰਦੇ ਰਹੇ ਹਨ। ਜਿੱਤੇ ਹੋਏ ਜੰਗਲੀ ਕਬੀਲੇ, ਹਾਰਿਆਂ ਹੋਇਆਂ ਦੇ ਘਰ-ਕੁੱਲੇ ਅਤੇ ਮਾਲ ਡੰਗਰ ਸਾਂਭ ਕੇ ਅਰਧ ਸਭਿਅ ਜੀਵਨ ਜਾਚ ਅਪਣਾਉਂਦੇ ਆਏ ਹਨ। ਫਿਰ ਉਨ੍ਹਾਂ ਨੂੰ ਕੋਈ ਹੋਰ ਜੰਗਲੀ ਕਬੀਲਾ ਤਹਿਸ-ਨਹਿਸ ਕਰ ਦਿੰਦਾ ਸੀ। ਇਹ ਖੇਡ ਹਜ਼ਾਰਾਂ

ਸਾਲਾਂ ਤਕ ਜਾਰੀ ਰਹੀ ਹੈ। ਇਸ ਜੀਵਨ-ਜਾਚ ਵਿੱਚੋਂ ਉਪਜਣ ਵਾਲੀ ਮਨੁੱਖੀ ਮਾਨਸਿਕਤਾ ਨੂੰ, ਮੈਂ, ਅਰਧ ਸਭਿਅ ਜਾਂ ਬਾਰਬੇਰੀਅਨ ਮਾਨਸਿਕਤਾ ਕਹਿ ਰਿਹਾ ਹਾਂ। ਇਸ ਮਾਨਸਿਕਤਾ ਨੇ ਪਸ਼ੂ-ਪਾਲਨ ਸਿੱਖ ਲਿਆ ਸੀ, ਅੰਨ-ਸੰਭਾਲਣ ਸਿੱਖ ਲਿਆ ਸੀ, ਘਰ-ਉਸਾਰਨ ਦੀ ਯੋਗਤਾ ਵਿੱਚ ਵਾਧਾ ਕਰ ਲਿਆ ਸੀ, ਆਪਣੇ ਵਿੱਚਲੀ ਮਿੱਤ੍ਰ-ਭਾਵਨਾ ਅਤੇ ਸਹਾਇਤਾ ਦੀ ਰੁਚੀ ਦੇ ਸਹਾਰੇ ਵਾਪਾਰ (ਵਟਾਂਦਰਾ) ਸਿੱਖ ਲਿਆ ਸੀ। ਜਥੇਬੰਦੀ ਅਤੇ ਜਥੇਬੰਦੀ ਦੀ ਸਦੀਵਤਾ ਲਈ ਸਿੱਧੇ ਸਿੱਧੇ ਸਮਾਜਕ ਨੇਮ ਬਣਾ ਲਏ ਸਨ; ਆਪਣੇ ਕਬੀਲੇ ਨੂੰ ਅਤੇ ਆਪਣੇ ਕਬੀਲੇ ਦੀ ਰੱਖਿਆ ਸੁਰੱਖਿਆ ਲਈ ਬਣਾਏ ਨੇਮਾਂ ਨੂੰ ਸਤਿਕਾਰਯੋਗ ਸਮਝਣਾ ਸਿੱਖ ਲਿਆ ਸੀ; ਅਤੇ ਕਬੀਲੇ ਦੀ ਰੱਖਿਆ ਲਈ ਲੜਨ-ਮਰਨ ਲਈ ਤਿਆਰ ਰਹਿਣ ਨੂੰ ਆਪਣਾ ਫ਼ਰਜ਼ ਅਤੇ ਗੌਰਵ ਵਾਲੀ ਗੱਲ ਮੰਨ ਲਿਆ ਸੀ, ਖੇਤੀ ਦੇ ਕੰਮ ਵਿੱਚ, ਫ਼ਸਲ ਦੇ ਵਾਧੇ ਵਿੱਚ, ਔਲਾਦ ਦੇ ਵਾਧੇ ਵਿੱਚ ਅਤੇ ਲੜਾਈ ਵਿੱਚ ਜਿੱਤ ਦੀ ਪ੍ਰਾਪਤੀ ਵਿੱਚ ਸਹਾਇਤਾ ਦੇਣ ਵਾਲੇ ਦੇਵਤਿਆਂ ਦੀ ਕਲਪਨਾ ਕਰ ਲਈ ਸੀ। ਸਭ ਤੋਂ ਵੱਡੀ ਗੱਲ ਇਹ ਕਿ ਆਪਣਿਆਂ ਅਤੇ ਪਰਾਇਆਂ ਵਿੱਚ ਗੂਹੜੀ, ਅਮਿੱਟ ਲਕੀਰ, ਬਾਰਬੇਰੀਅਨ ਮਨੁੱਖ ਨੇ, ਖਿੱਚ ਲਈ ਸੀ ਅਤੇ ਉਸ ਦੇ ਦੇਵਤੇ ਵੀ ਉਸ ਦੀ ਲਕੀਰ ਨੂੰ ਉਲੰਘਣ ਦੀ ਦਲੇਰੀ ਜਾਂ ਦਾਨਾਈ ਨਹੀਂ ਸਨ ਕਰ ਸਕਦੇ। ਆਪਣੇ ਦੇਵਤਿਆਂ ਨੂੰ ਆਪਣੀਆਂ ਲੜਾਈਆਂ ਵਿੱਚ ਸ਼ਾਮਲ ਕਰ ਕੇ ਉਨ੍ਹਾਂ ਨੂੰ ਹਿੰਸਾ, ਹੱਤਿਆ ਦੀ ਖ਼ੂਨੀ ਖੇਡ ਦੇ ਖਿਡਾਰੀ ਬਣਾ ਲਿਆ ਸੀ, ਬਾਰਬੇਰੀਅਨ ਮਨੁੱਖ ਨੇ। ਆਪਣੀ ਜਿੱਤ ਵਿੱਚ ਆਪਣੀ ਸੁਰੱਖਿਆ ਦੇ ਅਨੁਭਵ ਦਾ ਅਨੁਭਵੀ, ਬਾਰੇਬਰੀਅਨ ਮਨੁੱਖ, ਆਪਣੇ ਦੇਵਤਿਆਂ ਨੂੰ ਹੱਤਿਆ ਅਤੇ ਹਿੰਸਾ ਨਾਲ ਪ੍ਰਸੰਨ ਕਰਨ ਦਾ ਵਿਸ਼ਵਾਸੀ ਹੋ ਗਿਆ ਸੀ। ਮਨੁੱਖਾਂ ਦੀ ਬਲੀ ਅਤੇ ਪਸ਼ੂਆਂ ਦੀਆਂ ਕੁਰਬਾਨੀਆਂ, ਬਾਰਬੇਰੀਅਨ ਮਨੁੱਖ ਦੇ ਕਲਪੇ ਹੋਏ ਬਾਰਬੇਰੀਅਨ ਦੇਵਤਿਆਂ ਦੀ ਪ੍ਰਸੰਨਤਾ ਦਾ ਸਤਿਕਾਰਯੋਗ ਸਾਧਨ ਮੰਨ ਲਈਆਂ ਗਈਆਂ ਸਨ।

ਬਾਰੇਬਰੀਅਨ ਮਨੁੱਖ ਨੇ ਵਾਪਾਰ ਨੂੰ ਮੱਧਮ ਜਾਂ ਘਟੀਆ ਮੰਨ ਲਿਆ ਸੀ। ਉਹ ਖੋਹ ਲੈਣ ਵਿੱਚ ਮਰਦਾਨਗੀ ਮੰਨਦਾ ਸੀ। ਸਮੇਂ ਦੇ ਬੀਤਣ ਨਾਲ ਸਮਾਜਕ ਜੀਵਨ ਗੁੰਝਲਦਾਰ ਹੁੰਦਾ ਜਾਣ ਕਰਕੇ ਕਈ ਕਿੱਤੇ ਹੋਂਦ ਵਿੱਚ ਆ ਗਏ ਤਾਂ ਜੰਗ ਕਰਨ ਦੀ ਯੋਗਤਾ ਨੂੰ ਸਭ ਤੋਂ ਵੱਧ ਸਤਿਕਾਰਯੋਗ ਮੰਨਿਆ ਜਾਣ ਲੱਗ ਪਿਆ ਅਤੇ ਬਾਕੀ ਸਭ ਕਿੱਤੇ ਘਟੀਆ ਮੰਨੇ ਜਾਣ ਲੱਗ ਪਏ। ਬਾਰਬੇਰੀਅਨ ਮਨੁੱਖ ਦੀ ਮਾਨਸਿਕਤਾ ਵਿੱਚ ਸਭਿਅ ਮਾਨਸਿਕਤਾ ਘੱਟ ਅਤੇ ਜਾਂਗਲੀਅਤ ਜ਼ਿਆਦਾ ਸੀ। ਜੰਗਲੀ ਮਨੁੱਖ ਵਿੱਚਲੀ ਜਾਂਗਲੀਅਤ ਜੰਗਲੀ ਜਾਨਵਰਾਂ ਪ੍ਰਤੀ ਵਤੀਰੇ ਵਿੱਚ ਵਰਤੀ ਜਾਂਦੀ ਸੀ। ਜੰਗਲੀ ਮਨੁੱਖ ਜਾਂ ਤਾਂ ਹਿੰਸਕ ਪਸ਼ੂਆਂ ਹੱਥੋਂ ਮਾਰਿਆ ਜਾਂਦਾ ਸੀ ਜਾਂ ਉਨ੍ਹਾਂ ਨੂੰ ਮਾਰ ਦਿੰਦਾ ਸੀ। ਮੌਤ ਤੋਂ ਵੱਖਰਾ ਕੋਈ ਨਤੀਜਾ, ਜੰਗਲੀ ਮਨੁੱਖ ਅਤੇ ਹਿੰਸਕ ਪਸ਼ੂ ਦੇ ਦ੍ਵੰਦ ਵਿੱਚੋਂ ਨਹੀਂ ਸੀ ਨਿਕਲਦਾ। ਜੰਗਲੀ ਮਨੁੱਖ ਆਪਣੇ ਵਰਗੇ ਜੰਗਲੀ ਮਨੁੱਖਾਂ ਦੀ ਜਾਨ ਦਾ ਵੈਰੀ ਨਹੀਂ ਸੀ। ਬਾਰਬੇਰੀਅਨ ਮਨੁੱਖ ਆਪਣੇ ਵਰਗੇ ਮਨੁੱਖਾਂ ਨੂੰ ਹਿੰਸਕ ਪਸ਼ੂ ਸਮਝਣ ਲੱਗ ਪਿਆ ਸੀ, ਹਰ ਕਬੀਲੇ ਦੇ ਮਨੁੱਖ ਹਰ ਦੂਜੇ ਕਬੀਲੇ ਦੇ ਮਨੁੱਖਾਂ ਨੂੰ ਹਿੰਸਕ ਪਸ਼ੂ ਦੇ ਰੂਪ ਵਿੱਚ ਵੇਖਦੇ ਹੋਣ ਕਰਕੇ ਧਰਤੀ ਉਤਲੇ ਸਾਰੇ ਬਾਰਬੇਰੀਅਨ ਮਨੁੱਖ ਹਿੰਸਕ ਪਸ਼ੂ ਮੰਨੇ ਜਾਣ ਲੱਗ ਪਏ ਸਨ।

ਇਹ ਸਭ ਕੁਝ ਹੁੰਦਾ ਰਿਹਾ ਹੈ; ਸਮਾਂ ਅਗੇਰੇ ਤੁਰਦਾ ਰਿਹਾ ਹੈ; ਜੀਵਨ ਦੀਆਂ ਲੋੜਾਂ ਸਭਿਅਤਾ ਦੇ ਵਿਕਾਸ ਦੀ ਕਾਰੇ ਲੱਗੀਆਂ ਰਹੀਆਂ ਹਨ। ਕਬੀਲਿਆਂ ਦੀ ਭੰਨ ਤੋੜ ਵਿੱਚੋਂ ਵੱਡੀਆਂ-ਵੱਡੀਆਂ ਸਲਤਨਤਾਂ ਉਪਜਣ ਲੱਗ ਪਈਆਂ ਸਨ ਅਤੇ ਨਿੱਕੇ-ਨਿੱਕੇ ਦੇਵਤਿਆਂ

ਦੀ ਜਿੱਤ ਹਾਰ ਵਿੱਚੋਂ ਵੱਡੇ-ਵੱਡੇ ਦੇਵਤੇ ਜਨਮ ਲੈਣ ਲੱਗ ਪਏ ਸਨ। ਵੱਡੇ-ਵੱਡੇ ਸਮਰਾਟਾਂ ਦੀਆਂ ਸ਼ਕਤੀਸ਼ਾਲੀ ਸੈਨਾਵਾਂ ਸਾਹਮਣੇ ਨਿੱਕੇ-ਨਿੱਕੇ ਰਾਜਾਂ ਦੀ ਟੁੱਟ-ਭੱਜ ਵਿੱਚੋਂ ਜਿਵੇਂ-ਜਿਵੇਂ ਵਿਸ਼ਾਲ ਸਲਤਨਤਾਂ ਦੇ ਸ਼ਹਿਨਸ਼ਾਹ ਉਪਜਦੇ ਗਏ, ਤਿਵੇਂ-ਤਿਵੇਂ ਨਿੱਕੇ-ਨਿੱਕੇ ਦੇਵਤਿਆਂ ਦਾ ਰੂਪ ਇੱਕ ਵੱਡ-ਆਕਾਰੀ ਈਸ਼ਵਰ ਜਾਂ ਰੱਬ ਦੀ ਕਲਪਨਾ ਵਿੱਚ ਵਿਕਸਦਾ ਗਿਆ ਹੈ। ਅੰਤ ਵਿੱਚ ਸਭਿਅ ਮਨੁੱਖ ਦਾ ਸਭਿਅ ਈਸ਼ਵਰ, ਰੱਬ ਜਾਂ ਅੱਲ੍ਹਾ ਸਾਰੇ ਸੰਸਾਰ ਦਾ ਸਾਂਝਾ ਰੱਬ, ਸਾਂਝਾ ਰਚਣਹਾਰ ਅਤੇ ਸਾਂਝਾ ਮਾਲਕ ਬਣ ਗਿਆ।

ਮਨੁੱਖ ਨੇ ਰੱਬ ਆਪ ਕਲਪਿਆ ਸੀ, ਆਪ ਸਿਰਜਿਆ ਸੀ, ਆਪ ਬਣਾਇਆ ਸੀ। ਮਨੁੱਖ ਦੀ ਕਲਪਨਾ ਵਿੱਚੋਂ ਉਪਜਿਆ ਹੋਇਆ ਰੱਬ, ਮਨੁੱਖ ਦੇ ਆਪਣੇ ਰੂਪ ਵਿੱਚ ਸਿਰਜਿਆ ਗਿਆ ਸੀ। ਉਹ ਮਨੁੱਖ ਦੀ ਮਰਜ਼ੀ ਦੇ ਉਲਟ ਨਹੀਂ ਸੀ ਜਾ ਸਕਦਾ। ਰੱਬ ਦੇ ਸਿਰਜਣਹਾਰ, ਮਨੁੱਖ ਵਿੱਚ ਜਾਂਗਲੀਅਤ ਵੱਧ ਸੀ, ਉਹ ਆਪਣੀ ਵਲਗਣ ਤੋਂ ਬਾਹਰਲੇ ਹਰ ਮਨੁੱਖ ਨੂੰ ਹਿੰਸਕ ਪਸ਼ੂ ਦੇ ਰੂਪ ਵਿੱਚ ਵੇਖਦਾ ਸੀ; ਮਨੁੱਖ ਦਾ ਰੱਬ ਵੀ ਇਸੇ ਮਾਨਸਿਕਤਾ ਦਾ ਮਾਲਕ ਸੀ ਕਿਉਂਕਿ ਉਹ ਮਨੁੱਖ ਦਾ ਰੱਬ ਸੀ। ਉਹ ਆਪਣੇ ਸਿਰਜਣਹਾਰ ਦੀ ਆਗਿਆ ਦੀ ਉਲੰਘਣਾ ਨਹੀਂ ਸੀ ਕਰ ਸਕਦਾ। ਬਾਰਬੇਰੀਅਨ ਹੌਲੀ-ਹੌਲੀ ਸਭਿਅ ਹੁੰਦਾ ਗਿਆ ਹੈ। ਉਸ ਵਿੱਚ ਆਪਣੇ ਵੱਗੋਂ ਬਾਹਰਲੇ ਨੂੰ ਹਿੰਸਕ ਪਸ਼ੂ ਸਮਝਣ ਦੀ ਬਾਰਬੇਰੀਅਤ ਅਤੇ ਉਸ ਕੋਲੋਂ ਜੀਵਨ ਦਾ ਹੱਕ ਖੋਹ ਲੈਣ ਦੀ ਜਾਂਗਲੀਅਤ ਕਾਇਮ ਰਹੀ ਹੈ। ਇਹ ਨਿਰੀ ਕਾਇਮ ਹੀ ਨਹੀਂ ਰਹੀ ਸਗੋਂ ਰੱਬ ਅਤੇ ਰੂਹਾਨੀਅਤ ਦਾ ਸਹਾਰਾ ਪਾ ਕੇ ਸ਼ੁਭ ਕਰਮ, ਕਰਮਯੋਗ ਅਤੇ ਗ਼ਾਜ਼ੀਅਤ ਦਾ ਦਰਜਾ ਪ੍ਰਾਪਤ ਕਰ ਗਈ ਹੈ। ਬਾਰਬੇਰੀਅਨ ਲਈ ਆਪਣੇ ਅਤੇ ਪਰਾਏ ਵਿੱਚਲੀ ਲਕੀਰ ਮੇਟਣੀ ਮੁਸ਼ਕਿਲ ਸੀ; ਕਿਉਂਕਿ ਹਰ ਕਬੀਲਾ ਦੂਜੇ ਕਬੀਲੇ ਲਈ ਹਿੰਸਕ ਪਸ਼ੂਆਂ ਦਾ ਵੱਗ ਸੀ ਅਤੇ ਦੂਜੇ ਕਬੀਲਿਆਂ ਦਵਾਰਾ ਹਿੰਸਾ ਹੱਤਿਆ ਦੇ ਰਵੱਈਏ ਤੋਂ ਵੱਖਰੀ ਆਸ ਨਹੀਂ ਸੀ ਕਰਦਾ। ਰੂਹਾਨੀ ਬਾਰਬੇਰੀਅਤ ਦੀਆਂ ਲਕੀਰਾਂ ਮੇਟਣੀਆਂ ਮੁਸ਼ਕਲ ਹੀ ਨਹੀਂ ਸਗੋਂ ਅਸੰਭਵ ਹਨ। ਮਨਮੁਖ ਅਤੇ ਗੁਰਮੁਖ ਵਿੱਚਲੀ ਲਕੀਰ ਨਹੀਂ ਮਿਟ ਸਕਦੀ ਕਿਉਂਕਿ "ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ"। ਮੋਮਨ ਅਤੇ ਕਾਫ਼ਰ ਵਿੱਚਲੀ ਲਕੀਰ ਅਮਿੱਟ ਹੈ, ਕਿਉਂਕਿ ਮੋਮਨ ਰਹਿਮਾਨ-ਉਲ-ਰਹੀਮ ਦੀ ਮਖ਼ਲੂਕ ਹਨ ਅਤੇ ਕਾਫ਼ਰ ਸ਼ੈਤਾਨ ਦੇ ਵਰਗਲਾਏ ਹੋਏ ਹਨ। ਈਸਾਈ ਅਤੇ ਪੇਗਨ ਵਿੱਚਲੀ ਲਕੀਰ ਅਮਿੱਟ ਹੈ ਕਿਉਂਕਿ ਈਸਾਈ ਕਨਫਰਮਿਸਟ ਹੈ ਅਤੇ ਪੇਗਨ ਹੀਦਨ ਹੈ ਜਾਂ ਨਾਨਕਨਫਰਮਿਸਟ ਹੈ।[1]

ਆਪਣੀ ਵਲਗਣ ਤੋਂ ਬਾਹਰਲਿਆਂ ਨੂੰ ਜੀਊਂਦੇ ਜਲਾਉ, ਸੰਗਸਾਰ ਕਰੋ, ਉਨ੍ਹਾਂ ਦੇ ਬੰਦ ਬੰਦ ਕੱਟੋ, ਉਨ੍ਹਾਂ ਦੇ ਬੱਚਿਆਂ....., ਉਨ੍ਹਾਂ ਦੀਆਂ ਇਸਤ੍ਰੀਆਂ ਨੂੰ ਬੇ-ਇੱਜ਼ਤ ਕਰੋ, ਇਸ ਪ੍ਰਕਾਰ ਦੇ ਹੁਕਮ ਅਰਸ਼ਾਂ ਤੋਂ ਆਉਂਦੇ ਰਹੇ ਹਨ ਅਤੇ ਫ਼ਰਸ਼ ਉੱਤੇ ਵੱਸਦੇ ਰੱਬ ਦੇ ਬੰਦਿਆਂ ਨੇ ਇਨ੍ਹਾਂ ਹੁਕਮਾਂ ਨੂੰ ਪੂਰੀ ਈਮਾਨਦਾਰੀ, ਪੂਰੀ ਤਨਦੇਹੀ ਨਾਲ ਤਾਮੀਲਿਆ ਹੈ। ਇਸ ਹੁਕਮ ਦੀ ਤਾਮੀਲ ਵਿੱਚ ਸੌ ਫ਼ੀਸਦੀ ਸਫਲ ਹੋਣ ਲਈ ਉਸ ਸਰਬ-ਸ਼ਕਤੀਮਾਨ ਦੀ ਦਰਗਾਹ ਵਿੱਚ ਲੰਮੀਆਂ ਚੌੜੀਆਂ ਪ੍ਰਾਰਥਨਾਵਾਂ ਕੀਤੀਆਂ ਹਨ–"ਸਾਡੀ ਹੱਥ ਦੇ ਕੇ ਰੱਖਿਆ ਕਰ, ਸਾਡੇ ਸਾਰੇ ਦੁਸ਼ਮਣ ਮਾਰ ਦੇ।" ਹਜ਼ਾਰਾਂ ਲੱਖਾਂ ਦੀ ਮੌਤ ਦੀ ਇੱਛਾ ਕਰਨ ਪਿੱਛੋਂ, ਉਨ੍ਹਾਂ ਨੂੰ ਚੁਣ-ਚੁਣ ਕੇ ਮਾਰਨ ਦੀਆਂ ਪ੍ਰਾਰਥਨਾਵਾਂ ਕਰਨ ਪਿੱਛੋਂ, ਅੱਖਾਂ ਮੀਟ ਕੇ, ਸੋਚਾਂ ਤੋਂ ਪਾਰ ਜਾ ਕੇ,

1. Confirmist–ਈਸਾਈ ਧਰਮ ਦੇ ਨੇਮਾਂ ਨੂੰ ਧੁਰੋਂ ਆਏ ਮੰਨਣ ਵਾਲਾ ਅਤੇ Nonconfirmist ਇਨ੍ਹਾਂ ਨੇਮਾਂ ਬਾਰੇ ਆਪਣੀ ਵੱਖਰੀ ਰਾਏ ਰੱਖਣ ਵਾਲਾ ਵਿਅਕਤੀ।

ਸਾਰੀ ਸ੍ਰਿਸ਼ਟੀ ਦੇ ਪਿਆਰ ਵਿੱਚ ਲੀਨ ਹੋਣ ਦੀ ਪਾਖੰਡੀ ਅਵਸਥਾ ਵਿੱਚ ਪੁੱਜ ਕੇ, ਉਸ ਅਕਾਲ ਪੁਰਖ ਦਾ ਪੁਜਾਰੀ ਆਖਦਾ ਹੈ, 'ਤੇਰੇ ਭਾਣੇ ਸਰਬੱਤ ਦਾ ਭਲਾ'। ਕ੍ਰੂਸੇਡਰਾਂ ਨੇ, ਜਹਾਦੀਆਂ ਨੇ ਇਸ ਦੁਨੀਆ ਦੇ ਦੋ ਰੱਬ ਕਦੇ ਨਹੀਂ ਚਿਤਵੇ। ਪ੍ਰੰਤੂ ਇੱਕ ਰੱਬ ਦੀ ਬਣਾਈ ਹੋਈ ਮਖ਼ਲੂਕ ਵਿੱਚਲੀਆਂ ਵੰਡਾਂ ਦੀ ਸੱਚਾਈ ਤੋਂ ਕਦੇ ਇਨਕਾਰ ਨਹੀਂ ਕੀਤਾ; ਨਾ ਸ਼ੀਹਾ ਨੇ ਕੀਤਾ ਹੈ, ਨਾ ਸੁੰਨੀ ਨੇ ਕੀਤਾ ਹੈ, ਨਾ ਰੋਮਨ ਕੈਥੋਲਿਕ ਨੇ ਕੀਤਾ ਹੈ, ਨਾ ਪ੍ਰੋਟੈਸਟੈਂਟ ਨੇ ਕੀਤਾ ਹੈ। ਧਰਮ ਬਾਰਬੇਰੀਅਨ ਮਾਨਸਿਕਤਾ ਜਾਂ ਬਾਰਬੇਰੀਅਨਿਜ਼ਮ ਦੀ ਸਲਾਮਤੀ ਦਾ ਪਹਿਲਾ ਸ਼ਕਤੀਸ਼ਾਲੀ ਸਹਾਰਾ ਹੈ।

ਜਦੋਂ ਜੰਗਲੀ ਮਨੁੱਖ ਬਾਰਬੇਰੀਅਨ ਅਵਸਥਾ ਵਿੱਚ ਦਾਖ਼ਲ ਹੋਇਆ ਸੀ ਉਦੋਂ ਆਪਣੇ ਵਿੱਚਲੀ ਜਾਂਗਲੀਅਤ ਨੂੰ ਆਪਣਾ ਸਭਿਆਚਾਰਕ ਵਿਰਸਾ ਬਣਾ ਕੇ ਆਪਣੇ ਨਾਲ ਲੈ ਆਇਆ ਸੀ। ਹੁਣ ਆਪਣੇ ਆਪ ਨੂੰ ਸਭਿਅ ਜਾਂ ਸਿਵਿਲਾਈਜ਼ਡ ਕਹਿਣ ਵਾਲਾ ਮਨੁੱਖ, ਆਪਣੇ ਵਿੱਚਲੀ ਬਾਰਬੇਰੀਅਤ ਨੂੰ ਆਪਣਾ ਸਭਿਆਚਾਰਕ ਵਿਰਸਾ, ਆਪਣਾ ਕਲਚਰ ਅਤੇ ਆਪਣੀ ਪਛਾਣ ਆਖਦਾ ਹੈ। ਬਹੁਤ ਪਿਆਰ ਹੈ ਤਹਿਜ਼ੀਬਯਾਫਤਾ (ਸਭਿਅ) ਮਨੁੱਖ ਨੂੰ ਆਪਣੀ 'ਪਛਾਣ' ਨਾਲ, ਆਪਣੇ ਕਲਚਰ ਨਾਲ, ਆਪਣੇ ਵਿਰਸੇ ਨਾਲ। ਸਿਵਿਲਾਈਜ਼ਡ ਮਨੁੱਖ ਨੇ ਬਾਰਬੇਰੀਅਨਿਜ਼ਮ ਦੇ ਨਵੇਂ ਨਾਂ ਰੱਖ ਲਏ ਹਨ। ਕਿੰਨਾ ਪਿਆਰ ਹੈ ਮਨੁੱਖ ਨੂੰ ਮਨੁੱਖਤਾ ਵਿੱਚਲੀਆਂ ਵੰਡਾਂ ਨਾਲ; ਆਪਣੇ ਸਭਿਆਚਾਰਕ ਵਿਰਸੇ ਨਾਲ; ਆਪਣੇ ਕਲਚਰ ਨਾਲ; ਆਪਣੇ ਵਿੱਚਲੀ ਬਾਰਬੇਰੀਅਤ ਨਾਲ। ਉਹ ਕਲਚਰ ਅਤੇ ਪਛਾਣ ਨੂੰ ਬਾਰਬੇਰੀਅਨਿਜ਼ਮ ਨਾਲ ਸੰਬੰਧਤ ਨਹੀਂ ਮੰਨਣਾ ਚਾਹੁੰਦਾ। ਇਹ ਸਭ ਕੁਝ ਉਸ ਦੇ ਸਭਿਅ ਹੋਣ ਦੀ ਦਲੀਲ ਹੈ; ਇਹ ਬਾਰਬੇਰੀਅਨਿਜ਼ਮ ਨਾਲ ਸੰਬੰਧਤ ਨਹੀਂ; ਇਹ ਸਭ ਕੁਝ ਸੁਖਾਵਾਂ ਹੈ, ਸੁਹਣਾ ਹੈ। ਪ੍ਰੰਤੂ ਕਿੱਕਰ ਦੇ ਬੀਜ ਦੀ ਮੁਲਾਇਮੀ ਹਰ ਸਦੀ ਵਿੱਚ ਦੋ ਤਿੰਨ ਵੇਰ ਕੰਡਿਆਂ ਦਾ ਰੂਪ ਧਾਰ ਲੈਂਦੀ ਹੈ। ਫਿਰ ਇਹ ਸਤਿਕਾਰਯੋਗ ਪਛਾਣਾਂ ਤ੍ਰਿਸਕਾਰਯੋਗ ਵੰਡਾਂ ਬਣ ਜਾਂਦੀਆਂ ਹਨ। ਸੰਨ 1947 ਵਿੱਚ ਇਸ ਬਾਰਬੇਰੀਅਨਿਜ਼ਮ ਨੇ ਵੰਡਾਂ ਦੇ ਖ਼ਾਤਮੇ ਦੀ ਗੱਲ ਸੋਚ ਲਈ ਸੀ; ਵੰਡਾਂ ਨੂੰ ਖ਼ਤਮ ਕਰਨ ਦੀ ਗੱਲ ਨਹੀਂ, ਸਗੋਂ ਦੂਜੀ ਵੰਡ ਵਿੱਚਲੇ ਸਾਰੇ ਇਸਤ੍ਰੀ-ਪੁਰਸ਼ਾਂ ਅਤੇ ਬੱਚਿਆਂ-ਬੁੱਢਿਆਂ ਨੂੰ ਖ਼ਤਮ ਕਰਨ ਦੀ ਗੱਲ। ਉਦੋਂ ਸਾਡੀ ਪਛਾਣ-ਭਾਵਨਾ ਨੂੰ ਸਫਲਤਾ ਨਹੀਂ ਸੀ ਮਿਲ ਸਕੀ ਕਿਉਂਕਿ ਕੰਮ ਬਹੁਤ ਵੱਡਾ ਸੀ। ਚਾਰ ਕੁ ਦਹਾਕਿਆਂ ਪਿੱਛੋਂ ਪੰਜਾਬ ਦੇ ਮਨੁੱਖ ਨੇ ਆਪਣੀਆਂ ਪੰਜਾਬੀ ਪਛਾਣਾਂ ਨੂੰ ਇੱਕ ਦੂਜੀ ਤੋਂ ਵੱਖਰੀਆਂ ਕਰ ਕੇ ਵੇਖਣ ਦੀ 'ਸਭਿਆਚਾਰਕ ਸਿਆਣਪ' ਕੀਤੀ ਸੀ। ਉਦੋਂ ਇੱਕ ਧਿਰ ਨੇ ਆਪਣੀ ਪਛਾਣ ਨੂੰ ਕਾਇਮ ਰੱਖਣ ਲਈ 'ਧੋਤੀ-ਬੋਦੀ ਜਮਨਾ ਪਾਰ' ਦੀ ਵਿਉਂਤ ਬਣਾਈ ਸੀ। ਇਸ ਸਭਿਆਚਾਰਕ ਮਹਾਂ ਯੱਗ ਵਿੱਚ ਮਨੁੱਖ ਨੂੰ ਸਫ਼ਲਤਾ ਨਹੀਂ ਸੀ ਮਿਲੀ, ਕਿਉਂਕਿ ਜਮਨਾ ਤੋਂ ਪਾਰ ਦੂਜੀ ਪਛਾਣ ਵਾਲੇ ਲੋਕਾਂ ਲਈ ਥਾਂ ਨਹੀਂ ਸੀ। ਉਨ੍ਹਾਂ ਦਾ ਸਭਿਆਚਾਰ ਪੰਜਾਬੀ ਸਭਿਆਚਾਰ ਹੋਣ ਦੀ ਭੁੱਲ ਕਰ ਚੁੱਕਾ ਸੀ।

ਬਾਹਰਲੀਆਂ ਸਭਿਆਚਾਰਕ ਪਛਾਣਾਂ ਪਿੱਛੇ ਛੁਪੀ ਹੋਈ ਸਾਡੀ ਮਨੁੱਖੀ ਪਛਾਣ ਸਾਨੂੰ ਨਜ਼ਰ ਨਹੀਂ ਆਉਂਦੀ; ਆਉਂਦੀ ਹੈ, ਪਰ ਸਾਨੂੰ ਸਤਿਕਾਰਯੋਗ ਨਹੀਂ ਪ੍ਰਤੀਤ ਹੁੰਦੀ। ਕਾਰਨ ? ਸਾਡੀ ਬਾਰਬੇਰੀਅਨ ਮਾਨਸਿਕਤਾ; ਸਾਡੇ ਵਿੱਚਲਾ ਬਾਰਬੇਰੀਅਨਿਜ਼ਮ, ਸਾਡਾ ਸਭਿਆਚਾਰਕ ਵਿਰਸਾ; ਜਿਹੜਾ ਸਾਨੂੰ ਸਾਡੇ ਮਨੁੱਖੀ ਵਿਰਸੇ ਨਾਲੋਂ ਤੋੜਦਾ ਹੈ; ਸਾਨੂੰ ਸਾਡੀ ਮਨੁੱਖੀ ਪਛਾਣ ਤੋਂ ਪਰ੍ਹੇ ਲਿਜਾਂਦਾ ਹੈ, ਸਾਡੀ ਮਨੁੱਖੀ ਪਛਾਣ ਦੀ ਹੋਂਦ ਤੋਂ ਹੀ ਮੁਨਕਰ ਹੈ।

ਅੱਜ ਤੋਂ ਤਿੰਨ ਕੁ ਸੌ ਸਾਲ ਪਹਿਲਾਂ ਮਨੁੱਖ ਨੇ ਆਪਣੀ ਕੌਮੀ ਪਛਾਣ ਦਾ ਪਾਠ ਪੜ੍ਹਿਆ

WWW.SIKHBOOKCLUB.COM 

ਸ਼ੁਰੂ ਕੀਤਾ ਸੀ। ਹੁਣ ਤਕ ਇਹ ਪਾਠ ਉਸ ਲਈ ਅਮਰ-ਕਥਾ ਦਾ ਰੂਪ ਧਾਰ ਗਿਆ ਹੈ। ਅਜੋਕਾ ਮਨੁੱਖ ਇਹ ਸਮਝਦਾ ਹੈ ਕਿ ਧਰਮਾਂ, ਸਭਿਆਚਾਰਾਂ ਅਤੇ ਕਲਚਰਾਂ ਦੀਆਂ ਵੰਡਾਂ ਸ਼ਾਇਦ ਮੁਕਾਈਆਂ ਜਾ ਸਕਦੀਆਂ ਹੋਣ, ਪਰ ਕੌਮੀ ਵੰਡਾਂ ਕੁਦਰਤੀ ਵੰਡਾਂ ਹਨ, ਇਨ੍ਹਾਂ ਦਾ ਮਿਟਣਾ ਅਸੰਭਵ ਹੈ। ਇਹ ਵੰਡਾਂ ਐਟਮੀ ਅਤੇ ਹਾਈਡ੍ਰੋਜਨੀ ਬੰਬਾਂ ਨਾਲ ਹੀ ਮੁਕਾਈਆਂ ਜਾ ਸਕਦੀਆਂ ਹਨ। ਮੁਸ਼ਕਿਲ ਇਹ ਹੈ ਕਿ ਧਰਤੀ ਉੱਤੋਂ ਸਾਰੀ ਮਨੁੱਖਤਾ ਨੂੰ ਮਾਰਨ ਜੋਗੇ ਬੰਬ ਅਜੇ ਬਣਾਏ ਨਹੀਂ ਜਾ ਸਕੇ। ਕੋਸ਼ਿਸ਼ ਜਾਰੀ ਹੈ, ਜੋਇੰਦਾ ਯਾਬਿੰਦਾ; ਜਿੱਥੇ ਚਾਹ ਉਥੇ ਰਾਹ। ਇਹ ਕੋਸ਼ਿਸ਼ ਯੂਨੀਵਰਸਲ ਹੈ; ਸਰਵ-ਵਿਆਪਕ ਹੈ। ਆਗੇ ਆਗੇ ਦੇਖੀਏ.....।

ਧਰਮ, ਸਭਿਆਚਾਰ (ਕਲਚਰ) ਅਤੇ ਨੈਸ਼ਨਲਿਜ਼ਮ ਤਿੰਨ ਵੱਡੇ ਸਹਾਰੇ ਹਨ ਬਾਰਬੇਰੀਅਨਿਜ਼ਮ ਦੇ; ਇਸ ਲਈ 'ਆਦਮੀ ਕੋ.....ਮੁਯੱਸਿਰ ਨਹੀਂ ਇਨਸਾਂ ਹੋਨਾ'। ਉੱਨੀਵੀਂ ਸਦੀ ਦੇ ਅੱਧ ਵਿੱਚ ਨੈਸ਼ਨਲਿਜ਼ਮ ਨਾਲੋਂ ਵੀ ਨਵਾਂ 'ਵਿਗਿਆਨਕ ਬਾਰਬੇਰੀਅਨਿਜ਼ਮ' ਉਪਜਿਆ ਸੀ। ਇਸ ਬਾਰਬੇਰੀਅਨਿਜ਼ਮ ਪਿੱਛੇ ਜਿਹੋਵਾ, ਅੱਲ੍ਹਾ, ਪਰਮਾਤਮਾ, ਗਾਡ ਜਾਂ ਵਾਹਿਗੁਰੂ ਦੀ ਸਰਵੱਗਿਅਤਾ ਅਤੇ ਸਰਵ-ਸ਼ਕਤੀਮਾਨਤਾ ਦਾ ਹੱਥ ਨਹੀਂ ਸੀ। ਨਾ ਹੀ ਇਹ ਬਾਰਬੇਰੀਅਨਿਜ਼ਮ ਬਹੁਤੀਆਂ ਵੰਡਾਂ ਦਾ ਵਿਸ਼ਵਾਸੀ ਸੀ। ਇਸ ਬਾਰਬੇਰੀਅਨਿਜ਼ਮ ਦਾ ਜਿਹੋਵਾ ਡਾਇਆਲੈਕਟੀਕਲ ਮੈਟੀਰੀਅਲਿਜ਼ਮ ਨਾਂ ਦਾ ਵਿਗਿਆਨਕ ਵਿਸ਼ਨੂੰ ਸੀ। ਇਸ ਵਿਗਿਆਨਕ ਵਿਸ਼ਨੂੰ ਨੂੰ ਮਨੁੱਖਤਾ ਵਿੱਚ ਬੁਰਜਵਾ ਅਤੇ ਪ੍ਰੋਲੇਟੇਰੀਅਟ ਨਾਂ ਦੀਆਂ ਦੋ ਹੀ ਵੰਡਾਂ ਦਿਸਦੀਆਂ ਸਨ। ਪ੍ਰੋਲੇਟੇਰੀਅਟ ਇਸ ਆਧੁਨਿਕ ਜਿਹੋਵਾ ਦੇ ਚੋਣਵੇਂ ਚਹੇਤੇ ਸਨ ਅਤੇ ਬੁਰਜਵਾ ਬਾਹਰਲੇ ਜਾਂ ਓਪਰੇ ਸਨ। ਬੇ-ਜਮਾਤ ਭਾਈਚਾਰੇ ਦੇ ਸਮਾਜਵਾਦੀ ਜੰਨਤ ਵਿੱਚ ਬੁਰਜਵਾ ਨਾਂ ਦੇ ਕਾਫ਼ਰਾਂ ਲਈ ਕੋਈ ਥਾਂ ਨਹੀਂ ਸੀ। ਉਨ੍ਹਾਂ ਸਾਰਿਆਂ ਨੂੰ ਸਜ਼ਾਏ ਮੌਤ ਸੁਣਾ ਦਿੱਤੀ ਗਈ ਸੀ। ਡਾਇਆਲੈਕਟੀਕਲ ਮੈਟੀਰੀਅਲਿਜ਼ਮ ਦੇ ਵਿਗਿਆਨਕ ਰੱਬ ਦੇ ਇਸ ਹੁਕਮ ਦੀ ਤਾਮੀਲ (ਪਾਲਣਾ) ਧਰਮ ਯੁੱਧ, ਕ੍ਰੂਸੇਡ, ਵਲਡ-ਵਾਰ ਜਾਂ ਜਹਾਦ ਦੇ ਜ਼ਿੰਮੇ ਨਹੀਂ ਸੀ ਲਾਈ ਗਈ। ਇਸ ਕੰਮ ਨੂੰ ਨੇਪਰੇ ਚਾੜ੍ਹਨ ਲਈ ਫ਼ਰਾਂਸੀਸੀ ਕ੍ਰਾਂਤੀ ਕੋਲੋਂ ਪ੍ਰੋਲੇਟੇਰੀਅਟ ਰੈਵੋਲਿਊਸ਼ਨ ਨਾਂ ਦਾ ਜੱਲਾਦ ਕਿਰਾਏ ਉੱਤੇ ਲਿਆ ਗਿਆ ਸੀ। ਜੀਵਨ ਨੂੰ ਬੁਰਜਵਾ ਦੀ ਓਨੀ ਹੀ ਲੋੜ ਸੀ ਜਿੰਨੀ ਪ੍ਰੋਲੇਟੇਰੀਅਟ ਦੀ। ਇਸ ਸਮਾਜਵਾਦੀ ਵੰਡ ਜਾਂ ਸਮਾਜਵਾਦੀ ਬਾਰਬੇਰੀਅਨਿਜ਼ਮ ਨੂੰ ਨੈਸ਼ਨਲ ਬਾਰਬੇਰੀਅਨਿਜ਼ਮ ਨੇ ਖਾ ਲਿਆ। ਇਸ ਸਮੇਂ ਬਾਰਬੇਰੀਅਨਿਜ਼ਮ ਦੇ ਤਿੰਨ ਹੀ ਪ੍ਰਮਾਣਿਕ ਰੂਪ ਹਨ—(1) ਧਰਮ; (2) ਕਲਚਰ; ਅਤੇ (3) ਰਾਸ਼ਟਰਵਾਦ। ਇਹ ਤਿੰਨੇ ਆਪਣੀ ਵੰਡ ਤੋਂ ਬਾਹਰਲਿਆਂ ਦਾ ਸਮੂਲ ਸੱਤਿਆਨਾਸ ਕਰਨ ਲਈ ਸਦਾ ਤਿਆਰ ਰਹਿੰਦੇ ਹਨ।

•